# ਸੈਂਟਰ ਫ਼ਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ

## ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਏ. ਭਾਗ ਤੀਜਾ — ਪੰਜਾਬੀ ਲਾਜ਼ਮੀ

ਸਮੈਸਟਰ ਪੰਜਵਾਂ

ਮੀਡੀਅਮ : ਪੰਜਾਬੀ — ਯੂਨਿਟ : 1

ਪਾਠ ਨੰ.


1.1 : ਵਾਰਤਕ ਤੇ ਵਾਰਤਕ ਸ਼ੈਲੀ

1.2 : ਪੰਜਾਬੀ ਵਾਰਤਕ ਦਾ ਜਨਮ ਅਤੇ ਵਿਕਾਸ

1.3 : ਮੱਧਕਾਲੀਨ ਪੰਜਾਬੀ ਵਾਰਤਕ ਦੇ ਰੂਪ

1.4 : ਨਿਬੰਧ : ਪ੍ਰੀਭਾਸ਼ਾ ਅਤੇ ਤੱਤ

1.5 : ਸਵੈ-ਜੀਵਨੀ ਪ੍ਰਕਿਰਤੀ, ਤੱਤ ਤੇ ਸਿਰਜਣ ਵਿਧੀਆਂ

1.6 : ਸਫ਼ਰਨਾਮਾ ਸਾਹਿਤ : ਪਰਿਭਾਸ਼ਾ, ਪ੍ਰਕਿਰਤੀ ਤੇ ਤੱਤ

1.7 : ਜੀਵਨੀ ਅਤੇ ਸ੍ਵੈਜੀਵਨੀ : ਪਰਿਭਾਸ਼ਾ, ਪ੍ਰਕਿਰਤੀ ਅਤੇ ਤੱਤ

1.8 : ਨਾਂਵ ਵਾਕੰਸ਼ : ਬਣਤਰ ਅਤੇ ਕਾਰਜ

1.9 : ਕਿਰਿਆ ਵਾਕੰਸ਼ : ਬਣਤਰ ਅਤੇ ਕਾਰਜ

1.10 : ਕਾਰਕ ਅਤੇ ਕਾਰਕੀ ਸੰਬੰਧ

1.11 : ਸ਼ਬਦ ਬਣਤਰ ਅਤੇ ਸ਼ਬਦ ਰਚਨਾ


**Department website : www.pbidde.org**

**ਬੀ.ਏ. ਭਾਗ ਤੀਜਾ (ਪੰਜਾਬੀ ਲਾਜ਼ਮੀ)**
**2022–23, 2023–24, 2024–25 ਸੈਸ਼ਨ ਲਈ**
**(ਸਮੈਸਟਰ ਪੰਜਵਾਂ)**

**ਕੁਲ ਅੰਕ : 100** **ਪਾਸ ਹੋਣ ਲਈ ਅੰਕ : 35**
**ਸਮਾਂ : 3 ਘੰਟੇ**

## ਸਿਲੇਬਸ ਅਤੇ ਪਾਠ–ਪੁਸਤਕਾਂ

### ਭਾਗ–ੳ

1. ਵਾਰਤਕ ਵੰਨਗੀਆਂ ਦੇ ਸਰੂਪ ਸਿਧਾਂਤ ਅਤੇ ਪ੍ਰਕਾਰਜ :
i) ਮੱਧਕਾਲ ਦੀਆਂ ਵਾਰਤਕ ਵੰਨਗੀਆਂ: ਜਨਮ ਸਾਖੀ, ਪਰਚੀ, ਗੋਸ਼ਟਿ, ਹੁਕਮਨਾਮਾ ਆਦਿ।
ii) ਆਧੁਨਿਕ ਕਾਲ ਦੀਆਂ ਵਾਰਤਕ ਵੰਨਗੀਆਂ : ਨਿਬੰਧ, ਜੀਵਨੀ, ਸਵੈਜੀਵਨੀ, ਰੇਖਾ–ਚਿੱਤਰ, ਖ਼ਤ, ਡਾਇਰੀ ਆਦਿ। 15 ਅੰਕ
2. ਵਾਰਤਕੀ (ਸੰਪਾ. ਅਮਰਜੀਤ ਸਿੰਘ ਕਾਂਗ ਤੇ ਤੇਜਵੰਤ ਸਿੰਘ ਮਾਨ), ਪੰਜਾਬੀ ਯੂਨੀਵਰਸਿਟੀ, ਪਟਿਆਲਾ। 15 ਅੰਕ

### ਭਾਗ–ਅ

3. ਕਹਾਣੀ, ਕਵਿਤਾ, ਇਕਾਂਗੀ ਜਾਂ ਨਿਬੰਧ ਰਚਨਾ ਨਾਲ ਸੰਬੰਧਤ ਸਿਰਜਣਾਤਮਕ ਲੇਖਣ। 15 ਅੰਕ
4. ਵਿਆਕਰਣ
i) ਸ਼ਬਦ ਬਣਤਰ ਤੇ ਸ਼ਬਦ ਰਚਨਾ : ਪਰਿਭਾਸ਼ਾ, ਮੁੱਢਲੇ ਸੰਕਲਪ
(ਮੂਲ ਰੂਪ ਜਾਂ ਧਾਤੂ, ਅਗੇਤਰ, ਪਿਛੇਤਰ, ਵਿਉਂਤਪਤ ਤੇ ਰੂਪਾਂਤਰਣੀ ਰੂਪ) 7 ਅੰਕ
ii) ਵਾਕੰਸ਼ : ਪਰਿਭਾਸ਼ਾ ਅਤੇ ਵੰਨਗੀਆਂ
ੳ) ਨਾਂਵ ਵਾਕੰਸ਼: ਪਰਿਭਾਸ਼ਾ, ਬਣਤਰ ਤੇ ਪ੍ਰਕਾਰਜ
ਅ) ਕਿਰਿਆ ਵਾਕੰਸ਼ : ਪਰਿਭਾਸ਼ਾ, ਬਣਰਤ ਤੇ ਪ੍ਰਕਾਰਜ 7 ਅੰਕ
iii) ਕਾਰਕ ਅਤੇ ਕਾਰਕੀ ਸੰਬੰਧ 7 ਅੰਕ
(7+7+7=21 ਅੰਕ)

### ਭਾਗ–ੲ

5. ਵਾਰਤਕ ਸਿਧਾਂਤ, ਪਾਠ ਪੁਸਤਕ 'ਵਾਰਤਕੀ' ਅਤੇ ਵਿਆਕਰਨ ਉੱਤੇ ਅਧਾਰਤ ਸੰਖੇਪ ਉੱਤਰਾਂ ਵਾਲੇ 17 ਪ੍ਰਸ਼ਨ। 17×2=34 ਅੰਕ

## ਪ੍ਰੀਖਿਆਰਥੀਆਂ, ਅਧਿਆਪਕਾਂ ਅਤੇ ਪੇਪਰ ਸੈਂਟਰ ਲਈ ਬਾਹਰੀ ਮੁਲਾਂਕਣ ਵਾਸਤੇ ਹਦਾਇਤਾਂ

### ਭਾਗ–ੳ

1. ਮੱਧਕਾਲੀ ਅਤੇ ਆਧੁਨਿਕ ਕਾਲ ਨਾਲ ਸੰਬੰਧਤ ਵਾਰਤਕ ਵੰਨਗੀਆਂ ਦੇ ਸਰੂਪ, ਸਿਧਾਂਤ ਤੇ ਪ੍ਰਕਾਰਜ ਬਾਰੇ ਅਧਿਐਨ/ਅਧਿਆਪਨ ਇਸ ਤਰ੍ਹਾਂ ਕੀਤਾ ਜਾਵੇ ਕਿ ਇਨ੍ਹਾਂ ਵੰਨਗੀਆਂ ਦਾ ਆਪਸੀ ਅੰਤਰ ਪੂਰੀ ਤਰ੍ਹਾਂ ਨਾਲ ਸਪੱਸ਼ਟ ਹੋ ਜਾਵੇ। ਇਸ ਭਾਗ ਵਿੱਚ ਕੋਈ ਤਿੰਨ ਵੰਨਗੀਆਂ ਵਿੱਚੋਂ ਕਿਸੇ ਇੱਕ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ ਜਾਂ ਕੋਈ ਦੋ ਵੰਨਗੀਆਂ ਦੇ ਕੇ ਉਨ੍ਹਾਂ ਵਿਚਲੇ ਅੰਤਰ ਨੂੰ ਸਪਸ਼ਟ ਕਰਨ ਸੰਬੰਧੀ ਸਵਾਲ ਪੁੱਛਿਆ ਜਾਵੇਗਾ। (ਤਿੰਨ ਵਿਚੋਂ ਇੱਕ) 15 ਅੰਕ
2. 'ਵਾਰਤਕੀ' ਪਾਠ–ਪੁਸਤਕ ਉੱਤੇ ਆਧਾਰਿਤ ਵਾਰਤਕ ਰਚਨਾਵਾਂ ਦੇ ਵਿਸ਼ੇ ਵਸਤੂ, ਮੂਲ ਭਾਵ ਅਤੇ ਜੀਵਨ ਦੀ ਸਮਝ ਵਿਚ ਮਹੱਤਵ ਤੇ ਸਾਰਥਕਤਾ ਬਾਰੇ ਪ੍ਰੀਖਿਆਰਥੀਆਂ ਨੂੰ ਪਾਠਕ ਦੇ ਰੂਪ ਵਿਚ ਹੁੰਗਾਰਾ ਦੇਣਾ ਹੋਵੇਗਾ। (ਤਿੰਨ ਵਿਚੋਂ ਇੱਕ) 15 ਅੰਕ

**ਭਾਗ–ਅ**

3. ਸਿਜਰਣਾਤਮਕ ਲੇਖਣ: ਵਿਦਿਆਰਥੀਆਂ ਵਿੱਚ ਸਿਰਜਣਾਤਮਕ ਲੇਖਣ ਦਾ ਹੁਨਰ ਪੈਦਾ ਕਰਨ ਲਈ ਕਵਿਤਾ, ਕਹਾਣੀ, ਇਕਾਂਗੀ ਜਾਂ ਲੇਖ/ਨਿਬੰਧ ਰਚਨਾ ਨਾਲ ਸੰਬੰਧਤ ਕੋਈ ਪੰਜ ਸ਼ਬਦ/ਵਾਕੰਸ਼ ਦੇ ਕੇ ਉਨ੍ਹਾਂ ਦੇ ਆਧਾਰ 'ਤੇ ਆਪਣੀ ਖੁਦ ਦੀ ਕਹਾਣੀ, ਕਵਿਤਾ, ਇਕਾਂਗੀ ਜਾਂ ਨਿਬੰਧ ਰਚਨਾ ਲਿਖਣ ਲਈ ਕਿਹਾ ਜਾਵੇਗਾ।

15 ਅੰਕ

4. ਵਿਆਕਰਣ: ਇਸ ਵਿਚ ਵਿਆਕਰਣ ਦੇ ਸੰਕਲਪਾਂ ਦੀ ਪਰਿਭਾਸ਼ਾ, ਬਣਤਰ ਤੇ ਪ੍ਰਕਾਰਜ ਬਾਰੇ ਤਿੰਨੇ ਉਪਭਾਗਾਂ ਵਿਚੋਂ 2-2 ਪ੍ਰਸ਼ਨ ਪੁੱਛੇ ਜਾਣਗੇ। ਵਿਦਿਆਰਥੀ ਨੂੰ ਹਰ ਇੱਕ ਉਪਭਾਗ ਵਿਚੋਂ 1-1 ਪ੍ਰਸ਼ਨ ਦਾ ਸੰਖੇਪ ਉੱਤਰ ਉਦਾਹਰਣ ਸਹਿਤ ਸਪੱਸ਼ਟ ਕਰਨ ਲਈ ਕਿਹਾ ਜਾਵੇਗਾ। (ਛੇ ਵਿਚੋਂ ਤਿੰਨ)

7+7+7=21 ਅੰਕ

**ਭਾਗ–ੲ**

5. ਭਾਗ (ੳ) ਦੇ ਵਾਰਤਕ ਸਿਧਾਂਤ ਅਤੇ ਪਾਠ ਪੁਸਤਕ 'ਵਾਰਤਕੀ' ਵਾਲੇ ਪਾਗ ਵਿਚੋਂ 9 ਛੋਟੇ ਪ੍ਰਸ਼ਨ ਅਤੇ ਭਾਗ (ਅ) ਦੇ ਵਿਆਕਰਨ ਵਾਲੇ ਭਾਗ ਵਿਚੋਂ 8 ਪ੍ਰਸ਼ਨ (ਕੁਲ 17) ਸੰਖੇਪ ਉੱਤਰ ਵਾਲੇ ਪ੍ਰਸ਼ਨ ਪੁੱਛੇ ਜਾਣਗੇ। ਪ੍ਰੀਖਿਆਰਥੀਆਂ ਨੂੰ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ (4-6 ਸਤਰਾਂ ਵਿਚ) ਦੇਣੇ ਹੋਣਗੇ। ਹਰੇਕ ਪ੍ਰਸ਼ਨ ਦੇ ਅੰਕ ਦਾ ਹੋਵੇਗਾ। 17×2=34 ਅੰਕ

**ਸਹਾਇਕ ਪਾਠ-ਸਮੱਗਰੀ**


1. ਦੁਨੀ ਚੰਦਰ, ਪੰਜਾਬੀ ਭਾਸ਼ਾ ਦਾ ਵਿਆਕਰਨ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1984
2. ਡਾ. ਹਰਕੀਰਤ ਸਿੰਘ, ਰੂਪਾਂਤਰੀ ਵਿਆਕਰਣ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਚੰਡੀਗੜ੍ਹ।
3. ਪੁਆਰ, ਜੋਗਿੰਦਰ ਸਿੰਘ ਅਤੇ ਹੋਰ, ਪੰਜਾਬੀ ਭਾਸ਼ਾ ਦਾ ਵਿਆਕਰਣ ਭਾਗ-III, ਪੰਜਾਬੀ ਭਾਸ਼ਾ ਅਕਾਦਮੀ ਜਲੰਧਰ, 1994
4. ਡਾ. ਹਰਕੀਰਤ ਸਿੰਘ ਤੇ ਗਿਆਨੀ ਲਾਲ ਸਿੰਘ, ਕਾਲਿਜ ਪੰਜਾਬੀ ਵਿਆਕਰਣ ਤੇ ਲੇਖ-ਮਾਲਾ, ਪੰਜਾਬ ਸਟੇਟ ਯੂਨੀਵਰਸਿਟੀ, ਟੈਸਕਟ ਬੁੱਕ ਬੋਰਡ, ਚੰਡੀਗੜ੍ਹ।
5. ਡਾ. ਬਲਦੇਵ ਸਿੰਘ ਚੀਮਾ, ਪੰਜਾਬੀ ਭਾਸ਼ਾ ਵਿਗਿਆਨ, ਤਕਨੀਕੀ ਸ਼ਬਦਾਵਲੀ ਦਾ ਕੋਸ਼, ਪੰਜਾਬੀ ਯੂਨੀਵਰਸਿਟੀ ਪਟਿਆਲਾ।
6. ਡਾ. ਬਲਦੇਵ ਸਿੰਘ ਚੀਮਾ, ਪੰਜਾਬੀ ਵਾਕ ਬੰਧ: ਬਣਤਰ ਅਤੇ ਕਾਰਜ ਪੰਜਾਬੀ ਯੂਨੀਵਰਸਿਟੀ ਪਟਿਆਲਾ।
7. ਬੂਟਾ ਸਿੰਘ ਬਰਾੜ, ਪੰਜਾਬੀ ਭਾਸ਼ਾ ਅਤੇ ਸਾਹਿਤ: ਭਾਸ਼ਾਈ ਸਰੋਕਾਰ, ਦੀਪਕ ਪਬਲਿਸ਼ਰਜ਼, ਜਲੰਧਰ, 2010
8. ਬੂਟਾ ਸਿੰਘ ਬਰਾੜ, ਪੰਜਾਬੀ ਭਾਸ਼ਾ: ਸ੍ਰੋਤ ਤੇ ਸਰੂਪ, ਵਾਰਿਸਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2003.
9. ਬੂਟਾ ਸਿੰਘ ਬਰਾੜ, ਪੰਜਾਬੀ ਵਿਆਕਰਨ : ਸਿਧਾਂਤ ਤੇ ਵਿਹਾਰ, ਚੇਤਨਾਂ ਪ੍ਰਕਾਸ਼ਨ, ਲੁਧਿਆਣਾ, 2008
10. ਆਧੁਨਿਕ ਪੰਜਾਬੀ ਸਾਹਿਤ ਰੂਪਾਕਾਰ: ਸਿਧਾਂਤ ਤੇ ਰੂਪਾਂਤਰਣ, ਪੰਜਾਬੀ ਯੂਨੀਵਰਸਿਟੀ ਪਟਿਆਲਾ।
11. ਡਾ. ਪਰਮਿੰਦਰ ਸਿੰਘ, ਸਾਹਿਤ ਦੇ ਰੂਪ, ਲਹੌਰ ਬੁੱਕ ਸ਼ਾਪ, ਲੁਧਿਆਣਾ।

ਪਾਠ ਨੰਬਰ : 1.1

# ਪੰਜਾਬੀ ਵਾਰਤਕ ਦਾ ਜਨਮ ਤੇ ਵਿਕਾਸ - ਇਕ ਸਰਵੇਖਣ


1.1.1 ਪਾਠ ਦਾ ਉਦੇਸ਼

1.1.2 ਭੂਮਿਕਾ

1.1.3 ਪੰਜਾਬੀ ਵਾਰਤਕ ਦਾ ਜਨਮ

1.1.4 ਪੰਜਾਬੀ ਵਾਰਤਕ ਦਾ ਵਿਕਾਸ

1.1.4.1 ਪੁਰਾਤਨ ਜਨਮ ਸਾਖੀ

1.1.4.2 ਟੀਕੇ ਤੇ ਪਰਮਾਰਥ

1.1.5 ਸਿੱਟਾ

1.1.6 ਕੁੱਝ ਮਹੱਤਵਪੂਰਨ ਪ੍ਰਸ਼ਨ

1.1.7 ਸਹਾਇਕ ਪੁਸਤਕਾਂ ਦੀ ਸੂਚੀ


## 1.1.1 ਪਾਠ ਦਾ ਉਦੇਸ਼

ਵਾਰਤਕ, ਸਾਹਿਤ ਦੀ ਇਕ ਮਹੱਤਵਪੂਰਨ ਵਿਧਾ ਹੈ ਅਤੇ ਇਸ ਪਾਠ ਵਿੱਚ ਪੰਜਾਬੀ ਵਾਰਤਕ ਦੇ ਜਨਮ ਬਾਰੇ ਪ੍ਰਚਲਿਤ ਭਿੰਨ-ਭਿੰਨ ਮੱਤਾਂ ਅਤੇ ਉਨ੍ਹਾਂ ਦੀ ਸਾਰਥਿਕਤਾ ਸੰਬੰਧੀ ਚਰਚਾ ਕੀਤੀ ਜਾਵੇਗੀ ਤੇ ਇਹ ਗੱਲ ਵਿਚਾਰੀ ਜਾਵੇਗੀ ਕਿ ਪੰਜਾਬੀ ਵਾਰਤਕ ਦਾ ਨਿਕਾਸ ਕਿਹੜੀਆਂ ਪ੍ਰਸਥਿਤੀਆਂ ਅਧੀਨ ਹੋਇਆ। ਇਸ ਤੋਂ ਛੁੱਟ ਪੰਜਾਬੀ ਵਾਰਤਕ ਦੇ ਨਿਕਾਸ ਦਾ ਆਲੋਚਨਾਤਮਕ ਸਰਵੇਖਣ ਪ੍ਰਸਤੁਤ ਕੀਤਾ ਜਾਵੇਗਾ। ਇਸ ਪਾਠ ਦੀ ਸਮੱਗਰੀ ਦੀ ਸਹਾਇਤਾ ਨਾਲ ਤੁਸੀਂ ਕੋਰਸ ਵਿੱਚ ਲੱਗੀਆਂ ਪਾਠ ਪੁਸਤਕਾਂ ਦਾ ਸਹੀ ਸਾਹਿਤਕ ਅਧਿਐਨ ਕਰ ਸਕੋਗੇ।

## 1.1.2 ਭੂਮਿਕਾ

ਉਪਰੋਕਤ ਮੰਤਵ ਸਿੱਧੀ ਲਈ ਅਸੀਂ ਪੰਜਾਬੀ ਕਵਿਤਾ ਤੇ ਪੰਜਾਬੀ ਵਾਰਤਕ ਦੇ ਨਿਕਾਸ-ਕਾਲ ਦੀ ਤੁਲਨਾ ਕਰਕੇ ਇਹ ਜਾਣਨ ਦਾ ਜਤਨ ਕਰਾਂਗੇ ਕਿ ਪੰਜਾਬੀ ਵਾਰਤਕ ਪੰਜਾਬੀ ਕਵਿਤਾ ਨਾਲੋਂ ਕਿਉਂ ਬਾਅਦ ਵਿੱਚ ਉਪਜੀ ? ਪੰਜਾਬੀ ਵਾਰਤਕ ਤੇ ਕਵਿਤਾ ਤੋਂ ਦੇਰ ਨਾਲ ਉਪਜਣ ਦੇ ਇਤਿਹਾਸਕ, ਸਭਿਆਚਾਰਕ ਤੇ ਸਮਾਜਕ ਕਾਰਨਾਂ ਬਾਰੇ ਸੰਖਿਪਤ ਚਰਚਾ ਵੀ ਕੀਤੀ ਜਾਵੇਗੀ। ਇਸ ਚਰਚਾ ਰਾਹੀਂ ਅਸੀਂ ਇਹ ਗੱਲ ਦੱਸਣ ਦਾ ਜਤਨ ਕਰਾਂਗੇ ਕਿ ਪੰਜਾਬੀ ਵਾਰਤਕ ਦੀਆਂ ਮੁੱਢਲੀਆਂ ਵੰਨਗੀਆਂ ਵਧੇਰੇ ਕਰਕੇ ਧਾਰਮਕ ਕਿਉਂ ਹਨ। ਅੱਗੇ ਅਸੀਂ ਪੰਜਾਬੀ ਵਾਰਤਕ ਦੇ ਵਿਕਾਸ ਨੂੰ ਇਤਿਹਾਸਕ ਕ੍ਰਮ ਵਿੱਚ ਪੇਸ਼ ਕਰਕੇ ਇਸ ਦੇ ਸਰਵੇਖਣ ਦੇ ਕਾਰਜ ਨੂੰ ਨੇਪਰੇ ਚਾੜ੍ਹਾਂਗੇ।

## 1.1.3 ਪੰਜਾਬੀ ਵਾਰਤਕ ਦਾ ਜਨਮ

ਪੰਜਾਬੀ ਵਾਰਤਕ ਦੇ ਮੁੱਢ ਬਾਰੇ ਡਾ. ਤਰਲੋਚਨ ਸਿੰਘ ਬੇਦੀ ਦਾ ਮੱਤ ਹੈ ਕਿ ਇਹ ਤੇਰ੍ਹਵੀਂ ਚੌਧਵੀਂ ਸਦੀ ਵਿੱਚ ਬੱਝਾ। ਉਨ੍ਹਾਂ ਨੇ ਆਪਣੇ ਮੱਤ ਦੀ ਪੁਸ਼ਟੀ ਵਿੱਚ 'ਏਕਾਦਸੀ ਮਹਾਤਮ' ਨਾਂ ਦੀ ਇਕ ਦੁਰਲੱਭ ਹੱਥ-ਲਿਖਤ ਦੀ ਦੱਸ ਪਾਈ ਹੈ।[1] ਇਸ ਰਚਨਾ ਵਿੱਚ ਯੁਧਿਸ਼ਟਰ ਤੇ ਅਰਜਨ ਅਤੇ ਬ੍ਰਹਮਾ ਤੇ ਨਾਰਦ ਦੀਆਂ ਆਪਸ ਵਿੱਚ ਗੋਸ਼ਟਾਂ ਦਰਜ ਹਨ। ਇਸ ਲਿਖਤ ਵਿੱਚ ਪੁਰਾਣੀਆਂ ਇਤਿਹਾਸਿਕ ਕਥਾਵਾਂ ਅੰਕਿਤ ਹਨ ਅਤੇ ਏਕਾਦਸੀ ਮਹਾਤਮ ਬਾਰੇ ਚਰਚਾ ਹੈ। ਡਾ. ਸੁਧੇਸ਼ਵਰ ਵਰਮਾ ਅਨੁਸਾਰ ਇਸ ਰਚਨਾ ਦੀ ਭਾਸ਼ਾ ਸਾਧ ਭਾਸ਼ਾ ਹੈ ਜਿਸ ਉੱਤੇ ਪੰਜਾਬੀ ਦੀ ਪੋਠੋਹਾਰੀ ਉਪਭਾਸ਼ਾ ਤੇ ਕਾਂਗੜੀ ਦਾ ਪ੍ਰਤੱਖ ਪ੍ਰਭਾਵ ਨਜ਼ਰੀਂ ਆਉਂਦਾ ਹੈ। ਰਚਨਾ ਦੀ ਸ਼ੈਲੀ ਪ੍ਰਸ਼ਨੋਤਰੀ ਹੈ ਤੇ ਬਿਆਨ ਵਿੱਚ ਸੰਖੇਪਤਾ ਤੇ ਸੰਜਮ

1. ਡਾ. ਤਰਲੋਚਨ ਸਿੰਘ ਬੇਦੀ ਦਾ ਖੋਜ ਭਾਸ਼ਨ - ਪੰਜਾਬੀ ਯੂਨੀਵਰਸਿਟੀ, ਪਟਿਆਲਾ 1972-73

ਹੈ।

ਸਾਧ ਭਾਸ਼ਾ ਵਿੱਚ ਲਿਖੀ ਹੋਣ ਕਰਕੇ 'ਏਕਾਦਸੀ ਮਹਾਤਮ' ਨੂੰ ਪੰਜਾਬੀ ਵਾਰਤਕ ਦੇ ਮੁੱਢ ਵਿੱਚ ਰੱਖਣਾ ਤਾਂ ਉਚਿਤ ਨਹੀਂ ਪਰ ਇਸ ਨੂੰ ਪੰਜਾਬੀ ਵਾਰਤਕ ਦੀ ਨੀਂਹ ਆਖਣਾ ਵਧੇਰੇ ਯੁਗਤੀ-ਸੰਗਤ ਹੈ।

ਡਾ. ਮੋਹਨ ਸਿੰਘ ਦੀਵਾਨਾ ਦਾ ਮੱਤ ਹੈ ਕਿ ਪੰਜਾਬੀ ਵਾਰਤਕ ਅਵਧੀ, ਬ੍ਰਜੀ ਅਤੇ ਉਰਦੂ ਭਾਸ਼ਾ ਦੀ ਵਾਰਤਕ ਤੋਂ ਪਹਿਲਾਂ ਪੈਦਾ ਹੋਈ। ਉਨ੍ਹਾਂ ਅਨੁਸਾਰ, ''ਕਾਵਿ ਵਾਂਗ ਪੰਜਾਬੀ ਵਿੱਚ ਵਾਰਤਕ ਦੀ ਗਿਣਾਤਮਕ ਤੇ ਗੁਣਾਤਮਕ ਪੱਖ ਤੋਂ ਪ੍ਰਾਪਤੀ ਅਵਧੀ, ਬ੍ਰਜੀ ਅਤੇ ਉਨ੍ਹਾਂ ਦੀ ਕੁੱਖੋਂ ਜਨਮੀ ਉਰਦੂ ਭਾਸ਼ਾ ਵਿੱਚ ਮਿਲਦੀ ਵਾਰਤਕ ਤੋਂ ਬਹੁਤ ਅਧਿਕ ਹੈ ਤੇ ਇਸ ਦਾ ਜਨਮ ਵੀ ਉਨ੍ਹਾਂ ਭਾਸ਼ਾਵਾਂ ਦੀ ਵਾਰਤਕ ਤੋਂ ਢੇਰ ਚਿਰ ਪਹਿਲਾਂ ਹੋਇਆ।''[1]

ਪ੍ਰੋ. ਕਿਰਪਾਲ ਸਿੰਘ ਕਸੇਲ ਅਨੁਸਾਰ, ''ਪੰਦਰ੍ਹਵੀਂ ਸੋਲਵੀਂ ਸਦੀ ਤੱਕ ਪੰਜਾਬੀ ਵਾਰਤਕ ਦਾ ਰੂਪ ਬੱਝਣਾ ਸ਼ੁਰੂ ਹੋ ਗਿਆ ਸੀ।''[2] ਕਸੇਲ ਸਾਹਿਬ ਦਾ ਇਹ ਮੱਤ ਵਧੇਰੇ ਮੰਨਣ ਯੋਗ ਜਾਪਦਾ ਹੈ। ਪੰਜਾਬੀ ਸਾਹਿਤ ਵਿੱਚ ਕਵਿਤਾ ਦਾ ਸੂਰਜ ਬਾਬਾ ਫ਼ਰੀਦ ਸ਼ੱਕਰਗੰਜ ਦੀ ਕਾਵਿ-ਰਚਨਾ ਨਾਲ ਬਾਰ੍ਹਵੀਂ ਤੇਰ੍ਹਵੀਂ ਸਦੀ ਵਿੱਚ ਉਦੈ ਹੋਇਆ ਸੀ ਤੇ ਗੁਰੂ ਨਾਨਕ (1469-1538 ਈ:) ਦੇ ਸਮੇਂ ਇਸ ਨੇ ਪੰਜਾਬੀ ਜੀਵਨ ਦੇ ਹਰ ਪੱਖ ਨੂੰ ਆਪਣੀਆਂ ਕਿਰਨਾਂ ਦੀ ਚਮਕ-ਦਮਕ ਨਾਲ ਰੁਸ਼ਨਾ ਦਿੱਤਾ ਸੀ। ਪ੍ਰੋ. ਪੂਰਨ ਸਿੰਘ ਦੇ ਇਹ ਵਿਚਾਰ ਕਿ ਪੰਜਾਬੀ ਸਾਹਿਤ ਗੁਰੂ ਨਾਨਕ ਦੇਵ ਜੀ ਦੇ ਮੰਦਰਾਂ ਦੇ ਆਲੇ ਦੁਆਲੇ ਬਿਰਛਾਂ ਦੀਆਂ ਛਾਵਾਂ ਹੇਠ ਖੇਡਿਆ, ਮੌਲ੍ਹਿਆ, ਪਲਿਆ ਤੇ ਪਰਵਾਨ ਚੜ੍ਹਿਆ, ਪੰਜਾਬੀ ਵਾਰਤਕ ਬਾਰੇ ਵੀ ਠੀਕ ਮੰਨੇ ਜਾ ਸਕਦੇ ਹਨ।

ਡਾ. ਜੀਤ ਸਿੰਘ ਸੀਤਲ ਦਾ ਕਥਨ ਹੈ ''ਪੁਰਾਤਨ ਵਾਰਤਕ ਦਾ ਆਰੰਭ ਨਾਥਾਂ ਜੋਗੀਆਂ ਤੇ ਮੁਸਲਮਾਨ ਸੂਫ਼ੀ ਦਰਵੇ ਸ਼ਾਂ ਦੀਆਂ ਪਰਸਪਰ ਗੋਸ਼ਟੀਆਂ, ਬਚਨਾਂ, ਕੌਲਾਂ ਤੇ ਸੁਖਨਾਂ ਨਾਲ ਹੋਇਆ। ਮਹਾਨ ਪੁਰਸ਼ਾਂ ਦੇ ਇਹ ਬਚਨ, ਸੁਖਨ ਜਾਂ ਕੌਲ ਸੀਨਾ-ਬਸੀਨਾ ਚਲੇ ਆਉਂਦੇ ਜਾਂ ਉਨ੍ਹਾਂ ਦੇ ਪੈਰੋਕਾਰ ਲਿਖ ਲੈਂਦੇ, ਇਹ ਵਿਸ਼ੇਸ਼ ਕਰਕੇ ਉਨ੍ਹਾਂ ਦੀਆਂ ਯਾਤਰਾਵਾਂ, ਗੋਸ਼ਟੀਆਂ, ਸੰਗਤਾਂ, ਕਰਾਮਾਤਾਂ, ਬਾਤ-ਚੀਤਾਂ ਨਾਲ ਸੰਬੰਧਤ ਹੁੰਦੇ ਜਾਂ ਉਨ੍ਹਾਂ ਦੇ ਬਚਨਾਂ ਸ਼ਬਦਾਂ ਦੀ ਵਿਆਖਿਆ ਹੁੰਦੇ ਜਾਂ ਫਿਰ ਉਨ੍ਹਾਂ ਦੀਆਂ ਜੀਵਨੀਆਂ ਦੀਆਂ ਮਹੱਤਵਪੂਰਨ ਘਟਨਾਵਾਂ ਹੁੰਦੀਆਂ ਸਨ।''[3] ਜੇਕਰ ਪੰਜਾਬੀ ਵਾਰਤਕ ਦੇ ਪੁਰਾਤਨ ਨਮੂਨਿਆਂ ਵਿਚ ਮਿਲਦੀ ਸਮੱਗਰੀ ਦੇ ਆਧਾਰ 'ਤੇ ਵੇਖੀਏ ਤਾਂ ਡਾ. ਸੀਤਲ ਦਾ ਉਪਰੋਕਤ ਮੱਤ ਕਾਫ਼ੀ ਹੱਦ ਤੱਕ ਠੀਕ ਜਾਪਦਾ ਹੈ। ਇਸ ਵਿਚ ਮਾਮੂਲੀ ਜਿਹੀ ਸੋਧ ਕਰਨ ਦੀ ਲੋੜ ਹੈ। ਪੰਜਾਬੀ ਦੀ ਪੁਰਾਤਨ ਵਾਰਤਕ ਗੁਰੂ ਨਾਨਕ ਦੇਵ ਦੀਆਂ ਨਾਥ-ਜੋਗੀਆਂ ਤੇ ਮੁਸਲਮਾਨ ਫ਼ਕੀਰਾਂ ਨਾਲ ਇਤਿਹਾਸਕ ਤੇ ਕਾਲਪਨਿਕ ਗੋਸ਼ਟਾਂ, ਉਨ੍ਹਾਂ ਦੀ ਬਾਣੀ ਦੇ ਪਰਮਾਰਥਾਂ ਤੇ ਉਨ੍ਹਾਂ ਦੇ ਸੀਨਾ-ਬ-ਸੀਨਾ ਚਲੇ ਆ ਰਹੇ ਬਚਨਾਂ ਦੇ ਰੂਪ ਵਿਚ ਹੈ। ਇਸ ਤੋਂ ਪਹਿਲਾਂ ਦੀਆਂ ਗੋਸ਼ਟਾਂ, ਬਚਨ ਤੇ ਸੁਖਨ ਪੰਜਾਬੀ ਵਾਰਤਕ ਦਾ ਪਿਛੋਕੜ ਤਾਂ ਮੰਨੇ ਜਾ ਸਕਦੇ ਹਨ ਪਰ ਉਨ੍ਹਾਂ ਨੂੰ ਪੰਜਾਬੀ ਵਾਰਤਕ ਦਾ ਮੁੱਢ ਨਹੀਂ ਆਖਿਆ ਜਾ ਸਕਦਾ।

ਜਿਵੇਂ ਹੋਰ ਭਾਸ਼ਾਵਾਂ ਤੇ ਸਾਹਿਤ ਵਿਚ ਆਮ ਤੌਰ 'ਤੇ ਵਾਰਤਕ ਕਵਿਤਾ ਤੋਂ ਬਾਅਦ ਹੋਂਦ ਵਿਚ ਆਈ, ਉਸੇ ਤਰ੍ਹਾਂ ਪੰਜਾਬੀ ਸਾਹਿਤ ਵਿਚ ਵੀ ਵਾਰਤਕ ਦਾ ਆਰੰਭ ਕਵਿਤਾ ਤੋਂ ਬਾਅਦ ਹੀ ਹੋਇਆ। ਜਦੋਂ ਬਾਬਾ ਫ਼ਰੀਦ ਸ਼ੱਕਰਗੰਜ ਤੇ ਗੁਰੂ ਸਾਹਿਬਾਨ ਦੀ ਰਚੀ ਬਾਣੀ ਜਨ-ਸਾਧਾਰਨ ਵਿੱਚ ਪ੍ਰਿਅ ਹੋ ਗਈ ਤਾਂ ਉਸ ਨੂੰ ਸਮਝਣ ਲਈ ਤੇ ਗੁਰੂ ਸਾਹਿਬਾਨ ਖ਼ਾਸ ਕਰਕੇ ਗੁਰੂ ਨਾਨਕ ਦੇਵ ਦੇ ਜੀਵਨ ਸਮਾਚਾਰ ਜਾਣਨ ਦੀ ਲੋੜ ਪੂਰੀ ਕਰਨ ਲਈ ਪੰਜਾਬੀ ਵਾਰਤਕ ਦਾ ਵੀ ਸ੍ਰੀ ਗਣੇਸ਼ ਹੋਇਆ। ਵੈਦਿਕ ਕਾਲ ਵਿਚ ਵੀ ਕਾਵਿ-ਸਾਹਿਤ ਦੀ ਪ੍ਰਧਾਨਤਾ ਰਹੀ ਤੇ ਸਮਾਂ ਗੁਜ਼ਰਨ ਨਾਲ ਹੀ ਕੁੱਝ ਗੱਦ ਸਾਹਿਤ ਉਤਪੰਨ ਹੋਇਆ। ਪ੍ਰਾਕ੍ਰਿਤ-ਕਾਲ ਵਿੱਚ ਵੀ ਵਧੇਰੇ ਸਾਹਿਤ ਕਵਿਤਾ-ਰੂਪ ਵਿਚ ਹੀ ਰਚਿਆ ਗਿਆ ਪਰ ਕੁੱਝ ਵਾਰਤਕ ਸਾਹਿਤ ਵੀ ਉਤਪੰਨ ਹੋਇਆ। ਅਪਭ੍ਰੰਸ਼ ਕਾਲ ਵਿੱਚ ਬ੍ਰਜ-ਭਾਸ਼ਾ, ਰਾਜਸਥਾਨੀ ਆਦਿ ਵਿਚ ਕੁੱਝ ਗੱਦ-

1. History of Punjabi Literature, 2nd Ed., Amritsar.
2. ਆਧੁਨਿਕ ਗੱਦਕਾਰ
3. ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਪੰਨਾ 339

ਰਚਨਾ ਹੋਈ ਜਿਸ ਦਾ ਪ੍ਰਭਾਵ ਗੁਆਂਢੀ ਭਾਸ਼ਾਵਾਂ ਉੱਤੇ ਵੀ ਪਿਆ।

ਭਾਰਤ ਉੱਤੇ ਮੱਧ-ਕਾਲ ਵਿਚ ਹੋਏ ਬਦੇਸ਼ੀ ਹਮਲਿਆਂ ਦੇ ਫ਼ਲਸਰੂਪ ਇਥੇ ਸਾਮੀ ਅਤੇ ਦੇਸੀ ਸਭਿਆਚਾਰਾਂ ਦਾ ਪਰਸਪਰ ਮੇਲ ਹੋਇਆ। ਇਸਲਾਮ, ਹਿੰਦੂ ਧਰਮ, ਨਾਥ ਸਿੱਧ ਮਤ, ਬੁੱਧ ਧਰਮ, ਜੈਨ ਮੱਤ ਆਦਿ ਧਰਮਾਂ ਦੇ ਆਪਸੀ ਸੰਪਰਕ ਨੇ ਦੇਸ਼ ਵਿਚ ਭਗਤੀ ਲਹਿਰ ਨੂੰ ਜਨਮ ਦਿੱਤਾ। ਦੱਖਣ ਵਿਚ ਰਾਮਾਨੁਜ ਇਸ ਭਗਤੀ ਲਹਿਰ ਦੇ ਸੰਸਥਾਪਕ ਸਨ। ਉੱਤਰੀ ਭਾਰਤ ਵਿਚ ਰਾਮਾਨੰਦ ਨੇ ਇਸ ਲਹਿਰ ਦਾ ਪਰਚਾਰ ਕੀਤਾ ਅਤੇ ਉਸ ਤੋਂ ਪ੍ਰੇਰਨਾ ਲੈ ਕੇ ਭਗਤ ਕਬੀਰ, ਭਗਤ ਰਵਿਦਾਸ, ਭਗਤ ਪੀਪਾ ਤੇ ਭਗਤ ਨਾਮਦੇਵ ਨੇ ਇਸ ਲਹਿਰ ਨੂੰ ਹੋਰ ਵਧੇਰੇ ਵਿਕਸਿਤ ਕੀਤਾ। ਇਨ੍ਹਾਂ ਭਗਤਾਂ ਨੇ ਆਪਣੀ ਬਾਣੀ ਰਚ ਕੇ ਜਨ ਸਾਧਾਰਨ ਵਿਚ ਜਾਗ੍ਰਤੀ ਪੈਦਾ ਕੀਤੀ ਅਤੇ ਹਿੰਦੂ ਤੇ ਮੁਸਲਮਾਨ ਧਰਮਾਂ ਦੀ ਪੁਜਾਰੀ ਜਮਾਤ ਦੇ ਕੱਟੜ ਵਿਚਾਰਾਂ ਦਾ ਖੰਡਣ ਕੀਤਾ। ਭਗਤੀ ਲਹਿਰ ਨੇ ਇਕ ਪਰਮਾਤਮਾ ਦੀ ਉਪਾਸਨਾ ਦਾ ਸੰਦੇਸ਼ ਦੇ ਕੇ ਲੋਕਾਂ ਨੂੰ ਏਕਤਾ ਦੇ ਸੂਤਰ ਵਿਚ ਪਰੋਇਆ। ਲੋਕੀਂ ਆਪਣੇ ਗੁਰੂਆਂ, ਪੀਰਾਂ, ਫ਼ਕੀਰਾਂ, ਸਾਧੂ, ਸੰਤਾਂ ਦੇ ਬਚਨਾਂ, ਸੁਖਨਾਂ, ਉਪਦੇਸ਼ਾਂ ਅਤੇ ਅਧਿਆਤਮਕ ਵਿਚਾਰਾਂ ਨੂੰ ਸੁਣਨ, ਪੜ੍ਹਨ ਤੇ ਸਮਝਣ ਲੱਗੇ। ਸਾਰੇ ਦੇਸ਼ ਵਿਚ ਇਕ ਸਭਿਆਚਾਰਕ ਜਾਗ੍ਰਤੀ ਆ ਗਈ। ਸਮਾਜਕ ਕੀਮਤਾਂ ਬਦਲਣ ਲਗੀਆਂ। ਰਾਜਸੀ ਅਤਿਆਚਾਰ, ਧਾਰਮਕ ਪਾਖੰਡ ਤੇ ਸਮਾਜਕ ਘਿਰਣਾ ਦੇ ਵਿਰੁੱਧ ਵਾਤਾਵਰਨ ਉਸਰਨ ਲਗਾ। ਸਮਾਜ ਵਿਚ ਸਦਾਚਾਰ, ਸਹਿਨਸ਼ੀਲਤਾ, ਨਿਮਰਤਾ, ਸਚਾਈ ਤੇ ਅਹਿੰਸਾ ਦਾ ਪ੍ਰਚਾਰ ਹੋਣ ਲਗਾ। ਇਨ੍ਹਾਂ ਦੈਵੀ ਗੁਣਾਂ ਦਾ ਸੰਦੇਸ਼ ਦੇਸ਼ ਦੇ ਕੋਨੇ ਕੋਨੇ ਵਿਚ ਪਸਰਨਾ ਸ਼ੁਰੂ ਹੋਇਆ। ਸਾਧੂ, ਸੰਤਾਂ, ਸੂਫੀ ਫ਼ਕੀਰਾਂ ਤੇ ਗੁਰੂ ਸਾਹਿਬਾਨ ਨੇ ਥਾਂ-ਥਾਂ ਉੱਤੇ ਵਿਚਰ ਕੇ ਲੋਕਾਂ ਨੂੰ ਨਵੇਂ ਵਿਚਾਰਾਂ ਤੋਂ ਜਾਣੂ ਕਰਵਾਇਆ ਤੇ ਸਮਾਜ ਕਲਿਆਣ ਦੇ ਕਾਰਜਾਂ ਨੂੰ ਧਾਰਮਿਕ ਤਰੀਕੇ ਨਾਲ ਨੇਪਰੇ ਚਾੜ੍ਹਿਆ। ਭਗਤੀ ਲਹਿਰ ਦੇ ਪ੍ਰਭਾਵ ਅਧੀਨ ਉਤਪੰਨ ਹੋਈ ਸਮਾਜਿਕ, ਰਾਜਨੀਤਕ ਅਤੇ ਸਭਿਆਚਾਰਕ ਜਾਗ੍ਰਤੀ ਨੇ ਅਧਿਆਤਮਕ-ਕਾਵਿ ਦੇ ਸੋਮੇ ਜਾਰੀ ਕਰ ਦਿੱਤੇ ਤੇ ਉਨ੍ਹਾਂ ਸੋਮਿਆਂ ਦੇ ਸਵੱਛ ਜਲ ਰੂਪੀ ਸਾਧ-ਬਚਨਾਂ ਤੋਂ ਪੰਜਾਬੀ ਵਾਰਤਕ ਦੇ ਝਰਨੇ ਫੁਟ ਨਿਕਲੇ।

ਤੋਲ, ਤੁਕਾਂਤ, ਛੰਦ ਆਦਿ ਗੁਣਾਂ ਦੀ ਧਾਰਨੀ ਹੋਣ ਕਰਕੇ ਕਵਿਤਾ ਜ਼ੁਬਾਨੀ ਯਾਦ ਕੀਤੀ ਜਾ ਸਕਦੀ ਹੈ ਤੇ ਪੁਰਾਤਨ ਕਾਲ ਵਿਚ ਜਦੋਂ ਕਾਗਜ਼ ਦੀ ਘਾਟ ਸੀ ਤੇ ਛਾਪੇ ਖ਼ਾਨੇ ਹੋਂਦ ਵਿਚ ਨਹੀਂ ਸਨ ਆਏ, ਵਧੇਰੇ ਕਰਕੇ ਕਵਿਤਾ ਹੀ ਰਚੀ ਜਾਂਦੀ ਸੀ। ਜਦੋਂ ਕਵਿਤਾ ਨੂੰ ਸਮਝਣ ਦੀ ਲੋੜ ਪਈ ਤਾਂ ਉਸ ਦੀ ਵਿਆਖਿਆ ਹਿੱਤ ਵਾਰਤਕ ਹੋਂਦ ਵਿਚ ਆਈ। ਪੁਰਾਤਨ ਕਾਲ ਦਾ ਮਨੁੱਖ ਵਧੇਰੇ ਕਰਕੇ ਭਾਵੁਕ ਸੀ, ਉਦੋਂ ਉਸ ਦੀ ਬੌਧਕ ਪੱਧਰ ਏਨੀ ਉੱਚੀ ਨਹੀਂ ਸੀ ਹੋਈ। ਇਸ ਕਰਕੇ ਹੀ ਉਸ ਕਾਲ ਵਿਚ ਵਾਰਤਕ ਜਿਹੜੀ ਮਨੁੱਖ ਦੀ ਬੁੱਧੀ ਦਾ ਚਮਤਕਾਰ ਹੁੰਦੀ ਹੈ, ਹੋਂਦ ਵਿਚ ਨਹੀਂ ਸੀ ਆਈ। ਪੱਥਰ ਤੇ ਧਾਤ ਦੇ ਜ਼ਮਾਨੇ ਵਿਚ ਆਮ ਲੋਕਾਂ ਨੂੰ ਵਿੱਦਿਆ ਪ੍ਰਾਪਤੀ ਦੇ ਸਾਧਨ ਪ੍ਰਾਪਤ ਨਹੀਂ ਸਨ ਜਿਸ ਕਰਕੇ ਉਹ ਕੇਵਲ ਖਾਸ ਮੌਕਿਆਂ ਉੱਤੇ ਹੀ ਪੁਜਾਰੀਆਂ ਪਾਸੋਂ ਧਾਰਮਿਕ ਕਵਿਤਾ ਜਾਂ ਗੀਤ ਸੁਣ ਕੇ ਆਪਣੀ ਧਾਰਮਿਕ-ਰੁਚੀ ਨੂੰ ਤ੍ਰਿਪਤ ਕਰਦੇ ਸਨ। ਉਦੋਂ ਵਾਰਤਕ ਦੀ ਲੋੜ ਮਹਿਸੂਸ ਨਹੀਂ ਸੀ ਹੁੰਦੀ। ਕੁਦਰਤ ਉਤੇ ਮਨੁੱਖ ਨੂੰ ਵਸੀਕਾਰ ਪ੍ਰਾਪਤ ਨਹੀਂ ਸੀ। ਮਨੁੱਖ ਹੋਣੀ ਅੱਗੇ ਬੇਬਸ ਸੀ। ਉਹ ਕੁਦਰਤ ਦੀਆਂ ਭਿੰਨ-ਭਿੰਨ ਸ਼ਕਤੀਆਂ ਤੋਂ ਡਰਦਾ ਸੀ ਤੇ ਉਨ੍ਹਾਂ ਦੀ ਪੂਜਾ ਕਰਕੇ ਉਸ ਡਰ ਤੋਂ ਮੁਕਤੀ ਹਾਸਲ ਕਰਨ ਦਾ ਜਤਨ ਕਰਦਾ ਸੀ। ਇਸ ਪੂਜਾ ਨੇ ਧਾਰਮਿਕ ਕਵਿਤਾ ਨੂੰ ਜਨਮ ਦਿੱਤਾ ਜਿਸ ਨੂੰ ਮਨੁੱਖ ਜਨਮ, ਮਰਨ, ਵਿਆਹ ਤੇ ਮੁਸੀਬਤ ਆਦਿ ਦੇ ਅਵਸਰਾਂ 'ਤੇ ਗਾ ਕੇ ਜਾਂ ਸੁਣ ਕੇ ਆਪਣੀ ਮਾਨਸਿਕ ਸੰਤੁਸ਼ਟਤਾ ਦੀ ਕੋਸ਼ਿਸ਼ ਕਰਦਾ ਸੀ। ਕਬੀਲਦਾਰੀ, ਗ਼ੁਲਾਮੀ ਅਤੇ ਸਾਮੰਤਸ਼ਾਹੀ ਕਾਲ ਵਿਚ ਮਨੁੱਖ ਦੀਆਂ ਲੋੜਾਂ ਸੀਮਤ ਸਨ। ਆਰਥਿਕ ਵਿਵਸਥਾ ਬਹੁਤ ਸਰਲ ਸੀ। ਮਨੁੱਖੀ ਜੀਵਨ ਦੀ ਸਰਲਤਾ ਤੇ ਸਮਾਜ ਦੇ ਪਛੜੇਪਨ ਨੇ ਵਾਰਤਕ ਦੀ ਉਪਜ ਲਈ ਲੋੜੀਂਦੇ ਹਾਲਾਤ ਪੈਦਾ ਨਹੀਂ ਸਨ ਕੀਤੇ। ਇਹੀ ਕਾਰਨ ਹੈ ਕਿ ਉਸ ਕਾਲ ਵਿਚ ਵਾਰਤਕ ਅੱਵਲ ਤਾਂ ਉਪਜੀ ਨਹੀਂ ਤੇ ਜੇ ਉਪਜੀ ਤਾਂ ਉਹ ਕਵਿਤਾ ਦੀ ਵਿਆਖਿਆ ਦੇ ਉਦੇਸ਼ ਹਿੱਤ ਹੀ ਜਨਮੀ। ਉਸ ਦਾ ਕੋਈ ਸੁਤੰਤਰ ਰੂਪ ਹੋਂਦ ਵਿਚ ਨਾ ਆਇਆ। ਵਾਰਤਕ ਲਿਖਣ ਵਾਲੇ ਲਿਖਾਰੀ ਥੋੜ੍ਹੀਆਂ ਜਿਹੀਆਂ ਸਤਰਾਂ ਲਿਖਣ ਉਪਰੰਤ ਕਵਿਤਾ ਦੀਆਂ ਟੂਕਾਂ ਲਿਖਣ ਲਈ ਮਜਬੂਰ ਹੁੰਦੇ ਸਨ। ਇਸੇ ਕਰਕੇ ਵਾਰਤਕ ਦੀਆਂ ਪਹਿਲੀਆਂ ਲਿਖਤਾਂ ਵਿਚ ਸਾਨੂੰ ਕਵਿਤਾ ਦੀਆਂ ਟੂਕਾਂ ਅਧਿਕ ਮਾਤਰਾ ਵਿਚ ਦਰਜ ਹੋਈਆਂ ਮਿਲਦੀਆਂ ਹਨ।

ਵਾਰਤਕ ਦੀ ਉਪਜ ਦੇ ਮੁੱਢਲੇ ਦੌਰ ਵਿਚ ਸਮਾਜ ਦੇ ਹਰ ਖੇਤਰ ਵਿਚ ਧਰਮ ਦੀ ਪ੍ਰਧਾਨਤਾ ਸੀ। ਧਰਮ ਦੀ ਚੜ੍ਹਤ ਏਨੀ ਸੀ ਕਿ ਵੱਡੇ-ਵੱਡੇ ਰਾਜੇ-ਮਹਾਰਾਜੇ ਵੀ ਧਰਮ ਅੱਗੇ ਸਿਰ ਨਿਵਾਉਂਦੇ ਸਨ। ਇਸ ਧਾਰਮਕ ਵਾਤਾਵਰਣ ਵਿਚ ਹਰ ਸਾਹਿਤ ਰਚਨਾ ਸਿੱਧੇ ਜਾਂ ਅਸਿੱਧੇ ਤੌਰ 'ਤੇ ਧਾਰਮਿਕ ਪ੍ਰਭਾਵ ਗ੍ਰਹਿਣ ਕਰਕੇ ਹੋਂਦ ਵਿਚ ਆਉਂਦੀ ਸੀ। ਇਹੀ ਹਾਲ ਪੰਜਾਬੀ ਵਾਰਤਕ ਦਾ ਹੋਇਆ। ਪੰਜਾਬੀ ਦਾ ਮੁੱਢਲਾ ਸਾਹਿਤ ਨਿਰੋਲ ਧਾਰਮਿਕ ਸੀ ਤੇ ਜਦੋਂ ਵਾਰਤਕ ਨੇ ਜਨਮ ਲਿਆ ਤਾਂ ਉਸ ਉੱਤੇ ਵੀ ਧਰਮ ਦੀ ਛਾਪ ਲੱਗੀ ਹੋਈ ਸੀ।

### 1.1.4 ਪੰਜਾਬੀ ਵਾਰਤਕ ਦਾ ਵਿਕਾਸ

ਪੰਜਾਬੀ ਵਾਰਤਕ ਦਾ ਮੁੱਢ ਮਨੋਹਰ ਦਾਸ ਮਿਹਰਬਾਨ ਦੁਆਰਾ ਰਚੀ ਗਈ 'ਸੱਚ ਖੰਡ' ਪੋਥੀ ਨਾਲ ਬੱਝਾ। ਇਹ ਪੋਥੀ 'ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ' ਨਾਂ ਅਧੀਨ ਖਾਲਸਾ ਕਾਲਜ, ਅੰਮ੍ਰਿਤਸਰ ਤੋਂ 1962 ਵਿਚ ਪ੍ਰਕਾਸ਼ਿਤ ਹੋਈ ਹੈ। ਇਸ ਜਨਮ ਸਾਖੀ ਦੀ ਹਰ ਸਾਖੀ ਨੂੰ ਲੇਖਕ ਨੇ ਗੋਸ਼ਟ ਆਖਿਆ ਹੈ ਤੇ ਇਨ੍ਹਾਂ ਗੋਸ਼ਟਾਂ ਰਾਹੀਂ ਉਸ ਨੇ ਗੁਰੂ ਨਾਨਕ ਦੇਵ ਦੀ ਲਗਭਗ ਇਕ ਤਿਹਾਈ ਬਾਣੀ ਦੇ ਪਰਮਾਰਥ ਲਿਖੇ ਹਨ। ਹਰ ਗੋਸ਼ਟ ਦੇ ਅੰਤ ਉਤੇ ਲੇਖਕ ਨੇ ਆਪਣਾ ਇਕ ਇਕ ਸਲੋਕ ਵੀ ਦਰਜ ਕੀਤਾ ਹੈ। ਜਨਮ ਸਾਖੀ ਦੇ ਰਚਨ ਸਮੇਂ ਇਸ ਵਿਚ 167 ਗੋਸ਼ਟਾਂ ਸਨ ਪਰ ਕਿਸੀ ਸਮੇਂ 14 ਗੋਸ਼ਟਾਂ ਗੁੰਮ ਹੋ ਗਈਆਂ ਤੇ ਪ੍ਰਕਾਸ਼ਿਤ ਜਨਮ ਸਾਖੀ ਵਿਚ ਕੁਲ 153 ਗੋਸ਼ਟਾਂ ਹਨ।

ਮਿਹਰਬਾਨ ਨੇ ਗੁਰੂ ਨਾਨਕ ਦੇਵ ਦੇ ਜੀਵਨ ਸਮਾਚਾਰ ਉਨ੍ਹਾਂ ਦੀ ਬਾਣੀ ਦੇ ਪ੍ਰਸੰਗ ਵਿਚ ਕੀਤੇ ਹਨ ਅਤੇ ਗੁਰੂ ਜੀ ਦੇ ਜੀਵਨ ਨਾਲ ਸੰਬੰਧਤ ਘਟਨਾਵਾਂ ਨੂੰ ਸ਼ਬਦ ਉਚਾਰੇ ਜਾਣ ਦੀ ਪਿਛੋਕੜ ਬੰਨ੍ਹਣ ਲਈ ਵਰਤਿਆ ਹੈ। ਲੇਖਕ ਦਾ ਮੁਖ ਮਨੋਰਥ ਬਾਣੀ ਦੇ ਪਰਮਾਰਥ ਲਿਖਣਾ ਹੈ ਪਰ ਗੌਣ ਰੂਪ ਵਿਚ ਇਸ ਰੂਪ ਵਿਚ ਗੁਰੂ ਸਾਹਿਬ ਦੀ ਜੀਵਨੀ ਦੇ ਤੱਥ ਵੀ ਹਨ। ਲੇਖਕ ਨੇ ਗੁਰੂ ਨਾਨਕ ਦੇਵ ਦੇ ਜਨਮ, ਤਲਵੰਡੀ ਨਿਵਾਸ, ਸੁਲਤਾਨਪੁਰ ਚਾਕਰੀ ਅਤੇ ਉਨ੍ਹਾਂ ਦੀਆਂ ਉਦਾਸੀਆਂ ਨਾਲ ਸੰਬੰਧਤ ਘਟਨਾਵਾਂ ਲਿਖਣ ਉਪਰੰਤ ਉਨ੍ਹਾਂ ਦੇ ਕਰਤਾਰਪੁਰ ਨਿਵਾਸ ਨਾਲ ਆਪਣਾ ਬਿਰਤਾਂਤ ਖਤਮ ਕਰ ਦਿੱਤਾ ਹੈ।

ਮਿਹਰਬਾਨ ਨੇ ਗੁਰੂ ਸਾਹਿਬ ਦੀਆਂ ਕੇਵਲ ਦੋ ਯਾਤਰਾਵਾਂ-ਪੂਰਵ ਦੱਖਣ ਅਤੇ ਉੱਤਰ-ਪੱਛਮ ਦਾ ਉਲੇਖ ਕੀਤਾ ਹੈ।

ਇਸ ਜਨਮ ਸਾਖੀ ਦੇ ਕਰਤਾ ਦੀ ਸ਼ੈਲੀ ਵਾਰਤਾਲਾਪੀ, ਵਿਸਥਾਰਪੂਰਨ ਅਤੇ ਨਾਟਕੀ ਹੈ। ਇਸ ਵਿਚ ਆਦਰਸ਼ਵਾਦ, ਕਲਪਨਾ ਅਤੇ ਉਪਦੇਸ਼ ਦਾ ਸੁਮੇਲ ਹੈ। ਭਾਸ਼ਾ ਦੇ ਪੱਖੋਂ ਇਹ ਬੜੀ ਵਚਿੱਤਰ ਰਚਨਾ ਹੈ। ਇਸ ਦੀਆਂ ਕੁਝ ਗੋਸ਼ਟਾਂ ਠੇਠ ਪੰਜਾਬੀ ਵਿਚ ਹਨ, ਨਾਥ ਜੋਗੀਆਂ ਅਤੇ ਪੰਡਿਤਾਂ ਨਾਲ ਹੋਈਆਂ ਗੋਸ਼ਟਾਂ ਦੀ ਭਾਸ਼ਾ ਖੜ੍ਹੀ ਬੋਲੀ ਜਾਂ ਸਾਧ ਭਾਸ਼ਾ ਹੈ ਪਰ ਮੁਸਲਮਾਨ ਫ਼ਕੀਰਾਂ ਨਾਲ ਹੋਈਆਂ ਗੋਸ਼ਟਾਂ ਦੀ ਭਾਸ਼ਾ ਲਹਿੰਦੀ ਪੰਜਾਬੀ ਹੈ। ਇਹ ਭਾਸ਼ਾ ਆਦਿ ਗਰੰਥ ਦੀ ਭਾਸ਼ਾ ਜਿੰਨੀ ਸੰਜੋਗਾਤਮਕ ਨਹੀਂ ਪਰ ਆਧੁਨਿਕ ਪੰਜਾਬੀ ਨਾਲੋਂ ਵਧੇਰੇ ਸੰਜੋਗਾਤਮਕ ਹੈ। ਸ਼ਬਦ ਜੋੜਾਂ ਦੇ ਪੱਖੋਂ ਇਹ ਆਦਿ ਗਰੰਥ ਦੀ ਭਾਸ਼ਾ ਨਾਲ ਸਮਾਨਤਾ ਰਖਦੀ ਹੈ ਤੇ ਅੱਜ ਦੀ ਭਾਸ਼ਾ ਤੋਂ ਕਾਫ਼ੀ ਭਿੰਨ ਹੈ। ਇਹ ਜਨਮ ਸਾਖੀ ਸਤਾਰ੍ਹਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਵਿਚ ਰਚੀ ਗਈ।

ਇਸ ਦੇ ਸ਼ਬਦ ਜੋੜ ਅਤੇ ਸ਼ਬਦਾਂ ਦੇ ਰੂਪ ਕਾਫ਼ੀ ਹੱਦ ਤੱਕ ਤਾਂ ਮਿਹਰਬਾਨ ਵਾਲੀ ਜਨਮ ਸਾਖੀ ਨਾਲ ਮੇਲ ਖਾਂਦੇ ਹਨ ਪਰ ਕੁਝ ਹੱਦ ਤਕ ਉਸ ਤੋਂ ਕੁੱਝ ਸਮਾਂ ਬਾਅਦ ਦੀ ਭਾਸ਼ਾ ਦੇ ਰੂਪਾਂ ਤੇ ਜੋੜਾਂ ਨਾਲ ਮਿਲਦੇ ਹਨ। ਇਸ ਰਚਨਾ ਦੀ ਸ਼ੈਲੀ ਪੁਰਾਤਨ ਜਨਮ ਸਾਖੀ ਦੀ ਸ਼ੈਲੀ ਵਾਂਗ ਸੰਜਮ ਭਰਪੂਰ, ਨਾਟਕੀ ਅਤੇ ਕਾਵਿਕ ਹੈ। ਇਸ ਦਾ ਰਚਨ ਕਾਲ 1620-1655 ਈ. ਦਾ ਵਿਚਕਾਰਲਾ ਸਮਾਂ ਹੈ।

#### 1.1.4.1 ਪੁਰਾਤਨ ਜਨਮ ਸਾਖੀ

ਉਹ ਜਨਮਸਾਖੀ ਹੈ ਜਿਸ ਨੂੰ ਭਾਈ ਵੀਰ ਸਿੰਘ ਨੇ ਇੰਡੀਆ ਆਫ਼ਿਸ ਲਾਇਬਰੇਰੀ ਹੱਥ ਲਿਖਤ, ਹਾਫ਼ਿਜ਼ਬਾਦੀ ਹੱਥ

ਲਿਖਤ ਅਤੇ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਚ ਪ੍ਰਾਪਤ ਨੁਸਖੇ ਦੇ ਆਧਾਰ 'ਤੇ ਸੰਪਾਦਿਤ ਕੀਤਾ। ਇਸ ਜਨਮ ਸਾਖੀ ਵਿਚ ਸਾਖੀਆਂ ਦੀ ਕੁਲ ਗਿਣਤੀ 57 ਹੈ ਅਤੇ ਇਸ ਵਿਚ ਗੁਰੂ ਸਾਹਿਬ ਦੀਆਂ ਪੰਜ ਉਦਾਸੀਆਂ ਦਾ ਵਰਣਨ ਹੈ। ਇਹ ਜਨਮ ਸਾਖੀ 1635 ਤੋਂ 1655 ਈ. ਵਿਚਕਾਰ ਹੋਂਦ ਵਿਚ ਆਈ। ਇਸ ਦੀ ਭਾਸ਼ਾ ਲਹਿੰਦੀ ਪ੍ਰਧਾਨ ਪੰਜਾਬੀ ਹੈ ਜਿਸ ਉੱਤੇ ਸਾਧ ਭਾਸ਼ਾ ਦਾ ਵੀ ਚੋਖਾ ਪ੍ਰਭਾਵ ਦਿਖਾਈ ਦਿੰਦਾ ਹੈ। ਇਸ ਦੀ ਭਾਸ਼ਾ ਮਿਹਰਬਾਨ ਰਚਿਤ ਜਨਮਸਾਖੀ ਵਾਂਗ ਸੰਜੋਗਾਤਮਕ ਹੁੰਦੀ ਹੋਈ ਵੀ ਉਸ ਤੋਂ ਕੁੱਝ ਹੱਦ ਤੱਕ ਵਧੇਰੇ ਵਿਜੋਗਾਤਮਕ ਹੈ। ਇਸ ਜਨਮ ਸਾਖੀ ਦੀ ਸ਼ੈਲੀ ਰੁਮਾਂਚਿਕ, ਕਾਵਿਕ ਅਤੇ ਨਾਟਕੀ ਹੈ। ਇਸ ਦਾ ਇਕ ਹੋਰ ਵਿਸ਼ੇਸ਼ ਗੁਣ ਇਸ ਦਾ ਸੰਜਮ ਭਰਪੂਰ ਤੇ ਸੰਕੋਚਵਾਂ ਬਿਆਨ ਹੈ। ਬਾਣੀ ਦੀਆਂ ਟੂਕਾਂ ਤੇ ਕਿਤੇ-ਕਿਤੇ ਮਿਲਦੀ ਵਿਆਖਿਆ ਅਤੇ ਸ਼ਰਧਾ ਭਰਪੂਰ ਬਿਆਨ ਕਰਕੇ ਇਹ ਧਾਰਮਿਕ ਭਾਵਨਾ ਅਧੀਨ ਕੀਤੀ ਅਜਿਹੀ ਰਚਨਾ ਹੈ ਜਿਸ ਦਾ ਉਦੇਸ਼ ਗੁਰੂ ਨਾਨਕ ਦੇਵ ਦੀ ਕਰਾਮਾਤੀ ਸ਼ਖ਼ਸੀਅਤ ਨੂੰ ਪਾਠਕਾਂ ਸਾਮ੍ਹਣੇ ਪੇਸ਼ ਕਰਨਾ ਹੈ।

ਉਪਰੋਕਤ ਤਿੰਨਾਂ ਜਨਮ ਸਾਖੀਆਂ ਦੇ ਲੇਖਕਾਂ ਨੇ ਇਹ ਰਚਨਾਵਾਂ ਪਹਿਲੋਂ ਮਿੱਥੇ ਹੋਏ ਟੀਚੇ ਅਨੁਸਾਰ ਕੀਤੀਆਂ ਹਨ ਤੇ ਆਪਣੀ ਧਾਰਮਿਕ ਤੇ ਸ਼ਰਧਾਲੂ ਬਿਰਤੀ ਕਾਰਨ ਮਿਥਿਹਾਸਕ ਘਟਨਾਵਾਂ ਨੂੰ ਗੁਰੂ ਸਾਹਿਬ ਦੇ ਜੀਵਨ ਨਾਲ ਜੋੜ ਕੇ ਇਤਿਹਾਸਕ ਜੀਵਨੀ ਲਿਖਣ ਦੀ ਥਾਂ ਪਰੰਪਰਾਗਤ ਉਪਖਿਆਲੀ ਪ੍ਰਕਾਰ ਦੀ ਜੀਵਨੀ ਲਿਖੀ ਹੈ। ਇਸ ਪ੍ਰਕਾਰ ਦੀ ਜੀਵਨੀ ਵਿਚ ਮੁੱਖ ਪਾਤਰ ਤਾਂ ਇਤਿਹਾਸਕ ਵਿਅਕਤੀ ਹੁੰਦਾ ਹੈ ਪਰ ਉਸ ਦੇ ਜੀਵਨ ਨਾਲ ਅਜਿਹੀਆਂ ਕਰਾਮਾਤੀ ਤੇ ਪ੍ਰਾਸਰੀਰਕ ਘਟਨਾਵਾਂ ਜੋੜ ਦਿੱਤੀਆਂ ਜਾਂਦੀਆਂ ਹਨ ਕਿ ਉਸਦੀ ਸ਼ਖ਼ਸੀਅਤ ਦਾ ਇਤਿਹਾਸਕ ਰੂਪ ਪ੍ਰਗਟ ਹੋਣ ਦੀ ਥਾਂ ਉਹ ਇਕ ਉਪਖ਼ਿਆਲੀ ਨਾਇਕ (Legendary Hero) ਭਾਸਣ ਲੱਗ ਜਾਂਦਾ ਹੈ।

ਜਨਮ ਸਾਖੀਆਂ ਦੀ ਲੜੀ ਵਿਚ ਬਾਲੇ ਵਾਲੀ ਜਨਮ ਸਾਖੀ ਦਾ ਜ਼ਿਕਰ ਕਰਨਾ ਵੀ ਉਚਿਤ ਜਾਪਦਾ ਹੈ। ਇਸ ਦੇ ਕਰਤਾ ਦਾ ਦਾਅਵਾ ਹੈ ਕਿ ਇਹ ਜਨਮ ਸਾਖੀ ਉਸ ਨੇ ਗੁਰੂ ਨਾਨਕ ਦੇਵ ਦੇ ਨਿਕਟਵਰਤੀ ਭਾਈ ਬਾਲੇ ਦੀ ਜ਼ੁਬਾਨੀ ਸੁਣ ਕੇ ਗੁਰੂ ਅੰਗਦ ਦੇਵ ਦੀ ਹਜ਼ੂਰੀ ਵਿਚ ਲਿਖੀ ਪਰ ਇਸ ਦੀ ਅੰਦਰਲੀ ਗਵਾਹੀ ਦੇ ਆਧਾਰ 'ਤੇ ਇਹ ਮਿਹਰਬਾਨ ਰਚਿਤ ਜਨਮ ਸਾਖੀਆਂ ਅਤੇ ਪੁਰਾਤਨ ਜਨਮ ਸਾਖੀ ਤੋਂ ਬਾਅਦ ਦੀ ਰਚਨਾ-ਸਾਬਤ ਹੁੰਦੀ ਹੈ। ਇਸ ਜਨਮ ਸਾਖੀ ਦਾ ਆਕਾਰ ਸ਼ੁਰੂ ਵਿਚ 76 ਸਾਖੀਆਂ ਦਾ ਸੀ ਪਰ ਸਮਾਂ ਬੀਤਣ ਨਾਲ ਇਸ ਵਿਚ ਬਹੁਤ ਭਾਰੀ ਵਾਧਾ ਹੋਇਆ ਹੈ। ਇਸ ਜਨਮ ਸਾਖੀ ਵਿਚ ਵੀ ਵਾਰਤਕ ਅਤੇ ਕਵਿਤਾ ਦੀ ਮਿੱਸ ਹੈ। ਭਾਸ਼ਾ ਪਹਿਲੀਆਂ ਜਨਮ ਸਾਖੀਆਂ ਨਾਲੋਂ ਵਧੇਰੇ ਵਿਯੋਗਾਤਮਕ ਹੈ। ਇਸ ਦੀ ਸ਼ੈਲੀ ਬਿਰਤਾਂਤਕ ਤੇ ਨਾਟਕੀ ਹੈ ਪਰ ਇਸ ਵਿਚ ਇਕਸਾਰਤਾ ਨਹੀਂ। ਇਸ ਵਿਚ ਪੌਰਾਣਕ ਤੇ ਕਾਵਿਕ ਅੰਸ਼ ਦੀ ਪ੍ਰਧਾਨਤਾ ਹੈ। ਇਸ ਵਿਚ ਸੱਚ ਖੰਡ ਪੋਥੀ ਵਰਗਾ ਬੌਧਿਕ ਅੰਸ਼ ਅਤੇ ਪੁਰਾਤਨ ਜਨਮ ਸਾਖੀ ਵਰਗਾ ਸੰਜਮ ਨਹੀਂ ਹੈ। ਇਸ ਦਾ ਰਚਨ ਕਾਲ ਸਤਾਰ੍ਹਵੀਂ ਸਦੀ ਦਾ ਅੰਤਲਾ ਭਾਗ ਹੈ।

ਇਸ ਲੜੀ ਦੀ ਅੰਤਿਮ ਰਚਨਾ 'ਗਿਆਨ ਰਤਨਾਵਲੀ' ਹੈ ਜਿਸ ਨੂੰ ਲੱਗਭਗ ਢਾਈ ਸੌ ਸਾਲ ਤੱਕ ਤਾਂ ਮਨੀ ਸਿੰਘ ਦੇ ਨਾਂ ਨਾਲ ਜੋੜਿਆ ਜਾਂਦਾ ਰਿਹਾ ਹੈ ਪਰ ਆਧੁਨਿਕ ਖੋਜ ਨੇ ਸਾਬਿਤ ਕਰ ਦਿੱਤਾ ਹੈ ਕਿ ਇਸ ਰਚਨਾ ਦਾ ਕਰਤਾ ਸੂਰਤ ਸਿੰਘ ਬਾਠ ਸੀ ਤੇ ਇਹ ਅਠਾਰ੍ਹਵੀਂ ਸਦੀ ਦੇ ਪਹਿਲੇ ਅੱਧ ਵਿਚ ਰਚੀ ਗਈ। ਇਸ ਜਨਮ ਸਾਖੀ ਦੀ ਸ਼ੈਲੀ ਇਕਸਾਰ ਨਹੀਂ। ਇਹ ਬਿਰਤਾਂਤਕ ਵੀ ਹੈ ਤੇ ਵਿਆਖਿਆਮਈ ਵੀ, ਸਾਧਾਰਨ ਵੀ ਹੈ ਤੇ ਬੌਧਿਕ ਵੀ। ਇਸ ਦੀ ਭਾਸ਼ਾ ਕਿਤੇ ਪੰਜਾਬੀ ਤੇ ਕਿਤੇ ਸਧੁਕੜੀ ਹੈ। ਇਸ ਵਿਚ ਗੁਰੂ ਨਾਨਕ ਦੇਵ ਦੀਆਂ ਕੁੱਝ ਬਾਣੀਆਂ ਦੇ ਟੀਕੇ ਵੀ ਦਰਜ ਹਨ।

ਗੁਰੂ ਨਾਨਕ ਕਾਲ ਦੀ ਵਾਰਤਕ ਵਿਚ 'ਪ੍ਰਾਣ ਸੰਗਲੀ' ਗ੍ਰੰਥ ਵਿਚ ਮਿਲਦੀ ਵਾਰਤਕ ਬੜੀ ਮਹਾਨਤਾ ਰਖਦੀ ਹੈ। ਇਸ ਗ੍ਰੰਥ ਦਾ ਅਧਿਕਤਮ ਭਾਗ ਤਾਂ ਕਵਿਤਾ ਦਾ ਹੈ ਪਰ ਵਿੱਚ-ਵਿੱਚ ਗੁਰੂ ਨਾਨਕ ਦੇਵ ਦੇ ਜੀਵਨ ਨਾਲ ਸੰਬੰਧਤ ਘਟਨਾਵਾਂ ਨੂੰ ਵਾਰਤਕ ਵਿਚ ਵੀ ਅੰਕਿਤ ਕੀਤਾ ਗਿਆ ਹੈ। ਇਸ ਰਚਨਾ ਦੀ ਵਾਰਤਕ ਦੀ ਭਾਸ਼ਾ ਪੁਰਾਤਨ ਜਨਮ ਸਾਖੀ ਨਾਲ ਮੇਲ ਖਾਂਦੀ ਹੈ ਤੇ ਇਸ ਦਾ ਰਚਨ ਕਾਲ ਆਦਿ ਗ੍ਰੰਥ ਦਾ ਸੰਪਾਦਨ ਕਾਲ ਹੀ ਹੈ ਕਿਉਂਕਿ ਇਸ ਦੇ ਸਿੰਘਲਾਦੀਪ ਤੋਂ ਲਿਆਂਦੇ ਜਾਣ ਦਾ ਪ੍ਰਸੰਗ ਗੁਰੂ ਅਰਜਨ

ਦੇਵ ਦੇ ਜੀਵਨ ਕਾਲ ਨਾਲ ਜੋੜਿਆ ਹੋਇਆ ਹੈ।

ਪਰਚੀਆਂ ਸੇਵਾ ਦਾਸ (1708 ਈ.) ਵਿਚ ਵਧੇਰੇ ਸਾਖੀਆਂ ਗੁਰੂ ਗੋਬਿੰਦ ਸਿੰਘ ਦੇ ਜੀਵਨ ਨਾਲ ਸੰਬੰਧਤ ਹਨ। ਪਰ 'ਭਗਤ ਰਤਨਾਵਲੀ' ਜਿਹੜੀ ਗਿਆਨ ਰਤਨਾਵਲੀ ਦੇ ਕਰਤਾ ਦੀ ਹੀ ਰਚਨਾ ਹੈ ਤੇ ਜਿਸ ਵਿਚ ਭਾਈ ਗੁਰਦਾਸ ਦੀ ਗਿਆਰ੍ਹਵੀਂ ਵਾਰ ਦਾ ਟੀਕਾ ਮਿਲਦਾ ਹੈ, ਪਹਿਲੇ ਛੇ ਗੁਰੂ ਸਾਹਿਬਾਨ ਦੇ ਸਿੱਖਾਂ ਦੇ ਜੀਵਨ ਦੇ ਅਧਿਆਤਮਕ ਪੱਖ ਨੂੰ ਵੀ ਉਘਾੜਦੀ ਹੈ।

ਉਂਜ ਤਾਂ ਜਨਮ ਸਾਖੀਆਂ ਵਿਚ ਵੀ ਗੋਸ਼ਟਾਂ ਦਰਜ ਹਨ ਪਰ ਬਹੁਤ ਸਾਰੀਆਂ ਗੋਸ਼ਟਾਂ ਜਿਨ੍ਹਾਂ ਵਿਚ ਅਧਿਆਤਮਕ ਵਿਚਾਰਾਂ ਦੀ ਵਿਆਖਿਆ ਕੀਤੀ ਮਿਲਦੀ ਹੈ, ਲਿਖਤੀ ਰੂਪ ਵਿਚ ਪ੍ਰਾਪਤ ਹਨ। ਇਨ੍ਹਾਂ ਵਿਚੋਂ 'ਦਾਰਾ ਸ਼ਕੋਹ ਤੇ ਬਾਬਾ ਲਾਲਾ ਦੀ ਗੋਸ਼ਟ', 'ਗੋਸ਼ਟ ਗੋਰਖ ਭਰਥਰੀ', 'ਮੱਕੇ ਦੀ ਗੋਸ਼ਟ''ਅਜਿਤੇ ਰੰਧਾਵੇ ਦੀ ਗੋਸ਼ਟ', 'ਰਾਜੇ ਜਨਕ ਨਾਲ ਗੋਸ਼ਟ','ਕਲਜੁਗ ਨਾਲ ਗੋਸ਼ਟ', 'ਗੋਸ਼ਟ ਸ੍ਰੀ ਕ੍ਰਿਸ਼ਨ ਅਰ ਊਧੇ ' ਆਦਿ ਪ੍ਰਸਿੱਧ ਹਨ। ਇਨ੍ਹਾਂ ਸਾਰੀਆਂ ਗੋਸ਼ਟਾਂ ਦੀ ਸ਼ੈਲੀ ਪ੍ਰਸ਼ਨੋਤਰੀ ਹੈ।

1.1.4.2 **ਟੀਕੇ ਤੇ ਪਰਮਾਰਥ** :– ਪੁਰਾਤਨ ਵਾਰਤਕ ਦੀ ਇਕ ਹੋਰ ਵੰਨਗੀ ਹੈ ਪਰ ਇਹ ਜਨਮ ਸਾਖੀਆਂ ਵਿਚ ਮਿਲਦੀ ਸਮੱਗਰੀ ਦਾ ਭਾਗ ਵੀ ਹਨ ਤੇ ਸੁਤੰਤਰ ਰੂਪ ਵਿਚ ਵੀ ਪ੍ਰਾਪਤ ਹਨ। 'ਜਪੁ ਪਰਮਾਰਥ','ਸਿਧ ਗੋਸ਼ਟਿ ਦਾ ਟੀਕਾ''ਸੁਖਮਨੀ ਸਹੰਸਰ ਨਾਮਾ','ਟੀਕਾ ਦੱਖਣੀ ਉਅੰਕਾਰ','ਟੀਕਾ ਪਟੀ','ਟੀਕਾ ਬਾਰਹ ਮਾਹ ਤੁਖਾਰੀ','ਟੀਕਾ ਆਸਾ ਦੀ ਵਾਰ','ਪਰਮਾਰਥ ਸ੍ਰੀ ਭਗਵਦ ਗੀਤਾ', ਆਦਿ ਦੇ ਨਾਂ ਵਰਣਨ ਯੋਗ ਹਨ। ਇਨ੍ਹਾਂ ਵਿਚੋਂ ਅਨੰਦਘਣ ਰਚਿਤ ਟੀਕਾ ਜਪੁਜੀ ਤੇ ਟੀਕਾ ਆਸਾ ਦੀ ਵਾਰ ਬਹੁਤ ਪ੍ਰਸਿੱਧ ਹਨ।

ਗੁਰੂ ਗੋਬਿੰਦ ਸਿੰਘ ਦੇ ਜੀਵਨ ਕਾਲ ਉਪਰੰਤ ਜਿਹੜੀ ਵਾਰਤਕ ਰਚਨਾ ਹੋਈ ਉਸ ਵਿਚ 'ਪ੍ਰੇਮ ਸੁਮਾਰਗ ਗਰੰਥ' ਤੇ 'ਸੌ ਸਾਖੀ' ਵਿਸ਼ੇਸ਼ ਤੌਰ 'ਤੇ ਚਰਚਾ ਦੀ ਮੰਗ ਕਰਦੇ ਹਨ। ਇਨ੍ਹਾਂ ਰਚਨਾਵਾਂ ਨੂੰ ਕਾਫ਼ੀ ਸਮੇਂ ਤੱਕ ਗੁਰੂ ਗੋਬਿੰਦ ਸਿੰਘ ਰਚਿਤ ਸਮਝਿਆ ਜਾਂਦਾ ਰਿਹਾ ਹੈ। 'ਪ੍ਰੇਮ ਸੁਮਾਰਗ' ਵਿਚ ਆਦਰਸ਼ਕ ਸਿੱਖ ਦੇ ਜਨਮ ਤੋਂ ਲੈ ਕੇ ਮਰਨ ਤੱਕ ਦੇ ਜੀਵਨ ਦੇ ਕਾਰ ਵਿਹਾਰ ਦੇ ਸੰਸਕਾਰਾਂ ਦਾ ਜ਼ਿਕਰ ਹੈ। ਇਸ ਵਿਚ ਖਾਲਸਾ ਰਾਜ ਵਿਧਾਨ ਤੇ ਸਹਜ ਜੋਗ ਮਾਰਗ ਬਾਰੇ ਵੀ ਚਰਚਾ ਕੀਤੀ ਗਈ ਹੈ। ਇਸ ਦੀ ਭਾਸ਼ਾ ਠੇਠ ਪੰਜਾਬੀ ਹੈ, ਵਾਕ ਛੋਟੇ-ਛੋਟੇ ਤੇ ਭਾਵਪੂਰਤ ਹਨ। ਇਹ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਰਚਨਾ ਪ੍ਰਤੀਤ ਹੁੰਦੀ ਹੈ। 'ਸੌ ਸਾਖੀ' ਦੀ ਵਾਰਤਕ ਸਾਧਾਰਨ ਪੱਧਰ ਦੀ ਬਿਰਤਾਂਤਕ ਹੈ। ਇਸ ਵਿਚਲੇ ਪ੍ਰਸੰਗਾਂ ਤੋਂ ਇਹ ਰਣਜੀਤ ਸਿੰਘ ਕਾਲ ਦੇ ਅੰਤਲੇ ਪੱਖ ਦੀ ਸਿੱਧ ਹੁੰਦੀ ਹੈ।

ਦੇਸੀ ਤੇ ਬਦੇਸ਼ੀ ਬੋਲੀਆਂ ਵਿਚੋਂ ਅਨੁਵਾਦ ਕਰਨ ਦਾ ਕੰਮ ਉਂਜ ਤਾਂ ਗੁਰੂ ਗੋਬਿੰਦ ਸਿੰਘ ਦੇ ਸਮੇਂ ਤੋਂ ਆਰੰਭ ਹੋ ਗਿਆ ਸੀ ਪਰ ਗੁਰੂ ਸਾਹਿਬ ਵੇਲੇ ਵਧੇਰੇ ਅਨੁਵਾਦ ਬ੍ਰਜ ਭਾਸ਼ਾ ਵਿਚ ਹੋਏ। ਬਾਅਦ ਦੇ ਸਮੇਂ ਵਿਚ ਸੇਵਾ ਪੰਥੀ, ਉਦਾਸੀ ਤੇ ਨਿਰਮਲੇ ਸੰਤਾਂ ਨੇ ਸੰਸਕ੍ਰਿਤ ਅਤੇ ਫ਼ਾਰਸੀ ਵਿਚੋਂ ਪ੍ਰਸਿੱਧ ਰਚਨਾਵਾਂ ਦੇ ਅਨੁਵਾਦ ਕੀਤੇ। ਫ਼ਾਰਸੀ ਵਿਚੋਂ 'ਕੀਮੀਆ-ਏ-ਸਆਦਤ' ਦਾ ਅਨੁਵਾਦ 'ਪਾਰਸ ਭਾਗ' ਨਾਂ ਅਧੀਨ ਅੱਡਣ ਸ਼ਾਹ ਨੇ ਕੀਤਾ। ਇਸ ਅਨੁਵਾਦ ਦੀ ਸ਼ੈਲੀ ਇਤਿਹਾਸਿਕ ਪੱਧਰ ਦੀ ਹੈ ਤੇ ਇਸ ਵਿੱਚ ਡੂੰਘੇ ਦਾਰਸ਼ਨਿਕ ਵਿਚਾਰਾਂ ਨੂੰ ਸਥੂਲ ਚਿੰਨ੍ਹਾਂ ਰਾਹੀਂ ਸਮਝਾਇਆ ਗਿਆ ਹੈ। ਫ਼ਾਰਸੀ ਵਿਚੋਂ ਮੌਲਾਨਾ ਰੂਮੀ ਦੀ ਮਸਨਵੀ ਅਤੇ ਸੁਖਨਾਂ ਦੇ ਅਨੁਵਾਦ ਵੀ ਹੋਏ ਪਰ ਉਨ੍ਹਾਂ ਦੀ ਭਾਸ਼ਾ ਤੇ ਲਹਿਜਾ ਪ੍ਰਚਲਿਤ ਪੰਜਾਬੀ ਦਾ ਨਾ ਹੋਣ ਕਰਕੇ ਉਹ ਵਧੇਰੇ ਲੋਕ-ਪ੍ਰਿਯ ਨਹੀਂ ਹੋ ਸਕੇ। ਸੰਸਕ੍ਰਿਤ ਵਿਚੋਂ ਜਿਹੜੇ ਅਨੁਵਾਦ ਹੋਏ ਉਨ੍ਹਾਂ ਵਿਚੋਂ 'ਯੋਗ ਵਿਸ਼ਿਸ਼ਟ','ਮਾਰਕੰਡੇ ਪੁਰਾਣ','ਭਗਵਤ ਮਹਾਂ ਪੁਰਾਣ','ਵਿਸ਼ਨੂੰ ਪੁਰਾਣ' ਦੇ ਅਨੁਵਾਦ ਵਰਣਨ ਯੋਗ ਹਨ। ਫੁਟਕਲ ਰਚਨਾਵਾਂ ਵਿੱਚ ਪੱਕੀ ਰੋਟੀ, ਹੁਕਮਨਾਮੇ ਤੇ ਚਿੱਠੀਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ, ਜਿਨ੍ਹਾਂ ਨੇ ਪੰਜਾਬੀ ਵਾਰਤਕ ਦੀ ਸ਼ਬਦਾਵਲੀ ਤੇ ਸ਼ੈਲੀ ਨੂੰ ਵਿਕਾਸ ਕਰਨ ਵਿੱਚ ਸਹਿਯੋਗ ਦਿੱਤਾ।

1800 ਈ. ਤੱਕ ਦੇ ਕਾਲ ਵਿੱਚ ਜਨਮਸਾਖੀਆਂ, ਗੋਸ਼ਟਾਂ, ਟੀਕੇ, ਪਰਮਾਰਥ, ਹੁਕਮਨਾਮੇ, ਚਿੱਠੀਆਂ, ਪਰਚੀਆਂ ਅਤੇ ਅਨੁਵਾਦਿਤ ਗ੍ਰੰਥ ਨੇ ਪੰਜਾਬੀ ਵਿੱਚ ਬਹੁ-ਭਾਸ਼ਾਈ ਤੇ ਬਹੁ-ਰੰਗੀ ਸ਼ਬਦਾਵਲੀ ਲੈ ਆਂਦੀ ਜਿਸ ਸਦਕਾ ਪੰਜਾਬੀ ਵਾਰਤਕ ਅਧਿਆਤਮਕ ਅਤੇ ਸਮਾਜਕ ਵਿਸ਼ਿਆਂ ਨੂੰ ਪੂਰੀ ਯੋਗਤਾ ਨਾਲ ਪ੍ਰਗਟ

ਕਰਨ ਦੇ ਸਮਰੱਥ ਹੋ ਗਈ।

ਰਣਜੀਤ ਸਿੰਘ ਕਾਲ ਵਿੱਚ ਪੰਜਾਬੀ ਵਾਰਤਕ ਖੇਤਰ ਵਿੱਚ ਕੋਈ ਖ਼ਾਸ ਵਰਣਨਯੋਗ ਉੱਨਤੀ ਨਹੀਂ ਹੋਈ। ਇਸ ਸਮੇਂ ਫ਼ਾਰਸੀ ਤੇ ਸੰਸਕ੍ਰਿਤ ਵਿਚੋਂ ਅਨੁਵਾਦ ਕਰਨ ਦੀ ਰੁਚੀ ਜਾਰੀ ਰਹੀ। ਸੰਸਕ੍ਰਿਤ ਵਿਚੋਂ 'ਮਹਾਂ ਭਾਰਤ' ਤੇ 'ਗੀਤ ਗੋਵਿੰਦ' (ਰਚਿਤ ਜੈਦੇਵ) ਦੇ ਅਤੇ ਫ਼ਾਰਸੀ ਵਿਚੋਂ 'ਅਕਬਰ ਨਾਮਾ','ਆਈਨੇ ਅਕਬਰੀ','ਅਸਪਨਾਮਾ','ਫੀਲਨਾਮਾ', ਅਤੇ 'ਬਾਜ਼ਨਾਮਾ' ਆਦਿ ਦੇ ਅਨੁਵਾਦ ਹੋਏ। ਇਸੇ ਕਾਲ ਵਿੱਚ ਅੰਗ੍ਰੇਜ਼ੀ ਵਿਚੋਂ ਅਨੁਵਾਦ ਕਰਨ ਦਾ ਕਾਰਜ ਵੀ ਆਰੰਭ ਹੋਇਆ। 1815 ਈ. ਵਿਚ ਲੁਧਿਆਣਾ ਈਸਾਈ ਮਿਸ਼ਨ ਵੱਲੋਂ 'ਬਾਈਬਲ' ਦਾ ਉਪਭਾਸ਼ਾ ਵਿਚ ਅਨੁਵਾਦ ਪ੍ਰਕਾਸ਼ਿਤ ਕੀਤਾ ਗਿਆ।

1849 ਈ. ਵਿਚ ਪੰਜਾਬ ਉੱਤੇ ਅੰਗਰੇਜ਼ੀ ਰਾਜ ਸਥਾਪਿਤ ਹੋ ਜਾਣ ਨਾਲ 1850–1900 ਈ. ਤੱਕ ਦਾ ਕਾਲ ਪੰਜਾਬੀ ਸਾਹਿਤ ਦੀ ਸੰਝ ਦਾ ਸਮਾਂ ਹੈ, ਜਦੋਂ ਨਾ ਤਾਂ ਕਾਵਿ-ਖੇਤਰ ਵਿੱਚ ਤੇ ਨਾ ਹੀ ਵਾਰਤਕ-ਖੇਤਰ ਵਿਚ ਕੋਈ ਉਲੇਖਨੀ ਪ੍ਰਗਤੀ ਹੋਈ। ਪਰ ਜਿਵੇਂ ਰਾਤ ਬਾਅਦ ਦਿਨ ਅਤੇ ਪੱਤਝੜ ਤੋਂ ਬਾਅਦ ਬਸੰਤ ਦੀ ਰੁੱਤ ਆਉਂਦੀ ਹੈ ਤਿਵੇਂ ਪੰਜਾਬੀ ਸਾਹਿਤ ਦੀ ਸੰਝ ਤੋਂ ਬਾਅਦ ਪੰਜਾਬੀ ਵਿੱਚ ਆਧੁਨਿਕ ਸਾਹਿਤ ਦਾ ਸੂਰਜ ਉਦੈ ਹੋਇਆ। ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਪੰਜਾਬ ਵਿਚ ਪਹਿਲਾਂ ਨਾਮਧਾਰੀ ਲਹਿਰ ਤੇ ਫੇਰ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪੰਜਾਬ ਦੇ ਸਮਾਜਕ, ਰਾਜਸੀ ਤੇ ਸਭਿਆਚਾਰਕ ਜੀਵਨ ਵਿੱਚ ਚੇਤੰਨਤਾ ਪੈਦਾ ਹੋਈ ਜਿਸ ਨੇ ਸਾਹਿਤ ਸਿਰਜਣਾ ਲਈ ਨਵੇਂ ਸਿਰਿਉਂ ਉਤਸ਼ਾਹ ਤੇ ਉਮਾਹ ਉਤਪੰਨ ਕੀਤਾ। ਇਸ ਦਾ ਕਾਰਨ ਇਹ ਸੀ ਕਿ ਅੰਗਰੇਜ਼ੀ ਸ਼ਾਸਨ ਕਾਇਮ ਹੋਣ ਨਾਲ ਦੇਸ਼ ਦੇ ਆਰਥਿਕ ਤੇ ਸਮਾਜਕ ਪ੍ਰਬੰਧ ਵਿਚ ਪਰਿਵਰਤਨ ਹੋਇਆ। ਰੇਲਾਂ, ਡਾਕ-ਪ੍ਰਬੰਧ, ਡਾਕਟਰੀ ਸਹੂਲਤਾਂ ਤੇ ਵਿੱਦਿਅਕ ਪ੍ਰਬੰਧ ਦੀ ਆਧੁਨਿਕ ਪ੍ਰਕਾਰ ਦੀ ਉੱਨਤੀ ਨਾਲ ਸਾਰਾ ਦੇਸ਼ ਇਕ ਇਕਾਈ ਵਿਚ ਸੰਗਠਿਤ ਹੋ ਗਿਆ ਤੇ ਨਵੀਂ ਕਿਸਮ ਦੀ ਰਾਸ਼ਟਰੀ ਜਾਗ੍ਰਤੀ ਦਾ ਜਨਮ ਹੋਇਆ। ਛਾਪੇਖ਼ਾਨੇ ਸਥਾਪਿਤ ਹੋ ਜਾਣ ਨਾਲ ਭਾਰਤੀ ਭਾਸ਼ਾਵਾਂ ਵਿੱਚ ਅਖ਼ਬਾਰ ਤੇ ਰਸਾਲੇ ਪ੍ਰਕਾਸ਼ਿਤ ਹੋਣ ਲਗੇ ਤੇ ਇਨ੍ਹਾਂ ਨੇ ਵਾਰਤਕ ਰਚਨਾ ਦੇ ਵਿਕਾਸ ਵਿੱਚ ਬਹੁਤ ਮਹੱਤਵਪੂਰਨ ਹਿੱਸਾ ਪਾਇਆ। ਇਸ ਸਮੇਂ ਚਾਲੂ ਹੋਈਆਂ ਧਾਰਮਿਕ ਲਹਿਰਾਂ ਦੇ ਆਪਸੀ ਵਿਰੋਧ ਕਰਕੇ ਜਿਹੜੀਆਂ ਬਹਿਸਾਂ ਤੇ ਸ਼ਾਸਤਰਾਰਥ ਹੋਣ ਲੱਗੇ ਉਨ੍ਹਾਂ ਨੇ ਆਧੁਨਿਕ ਵਾਰਤਕ ਦੇ ਵਿਕਾਸ ਵਿੱਚ ਕਾਫੀ ਯੋਗਦਾਨ ਪਾਇਆ। ਗਿਆਨੀ ਗਿਆਨ ਸਿੰਘ, ਗਿਆਨੀ ਦਿੱਤ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਭਾਈ ਸੇਵਾ ਸਿੰਘ, ਬਿਹਾਰੀ ਲਾਲ ਪੁਰੀ ਤੇ ਸ਼ਰਧਾ ਰਾਮ ਫਲੌਰੀ ਆਦਿ ਵਾਰਤਕ ਲੇਖਕ ਸਾਹਿਤ ਖੇਤਰ ਵਿਚ ਆ ਕੁੱਦੇ ਜਿਨ੍ਹਾਂ ਨੇ ਭਾਵੇਂ ਜਨਮ ਸਾਖੀਆਂ ਦੀ ਪੁਰਾਤਨ ਪਰੰਪਰਾ ਨੂੰ ਹੀ ਅੱਗੇ ਤੋਰਿਆ ਪਰ ਨਾਲ ਹੀ ਪੰਜਾਬੀ ਵਾਰਤਕ ਦਾ ਪਿੜ ਵੀ ਮੋਕਲਾ ਕੀਤਾ। ਇਨ੍ਹਾਂ ਵਿੱਚੋਂ ਸ਼ਰਧਾ ਰਾਮ ਫਲੌਰੀ ਤੇ ਬਿਹਾਰੀ ਲਾਲ ਪੁਰੀ ਨੇ ਪੰਜਾਬੀ ਵਾਰਤਕ ਨੂੰ ਨਵੇਂ ਵਿਸ਼ੇ ਪ੍ਰਗਟ ਕਰਨ ਦਾ ਮਾਧਿਅਮ ਬਣਾਇਆ। ਸ਼ਰਧਾ ਰਾਮ ਫਲੌਰੀ ਦੀਆਂ ਦੋ ਪ੍ਰਸਿੱਧ ਰਚਨਾਵਾਂ 'ਸਿੱਖ ਰਾਜ ਦੀ ਵਿਥਿਆ' ਅਤੇ 'ਪੰਜਾਬੀ ਬਾਤ ਚੀਤ' ਇਸ ਕਾਲ ਦੀ ਸਨਮਾਨ ਯੋਗ ਪ੍ਰਾਪਤੀ ਕਹੀਆਂ ਜਾ ਸਕਦੀਆਂ ਹਨ। ਭਾਵੇਂ ਇਹ ਅੰਗਰੇਜ਼ ਅਫ਼ਸਰਾਂ ਨੂੰ ਪੰਜਾਬੀ ਭਾਸ਼ਾ ਸਿਖਾਉਣ ਦੇ ਸੀਮਤ ਮੰਤਵ ਨਾਲ ਤਿਆਰ ਕੀਤੀਆਂ ਗਈਆਂ ਹਨ ਪਰ ਇਨ੍ਹਾਂ ਵਿੱਚ ਖ਼ਾਸ ਕਰਕੇ 'ਪੰਜਾਬੀ ਬਾਤ ਚੀਤ' ਵਿੱਚ ਮਾਝੇ, ਦੁਆਬੇ, ਅਤੇ ਕਾਂਗੜੇ ਦੇ ਵਸਨੀਕਾਂ ਦੀ ਸਥਾਨਕ ਉਪਭਾਸ਼ਾ ਵਿਚ ਗੱਲਬਾਤ ਬੜੀ ਹੀ ਰੋਚਕ ਤੇ ਮਨੋਰੰਜਕ ਹੈ ਤੇ ਇਹ ਆਧੁਨਿਕ ਪੰਜਾਬੀ ਵਾਰਤਕ ਵੱਲ ਪੁੱਟਿਆ ਇਕ ਨਿੱਗਰ ਕਦਮ ਹੈ। ਬਿਹਾਰੀ ਲਾਲ ਪੁਰੀ ਅਤੇ ਡਾ. ਚਰਨ ਸਿੰਘ ਨੇ ਵੀ ਪੰਜਾਬੀ ਵਾਰਤਕ ਨੂੰ ਆਧੁਨਿਕਤਾ ਵੱਲ ਲਿਆਉਣ ਵਿੱਚ ਆਪਣੀ ਵਿਤ ਅਨੁਸਾਰ ਹਿੱਸਾ ਪਾਇਆ ਹੈ। ਪੁਰੀ ਸਾਹਿਬ ਨੇ ਛੋਟੇ ਆਕਾਰ ਦੇ ਲੇਖ ਦੀ ਲੀਹ ਪਾਈ। ਡਾ. ਚਰਨ ਸਿੰਘ ਸਭਾ ਲਹਿਰ ਦੇ ਮੋਢੀਆਂ ਵਿਚੋਂ ਸਨ, ਜਿਸ ਕਰਕੇ ਉਨ੍ਹਾਂ ਦੀ ਵਾਰਤਕ ਵਧੇਰੇ ਸੁਧਾਰਕ ਤੇ ਉਪਦੇਸ਼ਾਤਮਕ ਹੈ।

**ਸਵੈ-ਮੁਲਾਂਕਣ ਪ੍ਰਸ਼ਨ**

1. ਸਾਹਿਤ ਨੂੰ ਮੁੱਖ ਤੌਰ 'ਤੇ ਕਿਹੜੇ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ ?

_______________________________________________

_______________________________________________

2. ਵਾਰਤਕ ਵਿੱਚ ਕਿਸ ਤੱਤ ਦੀ ਪ੍ਰਧਾਨਤਾ ਹੁੰਦੀ ਹੈ ?

_______________________________________________

_______________________________________________

## 1.1.5 ਆਧੁਨਿਕ ਪੰਜਾਬੀ ਵਾਰਤਕ

ਪੰਜਾਬੀ ਵਿੱਚ ਆਧੁਨਿਕ ਵਾਰਤਕ ਦਾ ਆਰੰਭ ਭਾਈ ਵੀਰ ਸਿੰਘ (1872-1957ਈ.) ਦੇ ਉਨ੍ਹਾਂ ਟ੍ਰੈਕਟਾਂ ਨਾਲ ਹੋਇਆ ਜਿਹੜੇ ਉਨ੍ਹਾਂ ਨੇ ਸਿੰਘ ਸਭਾ ਲਹਿਰ ਦੇ ਇੱਕ ਸੰਸਥਾਪਕ ਹੋਣ ਦੇ ਨਾਤੇ ਧਰਮ ਪ੍ਰਚਾਰ ਦੇ ਮੰਤਵ ਨੂੰ ਮੁੱਖ ਰੱਖ ਕੇ ਪ੍ਰਕਾਸ਼ਿਤ ਕੀਤੇ। ਬਾਅਦ ਵਿਚ ਇਹ ਟ੍ਰੈਕਟ 'ਗੁਰੂ ਨਾਨਕ ਚਮਤਕਾਰ' ਸ੍ਰੀ ਕਲਗੀਧਰ ਚਮਤਕਾਰ' ਦੇ ਰੂਪ ਵਿੱਚ ਸੰਗ੍ਰਹਿ ਕਰਕੇ ਛਾਪੇ ਗਏ। ਇਨ੍ਹਾਂ ਚਮਤਕਾਰਾਂ ਤੋਂ ਛੁੱਟ ਭਾਈ ਸਾਹਿਬ ਨੇ 'ਸ੍ਰੀ ਅਸ਼ਟ ਗੁਰੂ ਚਮਤਕਾਰ', 'ਸੰਤ ਗਾਥਾ', 'ਅਮਰ ਲੇਖ' ਆਦਿ ਵਾਰਤਕ ਰਚਨਾਵਾਂ ਕੀਤੀਆਂ। ਜਿਥੋਂ ਤੱਕ ਚਮਤਕਾਰਾਂ ਦੇ ਵਿਸ਼ੇ ਦਾ ਸੰਬੰਧ ਹੈ, ਇਹ ਜਨਮਸਾਖੀਆਂ, ਨਾਨਕ ਪ੍ਰਕਾਸ਼ ਅਤੇ ਸੂਰਜ ਪ੍ਰਕਾਸ਼ ਆਦਿ ਪੁਰਾਤਨ ਗ੍ਰੰਥਾਂ ਵਾਲਾ ਹੀ ਹੈ ਪਰ ਭਾਈ ਵੀਰ ਸਿੰਘ ਨੇ ਇਸ ਵਿਸ਼ੇ ਨੂੰ ਆਪਣੀ ਸਾਹਿਤਕ ਪ੍ਰਤਿਭਾ ਦੀ ਛਾਪ ਲਗਾ ਕੇ ਇਉਂ ਪੇਸ਼ ਕੀਤਾ ਹੈ ਕਿ ਇਹ ਰਚਨਾਵਾਂ ਕਾਫ਼ੀ ਹੱਦ ਤੱਕ ਮੌਲਿਕ ਜਾਪਦੀਆਂ ਹਨ। 'ਗੁਰੂ ਨਾਨਕ ਚਮਤਕਾਰ' ਤੇ 'ਕਲਗੀਧਰ ਚਮਤਕਾਰ' ਦੀ ਸ਼ੈਲੀ ਵਿੱਚ ਇਕਸਾਰਤਾ ਨਹੀਂ ਕਿਉਂਕਿ ਇਹ ਗ੍ਰੰਥ ਇਕ ਸਮੇਂ ਬੈਠ ਕੇ ਤਿਆਰ ਨਹੀਂ ਕੀਤੇ ਗਏ। ਪਰ 'ਅਸ਼ਟ ਗੁਰੂ ਚਮਤਕਾਰ' ਦੀ ਸ਼ੈਲੀ ਵਿੱਚ ਇਕਸਾਰਤਾ ਹੈ। 'ਸੰਤ ਗਾਥਾ' ਦੇ ਲੇਖ ਪੂਰਨ ਸੰਤਾਂ ਦੇ ਆਦਰਸ਼ਕ ਜੀਵਨ ਨਾਲ ਸੰਬੰਧਤ ਹਨ ਤੇ 'ਅਮਰ ਲੇਖ' ਵਿੱਚ ਅੰਕਿਤ ਲੇਖ ਸਿੱਖ ਪੁਜਾਰੀ ਜਮਾਤ ਦੀਆਂ ਆਚਰਣਕ ਕਮਜ਼ੋਰੀਆਂ ਉੱਤੇ ਸਖਤ ਟਿੱਪਣੀ ਦੇ ਰੂਪ ਵਿੱਚ ਹਨ। ਭਾਈ ਵੀਰ ਸਿੰਘ ਦੀ ਵਾਰਤਕ ਭਾਵੇਂ ਪੁਰਾਤਨ ਵਾਰਤਕ ਦੇ ਅੰਸ਼ਾਂ ਤੋਂ ਮੁਕਤ ਨਹੀਂ ਖ਼ਾਸ ਕਰਕੇ ਵਿਸ਼ਾ ਪੱਖ ਤੋਂ ਪਰ ਰੂਪਕ ਪੱਖੋਂ ਇਹ ਆਧੁਨਿਕਤਾ ਦੀ ਧਾਰਨੀ ਹੈ। ਇਨ੍ਹਾਂ ਰਚਨਾਵਾਂ ਵਿੱਚ ਕਿਤੇ-ਕਿਤੇ ਬਹੁਤ ਹੀ ਅਦਭੁਤ ਦ੍ਰਿਸ਼-ਵਰਣਨ ਕੀਤਾ ਮਿਲਦਾ ਹੈ, ਜਿਹੜਾ ਇਨ੍ਹਾਂ ਦਾ ਸਾਹਿਤਕ ਮੁੱਲ ਹੋਰ ਵੀ ਵਧਾਉਂਦਾ ਹੈ।

ਭਾਈ ਵੀਰ ਸਿੰਘ ਦੇ ਸਮਕਾਲੀ ਭਾਈ ਮੋਹਨ ਸਿੰਘ ਵੈਦ (1881-1936) ਅਤੇ ਚਰਨ ਸ਼ਹੀਦ ਸਿੰਘ (1851-1935) ਨੇ ਵੀ ਆਧੁਨਿਕ ਵਾਰਤਕ ਖੇਤਰ ਵਿੱਚ ਸਲਾਹੁਣ ਯੋਗ ਕੰਮ ਕੀਤਾ ਹੈ। ਵੈਦ ਸਾਹਿਬ ਨੇ ਤਾਂ ਅਨੁਵਾਦ-ਖੇਤਰ ਵਿੱਚ ਮਹੱਤਵਪੂਰਨ ਕੰਮ ਕੀਤਾ ਹੈ ਪਰ ਚਰਨ ਸਿੰਘ ਸ਼ਹੀਦ ਨੇ ਹਲਕੇ-ਫੁਲਕੇ ਲੇਖਾਂ ਵਰਗੀਆਂ ਕਹਾਣੀਆਂ ਵਿੱਚ ਆਪਣੀ ਹਾਸਰਸੀ ਨਾਲ ਪੰਜਾਬੀ ਵਾਰਤਕ ਨੂੰ ਵਿਅੰਗਾਤਮਕ ਵਾਰਤਕ ਦਾ ਇਕ ਉੱਤਮ ਨਮੂਨਾ ਭੇਟ ਕੀਤਾ ਹੈ।

ਪ੍ਰੋ. ਪੂਰਨ ਸਿੰਘ (1881-1931) ਭਾਈ ਵੀਰ ਸਿੰਘ ਦੇ ਸਮਕਾਲੀ ਸਨ। ਭਾਵੇਂ ਉਹ ਸਵਾਮੀ ਰਾਮ ਤੀਰਥ ਦੇ ਸ਼ਿਸ਼ ਸਨ ਅਤੇ ਭਾਈ ਵੀਰ ਸਿੰਘ ਤੋਂ ਪ੍ਰਭਾਵਿਤ ਹੋਏ ਸਨ ਪਰ ਉਨ੍ਹਾਂ ਨੇ ਪੰਜਾਬੀ ਵਾਰਤਕ ਨੂੰ ਪਰੰਪਰਾ ਦੀ ਜਿਲ੍ਹਣ ਵਿੱਚੋਂ ਕੱਢ ਕੇ ਨਿੱਜੀ ਭਾਵਾਂ ਨੂੰ ਵਿਅਕਤ ਕਰਨ ਦੇ ਯੋਗ ਬਣਾਇਆ। ਪ੍ਰੋ. ਪੂਰਨ ਸਿੰਘ ਅਨੁਸਾਰ, ''ਨਸਰ ਲਿਖਣੀ ਕਠਿਨ ਹੈ, ਇਥੇ ਰੂਹ ਤੇ ਦਿਮਾਗ ਦੀ ਨੰਗੀ ਤਸਵੀਰ ਖਿਚੀਂਦੀ ਹੋਈ-ਨਸਰ ਤੇ ਨਜ਼ਮ ਵਿੱਚ ਫ਼ਰਕ ਬੜਾ ਘੱਟ ਰਹਿ ਜਾਂਦਾ ਹੈ ਜਦ ਕਿ ਅਨੁਭਵੀ ਪੁਰਸ਼ਾਂ ਦੇ ਬਚਨਾਂ ਦੀ ਗੋਂਦ ਹੋਵੇ। ਅੰਮ੍ਰਿਤ ਬਚਨ ਨਸਰ ਵਿੱਚ ਨਜ਼ਮ ਹਨ ਤੇ ਨਜ਼ਮ ਵਿੱਚ ਰੱਬੀ ਗੀਤ ਹਨ।''[1] ਵਾਰਤਕ ਦੀ ਜਿਹੜੀ ਪਰਿਭਾਸ਼ਾ ਪ੍ਰੋ. ਪੂਰਨ ਸਿੰਘ ਨੇ ਦਿੱਤੀ ਹੈ ਉਨ੍ਹਾਂ ਦੀ ਵਾਰਤਕ ਇਸ ਉੱਤੇ

---

1. ਖੁਲ੍ਹੇ ਲੇਖ

ਪੂਰੀ ਉਤਰਦੀ ਹੈ। ਵਾਰਤਕ ਲਿਖਣ ਸਮੇਂ ਉਹ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਦੇ ਹੋਏ ਆਪਣੇ ਭਾਵਾਂ ਦੇ ਅਧੀਨ ਹੋ ਕੇ ਲਿਖਦੇ ਹਨ, ਜਿਸ ਕਰਕੇ ਉਨ੍ਹਾਂ ਦੀ ਵਾਰਤਕ ਭਾਵੁਕ, ਜਜ਼ਬੇ ਗੁੱਧੀ ਤੇ ਕਾਵਿਕ ਬਣ ਜਾਂਦੀ ਹੈ, ਕਿਉਂਕਿ ਉਨ੍ਹਾਂ ਨੇ ਮਾਤ ਭਾਸ਼ਾ ਪੰਜਾਬੀ ਦੀ ਬਕਾਇਦਾ ਸਿੱਖਿਆ ਪ੍ਰਾਪਤ ਨਹੀਂ ਸੀ ਕੀਤੀ ਤੇ ਇਹ ਉਨ੍ਹਾਂ ਨੂੰ ਆਪ ਮੁਹਾਰੀ ਆਈ, ਇਸ ਲਈ ਉਨ੍ਹਾਂ ਦੀ ਰਚਨਾ ਵਿੱਚ ਵਿਆਕਰਣਕ ਤਰੁੱਟੀਆਂ ਆਮ ਵੇਖਣ ਵਿੱਚ ਆਉਂਦੀਆਂ ਹਨ। ਉਨ੍ਹਾਂ ਦੀ ਵਾਰਤਕ 'ਖੁੱਲ੍ਹੇ ਲੇਖ' ਪੰਜਾਬੀ ਵਾਰਤਕ ਖੇਤਰ ਵਿੱਚ ਆਪਣੀ ਮਿਸਾਲ ਆਪ ਹੈ।

ਆਧੁਨਿਕ ਯੁੱਗ ਦੇ ਪ੍ਰਮਾਣਿਕ ਤੇ ਸ਼ੁੱਧ ਵਾਰਤਕ ਲਿਖਾਰੀ ਪ੍ਰਿੰਸੀਪਲ ਤੇਜਾ ਸਿੰਘ (1893-1958) ਸਨ। ਅੰਗਰੇਜ਼ੀ ਸਾਹਿਤ ਦੇ ਚੰਗੇ ਗਿਆਤਾ ਹੋਣ ਕਰਕੇ ਉਨ੍ਹਾਂ ਦੀ ਵਾਰਤਕ ਸ਼ੈਲੀ ਉੱਤੇ ਅੰਗਰੇਜ਼ੀ ਦੇ ਪ੍ਰਮਾਣਿਕ ਵਾਰਤਕ ਲੇਖਕਾਂ ਦਾ ਡੂੰਘਾ ਪ੍ਰਭਾਵ ਪਿਆ। ਉਨ੍ਹਾਂ ਨੇ ਪੰਜਾਬੀ ਵਿੱਚ ਕਈ ਪ੍ਰਕਾਰ ਦੇ ਨਿਬੰਧ ਲਿਖ ਕੇ ਇਸ ਦੇ ਸਾਹਿਤ ਭੰਡਾਰ ਨੂੰ ਭਰਪੂਰ ਕੀਤਾ। ਭਾਵੇਂ ਉਨ੍ਹਾਂ ਨੇ ਲਿਖਿਆ ਘੱਟ ਪਰ ਜਿੰਨਾ ਲਿਖਿਆ ਉਸ ਵਿੱਚ ਚੰਗੀ ਵਾਰਤਕ ਦੇ ਸਾਰੇ ਗੁਣ ਮਿਲਦੇ ਹਨ ਤੇ ਉਸ ਉੱਤੇ ਉਨ੍ਹਾਂ ਦੀ ਸੁਹਿਰਦ ਤੇ ਸੁਲਝੀ ਹੋਈ ਸ਼ਖ਼ਸੀਅਤ ਦੀ ਛਾਪ ਲੱਗੀ ਹੁੰਦੀ ਹੈ। ਉਨ੍ਹਾਂ ਨੇ ਨਾ ਕੇਵਲ ਰੂਪਕ ਪੱਖੋਂ ਸਗੋਂ ਵਿਸ਼ਾ ਪੱਖ ਤੋਂ ਵੀ ਪੰਜਾਬੀ ਵਾਰਤਕ ਨੂੰ ਵਿਕਸਿਤ ਕਰਨ ਵਿੱਚ ਮਹਾਨ ਕਾਰਜ ਸਿਰੇ ਚਾੜ੍ਹਿਆ ਹੈ।

ਗਿਆਨੀ ਹੀਰਾ ਸਿੰਘ ਦਰਦ ਨੇ 1926 ਈ. ਵਿੱਚ 'ਫੁਲਵਾੜੀ' ਮਾਸਕ ਪੱਤਰ ਜਾਰੀ ਕਰਕੇ ਪੰਜਾਬੀ ਵਾਰਤਕ ਦੇ ਵਿਕਾਸ ਵਿੱਚ ਵੱਡਮੁੱਲਾ ਹਿੱਸਾ ਪਾਇਆ ਹੈ। ਉਨ੍ਹਾਂ ਦੀ ਵਾਰਤਕ ਸਰਲ, ਸਪਸ਼ਟ, ਸਿੱਧ ਪੱਧਰੀ ਅਤੇ ਪ੍ਰਗਤੀਵਾਦੀ ਵਿਚਾਰਾਂ ਦੀ ਧਾਰਨੀ ਹੈ। ਉਨ੍ਹਾਂ ਨੇ ਦੇਸ਼ ਦੀ ਸੁਤੰਤਰਤਾ ਦੀ ਜੰਗ ਵਿੱਚ ਵੱਧ-ਚੜ੍ਹ ਕੇ ਭਾਗ ਲਿਆ ਤੇ ਭਿੰਨ-ਭਿੰਨ ਰਾਜਸੀ ਪਾਰਟੀਆਂ ਵਿੱਚ ਕੰਮ ਕੀਤਾ। ਇਸ ਕਰਕੇ ਉਨ੍ਹਾਂ ਦੀ ਵਾਰਤਕ ਰਚਨਾ 'ਮੇਰੀਆਂ ਕੁਝ ਇਤਿਹਾਸਕ ਯਾਦਾਂ' ਵਿੱਚ ਦੇਸ਼ ਦੀ ਸੁਤੰਤਰਤਾ ਨਾਲ ਸੰਬੰਧਤ ਕਈ ਵਰਣਨ ਯੋਗ ਘਟਨਾਵਾਂ ਅੰਕਿਤ ਹਨ, ਜਿਨ੍ਹਾਂ ਨੂੰ ਉਨ੍ਹਾਂ ਨੇ ਦਿਲ ਨੂੰ ਟੁੰਭਣ ਵਾਲੀ ਸ਼ੈਲੀ ਵਿੱਚ ਪੇਸ਼ ਕੀਤਾ ਹੈ। ਇਨ੍ਹਾਂ ਯਾਦਾਂ ਵਿੱਚੋਂ ਉਨ੍ਹਾਂ ਦੀ ਸ਼ਖ਼ਸੀਅਤ ਦਾ ਵੀ ਝਾਂਵਲਾ ਸਾਫ਼ ਵਿਖਾਈ ਦਿੰਦਾ ਹੈ।

ਪ੍ਰੋ. ਸਾਹਿਬ ਸਿੰਘ ਆਧੁਨਿਕ ਸਮੇਂ ਦੇ ਸਭ ਤੋਂ ਮਹਾਨ ਟੀਕਾਕਾਰ ਹਨ। ਪੰਜਾਬੀ ਦੇ ਧਾਰਮਿਕ ਲੇਖਕਾਂ ਵਿੱਚ ਉਨ੍ਹਾਂ ਦਾ ਉੱਘਾ ਸਥਾਨ ਹੈ। ਉਨ੍ਹਾਂ ਦੀ ਵਡਿਆਈ ਇਸ ਗੱਲ ਵਿੱਚ ਹੈ ਕਿ ਧਾਰਮਿਕ ਲੇਖਕ ਹੋਣ ਦੇ ਬਾਵਜੂਦ ਉਨ੍ਹਾਂ ਦਾ ਦ੍ਰਿਸ਼ਟੀਕੋਣ ਸੰਕੀਰਣ ਨਹੀਂ ਸਗੋਂ ਮੌਲਿਕ ਤੇ ਪ੍ਰਗਤੀਵਾਦੀ ਹੈ। ਉਹ ਪੁਰਾਤਨਵਾਦੀ ਤੇ ਰੂੜ੍ਹੀਵਾਦੀ ਨਹੀਂ ਸਗੋਂ ਖੋਜੀ ਤੇ ਵਿਵੇਕਵਾਦੀ ਹਨ। ਉਨ੍ਹਾਂ ਦੇ ਲੇਖਾਂ ਦਾ ਵਿਸ਼ਾ ਗੁਰਬਾਣੀ ਦੀ ਵਿਆਖਿਆ ਤੇ ਸਿੱਖ ਇਤਿਹਾਸ ਹੈ। ਗੁਰਬਾਣੀ ਵਿਆਕਰਣ ਲਿਖਣ ਕਰਕੇ ਉਨ੍ਹਾਂ ਨੂੰ ਗੁਰਬਾਣੀ ਦਾ ਪਾਨਿਨੀ ਵੀ ਆਖਿਆ ਜਾਂਦਾ ਹੈ। ਉਨ੍ਹਾਂ ਦੀ ਵਾਰਤਕ ਸਰਲ, ਸਾਦਾ ਤੇ ਸਪਸ਼ਟ ਹੁੰਦੀ ਹੈ ਤੇ ਉਸ ਵਿੱਚ ਦਲੀਲ, ਨਿਆਇ ਤੇ ਵਿਵੇਕ ਦੇ ਅੰਸ਼ ਵੀ ਚੋਖੀ ਮਾਤਰਾ ਵਿੱਚ ਹੁੰਦੇ ਹਨ।

**ਲਾਲ ਸਿੰਘ ਕਮਲਾ ਅਕਾਲੀ** - ਪੰਜਾਬੀ ਦੇ ਇਕ ਹੋਰ ਉੱਘੇ ਵਾਰਤਕ ਲਿਖਾਰੀ ਹਨ ਜਿਨ੍ਹਾਂ ਨੇ 1930 ਈ. ਵਿੱਚ 'ਮੇਰਾ ਵਲੈਤੀ ਸਫ਼ਰਨਾਮਾ' ਲਿਖ ਕੇ ਸਫ਼ਰਨਾਮਾ ਸਾਹਿਤ ਦਾ ਮੁੱਢ ਬੰਨ੍ਹਿਆ। ਉਨ੍ਹਾਂ ਦੀਆਂ ਹੋਰ ਵਾਰਤਕ ਰਚਨਾਵਾਂ 'ਮੌਤ ਰਾਣੀ ਦਾ ਘੁੰਡ', 'ਜੀਵਨ ਨੀਤੀ' ਅਤੇ 'ਸੈਲਾਨੀ ਦੇਸ਼ ਭਗਤ' ਹਨ। ਉਨ੍ਹਾਂ ਦੇ ਵਿਸ਼ੇ ਸਮਾਜਕ, ਵਿਗਿਆਨਕ ਤੇ ਦਾਰਸ਼ਨਕ ਹਨ ਤੇ ਸ਼ੈਲੀ ਬੜੀ ਰੌਚਕ। ਉਨ੍ਹਾਂ ਨੂੰ ਪੰਜਾਬ ਦੀ ਸਭਿਅਤਾ ਤੇ ਸੰਸਕ੍ਰਿਤੀ ਨਾਲ ਅਥਾਹ ਪਿਆਰ ਹੈ ਜਿਸ ਕਰਕੇ ਉਨ੍ਹਾਂ ਦੀ ਵਾਰਤਕ ਵਿੱਚ ਪੰਜਾਬੀ ਸਭਿਆਚਾਰ ਦਾ ਚਿੱਤਰ ਪਰਤੱਖ ਦਿਸਦਾ ਹੈ। ਪਰ ਉਨ੍ਹਾਂ ਨੇ ਪੰਜਾਬੀ ਵਾਰਤਕ ਵਿੱਚ ਪੱਤਰਕਾਰੀ ਰਾਹੀਂ ਪ੍ਰਵੇਸ਼ ਕੀਤਾ ਹੈ ਜਿਸ ਕਰਕੇ ਉਨ੍ਹਾਂ ਦੀ ਲਿਖਤ ਵਿੱਚ ਉਹ ਗ਼ਲਤੀਆਂ ਸੁਭਾਵਕ ਹੀ ਆ ਗਈਆਂ ਹਨ ਜਿਹੜੀਆਂ ਪੱਤਰਕਾਰੀ ਦਾ ਸੁਭਾਵਕ ਸਿੱਟਾ ਹੁੰਦੀਆਂ ਹਨ।

ਆਧੁਨਿਕ ਯੁੱਗ ਵਿੱਚ ਸਭ ਤੋਂ ਪ੍ਰਸਿੱਧ ਵਾਰਤਕ ਲੇਖਕ ਸਰਦਾਰ ਗੁਰਬਖ਼ਸ਼ ਸਿੰਘ 'ਪ੍ਰੀਤ ਲੜੀ' ਹਨ, ਜਿਨ੍ਹਾਂ ਨੇ ਪੰਜਾਬੀ ਵਾਰਤਕ ਖੇਤਰ ਵਿੱਚ 1933 ਈ: ਵਿੱਚ ਆਪਣੇ ਮਾਸਕ ਪੱਤਰ 'ਪ੍ਰੀਤ ਲੜੀ' ਦੁਆਰਾ ਪ੍ਰਵੇਸ਼ ਕੀਤਾ।

ਉਨ੍ਹਾਂ ਨੇ ਲਗਾਤਾਰ ਸਾਹਿਤਕ ਘਾਲਣਾ ਰਾਹੀਂ ਪੰਜਾਬੀ ਵਾਰਤਕ ਨੂੰ ਗਿਣਾਤਮਕ ਅਤੇ ਗੁਣਾਤਮਕ ਪੱਖੋਂ ਵੱਡਮੁਲੀ ਦੇਣ ਦਿੱਤੀ ਹੈ। ਭਾਵੇਂ ਉਨ੍ਹਾਂ ਨੇ ਆਪਣੀ ਸਾਹਿਤ ਸਿਰਜਣਾ ਦੇ ਮੁੱਢਲੇ ਪੜਾਅ ਵਿੱਚ 'ਪਰਮ ਮਨੁੱਖ' ਨਾਂ ਦੀ ਕਿਤਾਬ ਲਿਖੀ, ਜਿਸ ਵਿੱਚ ਗੁਰੂ ਸਾਹਿਬਾਨ ਦੇ ਜੀਵਨ ਅਗਾਂਹ-ਵਧੂ ਦ੍ਰਿਸ਼ਟੀ ਤੋਂ ਅੰਕਿਤ ਕੀਤੇ ਹੋਏ ਸਨ ਅਤੇ ਜਿਸ ਕਰਕੇ ਕੱਟੜ-ਪੰਥੀਆਂ ਵੱਲੋਂ ਉਨ੍ਹਾਂ ਦੀ ਬੜੀ ਨੁਕਤਾਚੀਨੀ ਕੀਤੀ ਗਈ ਸੀ ਪਰ ਉਨ੍ਹਾਂ ਨੇ ਸਾਹਿਤ ਸਿਰਜਣਾ ਦੇ ਕਾਰਜ ਨੂੰ ਜਾਰੀ ਰੱਖਿਆ। ਇਸ ਨੁਕਤਾਚੀਨੀ ਦਾ ਇਹ ਲਾਭ ਹੋਇਆ ਕਿ ਗੁਰਬਖ਼ਸ਼ ਸਿੰਘ ਨੇ ਸੌੜੇ ਧਾਰਮਕ ਖੇਤਰ ਦੀ ਥਾਂ ਸਮੁੱਚੇ ਜੀਵਨ ਨੂੰ ਆਪਣੀ ਲੇਖਣੀ ਦਾ ਆਧਾਰ ਬਣਾ ਲਿਆ। ਗੁਰਬਖ਼ਸ਼ ਸਿੰਘ ਨੇ ਪੱਛਮੀ ਸਾਹਿਤ ਦਾ ਬੜਾ ਡੂੰਘਾ ਅਧਿਐਨ ਕੀਤਾ ਤੇ ਅਮਰੀਕਾ, ਰੂਸ, ਚੀਨ ਤੇ ਹੋਰ ਯੂਰਪੀ ਦੇਸ਼ਾਂ ਦੀ ਯਾਤਰਾ ਕਰਕੇ ਉਨ੍ਹਾਂ ਦੇਸ਼ਾਂ ਦੇ ਸਭਿਆਚਾਰ ਦੀ ਵਿਸ਼ਾਲ ਜਾਣਕਾਰੀ ਪ੍ਰਾਪਤ ਕੀਤੀ ਹੈ। ਜਿਸ ਦੇ ਫਲਸਰੂਪ ਉਨ੍ਹਾਂ ਦੇ ਵਿਚਾਰ ਬੜੇ ਉਦਾਰ, ਵਿਗਿਆਨਿਕ ਅਤੇ ਪ੍ਰਗਤੀਵਾਦੀ ਬਣ ਗਏ। ਪਿਆਰ ਦੀ ਤੀਬਰ ਭੁੱਖ ਨੇ ਉਨ੍ਹਾਂ ਦੇ ਰਾਗ-ਸਹਿਕਦੇ ਦਿਲ ਨੂੰ ਏਨਾ ਮੱਲੀ ਰਖਿਆ ਕਿ ਉਨ੍ਹਾਂ ਦੀ ਲੇਖਣੀ ਦੇ ਹਰ ਅੰਗ ਵਿੱਚ ਪਿਆਰ ਦਾ ਜ਼ਿਕਰ ਸਹਿਜ-ਸੁਭਾਅ ਹੀ ਆ ਜਾਂਦਾ ਹੈ। ਉਨ੍ਹਾਂ ਦੀ ਪ੍ਰੇਮ ਭਿੱਜੀ ਆਤਮਾ ਨੇ ਉਨ੍ਹਾਂ ਦੀ ਵਾਰਤਕ ਸ਼ੈਲੀ ਨੂੰ ਬਹੁਤ ਭਾਵੁਕ, ਅਨੂਪਮ ਅਤੇ ਸ਼ਿੰਗਾਰਮਈ ਬਣਾ ਦਿੱਤਾ ਹੈ। ਉਨ੍ਹਾਂ ਦੀ ਵਾਰਤਕ ਵਿਸ਼ੇਸ਼ਣਾਂ, ਉਪਮਾਵਾਂ ਤੇ ਅਲੰਕਾਰਾਂ ਨਾਲ ਲੱਦੀ ਹੋਈ ਇਕ-ਵਿਆਹੁਤਾ ਸੁੰਦਰੀ ਵਾਂਗ ਪ੍ਰਤੀਤ ਹੁੰਦੀ ਹੈ। ਭਾਵੇਂ ਉਹ ਇਕ ਪੱਤਰਕਾਰ ਸਨ ਪਰ ਉਨ੍ਹਾਂ ਨੇ ਪੱਤਰਕਾਰੀ ਨੂੰ ਸਾਹਿਤ ਦੇ ਪੱਧਰ 'ਤੇ ਪਹੁੰਚਾ ਕੇ ਪੰਜਾਬੀ ਸਾਹਿਤ ਨੂੰ ਬਹੁਤ ਅਮੀਰ ਬਨਾਉਣ ਦਾ ਸਫ਼ਲ ਯਤਨ ਕੀਤਾ ਹੈ। ਗੁਰਬਖ਼ਸ਼ ਸਿੰਘ ਨੇ ਜੀਵਨ ਦੇ ਹਰ ਪੱਖ 'ਤੇ ਲਿਖਿਆ ਹੈ ਅਤੇ ਆਪਣੀ ਸ੍ਵੈ-ਜੀਵਨੀ ਲਿਖ ਕੇ ਵਾਰਤਕ ਦੇ ਇਸ ਅੰਗ ਨੂੰ ਵੀ ਵਿਕਸਿਤ ਕਰਨ ਵਿੱਚ ਹਿੱਸਾ ਪਾਇਆ ਹੈ।

ਕਪੂਰ ਸਿੰਘ ਆਈ. ਸੀ. ਐੱਸ. ਨੇ 'ਸਪਤ ਸ੍ਰਿੰਗ' ਨਾਂ ਦੀ ਪੁਸਤਕ ਰਾਹੀਂ ਸੰਖੇਪ ਜੀਵਨੀਆਂ ਲਿਖਣ ਦੀ ਪਿਰਤ ਪਾਈ। ਉਨ੍ਹਾਂ ਦੇ ਹੋਰ ਵਾਰਤਕ ਸੰਗ੍ਰਹਿ 'ਬਹੁ ਵਿਸਥਾਰ' ਅਤੇ 'ਪੁੰਦ੍ਰੀਕ' ਦੇ ਲੇਖਾਂ ਨੂੰ ਉਨ੍ਹਾਂ ਨੇ 'ਸਾਂਸਕ੍ਰਿਤਕ ਨਿਬੰਧ ਸੰਗ੍ਰਹਿ' ਦਾ ਨਾਂ ਦਿੱਤਾ ਹੈ ਕਿਉਂਕਿ ਇਸ ਵਿੱਚ ਭਾਰਤੀ ਸਭਿਅਤਾ ਤੇ ਸੰਸਕ੍ਰਿਤੀ ਦੇ ਵਿਸ਼ਿਆਂ ਨਾਲ ਸੰਬੰਧਤ ਲੇਖ ਦਰਜ ਹਨ। 'ਬਹੁ ਵਿਸਤਾਰ' ਦੇ ਲੇਖਾਂ ਤੋਂ ਲੇਖਕ ਦੀ ਵਿਸ਼ਾਲ ਜਾਣਕਾਰੀ ਤੇ ਗੰਭੀਰ ਅਧਿਐਨ ਦਾ ਪ੍ਰਮਾਣ ਮਿਲਦਾ ਹੈ। ਉਨ੍ਹਾਂ ਨੇ ਅਛੂਹ ਵਿਸ਼ਿਆਂ ਨੂੰ ਆਪਣੀ ਵਾਰਤਕ ਦੀ ਵਸਤੂ ਬਣਾ ਕੇ ਪੰਜਾਬੀ ਵਾਰਤਕ ਦੇ ਖ਼ਜ਼ਾਨੇ ਨੂੰ ਭਰਪੂਰ ਕੀਤਾ ਹੈ।

ਪੰਜਾਬੀ ਵਿੱਚ ਹਾਸ-ਰਸੀ ਵਾਰਤਕ ਲਿਖਣ ਵਾਲੇ ਲੇਖਕਾਂ ਵਿੱਚ ਹਰਿੰਦਰ ਸਿੰਘ ਰੂਪ, ਸੂਬਾ ਸਿੰਘ, ਗੁਰਨਾਮ ਸਿੰਘ ਤੀਰ ਅਤੇ ਈਸ਼ਵਰ ਚਿਤਰਕਾਰ ਦੇ ਨਾਂ ਵਰਣਨ ਯੋਗ ਹਨ। ਰੂਪ ਸਾਹਿਬ ਆਪਣੀ ਵਿਅੰਗਾਤਮਕ ਸ਼ੈਲੀ ਅਤੇ ਵਿਸ਼ਾਲ ਜਾਣਕਾਰੀ ਕਰਕੇ ਪੰਜਾਬੀ ਵਾਰਤਕ ਖੇਤਰ ਵਿੱਚ ਵਿਸ਼ੇਸ਼ ਸਥਾਨ ਰਖਦੇ ਹਨ। 'ਚੁੰਝਾਂ ਪਾਉਂਚੇ', 'ਰੂਪ ਰੀਝਾਂ' ਉਨ੍ਹਾਂ ਦੀਆਂ ਸਫ਼ਲ ਵਾਰਤਕ ਕ੍ਰਿਤਾਂ ਹਨ। ਸੂਬਾ ਸਿੰਘ ਨੇ 'ਅਲੋਪ ਹੋ ਰਹੇ ਚੇਟਕ' ਵਿੱਚ ਪੰਜਾਬੀ ਸਭਿਆਚਾਰ ਦੇ ਕੁੱਝ ਅਲੋਪ ਹੋ ਰਹੇ ਅੰਸ਼ਾਂ ਵਲ ਬੜੀ ਸਾਦਾ, ਸਰਲ, ਵਿਅੰਗਮਈ ਤੇ ਹਾਸ-ਰਸ ਭਰਪੂਰ ਸ਼ੈਲੀ ਰਾਹੀਂ ਧਿਆਨ ਦਿਵਾਇਆ ਹੈ। ਗੁਰਨਾਮ ਸਿੰਘ ਤੀਰ ਨੇ 'ਮੈਨੂੰ ਮੈਥੋਂ ਬਚਾਉ' ਲੇਖ ਸੰਗ੍ਰਹਿ ਵਿੱਚ ਆਪਣੀ ਵਿਅੰਗ ਤੇ ਕਟਾਖਸ਼ ਭਰਪੂਰ ਸ਼ੈਲੀ ਦਾ ਬੜਾ ਸੋਹਣਾ ਪ੍ਰਗਟਾਅ ਕੀਤਾ ਹੈ। ਈਸ਼ਵਰ ਚਿਤਰਕਾਰ ਨੇ 'ਕਲਮ ਦੀ ਬਾਤ' ਤੇ 'ਗੱਲ ਬਾਤ' ਲੇਖ ਸੰਗ੍ਰਿਹਾਂ ਵਿੱਚ ਆਪਣੀ ਹਾਸਰਸੀ ਤੇ ਰਸੀਲੀ ਸ਼ੈਲੀ ਦੇ ਸੁੰਦਰ ਨਮੂਨੇ ਪੇਸ਼ ਕੀਤੇ ਹਨ।

ਉਪਰੋਕਤ ਵਾਰਤਕ ਲੇਖਕਾਂ ਤੋਂ ਛੁੱਟ ਭਾਈ ਜੋਧ ਸਿੰਘ, ਮਾਸਟਰ ਤਾਰਾ ਸਿੰਘ, ਪ੍ਰਿੰਸੀਪਲ ਨਿਰੰਜਨ ਸਿੰਘ, ਡਾ. ਸ਼ੇਰ ਸਿੰਘ, ਡਾ. ਬਲਬੀਰ ਸਿੰਘ, ਮੁਬਾਰਕ ਸਿੰਘ, ਕਿਰਪਾਲ ਸਿੰਘ ਕਸੇਲ ਆਦਿ ਵਾਰਤਕ ਲਿਖਾਰੀਆਂ ਨੇ ਵੀ ਇਸ ਖੇਤਰ ਵਿੱਚ ਆਪਣੇ ਆਪਣੇ ਵਿੱਤ ਅਨੁਸਾਰ ਹਿੱਸਾ ਪਾਇਆ ਹੈ।

ਜੀਵਨੀ ਸਾਹਿਤ ਵਿੱਚ 'ਬਾਬਾ ਰਾਮ ਸਿੰਘ', 'ਬਾਬਾ ਸੋਹਣ ਸਿੰਘ ਭਕਨਾ', 'ਲਾਲਾ ਲਾਜਪਤ ਰਾਏ', 'ਰਾਬਿੰਦਰ ਨਾਥ ਟੈਗੋਰ', 'ਮਾਸਟਰ ਤਾਰਾ ਸਿੰਘ', 'ਗੁਰੂ ਨਾਨਕ ਦੇਵ ਜੀ', 'ਗੁਰੂ ਗੋਬਿੰਦ ਸਿੰਘ ਜੀ', 'ਮਹਾਤਮਾ ਗਾਂਧੀ', 'ਸ਼ਹੀਦ

ਕਰਨੈਲ ਸਿੰਘ', 'ਸ਼ਹੀਦ ਭਗਤ ਸਿੰਘ', 'ਸੇਵਾ ਸਿੰਘ ਠੀਕਰੀ ਵਾਲਾ' ਦੀਆਂ ਭਿੰਨ-ਭਿੰਨ ਲੇਖਕਾਂ ਦੁਆਰਾ ਜੀਵਨੀਆਂ ਵਰਣਨ ਯੋਗ ਹਨ।

ਸ੍ਵੈ-ਜੀਵਨੀ ਵਿੱਚ ਪ੍ਰਿੰਸੀਪਲ ਤੇਜਾ ਸਿੰਘ ਦੀ 'ਆਰਸੀ', ਨਾਨਕ ਸਿੰਘ ਦੀ 'ਮੇਰੀ ਦੁਨੀਆਂ', ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ 'ਮੇਰੀ ਜੀਵਨ ਕਹਾਣੀ' ਤੇ 'ਮੰਜ਼ਿਲ ਦਿਸ ਪਈ', ਤੇ ਬਾਬਾ ਸੋਹਨ ਸਿੰਘ ਭਕਨਾ ਦੀ 'ਜੀਵਨ ਸੰਗਰਾਮ', ਅੰਮ੍ਰਿਤਾ ਪ੍ਰੀਤਮ ਦੀ 'ਰਸੀਦੀ ਟਿਕਟ', ਵਣਜਾਰਾ ਬੇਦੀ ਦੀ 'ਅੱਧੀ ਮਿੱਟੀ ਅੱਧਾ ਸੋਨਾ', ਦਲੀਪ ਕੌਰ ਟਿਵਾਣਾ ਦੀ 'ਨੰਗੇ ਪੈਰਾਂ ਦਾ ਸਫ਼ਰ', ਬਲਵੰਤ ਗਾਰਗੀ ਦੀ 'ਨੰਗੀ ਧੁੱਪ', ਮਹਿੰਦਰ ਸਿੰਘ ਜੋਸ਼ੀ ਦੀ 'ਮੇਰੇ ਪੱਤੇ ਮੇਰੀ ਖੇਡ' ਮਹੱਤਵਪੂਰਨ ਰਚਨਾਵਾਂ ਕਹੀਆਂ ਜਾ ਸਕਦੀਆਂ ਹਨ।

ਯਾਤਰਾ ਸਾਹਿਤ ਜਾਂ ਸਫ਼ਰਨਾਮਿਆਂ ਦੇ ਖੇਤਰ ਵਿੱਚ ਲਾਲ ਸਿੰਘ ਕਮਲਾ ਅਕਾਲੀ ਦੀ ਘਾਲਣਾ ਮਹਾਨ ਹੈ। ਉਨ੍ਹਾਂ 'ਮੇਰਾ ਵਲਾਇਤੀ ਸਫ਼ਰਨਾਮਾ' ਲਿਖ ਕੇ ਸਫ਼ਰਨਾਮਾ ਸਾਹਿਤ ਦਾ ਮੁੱਢ ਬੰਨ੍ਹਿਆ। ਉਨ੍ਹਾਂ ਦੀ 'ਸੈਲਾਨੀ ਦੇਸ਼ ਭਗਤ' ਇਕ ਹੋਰ ਪੁਸਤਕ ਵੀ ਇਸੇ ਖੇਤਰ ਦੀ ਹੈ। ਗਿਆਨੀ ਹੀਰਾ ਸਿੰਘ ਦਰਦ ਨੇ 'ਬ੍ਰਿਜ ਭੂਮੀ ਤੇ ਮਲਾਇਆ ਦੀ ਯਾਤਰਾ', ਸ.ਸ. ਅਮੋਲ ਨੇ 'ਅਮੋਲ ਯਾਤਰਾ', ਪ੍ਰੋ. ਰਾਮ ਸਿੰਘ ਨੇ 'ਕਸ਼ਮੀਰ ਤੇ ਕੁਲੂ', ਪਿਆਰਾ ਸਿੰਘ ਦਾਤਾ ਨੇ 'ਮੇਰੀ ਪਰਬਤ ਯਾਤਰਾ', ਬਲਰਾਜ ਸਾਹਨੀ ਨੇ 'ਮੇਰਾ ਰੂਸੀ ਸਫ਼ਰਨਾਮਾ' ਅਤੇ 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਤੇ ਬਲਵੰਤ ਗਾਰਗੀ ਨੇ 'ਪਤਾਲ ਦਾ ਬੰਦਾ' ਰਚ ਕੇ ਸਫ਼ਰਨਾਮਾ ਸਾਹਿਤ ਵਿੱਚ ਹਿੱਸਾ ਪਾਇਆ ਹੈ।

ਖੋਜ ਤੇ ਆਲੋਚਨਾ ਦੇ ਪਿੜ ਵਿੱਚ ਬਾਵਾ ਬੁੱਧ ਸਿੰਘ, ਪ੍ਰਿੰਸੀਪਲ ਤੇਜਾ ਸਿੰਘ, ਡਾ. ਮੋਹਨ ਸਿੰਘ, ਡਾ. ਗੋਪਾਲ ਸਿੰਘ ਦਰਦੀ, ਡਾ. ਸੁਰਿੰਦਰ ਸਿੰਘ ਕੋਹਲੀ, ਪ੍ਰੋ. ਸੰਤ ਸਿੰਘ ਸੇਖੋਂ, ਪ੍ਰੋ. ਕਿਸ਼ਨ ਸਿੰਘ, ਡਾ. ਗੁਰਚਰਨ ਸਿੰਘ, ਕਿਰਪਾਲ ਸਿੰਘ ਕਸੇਲ, ਪ੍ਰਿੰਸੀਪਲ ਪ੍ਰੀਤਮ ਸਿੰਘ, ਡਾ. ਹਰਨਾਮ ਸਿੰਘ ਸ਼ਾਨ, ਡਾ. ਦੀਵਾਨ ਸਿੰਘ, ਡਾ. ਪ੍ਰੇਮ ਪ੍ਰਕਾਸ਼ ਸਿੰਘ, ਡਾ. ਰਤਨ ਸਿੰਘ ਜੱਗੀ, ਡਾ. ਜਸਬੀਰ ਸਿੰਘ ਆਹਲੂਵਾਲੀਆ, ਡਾ. ਅਤਰ ਸਿੰਘ, ਡਾ. ਰੋਸ਼ਨ ਲਾਲ ਆਹੂਜਾ, ਡਾ. ਹਰਿਭਜਨ ਸਿੰਘ ਆਦਿ ਦੇ ਨਾਂ ਲਏ ਜਾ ਸਕਦੇ ਹਨ।

ਲਲਿਤ ਨਿਬੰਧ ਲਿਖਣ ਵਾਲਿਆਂ ਵਿੱਚ ਕੁਲਬੀਰ ਸਿੰਘ ਕਾਂਗ ਅਤੇ ਤੇਜਬੀਰ ਸਿੰਘ ਕਸੇਲ ਨੇ ਜਿਹੜਾ ਕਾਰਜ ਨੇਪਰੇ ਚਾੜ੍ਹਿਆ ਹੈ, ਉਹ ਕਾਫ਼ੀ ਮਾਣਯੋਗ ਹੈ।

ਪੰਜਾਬੀ ਵਾਰਤਕ ਖੇਤਰ ਵਿੱਚ ਰੇਖਾ-ਚਿੱਤਰ ਲਿਖਣ ਦਾ ਰਿਵਾਜ ਵੀ ਪ੍ਰਚੱਲਿਤ ਹੈ। ਬਲਵੰਤ ਗਾਰਗੀ ਨੇ 'ਨਿੰਮ ਦੇ ਪੱਤੇ' ਕੁਲਬੀਰ ਸਿੰਘ ਕਾਂਗ ਨੇ 'ਪੱਥਰ ਦੀਆਂ ਲੀਕਾਂ' ਤੇ 'ਬਦਲਾਂ ਦੇ ਰੰਗ' ਅਤੇ ਕਰਨਜੀਤ ਸਿੰਘ ਨੇ 'ਕਲਮ ਦੀ ਅੱਖ' ਵਰਗੀਆਂ ਰਚਨਾਵਾਂ ਰਚ ਕੇ ਇਸ ਪਾਸੇ ਯੋਗਦਾਨ ਪਾਇਆ ਹੈ।

ਉਪਰੋਕਤ ਲੰਬੀ ਚਰਚਾ ਉਪਰੰਤ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਵਾਰਤਕ ਨੇ ਵਿਸ਼ੇ ਤੇ ਰੂਪ ਦੋਹਾਂ ਪੱਖਾਂ ਤੋਂ ਬਹੁਤ ਥੋੜ੍ਹੇ ਸਮੇਂ ਵਿੱਚ ਗੌਰਵਮਈ ਵਿਕਾਸ ਕੀਤਾ ਹੈ।

### 1.1.5 ਸਿੱਟਾ :-

ਪੰਜਾਬੀ ਵਾਰਤਕ ਦੇ ਇਸ ਮੁੱਢਲੇ ਪੜਾਅ ਵਿਚ ਦੋ ਹੋਰ ਜਨਮ ਸਾਖੀਆਂ ਹੋਂਦ ਵਿਚ ਆਈਆਂ। ਉਨ੍ਹਾਂ ਵਿਚੋਂ ਇਕ 'ਆਦਿ ਸਾਖੀਆਂ' ਦੇ ਨਾਂ ਨਾਲ ਪ੍ਰਸਿੱਧ ਹੈ ਜਿਸ ਦੀ ਇਕ ਹੱਥ ਲਿਖਤ ਸ਼ੰਭੂ ਨਾਥ ਦੁਆਰਾ ਲਿਖੇ ਜਾਣ ਦੀ ਸੂਚਨਾ ਪ੍ਰਾਪਤ ਹੋਈ ਹੈ। ਇਸ ਜਨਮ ਸਾਖੀ ਦੇ ਕਰਤਾ ਨੇ ਇਸ ਵਿਚ ਸਾਖੀਆਂ ਦੀ ਗਿਣਤੀ 30 ਦਿੱਤੀ ਹੈ ਪਰ ਕਈ ਅੰਕਾਂ ਅਧੀਨ ਇਕ ਤੋਂ ਵੱਧ ਸਾਖੀਆਂ ਦਰਜ ਹਨ। ਇਸ ਤਰ੍ਹਾਂ ਇਸ ਵਿਚ ਸਾਖੀਆਂ ਦੀ ਗਿਣਤੀ 50 ਬਣ ਜਾਂਦੀ ਹੈ। ਇਸ ਵਿਚ ਮਿਲਦੇ ਪ੍ਰਸੰਗ ਮਿਹਰਬਾਨ ਵਾਲੀ ਜਨਮ ਸਾਖੀ ਤੋਂ ਵਧੇਰੇ ਵਿਕਸਿਤ ਹਨ ਪਰ ਪੁਰਾਤਨ ਨਾਲੋਂ ਘੱਟ ਵਿਕਸਿਤ ਹਨ। ਇਸ ਵਿਚ ਕਈ ਅਜਿਹੇ ਪ੍ਰਸੰਗ ਵੀ ਆ ਗਏ ਹਨ ਜਿਹੜੇ ਮਿਹਰਬਾਨ ਵਾਲੀ ਜਨਮ ਸਾਖੀ ਵਿਚ ਨਹੀਂ ਸਨ। ਇਸ ਜਨਮ ਸਾਖੀ ਦੀ ਭਾਸ਼ਾ ਪੁਰਾਤਨ ਪੰਜਾਬੀ ਹੈ ਜਿਸ ਉੱਤੇ ਲਹਿੰਦੀ ਅਤੇ ਸਾਧ ਭਾਸ਼ਾ ਦਾ ਕਾਫੀ ਪ੍ਰਭਾਵ ਹੈ।

### 1.1.6 ਕੁੱਝ ਮਹੱਤਵਪੂਰਨ ਪ੍ਰਸ਼ਨ

1. ਸਾਹਿਤ ਕੀ ਹੁੰਦਾ ਹੈ ? ਉਸ ਦਾ ਵਰਗੀਕਰਣ ਕਰਦੇ ਹੋਏ ਸਾਹਿਤ ਵਿੱਚ ਵਾਰਤਕ ਦੀਆਂ ਭਿੰਨ-ਭਿੰਨ ਵੰਨਗੀਆਂ ਬਾਰੇ ਸੰਖੇਪ ਜਾਣਕਾਰੀ ਦਿਉ।
2. ਵਾਰਤਕ ਦੀ ਪਰਿਭਾਸ਼ਾ ਦੱਸੋ ਤੇ ਉਸ ਦੇ ਤੱਤਾਂ ਸੰਬੰਧੀ ਚਰਚਾ ਕਰੋ।
3. ਨਿਬੰਧ ਦੀ ਪਰਿਭਾਸ਼ਾ ਦਸਦੇ ਹੋਏ ਉਸ ਦੇ ਲੇਖ ਅਤੇ ਖੋਜ-ਪ੍ਰਬੰਧ ਨਾਲੋਂ ਅੰਤਰ ਨੂੰ ਸਪਸ਼ਟ ਕਰੋ।
4. ਸ਼ੈਲੀ ਕੀ ਹੁੰਦੀ ਹੈ ? ਚੰਗੀ ਵਾਰਤਕ ਸ਼ੈਲੀ ਦੇ ਗੁਣਾਂ ਦੀ ਚਰਚਾ ਕਰਦੇ ਹੋਏ ਪੰਜਾਬੀ ਦੇ ਚੰਗੇ ਵਾਰਤਕ ਸ਼ੈਲੀਕਾਰਾਂ ਨਾਲ ਜਾਣ-ਪਛਾਣ ਕਰਾਓ।
5. ਪੰਜਾਬੀ ਵਾਰਤਕ ਦਾ ਜਨਮ ਕਦੋਂ ਹੋਇਆ ? ਇਸ ਬਾਰੇ ਭਰਪੂਰ ਚਰਚਾ ਕਰੋ।
6. 1800 ਈ. ਤੱਕ ਦੀ ਪੰਜਾਬੀ ਵਾਰਤਕ ਵਧੇਰੇ ਕਰਕੇ ਧਾਰਮਿਕ ਵਿਸ਼ਿਆਂ ਦੀ ਧਾਰਨੀ ਹੈ। ਇਸ ਬਾਰੇ ਟਿੱਪਣੀ ਕਰੋ।
7. ਆਧੁਨਿਕ ਪੰਜਾਬੀ ਵਾਰਤਕ ਦਾ ਮੁੱਢ ਕਦੋਂ ਬੱਝਾ ? ਕੁੱਝ ਪ੍ਰਸਿੱਧ ਮੋਢੀ ਆਧੁਨਿਕ ਵਾਰਤਕ ਲੇਖਕਾਂ ਨਾਲ ਜਾਣਕਾਰੀ ਕਰਵਾਉ।
8. ਆਧੁਨਿਕ ਪੰਜਾਬੀ ਵਾਰਤਕ ਦੇ ਪ੍ਰਮੁੱਖ ਲੇਖਕਾਂ ਦੀ ਪੰਜਾਬੀ ਸਾਹਿਤ ਨੂੰ ਜੋ ਦੇਣ ਹੈ, ਉਸ ਬਾਰੇ ਵਿਸਥਾਰ ਸਹਿਤ ਚਰਚਾ ਕਰੋ।

## ਛੋਟੇ ਉੱਤਰਾਂ ਵਾਲੇ ਪ੍ਰਸ਼ਨ

1. ਵਾਰਤਕ ਨੂੰ ਭਾਸ਼ਾ ਦੇ ਵਿਆਕਰਣਕ ਨਿਯਮਾਂ ਦੀ ਪਾਲਣਾ ਕਿਉਂ ਕਰਨੀ ਪੈਂਦੀ ਹੈ ?
2. ਵਾਰਤਕ ਨੂੰ ਦਿਮਾਗ ਦੀ ਬੋਲੀ ਕਿਉਂ ਆਖਿਆ ਜਾਂਦਾ ਹੈ ?
3. ਵਾਰਤਕ ਦੇ ਕਿਹੜੇ ਮੁੱਖ ਤੱਤ ਮੰਨੇ ਜਾਂਦੇ ਹਨ ?
4. ਲੇਖ ਅਤੇ ਨਿਬੰਧ ਵਿੱਚ ਕੀ ਅੰਤਰ ਹੈ ?
5. ਚੰਗੀ ਵਾਰਤਕ ਸ਼ੈਲੀ ਵਿੱਚ ਕਿਹੜੇ ਗੁਣ ਹੋਣੇ ਚਾਹੀਦੇ ਹਨ ?
6. ਪੰਜਾਬੀ ਵਾਰਤਕ ਦਾ ਮੁੱਢ ਕਦੋਂ ਬੱਝਾ ?
7. 'ਪੁਰਾਤਨ ਜਨਮ ਸਾਖੀ' ਵਿੱਚ ਦਰਜ ਸਾਖੀਆਂ ਦੀ ਕੁੱਲ ਗਿਣਤੀ ਕਿੰਨੀ ਹੈ ?
8. 'ਭਗਤ ਰਤਨਾਵਲੀ' ਦੇ ਲੇਖਕ ਕੌਣ ਹਨ ਅਤੇ ਇਸ ਪੁਸਤਕ ਵਿੱਚ ਭਾਈ ਗੁਰਦਾਸ ਦੀ ਕਿੰਨਵੀਂ ਵਾਰ ਦਾ ਟੀਕਾ ਮਿਲਦਾ ਹੈ ?

## 1.1.7 ਸਹਾਇਕ ਪੁਸਤਕਾਂ ਦੀ ਸੂਚੀ


1. ਸਾਹਿਤ ਦੇ ਰੂਪ – ਡਾ. ਪਰਮਿੰਦਰ ਸਿੰਘ, ਪ੍ਰੋ. ਕਿਰਪਾਲ ਸਿੰਘ ਕਸੇਲ
2. ਪੰਜਾਬੀ ਸਾਹਿਤ ਦਾ ਇਤਿਹਾਸ – ਭਾਸ਼ਾ ਵਿਭਾਗ, ਪਟਿਆਲਾ।
3. ਜਨਮ ਸਾਖੀਆਂ ਦਾ ਤੁਲਨਾਤਮਕ ਅਧਿਐਨ – ਡਾ. ਜਗਜੀਤ ਸਿੰਘ।
4. ਵਰਤਮਾਨ ਪੰਜਾਬੀ ਵਾਰਤਕ ਲਿਖਾਰੀ – ਪ੍ਰੋ. ਗੁਰਚਰਨ ਸਿੰਘ
5. ਵਾਰਤਕ ਤੇ ਵਾਰਤਕਕਾਰ – ਮਨਮੋਹਨ ਕੇਸਰ
6. ਖੋਜ ਪਤ੍ਰਿਕਾ, ਨਿਬੰਧ ਅੰਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ


**Converted in Self Learning Mode by Dr. Gurpreet Kaur**
**Last Update June 10, 2023**

ਪਾਠ ਨੰਬਰ : 1.2

# ਵਾਰਤਕ ਤੇ ਵਾਰਤਕ ਸ਼ੈਲੀ

1.2.1 ਪਾਠ ਦਾ ਮੰਤਵ
1.2.2 ਭੂਮਿਕਾ
1.2.3 ਮੂਲ ਪਾਠ
1.2.4 ਵਾਰਤਕ ਦੇ ਤੱਤ
    1.2.4.1 ਬੁੱਧੀ ਤੱਤ
    1.2.4.2 ਭਾਵ-ਤੱਤ
    1.2.4.3 ਭਾਸ਼ਾਈ ਤੱਤ
    1.2.4.4 ਸ਼ੈਲੀ ਤੱਤ
1.2.5 ਵਰਗੀਕਰਨ
1.2.6 ਵਾਰਤਕ ਸ਼ੈਲੀ
1.2.7 ਸਿੱਟਾ
1.2.8 ਸੰਖੇਪ ਉੱਤਰਾਂ ਵਾਲੇ ਪ੍ਰਸ਼ਨ
1.2.9 ਸਹਾਇਕ ਪੁਸਤਕ ਸੂਚੀ

## 1.2.1 ਪਾਠ ਦਾ ਮੰਤਵ

ਇਸ ਪਾਠ ਵਿੱਚ ਵਿਦਿਆਰਥੀਆਂ ਨੂੰ ਸਾਹਿਤ ਵਿਚ ਵਾਰਤਕ ਦੇ ਸਥਾਨ, ਉਸ ਦੇ ਕਵਿਤਾ ਨਾਲੋਂ ਅੰਤਰ, ਉਸ ਦੀ ਪਰਿਭਾਸ਼ਾ ਅਤੇ ਉਸ ਦੇ ਤੱਤਾਂ ਸੰਬੰਧੀ ਜਾਣਕਾਰੀ ਦਿੱਤੀ ਜਾਵੇਗੀ। ਇਸ ਤੋਂ ਛੁੱਟ ਵਾਰਤਕ ਦੇ ਵਰਗੀਕਰਣ ਬਾਰੇ ਚਰਚਾ ਕੀਤੀ ਜਾਵੇਗੀ ਤੇ ਵਾਰਤਕ ਦਾ ਪ੍ਰਮੁੱਖ ਰੂਪ ਨਿਬੰਧ ਦੇ ਉਪ-ਰੂਪਾਂ ਲੇਖ, ਥੀਸਿਸ, ਆਦਿ ਦੇ ਪਰਸਪਰ ਅੰਤਰ ਨੂੰ ਸਪਸ਼ਟ ਕੀਤਾ ਜਾਵੇਗਾ। ਅੰਤ ਵਿੱਚ ਵਾਰਤਕ ਸ਼ੈਲੀ ਦੇ ਮੁਖ ਲੱਛਣਾਂ ਦਾ ਉਲੇਖ ਕਰਨ ਦਾ ਜਤਨ ਕੀਤਾ ਜਾਵੇਗਾ ਤਾਂ ਜੋ ਵਿਦਿਆਰਥੀ ਪੰਜਾਬੀ ਦੇ ਪ੍ਰਸਿੱਧ ਗੱਦ ਲੇਖਕਾਂ ਦੀਆਂ ਰਚਨਾਵਾਂ ਦਾ ਅਧਿਐਨ ਕਰਦੇ ਸਮੇਂ ਉਨ੍ਹਾਂ ਦੀ ਵਾਰਤਕ ਸ਼ੈਲੀ ਦੇ ਵਿਸ਼ੇਸ਼ ਲੱਛਣਾਂ ਨੂੰ ਆਲੋਚਨਾਤਮਕ ਦ੍ਰਿਸ਼ਟੀ ਤੋਂ ਪਰਖ ਸਕਣ।

**1.2.2 ਭੂਮਿਕਾ** :- ਬੀ. ਏ. (ਪੰਜਾਬੀ) ਭਾਗ ਤੀਜਾ ਦੇ ਪੇਪਰ ਲਾਜ਼ਮੀ ਪੰਜਾਬੀ ਨਾਲ ਸੰਬੰਧਤ ਹੈ। ਕੋਰਸ ਵਿੱਚ ਲੱਗੀਆਂ ਪਾਠ ਪੁਸਤਕਾਂ ਦਾ ਅਸਲ ਆਨੰਦ ਲੈਣ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਇਸ ਪਾਠ ਨੂੰ ਚੰਗੀ ਤਰ੍ਹਾਂ ਸਮਝੋ। ਕੋਰਸ ਵਿੱਚ ਲੱਗੀਆਂ ਸਾਰੀਆਂ ਪਾਠ ਪੁਸਤਕਾਂ ਪੜ੍ਹ ਲਵੋ ਤੇ ਇਸ ਪਾਠ ਦੀ ਸਮੱਗਰੀ ਨੂੰ ਸਮਝ ਕੇ, ਪ੍ਰੀਖਿਆ ਦੀ ਤਿਆਰੀ ਕਰੋ। ਇਸ ਪਾਠ ਵਿੱਚ ਵਾਰਤਕ ਦੇ ਤਕਨੀਕੀ ਪੱਖਾਂ 'ਤੇ ਵਿਚਾਰ ਕੀਤੀ ਗਈ ਹੈ।

## 1.2.3 ਮੂਲ ਪਾਠ :

ਸਾਹਿਤ ਮਨੁੱਖੀ ਵਿਚਾਰਾਂ ਤੇ ਭਾਵਾਂ ਦਾ ਅਜਿਹਾ ਸ਼ਾਬਦਿਕ ਪ੍ਰਗਟਾਵਾ ਹੁੰਦਾ ਹੈ ਜਿਹੜਾ ਪਾਠਕ ਨੂੰ ਸੁਹਜ ਸੁਆਦ ਪ੍ਰਦਾਨ ਕਰਦਾ ਹੈ ਤੇ ਮਨੁੱਖੀ ਆਦਰਸ਼ਾਂ ਦੀ ਕਲਾਤਮਕ ਅਗਵਾਈ ਕਰਦਾ ਹੈ। ਇਸ ਪ੍ਰਕਾਰ ਸਾਹਿਤ ਦੇ ਤਿੰਨ ਮੁੱਖ ਮੰਤਵ ਮੰਨੇ ਜਾ ਸਕਦੇ ਹਨ :

(ੳ) ਸ੍ਵੈ-ਪ੍ਰਗਟਾਵਾ

(ਅ) ਸੁਹਜ ਸੁਆਦ ਦੇਣਾ

(ੲ) ਮਨੁੱਖੀ ਆਦਰਸ਼ਾਂ ਦੀ ਕਲਾਤਮਕ ਅਗਵਾਈ।

ਸੰਸਕ੍ਰਿਤ ਦੇ ਵਿਦਵਾਨਾਂ ਨੇ ਸਾਹਿਤ ਨੂੰ ਮਨੁੱਖੀ ਹਿੱਤਾਂ ਦਾ ਸਮਰਥਕ ਮੰਨਿਆ ਹੈ ਤੇ ਉਸ ਵਿੱਚ ਸਤਿਅਮ, ਸ਼ਿਵਮ ਅਤੇ ਸੁੰਦਰਮ ਵਿਸ਼ੇਸ਼ਤਾਈਆਂ ਦੀ ਹੋਂਦ ਦੀ ਅਵੱਸ਼ਕਤਾ ਨੂੰ ਸਵੀਕਾਰ ਕੀਤਾ ਹੈ। ਇਨ੍ਹਾਂ ਵਿਸ਼ੇਸ਼ਤਾਈਆਂ ਕਰਕੇ ਸਾਹਿਤ ਵਿੱਚ ਸੱਚ ਦਾ ਪ੍ਰਗਟਾਵਾ ਅਜਿਹੇ ਸੁੰਦਰ ਢੰਗ ਨਾਲ ਕੀਤਾ ਜਾਂਦਾ ਹੈ ਕਿ ਉਹ ਸੁਹਜ ਦਿੰਦਾ ਹੈ ਤੇ ਮਨੁੱਖ ਮਨ ਨੂੰ ਸ਼ਕਤੀਸ਼ਾਲੀ ਪ੍ਰੇਰਨਾ ਬਖਸ਼ਦਾ ਹੈ।

ਭਾਵੇਂ ਵਿਆਪਕ ਅਰਥਾਂ ਵਿੱਚ ਗਿਆਨ, ਵਿਗਿਆਨ, ਮਨੋਵਿਗਿਆਨ, ਅਰਥ ਸ਼ਾਸਤਰ, ਇਤਿਹਾਸ, ਰਾਜਨੀਤੀ, ਧਰਮ ਤੇ ਨੈਤਿਕ ਸ਼ਾਸਤਰ ਦੀਆਂ ਰਚਨਾਵਾਂ ਵੀ ਸਾਹਿਤ ਹੀ ਗਿਣੀਆਂ ਜਾਂਦੀਆਂ ਹਨ ਪਰ ਇਹ ਸਾਰੀਆਂ ਰਚਨਾਵਾਂ ਨਿਰੋਲ ਸਾਹਿਤ ਦੇ ਖੇਤਰ ਵਿੱਚ ਨਹੀਂ ਆਉਂਦੀਆਂ ਕਿਉਂਕਿ ਭਾਵੇਂ ਇਹ ਮਨੁੱਖੀ ਸਿੱਧਾਂਤਾਂ ਤੇ ਵਿਚਾਰਾਂ ਨੂੰ ਸ਼ਬਦਾਂ ਵਿੱਚ ਅੰਕਿਤ ਕਰਦੀਆਂ ਹਨ ਪਰ ਇਹ ਪਾਠਕ ਦੇ ਸੁਹਜ ਸੁਆਦ ਦੀ ਪੂਰਤੀ ਨਹੀਂ ਕਰਦੀਆਂ। ਜਿੱਥੇ ਵਿਗਿਆਨ ਵਿੱਚ ਭੌਤਿਕ ਵਸਤੂਆਂ ਦੇ ਗੁਣ, ਉਨ੍ਹਾਂ ਦੇ ਪਰਮਾਣੂਆਂ ਦੀ ਤਰਤੀਬ, ਉਨ੍ਹਾਂ ਦੀ ਭੌਤਿਕ ਤੇ ਰਸਾਇਣਕ ਬਣਤਰ ਅਤੇ ਉਨ੍ਹਾਂ ਦੀਆਂ ਹੋਂਦ ਵਿੱਚ ਆਉਣ ਦੀਆਂ ਵਿਧੀਆਂ ਦਾ ਅਧਿਐਨ ਕੀਤਾ ਜਾਂਦਾ ਹੈ, ਉਥੇ ਸਾਹਿਤ ਵਿੱਚ ਵਸਤੂਆਂ ਨੂੰ ਭਾਵ ਗ੍ਰਸਤ ਰੂਪ ਵਿੱਚ ਵੇਖ ਕੇ, ਉਨ੍ਹਾਂ ਨੂੰ ਇਕ ਆਦਰਸ਼ਕ ਦ੍ਰਿਸ਼ਟੀ ਤੋਂ ਨਿਰਖ-ਪਰਖ ਕੇ ਉਨ੍ਹਾਂ ਦਾ ਅਜਿਹਾ ਭਾਵਕ ਚਿਤਰਨ ਪੇਸ਼ ਕੀਤਾ ਜਾਂਦਾ ਹੈ ਜਿਹੜਾ ਪਾਠਕ ਦੀ ਕਲਪਨਾ ਨੂੰ ਟੁੰਭ ਸਕੇ, ਉਸ ਦੇ ਅੰਦਰ ਭਾਵ ਪੈਦਾ ਕਰ ਸਕੇ ਅਤੇ ਉਸ ਨੂੰ ਕਿਸੇ ਆਦਰਸ਼ ਦੀ ਪ੍ਰੇਰਨਾ ਦੇ ਸਕੇ। ਗਿਆਨ ਤੇ ਵਿਗਿਆਨ ਦੀਆਂ ਰਚਨਾਵਾਂ ਜਿੱਥੇ ਵਿਗਿਆਨਕ ਸੱਚ ਨੂੰ ਪੇਸ਼ ਕਰਦੀਆਂ ਹਨ ਉਥੇ ਸਾਹਿਤਕ ਰਚਨਾਵਾਂ ਕਾਵਿਕ-ਸੱਚ ਨੂੰ ਪ੍ਰਗਟ ਕਰਦੀਆਂ ਹਨ। ਜਿਥੇ ਵਿਗਿਆਨਕ ਸੱਚ ਸਥੂਲ ਹੁੰਦਾ ਹੈ, ਉਥੇ ਕਾਵਿਕ ਸੱਚ ਤਰਲ ਤੇ ਸੂਖ਼ਮ ਹੁੰਦਾ ਹੈ। ਕਾਵਿਕ-ਸੱਚ ਵਿੱਚ ਭਾਵਾਂ ਦੀ ਤਰਲਤਾ ਅਤੇ ਕਲਪਨਾ ਦੀ ਸੂਖ਼ਮਤਾ ਰਲੀ ਹੁੰਦੀ ਹੈ। ਸਾਹਿਤ ਨੂੰ ਮੁੱਖ ਤੌਰ 'ਤੇ ਦੋ ਵਰਗਾਂ ਵਿੱਚ ਵੰਡਿਆ ਜਾਂਦਾ ਹੈ :-

1. ਪਦ 2. ਗੱਦ

ਪਦ ਜਾਂ ਕਾਵਿ ਨੂੰ ਇਕ ਵਿਦਵਾਨ ਹਿਊਮ ਨੇ 'ਮਨੁੱਖਤਾ ਦੀ ਮਾਤ-ਭਾਸ਼ਾ'[1] ਆਖਿਆ ਹੈ।

ਮਹਾਨ ਅੰਗ੍ਰੇਜ਼ੀ ਕਵੀ ਸ਼ੈਲੇ ਅਨੁਸਾਰ, ''ਇਕ ਕਵੀ ਹਨੇਰੇ ਵਿੱਚ ਬੈਠੀ ਬੁਲਬੁਲ ਵਾਂਗ ਹੁੰਦਾ ਹੈ ਜਿਹੜੀ ਆਪਣੀ ਇਕੱਲਤਾ ਨੂੰ ਮਿੱਠੀਆਂ ਸੁਰਾਂ ਨਾਲ ਭਰਪੂਰ ਕਰਨ ਦੀ ਕੋਸ਼ਿਸ਼ ਕਰਦੀ ਹੈ।''[2]

ਕਵਿਤਾ ਆਮ ਤੌਰ 'ਤੇ ਛੰਦ-ਬੱਧ ਸਾਹਿਤਕ ਰਚਨਾ ਹੁੰਦੀ ਹੈ ਜਿਸ ਵਿੱਚ ਬੁੱਧੀ ਦੀ ਥਾਂ ਭਾਵਾਂ ਦੀ ਪ੍ਰਧਾਨਤਾ ਹੁੰਦੀ ਹੈ। ਇਸ ਦੇ ਉਲਟ ਵਾਰਤਕ ਜਾਂ ਗੱਦ ਸਾਧਾਰਨ ਬੋਲ ਚਾਲ ਦੀ ਭਾਸ਼ਾ ਵਿੱਚ ਕੀਤੀ ਹੋਈ ਇਕ ਛੰਦ-ਰਹਿਤ ਰਚਨਾ ਹੁੰਦੀ ਹੈ ਜਿਸ ਵਿੱਚ ਭਾਵਾਂ ਦੀ ਥਾਂ ਬੁੱਧੀ ਤੇ ਦਲੀਲ ਦੀ ਪ੍ਰਧਾਨਤਾ ਹੁੰਦੀ ਹੈ। ਜਿੱਥੇ ਕਾਵਿ ਦੀ ਰਚਨਾ ਕਰਨ ਵਾਲਾ ਲੇਖਕ ਲੈਅ, ਤਾਲ ਅਤੇ ਤੁਕਾਂਤ ਆਦਿ ਦਾ ਵਿਸ਼ੇਸ਼ ਤੌਰ 'ਤੇ ਧਿਆਨ ਰਖਦਾ ਹੈ, ਉਥੇ ਵਾਰਤਕ ਜਾਂ ਗੱਦ-ਲੇਖਕ ਨੂੰ ਇਸ ਤਰ੍ਹਾਂ ਦੀ ਪਾਬੰਦੀ ਸਵੀਕਾਰ ਕਰਨ ਦੀ ਜ਼ਰੂਰਤ ਨਹੀਂ। ਲੈਅ, ਸੁਰ, ਤਾਲ ਤੇ ਤੁਕਾਂਤ ਪੈਦਾ ਕਰਨ ਅਰਥਾਤ ਕਾਵਿਕ-ਵਾਯੂਮੰਡਲ ਉਤਪੰਨ ਕਰਨ ਲਈ ਕਾਵਿਕ-ਰਚਨਾ ਵਿੱਚ ਸ਼ਬਦ-ਚੋਣ, ਸ਼ਬਦ-ਜੜ੍ਹਤ ਅਤੇ ਪਿੰਗਲ ਦਾ ਵਿਸ਼ੇਸ਼ ਧਿਆਨ ਰੱਖਣਾ ਪੈਂਦਾ ਹੈ। ਇਸ ਪਾਬੰਦੀ ਦੇ ਪਰਿਣਾਮ-ਸਰੂਪ ਕਾਵਿ ਵਿੱਚ ਸੁੰਦਰ ਸ਼ਬਦਾਂ ਦੀ ਵਰਤੋਂ ਸੁੰਦਰ ਢੰਗ ਨਾਲ ਕਰਨੀ ਪੈਂਦੀ ਹੈ। ਇਸ ਪ੍ਰਕਾਰ ਕਾਵਿ ਵਿੱਚ ਬਿੰਬਾਂ, ਪ੍ਰਤੀਕਾਂ ਅਤੇ ਅਲੰਕਾਰਾਂ ਦੀ ਹੋਂਦ ਜ਼ਰੂਰੀ ਹੋ ਜਾਂਦੀ ਹੈ। ਲੈਅ, ਤਾਲ, ਤੋਲ ਅਤੇ ਤੁਕਾਂਤ ਦੀ ਹੋਂਦ ਕਾਰਨ ਕਾਵਿਕ-ਰਚਨਾਵਾਂ ਵਿੱਚ ਗੱਦ-ਰਚਨਾਵਾਂ ਦੇ ਟਾਕਰੇ 'ਤੇ ਵਧੇਰੇ ਰਸ ਉਤਪੰਨ

1. Poetry is the mother-tongue of Mankind.
2. A Poet is a nightingale who sits in darkness and sings to cheer its own solitude with sweet songs.

ਹੋ ਜਾਂਦਾ ਹੈ।

ਵਾਰਤਕ ਨੂੰ ਭਾਸ਼ਾ ਦੇ ਵਿਆਕਰਣਕ ਨਿਯਮਾਂ ਦੀ ਪਾਲਣਾ ਕਰਨ ਦੀ ਮਜਬੂਰੀ ਹੁੰਦੀ ਹੈ ਪਰੰਤੂ ਕਵਿਤਾ ਇਨ੍ਹਾਂ ਵਿਆਕਰਣ ਨਿਯਮਾਂ ਦੀ ਕੈਦ ਤੋਂ ਮੁਕਤ ਹੈ। ਕਵਿਤਾ ਵਿੱਚ ਤੁਕਾਂਤ ਪੈਦਾ ਕਰਨ ਦੀ ਮਜਬੂਰੀ ਕਾਰਨ ਕਈ ਵਾਰੀ ਸ਼ਬਦਾਂ ਨੂੰ ਭੰਨ ਤੋੜ ਕੇ ਅਜਿਹੇ ਰੂਪ ਵਿੱਚ ਵੀ ਵਰਤ ਲਿਆ ਜਾਂਦਾ ਹੈ ਜਿਹੜਾ ਰੂਪ ਵਿਆਕਰਣਕ ਤੌਰ 'ਤੇ ਅਸ਼ੁੱਧ ਹੁੰਦਾ ਹੈ ਪਰ ਵਾਰਤਕ ਵਿੱਚ ਇਸ ਪ੍ਰਕਾਰ ਦੀ ਕੋਈ ਭੰਨ ਤੋੜ ਨਹੀਂ ਕੀਤੀ ਜਾ ਸਕਦੀ।

ਭਾਵਾਂ ਤੇ ਕਲਪਨਾ ਦੀ ਬਹੁਲਤਾ ਕਾਰਨ ਕਵਿਤਾ ਨੂੰ ਦਿਲ ਦੀ ਹੂਕ ਅਤੇ ਉਸ ਦੇ ਟਾਕਰੇ ਉੱਤੇ ਵਿਚਾਰਾਂ ਤੇ ਬੁੱਧੀ ਦੀ ਬਹੁਲਤਾ ਕਰਕੇ ਵਾਰਤਕ ਨੂੰ ਦਿਮਾਗ ਦੀ ਬੋਲੀ ਆਖਿਆ ਜਾਂਦਾ ਹੈ। ਪਰ ਕਿਉਂਕਿ ਭਾਵਾਂ ਦਾ ਸਹੀ ਤੌਰ 'ਤੇ ਨਿਰੂਪਣ ਕਰਨ ਲਈ ਸੌ ਫੀ ਸਦੀ ਢੁਕਵੇਂ ਸ਼ਬਦ ਮਿਲਣੇ ਔਖੇ ਹੋ ਜਾਂਦੇ ਹਨ, ਇਸ ਲਈ ਕਵਿਤਾ ਵਿੱਚ ਇਨ੍ਹਾਂ ਭਾਵਾਂ ਨੂੰ ਸੰਕੇਤਾਂ, ਬਿੰਬਾਂ ਅਤੇ ਕਲਪਨਾ-ਚਿੱਤਰਾਂ ਦੀ ਸਹਾਇਤਾ ਨਾਲ ਪ੍ਰਗਟ ਕਰਨ ਦਾ ਜਤਨ ਕੀਤਾ ਜਾਂਦਾ ਹੈ। ਇਸ ਦੇ ਫ਼ਲਸਰੂਪ ਕਵਿਤਾ ਵਿੱਚ ਵਿਸਥਾਰ ਦੀ ਥਾਂ ਸੰਜਮ ਅਤੇ ਫੈਲਾਅ ਦੀ ਥਾਂ ਸੰਕੇਤ ਆ ਜਾਂਦਾ ਹੈ। ਇਸ ਦੇ ਟਾਕਰੇ ਉਤੇ ਵਾਰਤਕ ਵਿੱਚ ਵਿਚਾਰਾਂ ਨੂੰ ਨਿਆਇ-ਯੁਕਤ ਅਤੇ ਦਲੀਲ-ਸਹਿਤ ਪੇਸ਼ ਕੀਤਾ ਜਾਂਦਾ ਹੈ। ਵਿਚਾਰ ਤੇ ਦਲੀਲ ਦੀ ਪੁਸ਼ਟੀ ਲਈ ਉਦਾਹਰਣਾਂ ਅਤੇ ਦ੍ਰਿਸ਼ਟਾਂਤ ਦੇਣੇ ਪੈਂਦੇ ਹਨ ਇਸ ਕਰਕੇ ਵਾਰਤਕ ਵਿੱਚ ਵਿਸਥਾਰ ਤੇ ਫੈਲਾਅ ਆ ਜਾਂਦਾ ਹੈ।

ਇਸ ਵਿਚਾਰ ਤੋਂ ਕਦਾਚਿਤ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਨਿਰੋਲ ਬੋਲ-ਚਾਲ ਵਿੱਚ ਵਰਤੇ ਜਾਂਦੇ ਵਾਕ ਵਾਰਤਕ ਨੂੰ ਜਨਮ ਦੇ ਸਕਦੇ ਹਨ। ਸਾਹਿਤ ਦਾ ਇਕ ਰੂਪ ਹੋਣ ਦੇ ਨਾਤੇ ਵਾਰਤਕ ਵਿੱਚ ਅਜਿਹੇ ਸਾਰੇ ਗੁਣ ਹੋਣੇ ਚਾਹੀਦੇ ਹਨ ਜਿਹੜੇ ਕਿਸੇ ਕ੍ਰਿਤ ਨੂੰ ਸਾਹਿਤ ਬਣਾਉਂਦੇ ਹਨ। ਜਿਵੇਂ ਅਸੀਂ ਉਪਰ ਜ਼ਿਕਰ ਕਰ ਆਏ ਹਾਂ, ਗਿਆਨ ਵਿਗਿਆਨ ਤੇ ਸਮਾਜਕ ਸ਼ਾਸਤਰ ਦੀਆਂ ਪੁਸਤਕਾਂ ਨੂੰ ਨਿਰੋਲ ਸਾਹਿਤ ਦਾ ਅੰਗ ਨਹੀਂ ਮੰਨਿਆ ਜਾਂਦਾ। ਇੱਥੇ ਇਹ ਗੱਲ ਦੱਸ ਦੇਣੀ ਵੀ ਜ਼ਰੂਰੀ ਜਾਪਦੀ ਹੈ ਕਿ ਭਾਵੇਂ ਗਿਆਨ, ਵਿਗਿਆਨ ਤੇ ਸਮਾਜਕ ਸ਼ਾਸਤਰ ਨਾਲ ਸੰਬੰਧਿਤ ਰਚਨਾਵਾਂ ਆਮ ਤੌਰ 'ਤੇ ਵਾਰਤਕ ਵਿੱਚ ਲਿਖੀਆਂ ਜਾਂਦੀਆਂ ਹਨ ਪਰ ਇਨ੍ਹਾਂ ਨੂੰ ਸਾਹਿਤਕ ਸ਼ਬਦਾਵਲੀ ਵਿੱਚ ਵਾਰਤਕ ਕਹਿਣਾ ਉਚਿਤ ਨਹੀਂ। ਇਸ ਕਿਸਮ ਦੀਆਂ ਰਚਨਾਵਾਂ ਨਿਰਸੰਦੇਹ ਮਨੁੱਖ ਦੀ ਬੌਧਿਕ ਸੰਤੁਸ਼ਟਤਾ ਕਰਦੀਆਂ ਹਨ ਪਰ ਉਹ ਆਮ ਤੌਰ 'ਤੇ ਸੁਹਜ-ਸੁਆਦ ਪ੍ਰਦਾਨ ਨਹੀਂ ਕਰਦੀਆਂ। ਉਹ ਨਾ ਤਾਂ ਪਾਠਕ ਦੇ ਭਾਵਾਂ ਨੂੰ ਟੁੰਭਦੀਆਂ ਹਨ ਤੇ ਨਾ ਹੀ ਉਸ ਦੀ ਕਲਪਣਾ ਨੂੰ ਪ੍ਰਚੰਡ ਕਰਦੀਆਂ ਹਨ। ਇਸੇ ਕਰਕੇ ਉਹ ਸਾਹਿਤਕ ਮਾਪ-ਦੰਡਾਂ ਅਨੁਸਾਰ ਸਾਹਿਤ ਦੇ ਖੇਤਰ ਵਿੱਚ ਨਹੀਂ ਆਉਂਦੀਆਂ ਪਰ ਜਦੋਂ ਅਸੀਂ ਕਿਸੇ ਵਾਰਤਕ ਰਚਨਾ ਦਾ ਪਾਠ ਕਰਦੇ ਹਾਂ ਤਾਂ ਕੇਵਲ ਸਾਨੂੰ ਕਿਸੇ ਵਿਸ਼ੇ ਸੰਬੰਧੀ ਜਾਣਕਾਰੀ ਹੀ ਪ੍ਰਾਪਤ ਨਹੀਂ ਹੁੰਦੀ ਸਗੋਂ ਨਾਲ ਹੀ ਨਾਲ ਸਾਡੀ ਸੁਹਜ-ਭੁੱਖ ਦੀ ਤ੍ਰਿਪਤੀ ਵੀ ਹੁੰਦੀ ਹੈ। ਇਸ ਦੇ ਨਾਲ ਹੀ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਜਿਨ੍ਹਾਂ ਕ੍ਰਿਤਾਂ ਦਾ ਵਿਸ਼ਾ ਭਾਵੇਂ ਵਿਗਿਆਨਕ, ਦਾਰਸ਼ਨਿਕ, ਰਾਜਨੀਤਕ, ਮਨੋਵਿਗਿਆਨਕ ਅਤੇ ਧਾਰਮਿਕ ਆਦਿ ਹੋਵੇ ਜੇਕਰ ਉਨ੍ਹਾਂ ਵਿੱਚ ਵਿਸ਼ੇ ਦਾ ਨਿਰੂਪਣ ਸਾਹਿਤਕ ਢੰਗ ਨਾਲ ਕੀਤਾ ਗਿਆ ਹੋਵੇ ਤਾਂ ਅਜਿਹੀਆਂ ਕ੍ਰਿਤਾਂ ਸਾਹਿਤ ਖੇਤਰ ਦਾ ਅੰਗ ਹੁੰਦੀਆਂ ਹਨ ਤੇ ਜੇਕਰ ਉਹ ਵਾਰਤਕ ਵਿੱਚ ਕੀਤੀਆਂ ਗਈਆਂ ਹੋਣ ਤਾਂ ਉਨ੍ਹਾਂ ਦੀ ਵਾਰਤਕ ਸਾਹਿਤਕ ਵਾਰਤਕ ਹੁੰਦੀ ਹੈ। ਇਸ ਲਈ ਵਾਰਤਕ ਦਾ ਵਿਸ਼ਾ ਕੋਈ ਵੀ ਹੋ ਸਕਦਾ ਹੈ। ਵਿਸ਼ੇ ਦੇ ਪੱਖੋਂ ਇਸ ਉੱਤੇ ਕੋਈ ਪਾਬੰਦੀ ਨਹੀਂ। ਹਾਂ ਉਸ ਵਿਸ਼ੇ ਦਾ ਪ੍ਰਗਟਾਅ ਕਲਾਤਮਕ ਹੋਣਾ ਜ਼ਰੂਰੀ ਹੈ।

ਇਸ ਵਿਚਾਰ ਉਪਰੰਤ ਅਸੀਂ ਵਾਰਤਕ ਦੀ ਪਰਿਭਾਸ਼ਾ ਇਸ ਤਰ੍ਹਾਂ ਕਰ ਸਕਦੇ ਹਾਂ :

ਵਾਰਤਕ ਸਾਹਿਤ ਦਾ ਉਹ ਰੂਪ ਹੈ ਜਿਸ ਵਿੱਚ ਕਿਸੇ ਵਿਸ਼ੇ ਦਾ ਪ੍ਰਗਟਾਅ ਸਾਧਾਰਨ ਬੋਲ ਚਾਲ ਦੇ ਨੇੜੇ ਦੀ ਭਾਸ਼ਾ ਵਿਚ ਅਜਿਹੇ ਬੌਧਿਕ ਅਤੇ ਨਿਆਇ-ਯੁਕਤ ਢੰਗ ਨਾਲ ਕੀਤਾ ਜਾਂਦਾ ਹੈ ਕਿ ਉਸ ਵਿੱਚ ਭਾਵਾਂ ਦੀ ਥਾਂ ਬੁੱਧੀ ਅਤੇ ਕਲਪਣਾ ਦੀ ਥਾਂ ਤਰਕ ਦੀ ਪ੍ਰਧਾਨਤਾ ਹੋਵੇ, ਵਿਆਕਰਣਕ ਨਿਯਮਾਂ ਦੀ ਪਾਲਣਾ ਕਰੇ ਪਰ ਇੰਝ ਕਰਨ ਦੇ ਬਾਵਜੂਦ ਪਾਠਕ ਨੂੰ ਸੁਹਜ ਸੁਆਦ ਦੇਵੇ ਅਤੇ ਸਾਹਿਤ ਦੇ ਆਮ ਗੁਣਾਂ

ਦੀ ਧਾਰਨੀ ਹੋਵੇ।

ਇਸ ਪਰਿਭਾਸ਼ਾ ਦੀ ਕਸਵੱਟੀ 'ਤੇ ਪਰਖਿਆਂ ਅਜਿਹੀਆਂ ਲੈਅ, ਤੋਲ-ਤੁਕਾਂਤ ਅਤੇ ਛੰਦ-ਰਹਿਤ ਰਚਨਾਵਾਂ ਜਿਹੜੀਆਂ ਕਿਸੇ ਵਿਸ਼ੇ ਦਾ ਬੌਧਿਕ ਵਿਸ਼ਲੇਸ਼ਣ ਕਰਦੀਆਂ ਹੋਈਆਂ ਸੁਹਜ-ਸੁਆਦ ਵੀ ਦਿੰਦੀਆਂ ਹਨ, ਵਾਰਤਕ ਖੇਤਰ ਵਿੱਚ ਗਿਣੀਆਂ ਜਾਂਦੀਆਂ ਹਨ ਜਿਵੇਂ ਪ੍ਰਸਿੱਧ ਅੰਗਰੇਜ਼ੀ ਨਾਵਲਕਾਰ ਐਚ.ਜੀ.ਵੈਲਜ਼ ਦੀਆਂ ਰਚਨਾਵਾਂ।

## 1.2.4 ਵਾਰਤਕ ਦੇ ਤੱਤ

ਜਿੱਥੇ ਕਵਿਤਾ ਦੇ ਚਾਰ ਮੁੱਖ ਤੱਤ ਭਾਵ ਤੱਤ, ਕਲਪਨਾ ਤੱਤ, ਬੁੱਧੀ ਤੱਤ ਅਤੇ ਸ਼ੈਲੀ-ਤੱਤ ਮੰਨੇ ਜਾਂਦੇ ਹਨ ਉਥੇ ਵਾਰਤਕ ਵਿੱਚ ਹੇਠ ਲਿਖੇ ਤੱਤਾਂ ਦੀ ਹੋਂਦ ਜ਼ਰੂਰੀ ਖਿਆਲ ਕੀਤੀ ਜਾਂਦੀ ਹੈ :-

### 1.2.4.1 ਬੁੱਧੀ ਤੱਤ

ਵਾਰਤਕ ਦੀ ਪਰਿਭਾਸ਼ਾ ਵਿੱਚ ਇਸ ਤੱਤ ਦਾ ਉਲੇਖ ਆ ਚੁੱਕਾ ਹੈ। ਜਿੱਥੇ ਕਵਿਤਾ ਵਿੱਚ ਭਾਵਾਂ ਤੇ ਕਲਪਨਾ ਨੂੰ ਪ੍ਰਧਾਨ ਸਥਾਨ ਪ੍ਰਾਪਤ ਹੈ, ਉਥੇ ਵਾਰਤਕ ਵਿੱਚ ਬੁੱਧੀ ਨੂੰ ਪ੍ਰਮੁੱਖ ਸਮਝਿਆ ਜਾਂਦਾ ਹੈ। ਵਾਰਤਕ ਵਿੱਚ ਵਿਸ਼ੇ ਨੂੰ ਬੌਧਿਕ ਪੱਧਰ 'ਤੇ ਬਿਆਨ ਕੀਤਾ ਜਾਂਦਾ ਹੈ ਤੇ ਉਸ ਦੀ ਸਪਸ਼ਟਤਾ ਲਈ ਦਲੀਲਾਂ ਅਤੇ ਤਰਕਾਂ ਦਾ ਸਹਾਰਾ ਲਿਆ ਜਾਂਦਾ ਹੈ। ਸੰਸਾਰ ਦੇ ਸਭ ਤੋਂ ਪਹਿਲੇ ਆਲੋਚਕ ਅਰਸਤੂ ਨੇ ਜਿੱਥੇ ਆਪਣੀ ਮਹਾਨ ਰਚਨਾ 'ਕਾਵਿ ਸ਼ਾਸਤਰ' (Poetics) ਵਿੱਚ ਮਹਾਂ ਕਾਵਿ ਤੇ ਦੁਖਾਂਤ ਨਾਟਕ ਬਾਰੇ ਭਰਪੂਰ ਚਰਚਾ ਕੀਤੀ ਹੈ, ਉਥੇ ਵਖਿਆਨ ਸ਼ਾਸਤਰ (Rhotoric) ਸੰਬੰਧੀ ਵੀ ਕਾਫ਼ੀ ਕੁੱਝ ਲਿਖਿਆ ਹੈ। ਅਸੀਂ ਆਪ ਵੇਖਦੇ ਹਾਂ ਕਿ ਵਖਿਆਨ ਕਰਤਾ ਵਖਿਆਨ ਨੂੰ ਵਧੇਰੇ ਮਨੋਰੰਜਕ, ਪ੍ਰਭਾਵਸ਼ਾਲੀ ਤੇ ਸ਼ਕਤੀਸ਼ਾਲੀ ਬਨਾਉਣ ਦਾ ਪੂਰਾ ਜਤਨ ਕਰਦੇ ਹਨ। ਇਕ ਚੰਗੇ ਵਖਿਆਨ ਵਿੱਚ ਵੀ ਚੰਗੀ ਵਾਰਤਕ ਦੇ ਤੱਤ ਬਹੁਤ ਸੁਹਣੀ ਤਰ੍ਹਾਂ ਸੰਮਿਲਤ ਹੁੰਦੇ ਹਨ।

ਵਾਰਤਕ ਕਿਉਂਕਿ ਦਿਮਾਗ ਦੀ ਬੋਲੀ ਹੈ, ਇਸ ਲਈ ਉਸ ਵਿੱਚ ਬੁੱਧੀ ਦੀ ਪ੍ਰਧਾਨਤਾ ਦਾ ਹੋਣਾ ਕੁਦਰਤੀ ਗੱਲ ਹੈ। ਹਰ ਵਿਚਾਰ ਨੂੰ ਯੁਕਤੀ-ਸੰਗਤ ਤਾਂ ਹੀ ਪ੍ਰਗਟ ਕੀਤਾ ਜਾ ਸਕਦਾ ਹੈ ਜੇਕਰ ਲੇਖਕ ਉਸ ਨੂੰ ਆਪਣੀ ਦਿਮਾਗੀ ਟਕਸਾਲ ਵਿੱਚ ਪੂਰੀ ਤਰ੍ਹਾਂ ਭੰਨ-ਘੜ ਲਵੇ। ਬੁੱਧੀ ਦਾ ਖੇਤਰ ਗਿਆਨ ਦਾ ਖੇਤਰ ਹੈ। ਇਸ ਲਈ ਕਈ ਵਿਦਵਾਨ 'ਬੁੱਧੀ ਤੱਤ' ਦੀ ਥਾਂ 'ਗਿਆਨ ਤੱਤ' ਨੂੰ ਵਾਰਤਕ ਦਾ ਜ਼ਰੂਰੀ ਤੱਤ ਸਮਝਦੇ ਹਨ। ਇਨ੍ਹਾਂ ਵਿੱਚ ਕੋਈ ਭਿੰਨ ਭੇਦ ਨਹੀਂ। ਗਿਆਨ ਬੁੱਧੀ ਦੇ ਸਹਾਰੇ ਹੀ ਪ੍ਰਗਟ ਹੁੰਦਾ ਹੈ। ਬੁੱਧੀ ਹੀ ਨਿਆਇ ਅਤੇ ਤਰਕ ਨੂੰ ਜਨਮ ਦਿੰਦੀ ਹੈ। ਨਿਆਇ ਅਤੇ ਤਰਕ ਦੇ ਸਹਾਰੇ ਵਿਸ਼ੇ ਦੇ ਪੱਖ ਵਿੱਚ ਅਤੇ ਉਸ ਦੇ ਵਿਰੋਧ ਵਿੱਚ ਦਲੀਲਾਂ ਦਿੱਤੀਆਂ ਜਾ ਸਕਦੀਆਂ ਹਨ ਤਾਂ ਜੋ ਵਿਸ਼ੇ ਨੂੰ ਹਰ ਪ੍ਰਕਾਰ ਸਪਸ਼ਟ ਰੂਪ ਵਿੱਚ ਪੇਸ਼ ਕੀਤਾ ਜਾ ਸਕੇ। ਸੰਭਵ ਜਾਂ ਅਸੰਭਵ ਦੀ ਪਛਾਣ ਬੁੱਧੀ ਤੱਤ ਰਾਹੀਂ ਹੀ ਕੀਤੀ ਜਾ ਸਕਦੀ ਹੈ। ਪੁਰਾਤਨ ਕਾਲ ਵਿੱਚ ਮਨੁੱਖ ਦੀ ਬੁੱਧੀ ਘੱਟ ਵਿਕਸ਼ਿਤ ਸੀ ਜਿਸ ਕਰਕੇ ਪੁਰਾਤਨ ਕਾਲ ਦੀਆਂ ਰਚਨਾਵਾਂ ਵਿੱਚ ਅਸੰਭਵ ਘਟਨਾਵਾਂ, ਕਰਾਮਾਤਾਂ ਅਤੇ ਨਾ ਮੰਨਣ ਯੋਗ ਗੱਲਾਂ ਦਾ ਜ਼ਿਕਰ ਵੀ ਹੁੰਦਾ ਹੈ। ਇਨ੍ਹਾਂ ਦੇ ਫ਼ਲਸਰੂਪ ਪੁਰਾਤਨ ਲਿਖਤਾਂ ਵਿੱਚ ਕਾਵਿਕ ਅੰਸ਼ ਦੀ ਬਹੁਲਤਾ ਹੁੰਦੀ ਸੀ ਕਿਉਂਕਿ ਉਦੋਂ ਅਜੇ ਕਵਿਤਾ ਹੀ ਹੋਂਦ ਵਿੱਚ ਆਈ ਸੀ। ਜਦੋਂ ਵਾਰਤਕ ਲਿਖਣੀ ਆਰੰਭ ਹੋਈ ਤਾਂ ਵੀ ਉਸ ਵਿੱਚ ਬੁੱਧੀ ਦੇ ਨਾਲ-ਨਾਲ ਭਾਵਾਂ ਦੀ ਚਾਸ਼ਨੀ ਵੀ ਅਧਿਕ ਹੁੰਦੀ ਸੀ। ਇਸ ਦੇ ਪਰਿਣਾਮ ਸਰੂਪ ਪੁਰਾਤਨ ਵਾਰਤਕ ਕਾਵਿ-ਮਈ ਹੁੰਦੀ ਸੀ। ਆਧੁਨਿਕ ਕਾਲ ਵਿੱਚ ਵਾਰਤਕ ਵਿੱਚ ਬੁੱਧੀ ਤੱਤ ਨੂੰ ਸਭ ਤੋਂ ਉੱਚਾ ਸਥਾਨ ਦਿੱਤਾ ਜਾਂਦਾ ਹੈ ਤੇ ਇਹੀ ਤੱਤ ਇਸ ਸਾਹਿਤ ਰੂਪ ਨੂੰ ਕਵਿਤਾ ਤੋਂ ਵਖਰਿਆਉਂਦਾ ਹੈ। ਕਿਸੇ ਵਰਣਨ ਯੋਗ ਵਸਤੂ ਨੂੰ ਕ੍ਰਮ ਅਤੇ ਸੰਗਤੀ ਪ੍ਰਦਾਨ ਕਰਨਾ ਬੁੱਧੀ ਦਾ ਹੀ ਕੰਮ ਹੈ। ਇਸੇ ਤਰ੍ਹਾਂ ਭਾਵਾਂ ਨੂੰ ਸਪਸ਼ਟ ਕਰਨ ਦਾ ਕੰਮ ਵੀ ਬੁੱਧੀ ਤੱਤ ਹੀ ਕਰਦਾ ਹੈ।

ਕਵਿਤਾ ਵਿੱਚ ਕਈ ਵਿਚਾਰ ਜਾਂ ਭਾਵ ਅਸਪਸ਼ਟ ਜਾਂ ਧੁੰਦਲੇ ਵੀ ਰਹਿ ਜਾਇਆ ਕਰਦੇ ਹਨ ਕਿਉਂ ਜੋ ਉਥੇ ਭਾਵ ਤੇ ਕਲਪਨਾ ਬੁੱਧੀ ਉੱਤੇ ਭਾਰੂ ਹੁੰਦੇ ਹਨ ਪਰ ਵਾਰਤਕ ਵਿੱਚ ਅਸਪਸ਼ਟਤਾ ਦੀ ਆਗਿਆ ਨਹੀਂ

ਦਿੱਤੀ ਜਾ ਸਕਦੀ। ਹਰ ਵਿਚਾਰ ਨੂੰ ਪੂਰੀ ਤਰ੍ਹਾਂ ਖੋਲ੍ਹ ਕੇ ਬਿਆਨ ਕਰਨਾ ਪੈਂਦਾ ਹੈ। ਜੇਕਰ ਭਾਵ ਤੇ ਕਲਪਨਾ ਦੇ ਕੁਝ ਅੰਸ਼ ਵਾਰਤਕ ਵਿੱਚ ਆ ਵੀ ਜਾਣ ਤਾਂ ਵੀ ਉਹ ਬੁੱਧੀ ਦੇ ਅਧੀਨ ਹੁੰਦੇ ਹਨ। ਇਸ ਲਈ ਵਾਰਤਕ ਬੁੱਧੀ ਤੱਤ ਦੇ ਸਹਾਰੇ ਪਾਠਕ ਨੂੰ ਸੌਖਿਆਂ ਹੀ ਸਮਝ ਆ ਜਾਂਦੀ ਹੈ।

**1.2.4.2 ਭਾਵ-ਤੱਤ**

ਭਾਵੇਂ ਵਾਰਤਕ ਵਿੱਚ ਬੁੱਧੀ ਤੱਤ ਦਾ ਪ੍ਰਮੁੱਖ ਸਥਾਨ ਹੈ ਪਰ ਕਿਉਂ ਜੋ ਵਾਰਤਕ ਸਾਹਿਤ ਦਾ ਇੱਕ ਰੂਪ ਹੈ ਤੇ ਇਸ ਨੇ ਪਾਠਕ ਨੂੰ ਹਿਲੂਣਨਾ ਹੈ, ਪ੍ਰੇਰਨਾ ਹੈ, ਇਸ ਵਿੱਚ ਭਾਵ-ਤੱਤ ਦੀ ਹੋਂਦ ਵੀ ਜ਼ਰੂਰੀ ਹੈ। ਇਸ ਤੱਤ ਦੀ ਮਾਤਰਾ ਏਨੀ ਕੁ ਹੋਣੀ ਚਾਹੀਦੀ ਹੈ ਕਿ ਵਾਰਤਕ ਲਿਖਾਰੀ ਦੀ ਰਚਨਾ ਪਾਠਕ ਨੂੰ ਟੁੰਭ ਸਕੇ ਅਤੇ ਉਹ ਆਪਣੇ ਮਾਨਸਿਕ ਵਿਚਾਰਾਂ ਨੂੰ ਪਾਠਕ ਨਾਲ ਇਸ ਤਰ੍ਹਾਂ ਸਾਂਝਿਆਂ ਕਰੇ ਕਿ ਪਾਠਕ ਸੁੱਤੇ -ਸਿਧ ਹੀ ਉਨ੍ਹਾਂ ਦਾ ਅਸਰ ਕਬੂਲ ਕਰ ਸਕੇ। ਭਾਵਾਂ ਦੀ ਅਣਹੋਂਦ ਵਾਰਤਕ ਨੂੰ ਖੁਸ਼ਕ, ਰੁੱਖੀ, ਨੀਰਸ, ਨਾ ਪੜ੍ਹਨ ਯੋਗ ਅਤੇ ਅਕਾਊ ਬਣਾ ਸਕਦੀ ਹੈ। ਵਿਗਿਆਨ, ਅਰਥ ਸ਼ਾਸਤਰ, ਦਰਸ਼ਨ, ਮਨੋਵਿਗਿਆਨ ਆਦਿ ਵਿਸ਼ਿਆਂ ਦੀਆਂ ਰਚਨਾਵਾਂ ਵਿੱਚ ਬੁੱਧੀ ਤੱਤ ਤਾਂ ਹੁੰਦਾ ਹੈ ਪਰ ਭਾਵ-ਤੱਤ ਨਹੀਂ ਹੁੰਦਾ। ਇਸ ਕਰ ਕੇ ਅਸੀਂ ਇਨ੍ਹਾਂ ਖੇਤਰਾਂ ਦੀਆਂ ਰਚਨਾਵਾਂ ਨੂੰ ਸਾਹਿਤ ਖੇਤਰ ਵਿੱਚ ਨਹੀਂ ਗਿਣਦੇ। ਕਿਸੇ ਵਾਰਤਕ ਰਚਨਾ ਨੂੰ ਸਾਹਿਤ ਵਿੱਚ ਤਾਂ ਹੀ ਸਥਾਨ ਮਿਲ ਸਕਦਾ ਹੈ ਜੇਕਰ ਉਸ ਵਿੱਚ ਭਾਵ-ਤੱਤ ਮੌਜੂਦ ਹੋਵੇ। ਉਹ ਹੋਵੇ ਤਾਂ ਬੁੱਧੀ-ਤੱਤ ਦੇ ਅਧੀਨ ਪਰ ਹੋਵੇ ਜ਼ਰੂਰ। ਉਸ ਦੀ ਹੋਂਦ ਰਚਨਾ ਨੂੰ ਨਿਰੋਲ ਬੌਧਿਕ ਨਹੀਂ ਰਹਿਣ ਦਿੰਦੀ, ਕਲਾਤਮਕ ਬਣਾ ਦਿੰਦੀ ਹੈ ਤੇ ਅਸੀਂ ਜਾਣਦੇ ਹਾਂ ਕਿ ਕਲਾਤਮਕਤਾ ਹੀ ਕਿਸੇ ਰਚਨਾ ਨੂੰ ਸਾਹਿਤ ਵਿੱਚ ਸਨਮਾਨ ਯੋਗ ਥਾਂ ਦਿਵਾਉਣ ਦਾ ਕਾਰਨ ਬਣਦੀ ਹੈ।

**1.2.4.3 ਭਾਸ਼ਾਈ ਤੱਤ**

ਵਿਚਾਰਾਂ ਤੇ ਭਾਵਾਂ ਨੂੰ ਸਪਸ਼ਟ ਰੂਪ ਵਿੱਚ ਪ੍ਰਗਟ ਕਰਨ ਲਈ ਵਾਰਤਕ ਲਿਖਾਰੀ ਨੂੰ ਭਾਸ਼ਾ ਦਾ ਸਹਾਰਾ ਲੈਣਾ ਪੈਂਦਾ ਹੈ। ਜਿੱਥੇ ਕਵਿਤਾ ਵਿੱਚ ਲੈਅ, ਤਾਲ ਤੇ ਤੁਕਾਂਤ ਦੀ ਬੰਦਸ਼ ਕਰਕੇ ਭਾਸ਼ਾ ਦੀ ਵਰਤੋਂ ਵਿੱਚ ਵਿਆਕਰਣਕ ਨਿਯਮਾਂ ਦੀ ਉਲੰਘਣਾ ਵੀ ਮੁਆਫ਼ ਕੀਤੀ ਜਾ ਸਕਦੀ ਹੈ, ਉਥੇ ਵਾਰਤਕ ਵਿੱਚ ਇਹ ਛੋਟ ਨਹੀਂ ਦਿੱਤੀ ਜਾ ਸਕਦੀ। ਭਾਸ਼ਾ ਦੀ ਵਰਤੋਂ ਹੀ ਕਿਸੇ ਲਿਖਾਰੀ ਨੂੰ ਸਾਹਿੱਤ-ਖੇਤਰ ਵਿੱਚ ਉੱਚਾ ਸਥਾਨ ਦਿਵਾ ਸਕਦੀ ਹੈ। ਭਾਸ਼ਾਈ ਤੱਤਾਂ ਨੂੰ ਹੇਠ ਲਿਖੇ ਉਪਲੇਖਾਂ ਅਧੀਨ ਵਿਚਾਰਿਆ ਜਾ ਸਕਦਾ ਹੈ :-

**(ੳ) ਸ਼ਬਦ** : ਸ਼ਬਦ ਵਾਰਤਕ ਦੀ ਛੋਟੀ ਤੋਂ ਛੋਟੀ ਸੁਤੰਤਰ ਇਕਾਈ ਹੈ। ਲੇਖਕ ਨੂੰ ਭਾਸ਼ਾ ਦੇ ਸ਼ਬਦਾਂ ਤੇ ਉਨ੍ਹਾਂ ਦੇ ਅਰਥਾਂ ਦਾ ਪੂਰਾ-ਪੂਰਾ ਗਿਆਨ ਹੋਣਾ ਚਾਹੀਦਾ ਹੈ। ਇਸ ਗਿਆਨ ਦੇ ਆਸਰੇ ਹੀ ਉਹ ਸ਼ਬਦਾਂ ਦੀ ਢੁੱਕਵੀਂ ਵਰਤੋਂ ਕਰ ਸਕਦਾ ਹੈ। ਸ਼ਬਦ ਉਹ ਕੱਚਾ ਮਸਾਲਾ ਹਨ ਜਿਨ੍ਹਾਂ ਨਾਲ ਵਾਰਤਕ ਦੀ ਇਮਾਰਤ ਦੀ ਉਸਾਰੀ ਕੀਤੀ ਜਾ ਸਕਦੀ ਹੈ। ਇਨ੍ਹਾਂ ਰਾਹੀਂ ਹੀ ਲੇਖਕ ਦੇ ਵਿਚਾਰ ਕਲਾ ਦਾ ਰੂਪ ਧਾਰਨ ਕਰਦੇ ਹਨ। ਬਹੁਤੇ ਪੰਡਤਾਊ, ਬੋਝਲ ਤੇ ਔਖੇ ਸ਼ਬਦਾਂ ਦੀ ਵਰਤੋਂ ਵਾਰਤਕ ਨੂੰ ਅਸਪਸ਼ਟ ਅਤੇ ਗੁੰਝਲਦਾਰ ਬਣਾ ਦਿੰਦੀ ਹੈ।

**(ਅ) ਵਾਕ ਅਤੇ ਪੈਰ੍ਹੇ** : ਸ਼ਬਦਾਂ ਦੇ ਵਿਆਕਰਣਕ ਮੇਲ ਤੋਂ ਵਾਕ ਅਤੇ ਵਾਕਾਂ ਦੀ ਲੜੀ ਤੋਂ ਪੈਰ੍ਹੇ ਬਣਦੇ ਹਨ। ਵਾਰਤਕ ਨੂੰ ਕਲਾਮਈ ਤੇ ਸਾਹਿਤਕ ਬਣਾਉਣ ਲਈ ਇਹ ਜ਼ਰੂਰੀ ਹੈ ਕਿ ਵਾਕ ਵਿਆਕਰਣਕ ਤੌਰ 'ਤੇ ਸ਼ੁੱਧ ਹੋਣ 'ਤੇ ਉਹ ਇੱਕ ਲੜੀ ਵਿੱਚ ਪ੍ਰੋਤੇ ਹੋਣ। ਵਾਰਤਕ ਰਚਨਾ ਪੈਰ੍ਹਿਆਂ ਵਿੱਚ ਵੰਡੀ ਹੋਵੇ ਪਰ ਪੈਰ੍ਹੇ ਵਿੱਚ ਇੱਕ ਮੁੱਖ ਵਿਚਾਰ ਨੂੰ ਖੋਲ੍ਹਿਆ ਗਿਆ ਹੋਵੇ। ਇਕ ਪੈਰ੍ਹੇ ਦਾ ਦੂਜੇ ਨਾਲ ਵਿਸ਼ਾਗਤ ਸੰਬੰਧ ਹੋਵੇ ਤਾਂ ਜੋ ਕਿਸੇ ਬਾਰੇ ਲਿਖੀ ਗਈ ਵਾਰਤਕ ਰਚਨਾ ਉਸ ਵਿਸ਼ੇ ਦਾ ਯੁਕਤੀ-ਸੰਗਤ ਪ੍ਰਗਟਾਅ ਕਰ ਸਕੇ।

**1.2.4.4 ਸ਼ੈਲੀ ਤੱਤ**

ਵਿਚਾਰਾਂ ਅਤੇ ਭਾਵਾਂ ਨੂੰ ਲੇਖਕ ਸ਼ਬਦਾਂ ਦੇ ਮਾਧਿਅਮ ਰਾਹੀਂ ਪੇਸ਼ ਕਰਦੇ ਹਨ ਪਰ ਜਦੋਂ ਤੱਕ ਪੇਸ਼ਕਾਰੀ ਕਲਾਮਈ ਨਾ ਹੋਵੇ, ਵਾਰਤਕ ਰਚਨਾ ਸਾਹਿਤਕ ਨਹੀਂ ਬਣ ਸਕਦੀ। ਇਸ ਕਲਾਮਈ ਪ੍ਰਗਟਾਅ ਲਈ

ਰਚਨਾ ਦਾ ਰੂਪ-ਵਿਧਾਨ ਹੋਣਾ ਚਾਹੀਦਾ ਹੈ। ਵਿਚਾਰਾਂ ਤੇ ਭਾਵਾਂ ਨੂੰ ਕਿਸੇ ਵਿਉਂਤ-ਬੱਧ ਤਰੀਕੇ ਨਾਲ ਕਿਸੇ ਤਰਤੀਬ ਵਿੱਚ ਰੱਖ ਕੇ ਪ੍ਰਗਟ ਕਰਨ ਨਾਲ ਹੀ ਰਚਨਾ ਨੂੰ ਰੌਚਿਕ ਤੇ ਰਸਦਾਇਕ ਬਣਾਇਆ ਜਾ ਸਕਦਾ ਹੈ। ਇਸ ਤੱਤ ਸਦਕਾ ਹੀ ਇੱਕ ਲੇਖਕ ਦੀ ਰਚਨਾ ਦੂਜੇ ਤੋਂ ਵਖਰਿਆਈ ਜਾ ਸਕਦੀ ਹੈ। ਇਸ ਉੱਤੇ ਵਿਸਥਾਰ ਸਾਹਿਤ ਚਰਚਾ ਅੱਗੇ ਕੀਤੀ ਜਾਵੇਗੀ।

**ਸਵੈ-ਮੁਲਾਂਕਣ ਪ੍ਰਸ਼ਨ**

1. ਵਾਰਤਕ ਵਿੱਚ ਭਾਵ ਤੱਤਾ ਦਾ ਕੀ ਪ੍ਰਭਾਵ ਪੈਂਦਾ ਹੈ ?

______________________________________________

______________________________________________

2. ਵਾਰਤਕ ਵਿੱਚ ਸਵੈ ਪ੍ਰਗਟਾਵੇ ਨੂੰ ਕਿਵੇਂ ਮੁਲਾਂਕਿਤ ਕੀਤਾ ਜਾਂਦਾ ਹੈ ?

______________________________________________

______________________________________________

## 1.2.5 ਵਰਗੀਕਰਨ

ਵਾਰਤਕ ਦਾ ਵਰਗੀਕਰਨ ਵਿਸ਼ਾ ਪੱਖ, ਸ਼ੈਲੀ ਪੱਖ ਅਤੇ ਉਦੇਸ਼ ਜਾਂ ਮਨੋਰਥ ਦੇ ਪੱਖ ਤੋਂ ਕੀਤਾ ਜਾ ਸਕਦਾ ਹੈ। ਇਨ੍ਹਾਂ ਤਿੰਨਾਂ ਅੰਗਾਂ ਦੇ ਆਧਾਰ 'ਤੇ ਵਾਰਤਕ ਦਾ ਵਰਗੀਕਰਣ ਨਿਮਨ ਅਨੁਸਾਰ ਕੀਤਾ ਜਾ ਸਕਦਾ ਹੈ।

### (ੳ) ਗਿਆਨਮਈ ਵਾਰਤਕ

ਅਜਿਹੀ ਵਾਰਤਕ ਵਿੱਚ ਸਕੂਲ ਕਾਲਜ ਦੀਆਂ ਪਾਠ-ਪੁਸਤਕਾਂ, ਨਿਬੰਧ, ਖੋਜ-ਪ੍ਰਬੰਧ, ਵਿਸ਼ਵਕੋਸ਼ ਤੇ ਪੱਤਰਾਂ ਵਿੱਚ ਪ੍ਰਕਾਸ਼ਿਤ ਹੋਣ ਵਾਲੀਆਂ ਰਿਪੋਰਟਾਂ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ। ਇਨ੍ਹਾਂ ਸਾਰੀਆਂ ਲਿਖਤਾਂ ਵਿੱਚ ਕਿਸੇ ਨਾ ਕਿਸੇ ਵਿਸ਼ੇ ਬਾਰੇ ਜਾਣਕਾਰੀ ਦਿੱਤੀ ਗਈ ਹੁੰਦੀ ਹੈ। ਲੇਖਕ ਵਿਸ਼ੇ ਦੇ ਹਰ ਪੱਖ 'ਤੇ ਚਾਨਣਾ ਪਾਉਣ ਦਾ ਜਤਨ ਕਰਦਾ ਹੈ। ਪਰ ਇਸ ਵਿੱਚ ਕੇਵਲ ਉਹ ਰਚਨਾ ਹੀ ਸਾਹਿਤ ਖੇਤਰ ਵਿੱਚ ਗਿਣੀ ਜਾਵੇਗੀ ਜਿਹੜੀ ਸਾਹਿਤਕ ਮਾਪ-ਦੰਡਾਂ 'ਤੇ ਪੂਰੀ ਉਤਰਦੀ ਹੋਵੇ। ਇਸਦੀ ਉਦਾਹਰਣ ਹੇਠਾਂ ਦਿੱਤੀ ਜਾਂਦੀ ਹੈ :

''ਸਾਡਾ ਅੱਖ ਦਾ ਆਨਾ ਕਨਵੈਕਸ ਲੈਨਜ਼ ਹੈ। ਕਨਵੈਕਸ ਲੈਨਜ਼ ਦਾ ਖ਼ਾਸਾ ਇਹ ਹੈ ਕਿ ਜੇ ਇਸ ਦੇ ਸਾਹਮਣੇ ਇਕ ਬੱਤੀ ਜਾਂ ਕੋਈ ਹੋਰ ਚੀਜ਼ ਰੱਖੀ ਜਾਵੇ ਤਾਂ ਲੈਨਜ਼ ਦੇ ਦੂਜੇ ਪਾਸੇ ਉਸ ਬੱਤੀ ਦਾ ਅਕਸ ਬਣੇਗਾ। ਇਹ ਅਕਸ ਬੱਤੀ ਨਾਲੋਂ ਬਹੁਤ ਛੋਟਾ ਹੋਵੇਗਾ। ਇਹ ਸਾਇੰਸ ਦਾ ਛੋਟਾ ਜਿਹਾ ਤਜ਼ਰਬਾ ਹੈ ਜਿਸ ਨੂੰ ਛੋਟੀਆਂ ਜਮਾਤਾਂ ਦੇ ਵਿਦਿਆਰਥੀ ਕਰਦੇ ਹਨ। ਸਾਡੀ ਅੱਖ ਦਾ ਆਨਾ ਭੀ ਕਨਵੈਕਸ ਲੈਨਜ਼ ਹੋਣ ਕਰਕੇ ਇਹੋ ਕਿਰਿਆ ਹੀ ਕਰਦਾ ਹੈ।''[1]

ਸ: ਕਪੂਰ ਸਿੰਘ ਆਈ. ਸੀ. ਐਸ. ਦੀ ਕਾਫ਼ੀ ਸਾਰੀ ਵਾਰਤਕ ਰਚਨਾ ਖ਼ਾਸ ਕਰਕੇ 'ਬਹੁ-ਵਿਸਤਾਰ' ਦੀ ਪੁਸਤਕ ਇਸੇ ਵਰਗ ਵਿੱਚ ਗਿਣੀ ਜਾ ਸਕਦੀ ਹੈ।

### (ਅ) ਬਿਰਤਾਂਤੀ ਵਾਰਤਕ

ਇਸ ਪ੍ਰਕਾਰ ਦੀ ਵਾਰਤਕ ਵਿੱਚ ਕਿਸੇ ਵਸਤੂ ਜਾਂ ਘਟਨਾ ਦਾ ਪੂਰਾ-ਪੂਰਾ ਵਿਵਰਣ ਦਿੱਤਾ ਜਾਂਦਾ ਹੈ। ਇਹ ਆਮ ਤੌਰ 'ਤੇ ਬਾਹਰਮੁੱਖੀ ਹੁੰਦਾ ਹੈ ਤੇ ਇਸ ਵਿੱਚ ਲੇਖਕ ਦਾ ਵਿਅਕਤਿਤਵ ਪ੍ਰਗਟ ਨਹੀਂ ਹੁੰਦਾ। ਇਸ ਦਾ ਇਹ ਅਰਥ ਨਹੀਂ ਕਿ ਅਜਿਹੀ ਵਾਰਤਕ ਉੱਤੇ ਲਿਖਾਰੀ ਦੀ ਸ਼ਖ਼ਸੀਅਤ ਦਾ ਪ੍ਰਭਾਵ ਨਹੀਂ ਹੁੰਦਾ। ਜਿਥੋਂ ਤੱਕ ਵਾਰਤਕ ਸ਼ੈਲੀ ਦਾ ਸਬੰਧ ਹੈ, ਉਸ ਵਿੱਚ ਤਾਂ ਲੇਖਕ ਦੇ ਵਿਅਕਤਿਤਵ ਦੀ ਮੁਹਰ-ਛਾਪ ਲੱਗੀ ਹੁੰਦੀ ਹੈ ਪਰ [illegible] ਵਸਤੂਗਤ ਤਰੀਕੇ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਢੰਗ

2. ਸਵਿਟਜ਼ਰਲੈਂਡ ਦੀ ਯਾਤਰਾ (ਮੇਰਾ ਵਲੈਤੀ ਸਫ਼ਰਨਾਮਾ) – ਲਾਲ ਸਿੰਘ ਕਮਲਾ ਅਕਾਲੀ

3. ਘਰ ਦਾ ਪਿਆਰ (ਨਵੀਆਂ ਸੋਚਾਂ) – ਪ੍ਰਿੰ : ਤੇਜਾ ਸਿੰਘ

ਆਮ ਤੌਰ 'ਤੇ ਨਾਵਲਾਂ ਵਿੱਚ ਵਰਤਿਆ ਜਾਂਦਾ ਹੈ। ਇਸ ਦੀਆਂ ਮਿਸਾਲਾਂ ਨਾਨਕ ਸਿੰਘ, ਭਾਈ ਵੀਰ ਸਿੰਘ ਤੇ ਸੰਤ ਸਿੰਘ ਸੇਖੋਂ ਦੇ ਨਾਵਲਾਂ ਵਿੱਚ ਲੱਭੀਆਂ ਜਾ ਸਕਦੀਆਂ ਹਨ। ਲਾਲ ਸਿੰਘ ਕਮਲਾ ਅਕਾਲੀ ਦੇ ਸਫ਼ਰਨਾਮਿਆਂ (ਮੇਰਾ ਵਲੈਤੀ ਸਫ਼ਰਨਾਮਾ ਅਤੇ ਸੈਲਾਨੀ ਦੇਸ਼ ਭਗਤ) ਵਿੱਚੋਂ ਵੀ ਸਾਨੂੰ ਇਸ ਪ੍ਰਕਾਰ ਦੀ ਵਾਰਤਕ ਮਿਲਦੀ ਹੈ ਜਿਵੇਂ ਕਿ –

''ਝੀਲ ਦੇ ਕਿਨਾਰੇ ਕੀ ਸਨ, ਮੇਲੇ ਲੱਗੇ ਹੋਏ ਸਨ। ਹਵਾ ਤੇ ਮੋਟਰ ਦੀਆਂ ਕਿਸ਼ਤੀਆਂ, ਨ੍ਹਾਉਣ ਵਾਲੇ ਸ਼ੁਕੀਨ, ਕੰਢੇ ਬੈਠ ਕੇ ਬੋਤਲਾਂ ਨਾਲ ਰੰਗ ਲਾਉਣ ਵਾਲੇ ਫੱਕੜ – ਕਿਨਾਰਿਆਂ ਉੱਤੇ ਸੋਹਣੀ ਥਾਂ ਅਮੀਰਾਂ ਦੇ ਮੰਦਰ ਤੇ ਮਾਮੂਲੀ ਥਾਂ ਮਾਹੀਗੀਰਾਂ ਦੇ ਝੌਂਪੜੇ ਆਪਣੇ ਪਰਛਾਵੇਂ ਪਾਣੀ ਵਿੱਚ ਦੂੱਵਲੀ ਬਹਾਰ ਲਾ ਰਹੇ ਸਨ। ਥਾਂ-ਥਾਂ ਨਿੱਕੇ ਪੁੱਲ ਜਿਹੇ ਬਣੇ ਹੋਏ ਸਨ। .......ਝੀਲ ਦੀ ਪੂਰਬੀ ਗੁੱਠ ਦੇ ਕੋਲ ਦਰਿਆ ਰੇਨ ਝੀਲ ਵਿੱਚ ਰਲਦਾ ਹੈ।''[2]

## (ੲ) ਵਿਆਖਿਆਮਈ ਵਾਰਤਕ

ਇਸ ਪ੍ਰਕਾਰ ਦੀ ਵਾਰਤਕ ਉਦੋਂ ਉਪਜਦੀ ਹੈ ਜਦੋਂ ਕੋਈ ਲੇਖਕ ਆਪਣੇ ਵਿਚਾਰਾਂ ਨੂੰ ਤਰਕ ਸੰਗਤ ਤਰੀਕੇ ਨਾਲ ਪੇਸ਼ ਕਰਦਾ ਹੈ। ਅਜਿਹੀ ਵਾਰਤਕ ਵਿੱਚ ਦਲੀਲਾਂ, ਦ੍ਰਿਸ਼ਟਾਂਤ ਅਤੇ ਮਿਸਾਲਾਂ ਦੀ ਯੋਗ ਵਰਤੋਂ ਕੀਤੀ ਹੁੰਦੀ ਹੈ। ਪ੍ਰਿੰਸੀਪਲ ਤੇਜਾ ਸਿੰਘ ਦੇ ਕਈ ਲੇਖਾਂ ਵਿੱਚ ਇਸ ਕਿਸਮ ਦੀ ਵਾਰਤਕ ਦੀਆਂ ਸੁੰਦਰ ਉਦਾਹਰਣਾਂ ਲੱਭ ਸਕਦੀਆਂ ਹਨ :-

''ਘਰ ਇੱਟਾਂ ਜਾਂ ਵਟਿਆਂ ਦੇ ਬਣੇ ਕੋਠੇ ਨੂੰ ਨਹੀਂ ਕਹਿੰਦੇ। ਘਰ ਤੋਂ ਭਾਵ ਉਹ ਥਾਂ ਹੈ ਜਿਥੇ ਮਨੁੱਖ ਦੇ ਪਿਆਰ ਤੇ ਸਧਰਾਂ ਪਲਦੀਆਂ ਹਨ। ਜਿੱਥੇ ਬਾਲਪਣ ਵਿੱਚ ਮਾਂ, ਭੈਣ ਅਤੇ ਭਰਾ ਕੋਲੋਂ ਲਾਡ ਲਿਆ ਹੁੰਦਾ ਹੈ। ਜਿਥੇ ਜਵਾਨੀ ਵਿੱਚ ਸਾਰੇ ਜਹਾਨ ਗਾਹ ਲਿਤਾੜ ਕੇ ਖੱਟੀ ਕਮਾਈ ਕਰਕੇ ਮੁੜ ਆਉਣ ਨੂੰ ਜੀ ਕਰਦਾ ਹੈ। ਜਿਥੇ ਬੁਢਾਪੇ ਵਿੱਚ ਬਹਿ ਕੇ ਸਾਰੇ ਜੀਵਨ ਦੇ ਝਮੇਲਿਆਂ ਤੋਂ ਮਿਲੀ ਵਿਹਲ ਨੂੰ ਆਰਾਮ ਨਾਲ ਕੱਟਣ ਵਿੱਚ ਇਉਂ ਸੁਆਦ ਆਉਂਦਾ ਹੈ ਜਿਵੇਂ ਬਚਪਨ ਵਿੱਚ ਮਾਂ ਦੀ ਝੋਲੀ ਵਿੱਚ ਆਉਂਦਾ ਹੈ।''[3]

## (ਸ) ਦਾਰਸ਼ਨਿਕ ਵਾਰਤਕ

ਜਿਸ ਵਾਰਤਕ ਰਚਨਾ ਵਿੱਚ ਕਿਸੇ ਦਾਰਸ਼ਨਿਕ ਵਿਸ਼ੇ 'ਤੇ ਚਰਚਾ ਕੀਤੀ ਗਈ ਹੋਵੇ, ਉਹ ਦਾਰਸ਼ਨਿਕ ਵਾਰਤਕ ਅਖਵਾਉਂਦੀ ਹੈ। ਕਪੂਰ ਸਿੰਘ ਆਈ. ਸੀ. ਐਸ. ਦੇ ਲੇਖ 'ਛੇ ਦਰਸ਼ਨ' (ਬਹੁ-ਵਿਸਤਾਰ), ਸ਼ੰਕਰਾਚਾਰੀਆ (ਸਪਤਸ੍ਰਿੰਗ) ਇਸ ਵਰਗ ਦੀ ਵਾਰਤਕ ਰਚਨਾ ਹੈ। ਡਾ. ਬਲਬੀਰ ਸਿੰਘ ਨੇ ਵੀ ਇਸੇ ਪ੍ਰਕਾਰ ਦੀ ਵਾਰਤਕ ਰਚਨਾ ਕੀਤੀ ਹੈ।

## (ਹ) ਇਤਿਹਾਸਿਕ ਵਾਰਤਕ

ਜਿਸ ਵਾਰਤਕ ਰਚਨਾ ਵਿੱਚ ਇਤਿਹਾਸਕ ਵਿਸ਼ਿਆਂ ਜਾਂ ਇਤਿਹਾਸਿਕ ਵਿਅਕਤੀਆਂ ਬਾਰੇ ਜਾਣਕਾਰੀ ਦਿੱਤੀ ਗਈ ਹੋਵੇ, ਉਹ ਇਤਿਹਾਸਿਕ ਵਾਰਤਕ ਅਖਵਾਉਂਦੀ ਹੈ। ਗਿਆਨੀ ਹੀਰਾ ਸਿੰਘ ਦਰਦ ਦੀ ਪੁਸਤਕ 'ਮੇਰੀਆਂ ਇਤਿਹਾਸਿਕ ਯਾਦਾਂ' ਇਸ ਕਿਸਮ ਦੀ ਵਾਰਤਕ ਦੇ ਨਮੂਨੇ ਵਜੋਂ ਪੇਸ਼ ਕੀਤੀ ਜਾ ਸਕਦੀ ਹੈ। ਸੇਵਾ ਸਿੰਘ ਠੀਕਰੀਵਾਲਾ ਰਚਿਤ ਪ੍ਰੋ. ਗੁਰਚਰਨ ਸਿੰਘ ਵਿੱਚ ਵੀ ਸਾਨੂੰ ਇਤਿਹਾਸਿਕ ਵਾਰਤਕ ਦੇ ਦਰਸ਼ਨ ਹੁੰਦੇ ਹਨ।

## (ਕ) ਧਾਰਮਿਕ ਵਾਰਤਕ

ਅਜਿਹੀ ਵਾਰਤਕ ਵਿੱਚ ਧਾਰਮਿਕ ਵਿਸ਼ਿਆਂ 'ਤੇ ਚਰਚਾ ਕੀਤੀ ਹੁੰਦੀ ਹੈ। ਪ੍ਰੋ. ਸਾਹਿਬ ਸਿੰਘ ਦੇ 'ਧਾਰਮਿਕ ਲੇਖ', 'ਕੁਝ ਹੋਰ ਧਾਰਮਿਕ ਲੇਖ', 'ਸਰਬੱਤ ਦਾ ਭਲਾ', 'ਸਦਾਚਾਰ ਤੇ ਹੋਰ ਲੇਖ' ਆਦਿ ਪੁਸਤਕਾਂ ਵਿੱਚ ਦਰਜ ਲੇਖ ਧਾਰਮਿਕ ਵਾਰਤਕ ਦੇ ਖੇਤਰ ਵਿੱਚ ਆਉਂਦੇ ਹਨ। ਪ੍ਰਿੰਸੀਪਲ ਜੋਧ ਸਿੰਘ, ਡਾ. ਸ਼ੇਰ ਸਿੰਘ, ਪ੍ਰਿੰਸੀਪਲ ਨਿਰੰਜਨ ਸਿੰਘ ਦੁਆਰਾ ਰਚੀ ਗਈ ਵਾਰਤਕ ਵੀ ਇਸੇ ਸ਼੍ਰੇਣੀ ਵਿੱਚ ਆਉਂਦੀ ਹੈ।

ਸ਼ੈਲੀ ਦੇ ਪੱਖੋਂ ਵਾਰਤਕ ਦਾ ਵਰਗੀਕਰਨ ਹੇਠ ਲਿਖੇ ਅਨੁਸਾਰ ਕੀਤਾ ਜਾ ਸਕਦਾ ਹੈ :-

### (ੳ) ਟਕਸਾਲੀ ਵਾਰਤਕ

ਅਜਿਹੀ ਸ਼ੈਲੀ ਵਿੱਚ ਭਾਸ਼ਾਈ ਤੇ ਵਿਆਕਰਣਕ ਸ਼ੁੱਧਤਾ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ। ਪੰਜਾਬੀ ਵਿੱਚ ਪ੍ਰਿੰਸੀਪਲ ਤੇਜਾ ਸਿੰਘ ਦੀ ਵਾਰਤਕ ਇਸ ਵਰਗ ਵਿੱਚ ਗਿਣੀ ਜਾਂਦੀ ਹੈ।

### (ਅ) ਕਾਵਿਕ ਵਾਰਤਕ

ਜਿਸ ਵਾਰਤਕ ਨੂੰ ਲੇਖਕ ਉਪਮਾਵਾਂ, ਅਲੰਕਾਰਾਂ ਅਤੇ ਵਿਸ਼ੇਸ਼ਣਾਂ ਆਦਿ ਨਾਲ ਸ਼ਿੰਗਾਰ ਕੇ ਸੁੰਦਰ ਬਣਾ ਕੇ ਅਤੇ ਆਪਣੇ ਭਾਵਾਂ ਦੀ ਪੁੱਠ ਚਾੜ੍ਹ ਕੇ ਇਸ ਪ੍ਰਕਾਰ ਲਿਖੇ ਕਿ ਉਸ ਵਿੱਚ ਬੁੱਧੀ ਦੀ ਥਾਂ ਭਾਵਾਂ ਦੀ ਪ੍ਰਧਾਨਤਾ ਪ੍ਰਤੀਤ ਹੋਵੇ ਤਾਂ ਉਹ ਕਾਵਿਕ ਵਾਰਤਕ ਹੋਵੇਗੀ। ਜਨਮਸਾਖੀਆਂ ਦੀ ਵਾਰਤਕ ਅਤੇ ਸ: ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਵਾਰਤਕ ਇਸ ਤਰ੍ਹਾਂ ਦੀ ਹੈ।

### (ੲ) ਵਿਅੰਗਾਤਮਕ ਵਾਰਤਕ

ਜਦੋਂ ਵਾਰਤਕ ਲਿਖਾਰੀ ਆਪਣੀ ਰਚਨਾ ਵਿੱਚ ਵਿਅੰਗ, ਚੋਟ ਤੇ ਚੋਭ ਦੀ ਵਰਤੋਂ ਕਰਦਾ ਹੈ ਤਾਂ ਉਹ ਵਿਅੰਗਾਤਮਕ ਵਾਰਤਕ ਨੂੰ ਜਨਮ ਦੇਂਦਾ ਹੈ। ਐੱਸ. ਐੱਸ. ਚਰਨ ਸਿੰਘ ਸ਼ਹੀਦ, ਗੁਰਨਾਮ ਸਿੰਘ ਤੀਰ, ਸੂਬਾ ਸਿੰਘ ਅਤੇ ਹਰਿੰਦਰ ਸਿੰਘ ਰੂਪ ਇਸ ਕਿਸਮ ਦੀ ਵਾਰਤਕ ਲਿਖਣ ਵਾਲੇ ਸਫ਼ਲ ਲਿਖਾਰੀ ਹਨ।

### (ਸ) ਨਾਟਕੀ ਵਾਰਤਕ

ਜਦੋਂ ਕੋਈ ਨਾਟਕਕਾਰ ਪਾਤਰਾਂ ਦੀ ਵਾਰਤਾਲਾਪ ਨੂੰ ਉੱਚੇ ਸਾਹਿਤਕ ਪੱਧਰ ਤੇ ਪੇਸ਼ ਕਰਦਾ ਹੈ ਤਾਂ ਅਜਿਹੀ ਵਾਰਤਾਲਾਪ ਨਾਟਕੀ ਵਾਰਤਕ ਦਾ ਨਮੂਨਾ ਬਣ ਜਾਂਦੀ ਹੈ। ਸੰਤ ਸਿੰਘ ਸੇਖੋਂ ਦੇ ਨਾਟਕ 'ਕਲਾਕਾਰ' ਵਿੱਚ ਚੰਦਰਮਾ ਤੇ ਅਹਿਲਿਆ ਨਾਂ ਦੇ ਪਾਤਰਾਂ ਵਿਚਕਾਰ ਗੱਲ-ਬਾਤ ਉਦਾਹਰਣ ਦੇ ਤੌਰ 'ਤੇ ਪੇਸ਼ ਕੀਤੀ ਜਾ ਸਕਦੀ ਹੈ।

ਜੇਕਰ ਉਦੇਸ਼ ਜਾਂ ਮਨੋਰਥ ਦੀ ਦ੍ਰਿਸ਼ਟੀ ਤੋਂ ਵਾਰਤਕ ਦਾ ਵਰਗੀਕਰਣ ਕਰਨਾ ਹੋਵੇ ਤਾਂ (ੳ) ਉਪਦੇਸ਼ਾਤਮਕ ਵਾਰਤਕ (ਅ) ਸੁਧਾਰਕ ਵਾਰਤਕ (ੲ) ਪ੍ਰਚਾਰਾਤਮਕ ਵਾਰਤਕ ਆਦਿ ਵੰਨਗੀਆਂ ਗਿਣੀਆਂ ਜਾ ਸਕਦੀਆਂ ਹਨ।

ਫੁਟਕਲ ਤੌਰ 'ਤੇ ਵਾਰਤਕ ਵਿੱਚ ਟੀਕੇ, ਗੋਸ਼ਟਾਂ, ਪਰਮਾਰਥ, ਬਚਨ, ਲੇਖ, ਨਿਬੰਧ, ਖੋਜ-ਪ੍ਰਬੰਧ ਆਦਿ ਵੀ ਸੰਮਿਲਤ ਹਨ। ਵਾਰਤਕ ਦਾ ਘੇਰਾ ਬੜਾ ਵਿਸ਼ਾਲ ਹੈ। ਇਸ ਵਿੱਚ ਨਾਵਲ, ਨਿੱਕੀ ਕਹਾਣੀ, ਨਾਟਕ ਅਤੇ ਇਕਾਂਗੀ ਜਿਹੜੇ ਆਮ ਤੌਰ 'ਤੇ ਵਾਰਤਕ ਵਿੱਚ ਲਿਖੇ ਜਾਂਦੇ ਹਨ, ਉਹ ਵੀ ਗਿਣੇ ਜਾ ਸਕਦੇ ਹਨ। ਇਸ ਤੋਂ ਇਲਾਵਾ ਖੋਜ, ਆਲੋਚਨਾ ਅਤੇ ਸਾਹਿਤ ਦੇ ਇਤਿਹਾਸ ਦੀਆਂ ਪੁਸਤਕਾਂ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ ਪਰੰਤੂ ਨਿਰੋਲ ਵਾਰਤਕ ਵਿੱਚ ਅਸੀਂ ਹੇਠ ਲਿਖੀਆਂ ਵੰਨਗੀਆਂ ਨੂੰ ਸ਼ਾਮਲ ਕਰ ਸਕਦੇ ਹਾਂ :-

(ੳ) ਜੀਵਨੀ (ਅ) ਸ੍ਵੈ-ਜੀਵਨੀ (ੲ) ਸਫ਼ਰਨਾਮਾ (ਸ) ਲੇਖ, ਨਿਬੰਧ, ਖੋਜ-ਪ੍ਰਬੰਧ (ਹ) ਰੇਖਾ ਚਿੱਤਰ।

ਇਨ੍ਹਾਂ ਵਿੱਚੋਂ ਲੇਖ, ਨਿਬੰਧ ਅਤੇ ਖੋਜ ਪ੍ਰਬੰਧ (ਥੀਸਿਸ) ਵਾਰਤਕ ਵਿੱਚ ਵਿਸ਼ੇਸ਼ ਸਥਾਨ ਰਖਦੇ ਹਨ। ਇਨ੍ਹਾਂ ਦੀ ਪਰਿਭਾਸ਼ਾ, ਵਿਸ਼ੇਸ਼ਤਾਈਆਂ ਅਤੇ ਪਰਸਪਰ ਅੰਤਰ ਜਾਣਨਾ ਵੀ ਜ਼ਰੂਰੀ ਹੈ।

ਭਾਵੇਂ 'ਲੇਖ ਤੇ ਨਿਬੰਧ' ਸ਼ਬਦਾਂ ਨੂੰ ਸਮਾਨ ਅਰਥਾਂ ਵਿੱਚ ਵਰਤ ਲਿਆ ਜਾਂਦਾ ਹੈ ਤੇ ਇਸ ਤੋਂ ਭਾਵ ਕਿਸੇ ਵਿਸ਼ੇ ਬਾਰੇ ਵਾਰਤਕ ਵਿੱਚ ਕੀਤੀ ਅਜਿਹੀ ਰਚਨਾ ਹੁੰਦੀ ਹੈ ਜਿਸ ਵਿੱਚ ਉਸ ਵਿਸ਼ੇ ਦੇ ਲਗਪਗ ਸਾਰੇ ਪੱਖਾਂ ਉੱਤੇ ਚਾਨਣਾ ਪਾਇਆ ਗਿਆ ਹੋਵੇ। ਪਰ 'ਲੇਖ' ਸ਼ਬਦ ਵਧੇਰੇ ਵਿਆਪਕ ਅਰਥਾਂ ਵਿੱਚ ਵਰਤਿਆ ਜਾਂਦਾ ਹੈ ਤੇ ਨਿਬੰਧ ਉੱਚ ਕੋਟੀ ਦੇ ਲੇਖਾਂ ਲਈ ਪ੍ਰਯੋਗ ਵਿੱਚ ਆਉਂਦਾ ਹੈ। ਨਿਬੰਧ ਅਸਲ ਵਿੱਚ ਆਧੁਨਿਕ ਕਾਲ ਦਾ ਸਾਹਿਤਕ ਰੂਪ ਹੈ ਜਿਵੇਂ ਨਿੱਕੀ ਕਹਾਣੀ, ਇਕਾਂਗੀ ਆਦਿ। ਜਦੋਂ ਅੰਗਰੇਜ਼ੀ ਵਿਦਵਾਨ ਜਾਨਸਨ ਨੇ ਲੇਖ ਨੂੰ ਦਿਮਾਗ਼ ਦੀ ਉੱਘੜੀ ਦੁੱਘੜੀ ਉਡਾਣ ਅਤੇ ਸਾਹਿਤ ਦਾ ਅਨਿਯਮਿਤ

1. A loose sally of mind and irregular undigested piece of literature.

ਅਤੇ ਅਣਪਚਿਆ ਹੋਇਆ ਅੰਗ'[1] ਆਖਿਆ ਉਦੋਂ ਅਜੇ ਇਸ ਸਾਹਿਤਕ ਰੂਪ ਨੇ ਆਪਣੀ ਯੁਵਾ ਅਵਸਥਾ ਨਹੀਂ ਸੀ ਵੇਖੀ। ਲੇਖ ਅਧੂਰੀ ਤੇ ਅਪੂਰਨ ਕਿਸਮ ਦੀ ਵਾਰਤਕ ਰਚਨਾ ਹੁੰਦੀ ਹੈ 'ਤੇ ਇਹ ਗੱਲ ਢੁਕਦੀ ਹੈ ਪਰ ਸਾਹਿਤਕਾਰਾਂ ਤੇ ਖੋਜੀਆਂ ਦੁਆਰਾ ਲਿਖੇ ਲੇਖਾਂ ਜਿਨ੍ਹਾਂ ਨੂੰ ਨਿਬੰਧ ਜਾਂ ਖੋਜ-ਪ੍ਰਬੰਧ ਆਖਣਾ ਉਚਿਤ ਹੈ, ਉੱਤੇ ਨਹੀਂ ਢੁਕਦੀ। ਨਿਬੰਧ ਦਾ ਆਕਾਰ ਲੇਖ ਨਾਲੋਂ ਤੇ ਖੋਜ-ਪ੍ਰਬੰਧ ਨਾਲੋਂ ਛੋਟਾ ਹੁੰਦਾ ਹੈ। ਖੋਜ-ਪ੍ਰਬੰਧ ਤਾਂ ਲਗਪਗ ਸੌ ਸਫ਼ਿਆਂ ਤੋਂ ਲੈ ਕੇ ਪੰਜ ਸੌ ਤੱਕ ਜਾਂ ਉਸ ਤੋਂ ਵੀ ਵੱਧ ਆਕਾਰ ਦੇ ਹੁੰਦੇ ਹਨ।

ਖੋਜ-ਪ੍ਰਬੰਧ ਦੇ ਟਾਕਰੇ ਉੱਤੇ ਨਿਬੰਧ ਛੋਟੇ ਆਕਾਰ ਦੀ ਉਹ ਗੱਦ-ਰਚਨਾ ਹੁੰਦੀ ਹੈ ਜਿਹੜੀ ਆਪਣੇ ਆਪ ਵਿੱਚ ਪੂਰਨ ਹੁੰਦੀ ਹੈ ਤੇ ਜਿਸ ਵਿੱਚ ਕਿਸੇ ਵਿਸ਼ੇ ਦੇ ਕਿਸੇ ਇਕ ਪੱਖ ਉੱਤੇ ਚਰਚਾ ਕੀਤੀ ਹੁੰਦੀ ਹੈ। ਨਿਬੰਧ ਵਿੱਚੋਂ ਨਿਬੰਧਕਾਰ ਦੀ ਸ਼ਖ਼ਸੀਅਤ ਸਾਫ਼ ਵਿਖਾਈ ਦਿੰਦੀ ਹੈ। ਇਸੇ ਕਰਕੇ ਐਲਗਜ਼ੈਂਡਰ ਸਮਿਥ ਨੇ ਨਿਬੰਧ ਨੂੰ ਸਰੋਦੀ ਗੀਤ ਨਾਲ ਉਪਮਾ ਦਿੱਤੀ ਹੈ।

ਪੱਛਮੀ ਵਿਦਵਾਨ ਇਹ ਮੰਨਦੇ ਹਨ ਕਿ ਨਿਬੰਧ ਦਾ ਆਕਾਰ ਇੰਨਾ ਕੁ ਹੋਣਾ ਚਾਹੀਦਾ ਹੈ ਕਿ ਉਸਨੂੰ ਸੌਖੀ ਤਰ੍ਹਾਂ ਇੱਕ ਬੈਠਕ ਵਿੱਚ ਪੜ੍ਹਿਆ ਜਾ ਸਕੇ ਜਿਵੇਂ ਕਿ ਨਿੱਕੀ ਕਹਾਣੀ ਜਾਂ ਇਕਾਂਗੀ ਨੂੰ ਪੜ੍ਹਿਆ ਜਾ ਸਕਦਾ ਹੈ। ਨਿਬੰਧ ਵਿੱਚ ਕਿਸੇ ਸਿਧਾਂਤ ਨੂੰ ਪ੍ਰਗਟਾਉਣ ਦਾ ਮੰਤਵ ਨਹੀਂ ਹੁੰਦਾ ਸਗੋਂ ਕਿਸੇ ਬਾਰੇ ਹਰ ਪ੍ਰਕਾਰ ਦੀ ਜਾਣਕਾਰੀ ਨੂੰ ਪੇਸ਼ ਕਰਨਾ ਹੁੰਦਾ ਹੈ। ਚੰਗਾ ਨਿਬੰਧਕਾਰ ਆਪਣੇ ਨਿਬੰਧ ਵਿੱਚ ਇਕ ਵਿਚਾਰ 'ਤੇ ਹੀ ਕੇਂਦਰਿਤ ਰਹਿੰਦਾ ਹੈ। ਇੱਧਰ-ਉਧਰ ਦੀਆਂ ਫ਼ਜ਼ੂਲ ਗੱਲਾਂ ਲਈ ਇਸ ਵਿੱਚ ਕੋਈ ਸਥਾਨ ਨਹੀਂ ਹੁੰਦਾ। ਲੇਖਕ ਆਪਣੇ ਵਿਚਾਰਾਂ ਦਾ ਪ੍ਰਗਟਾਅ ਨਿਰਸੰਕੋਚ ਤੌਰ 'ਤੇ ਕਰਦਾ ਹੈ ਅਤੇ ਬੁੱਧੀ ਤੇ ਭਾਵਾਂ ਦੇ ਸੁਚੱਜੇ ਮੇ ਲ ਰਾਹੀਂ ਆਪਣੀ ਰਚਨਾ ਨੂੰ ਸਾਹਿਤਕ ਪੱਧਰ ਪ੍ਰਦਾਨ ਕਰਦਾ ਹੈ।

ਖੋਜ-ਪ੍ਰਬੰਧ ਯੂਨੀਵਰਸਿਟੀਆਂ ਵਿੱਚ ਐਮ.ਏ., ਐਮ.ਲਿੱਟ, ਪੀ-ਐੱਚ.ਡੀ. ਅਤੇ ਡੀ.ਲਿੱਟ. ਦੀਆਂ ਡਿਗਰੀਆਂ ਪ੍ਰਾਪਤ ਕਰਨ ਲਈ ਲਿਖੇ ਜਾਂਦੇ ਹਨ। ਇਨ੍ਹਾਂ ਵਿੱਚ ਕਿਸੇ ਵਿਸ਼ੇ ਉੱਤੇ ਖੋਜ ਭਰਪੂਰ ਜਾਣਕਾਰੀ ਟਿੱਪਣੀਆਂ ਤੇ ਹਵਾਲਿਆਂ ਸਹਿਤ ਪੇਸ਼ ਕੀਤੀ ਗਈ ਹੁੰਦੀ ਹੈ। ਉਸ ਵਿਸ਼ੇ ਸੰਬੰਧੀ ਹਰ ਤਰ੍ਹਾਂ ਦੀ ਜਾਣਕਾਰੀ ਦੇਣਾ ਅਜਿਹੇ ਖੋਜ-ਪ੍ਰਬੰਧ ਦਾ ਮੁੱਖ ਮੰਤਵ ਹੁੰਦਾ ਹੈ। ਖੋਜ-ਪ੍ਰਬੰਧ ਵਿੱਚ ਆਪਣੇ ਮੱਤ ਦੀ ਪੁਸ਼ਟੀ ਵਿੱਚ ਹੋਰ ਲਿਖਾਰੀਆਂ ਤੇ ਵਿਦਵਾਨਾਂ ਦੀਆਂ ਰਾਵਾਂ ਦਾ ਉਲੇਖ ਵੀ ਕੀਤਾ ਜਾਂਦਾ ਹੈ। ਲੰਬਾ ਆਕਾਰ ਅਤੇ ਸਿੱਧਾਂਤ ਪੇਸ਼ ਕਰਨ ਦੀ ਆਵਸ਼ਕਤਾ ਖੋਜ-ਪ੍ਰਬੰਧ ਨੂੰ ਨਿਬੰਧ ਨਾਲੋਂ ਵਖਰਿਆਉਂਦੇ ਹਨ। ਖੋਜ-ਪ੍ਰਬੰਧ ਦੇ ਅੰਤ ਉੱਤੇ ਉਨ੍ਹਾਂ ਸਾਰੀਆਂ ਪੁਸਤਕਾਂ ਦੀ ਸੂਚੀ ਵੀ ਦਰਜ ਕਰਨੀ ਪੈਂਦੀ ਹੈ ਜਿਨ੍ਹਾਂ ਵਿੱਚੋਂ ਕਈ ਹਵਾਲੇ ਜਾਂ ਟੂਕਾਂ ਉਸ ਖੋਜ-ਪ੍ਰਬੰਧ ਵਿੱਚ ਦਿੱਤੀਆਂ ਗਈਆਂ ਹੁੰਦੀਆਂ ਹਨ। ਖੋਜ-ਪ੍ਰਬੰਧ ਵਿੱਚ ਫੁੱਟ-ਨੋਟ ਦੀ ਵਰਤੋਂ ਵੀ ਨਿਬੰਧ ਤੇ ਲੇਖ ਦੇ ਟਾਕਰੇ ਉੱਤੇ ਬਹੁਤ ਅਧਿਕ ਹੁੰਦੀ ਹੈ। ਲੇਖ ਵਿੱਚ ਤਾਂ ਇਹ ਹੁੰਦੀ ਹੀ ਨਹੀਂ।

### 1.2.6 ਵਾਰਤਕ ਸ਼ੈਲੀ

ਹਰ ਸਾਹਿਤਕਾਰ ਆਪਣੀ ਲਿਖਤ ਨੂੰ ਆਪਣੇ ਨਵੇਕਲੇ ਹੀ ਢੰਗ ਵਿੱਚ ਪੇਸ਼ ਕਰਦਾ ਹੈ। ਲੇਖਕ ਦੀ ਨਿੱਜੀ ਛੋਹ ਦੀ ਛਾਪ ਲੱਗਣ ਕਰਕੇ ਉਸ ਦੀ ਲਿਖਤ ਦੂਜਿਆਂ ਨਾਲੋਂ ਵੱਖਰੀ ਪਛਾਣੀ ਜਾ ਸਕਦੀ ਹੈ। ਜਦੋਂ ਕਿਸੇ ਪਾਸ ਕਹਿਣ ਨੂੰ ਕੁੱਝ ਹੋਵੇ ਤਾਂ ਉਹ ਉਸ ਨੂੰ ਕਹਿਣ ਦਾ ਵੱਖਰਾ ਢੰਗ ਵੀ ਲੱਭ ਲੈਂਦਾ ਹੈ। ਜਦੋਂ ਸਾਹਿਤਕਾਰ ਦੇ ਮਨ ਵਿੱਚ ਕੋਈ ਵਿਚਾਰ ਉਤਪੰਨ ਹੁੰਦੇ ਹਨ ਤਾਂ ਉਹ ਉਨ੍ਹਾਂ ਨੂੰ ਪ੍ਰਗਟ ਕਰਨ ਲਈ ਭਾਸ਼ਾ ਦਾ ਸਹਾਰਾ ਲੈਂਦਾ ਹੈ। ਭਾਸ਼ਾ ਨੂੰ ਵਰਨਣ ਕਰਨ ਦੀ ਯੋਗਤਾ ਹਰ ਇੱਕ ਦੀ ਵੱਖਰੀ ਵੱਖਰੀ ਹੁੰਦੀ ਹੈ। ਭਾਵੇਂ ਸਮੱਗਰੀ ਇਕੋ ਹੋਵੇ ਉਹ ਆਪਣੇ ਆਪ ਵਿੱਚ ਸੰਪੂਰਨ ਹੁੰਦੇ ਹਨ। ਉਹ ਕਿਸੇ ਇਕ ਕੇਂਦਰੀ ਵਿਸ਼ੇ ਦੁਆਲੇ ਉਸਾਰੇ ਗਏ ਹੁੰਦੇ ਹਨ। ਜਦੋਂ ਵਿਚਾਰ ਭਾਸ਼ਾ ਦੇ ਮਾਧਿਅਮ ਰਾਹੀਂ ਪ੍ਰਗਟ ਹੁੰਦੇ ਹਨ ਤਾਂ ਉਨ੍ਹਾਂ ਉੱਤੇ ਲੇਖਕ ਦੀ ਸ਼ਖ਼ਸੀਅਤ ਦੀ ਮੁਹਰ ਲੱਗ ਜਾਂਦੀ ਹੈ। ਪ੍ਰਸਿੱਧ ਅੰਗਰੇਜ਼ੀ ਸਾਹਿਤਕਾਰ ਅਲੈਗਜ਼ੈਂਡਰ ਪੋਪ ਨੇ ਸ਼ੈਲੀ ਨੂੰ **'ਵਿਚਾਰ ਦੀ ਪੋਸ਼ਾਕ'**[1] ਆਖਿਆ ਹੈ। ਜਦੋਂ ਕੋਈ ਵਿਚਾਰ ਕਿਸੇ

---

1. Dress of Thought.

ਲੇਖਕ ਦੀ ਨਿੱਜੀ ਭਾਸ਼ਾ ਤੇ ਉਸ ਦੇ ਨਿੱਜੀ ਢੰਗ ਦੁਆਰਾ ਅਭਿਵਿਅਕਤ ਹੁੰਦਾ ਹੈ ਤਾਂ ਲਿਖਤ ਵਿੱਚ ਵਿਸ਼ੇਸ਼ ਰੂਪ ਧਾਰਨ ਕਰਦਾ ਹੈ। ਇਹ ਰੂਪ ਕਿਸੇ ਦੂਜੇ ਸਾਹਿਤਕਾਰ ਦੀ ਲਿਖਤ ਦੇ ਰੂਪ ਤੋਂ ਵੱਖਰਾ ਤੇ ਨਵੇਕਲਾ ਹੁੰਦਾ ਹੈ। ਇਸ ਨਵੇਕਲੇ ਢੰਗ ਰਾਹੀਂ ਕਿਸੇ ਸਾਹਿਤਕਾਰ ਨੂੰ ਦੂਜੇ ਸਾਹਿਤਕਾਰ ਤੋਂ ਵੱਖਰਾ ਕਰ ਕੇ ਵੇਖ ਸਕਦੇ ਹਾਂ। ਇਹੀ ਉਸ ਦੀ ਸ਼ੈਲੀ ਹੁੰਦੀ ਹੈ।

ਆਪਣੀ ਵੱਖਰੀ ਸ਼ੈਲੀ ਬਣਾਉਣ ਲਈ ਵਾਰਤਕ ਲਿਖਾਰੀ ਨੂੰ ਵਿਸ਼ਾਲ ਅਧਿਐਨ ਦੇ ਆਧਾਰ ਉੱਤੇ ਲਿਖਣ ਦੀ ਚੋਖੀ ਮਸ਼ਕ ਹੋਣੀ ਚਾਹੀਦੀ ਹੈ। ਜਿਵੇਂ ਕੋਈ ਵਕਤਾ ਥਾਂ-ਥਾਂ ਉੱਤੇ ਭਾਸ਼ਣ ਦੇਣ ਉਪਰੰਤ ਬੋਲਣ ਦਾ ਕੋਈ ਵੱਖਰਾ ਲਹਿਜਾ ਤੇ ਨਵੇਕਲਾ ਢੰਗ ਗ੍ਰਹਿਣ ਕਰ ਲੈਂਦਾ ਹੈ, ਉਸੇ ਤਰ੍ਹਾਂ ਹੀ ਕੋਈ ਲਿਖਾਰੀ ਲਗਾਤਾਰ ਅਭਿਆਸ ਨਾਲ ਆਪਣੀ ਇੱਕ ਵੱਖਰੀ ਲਿਖਣ ਸ਼ੈਲੀ ਬਣਾ ਲੈਂਦਾ ਹੈ। ਭਾਵੇਂ ਕੋਈ ਆਪਣੀ ਮਾਤ-ਭਾਸ਼ਾ ਵਿੱਚ ਹੀ ਲਿਖੇ ਉਸ ਨੂੰ ਉਸ ਭਾਸ਼ਾ ਦਾ ਵਿਆਕਰਣ, ਉਸ ਦੀ ਲੋਕ ਤੇ ਸਾਹਿਤਕ ਪਰੰਪਰਾ ਬਾਰੇ ਪੂਰਨ ਜਾਣਕਾਰੀ ਹੋਣੀ ਚਾਹੀਦੀ ਹੈ। ਦੂਜੀਆਂ ਭਾਸ਼ਾਵਾਂ ਦੇ ਸ਼ਬਦਾਂ ਦੀ ਵਰਤੋਂ ਵੇਲੇ ਵੀ ਸਾਵਧਾਨੀ ਵਰਤਣੀ ਚਾਹੀਦੀ ਹੈ। ਉਨ੍ਹਾਂ ਬਦੇਸ਼ੀ ਸ਼ਬਦਾਂ ਨੂੰ ਆਪਣੀ ਭਾਸ਼ਾ ਦੇ ਸੁਭਾਅ ਅਨੁਸਾਰ ਅਪਣਾਉਣਾ ਚਾਹੀਦਾ ਹੈ।

**1.2.7 ਸਿੱਟਾ** :- 'ਸ਼ੈਲੀ ਹੀ ਮਨੁੱਖ ਹੈ' ਦਾ ਭਾਵ ਹੈ ਕਿ ਹਰ ਸਾਹਿਤਕਾਰ ਦੀ ਲਿਖਣ ਦੀ ਸ਼ੈਲੀ ਉੱਤੇ ਉਸ ਦੀ ਸ਼ਖ਼ਸੀਅਤ ਦੀ ਛਾਪ ਹੁੰਦੀ ਹੈ। ਚੰਗੀ ਵਾਰਤਕ ਸ਼ੈਲੀ ਵਿੱਚ ਹੇਠ ਲਿਖੇ ਗੁਣ ਹੁੰਦੇ ਹਨ :

1. ਵਾਰਤਕ ਸ਼ੈਲੀ ਦਾ ਸਭ ਤੋਂ ਪ੍ਰਸਿੱਧ ਗੁਣ ਉਸ ਦਾ ਨਵੇਕਲਾਪਣ, ਨਿਆਰਾਪਣ ਹੈ। ਜਿਵੇਂ ਕਿਸੇ ਮਨੁੱਖ ਦਾ ਨਵੇਕਲਾਪਨ ਉਸ ਨੂੰ ਦੂਜਿਆਂ ਮਨੁੱਖਾਂ ਤੋਂ ਵਖਰਿਆਉਂਦਾ ਹੈ ਉਵੇ ਹੀ ਇਕ ਲਿਖਾਰੀ ਦਾ ਵੱਖਰਾਪਨ ਉਸ ਨੂੰ ਦੂਜਿਆਂ ਤੋਂ ਵੱਖਰਾ ਦਰਸਾਉਂਦਾ ਹੈ। ਇਸ ਗੁਣ ਨੂੰ ਮੌਲਿਕਤਾ ਦਾ ਨਾਂ ਵੀ ਦਿੱਤਾ ਜਾ ਸਕਦਾ ਹੈ।
2. ਚੰਗੀ ਵਾਰਤਕ ਸ਼ੈਲੀ ਦਾ ਦੂਜਾ ਗੁਣ ਸਪਸ਼ਟਤਾ ਹੈ। ਇਹ ਉਸ ਹਾਲਤ ਵਿੱਚ ਹੀ ਸੰਭਵ ਹੈ ਜੇ ਕਰ ਲਿਖਾਰੀ ਨੂੰ ਵਿਸ਼ੇ ਦਾ ਵਿਸ਼ਾਲ ਗਿਆਨ ਹੋਵੇ ਤੇ ਉਸ ਦਾ ਆਪਣੇ ਵਿਚਾਰਾਂ ਨੂੰ ਸਪਸ਼ਟ ਤੌਰ 'ਤੇ ਵਰਣਨ ਕਰਨ ਲਈ ਭਾਸ਼ਾ ਉੱਤੇ ਪੂਰਨ ਅਧਿਕਾਰ ਹੋਵੇ।
3. ਵਾਰਤਕ ਕਿਉਂਕਿ ਦਿਮਾਗ ਦੀ ਬੋਲੀ ਹੈ, ਇਸ ਲਈ ਇਸ ਵਿੱਚ ਪ੍ਰਗਟ ਕੀਤੇ ਵਿਚਾਰ ਦਲੀਲ ਅਤੇ ਨਿਆਇ ਉੱਤੇ ਆਧਾਰਤ ਹੋਣੇ ਚਾਹੀਦੇ ਹਨ। ਉਸ ਨੂੰ ਆਪਣੇ ਵਿਚਾਰਾਂ ਦੀ ਪੁਸ਼ਟੀ ਕਰਨ ਲਈ ਦਲੀਲਾਂ ਦੇਣੀਆਂ ਆਉਂਦੀਆਂ ਹੋਣ ਤੇ ਆਪਣੇ ਖਿਆਲਾਂ ਨੂੰ ਯੁਕਤੀ-ਸੰਗਤ ਪੇਸ਼ ਕਰਨ ਦੀ ਜਾਚ ਆਉਂਦੀ ਹੋਵੇ। ਇਸ ਕਰਕੇ **ਨਿਆਇਸ਼ੀਲਤਾ** ਚੰਗੀ ਸ਼ੈਲੀ ਦਾ ਇੱਕ ਪ੍ਰਮੁੱਖ ਲੱਛਣ ਹੈ।
4. ਵਾਰਤਕ ਸ਼ੈਲੀ ਦਾ ਇਕ ਹੋਰ ਗੁਣ ਸੁਭਾਸ਼ਤਾ ਹੈ। ਭਾਸ਼ਾ ਦੇ ਸਹੀ ਗਿਆਨ ਤੋਂ ਬਗੈਰ ਯੋਗ ਸ਼ਬਦਾਂ ਦੀ ਚੋਣ ਅਤੇ ਉਨ੍ਹਾਂ ਦਾ ਪ੍ਰਯੋਗ ਸੰਭਵ ਨਹੀਂ। ਲੇਖਕ ਨੂੰ ਭਾਸ਼ਾ ਦੀ ਸਮਰਥਾ, ਠੇਠਤਾ ਤੇ ਪ੍ਰਮਾਣਿਕਤਾ ਬਾਰੇ ਵਿਸ਼ਾਲ ਜਾਣਕਾਰੀ ਹੋਣੀ ਜ਼ਰੂਰੀ ਹੈ।
5. ਚੰਗੀ ਵਾਰਤਕ ਸ਼ੈਲੀ ਵਿੱਚ ਸੁਮਾਪ ਦਾ ਹੋਣਾ ਵੀ ਲਾਜ਼ਮੀ ਗਿਣਿਆ ਜਾਂਦਾ ਹੈ। ਸੁਮਾਪ ਤੋਂ ਭਾਵ ਤਰਤੀਬ ਤੇ ਕ੍ਰਮ ਹੈ। ਸੁਮਾਪ ਲਿਆਉਣ ਲਈ ਵਾਰਤਕ ਲਿਖਤ ਨੂੰ ਪੈਰ੍ਹਿਆਂ ਵਿੱਚ ਵੰਡਣਾ ਪੈਂਦਾ ਹੈ। ਹਰ ਪੈਰ੍ਹੇ ਵਿੱਚ ਇਕੋ ਖਿਆਲ ਹੋਣਾ ਚਾਹੀਦਾ ਹੈ। ਸਾਰੇ ਪੈਰ੍ਹੇ ਇਕ ਦੂਜੇ ਨਾਲ ਇਕੋ ਸੰਗਲੀ ਵਿੱਚ ਪਰੋਏ ਹੋਣ। ਉਨ੍ਹਾਂ ਦਾ ਆਪਸ ਵਿੱਚ ਅਟੁੱਟ ਸੰਬੰਧ ਹੋਵੇ। ਪੈਰ੍ਹੇ ਨਾ ਹੀ ਬਹੁਤ ਲੰਬੇ ਹੋਣ ਤੇ ਨਾ ਹੀ ਬਹੁਤ ਛੋਟੇ। ਲਿਖਤ ਦਾ ਆਕਾਰ ਨਾ ਬਹੁਤ ਲੰਬਾ ਅਤੇ ਨਾ ਹੀ ਬਹੁਤ ਛੋਟਾ ਹੋਣਾ ਚਾਹੀਦਾ ਹੈ।

6. ਚੰਗੀ ਵਾਰਤਕ ਸ਼ੈਲੀ ਲਈ ਵਿਆਕਰਣਕ ਸ਼ੁੱਧਤਾ ਦੀ ਵੀ ਅਵੱਸ਼ਕਤਾ ਹੁੰਦੀ ਹੈ। ਇਸ ਸ਼ੁੱਧਤਾ ਦੀ ਅਣਹੋਂਦ ਵਿੱਚ ਸ਼ੈਲੀ ਨਿਰਬਲ ਤੇ ਸ਼ਕਤੀਹੀਨ ਹੋ ਜਾਂਦੀ ਹੈ।

## 1.2.8 ਵੱਡੇ ਉੱਤਰਾਂ ਵਾਲੇ ਪ੍ਰਸ਼ਨ :-

1. ਸਾਹਿਤ ਨੂੰ ਮੁੱਖ ਤੌਰ ਤੇ ਕਿਹੜੇ ਦੋ ਵਰਗਾਂ ਵਿਚ ਵੰਡਿਆ ਜਾਂਦਾ ਹੈ?
2. ਆਧੁਨਿਕ ਪੰਜਾਬੀ ਵਾਰਤਕ ਦੇ ਮੁੱਖ ਸਾਹਿਤ ਰੂਪਾਂ ਬਾਰੇ ਜਾਣਕਾਰੀ ਦਿਓ?

## ਸੰਖੇਪ ਉੱਤਰਾਂ ਵਾਲੇ ਪ੍ਰਸ਼ਨ

1. ਵਾਰਤਕ ਦੇ ਤੱਤਾਂ ਬਾਰੇ ਸੰਖੇਪ ਜਾਣਕਾਰੀ ਦਿਓ।
2. ਵਾਰਤਕ ਵਿਚ ਬੁੱਧੀ ਤੱਤ ਭੂਮਿਕਾ ਬਾਰੇ ਵਿਚਾਰ ਪੇਸ਼ ਕਰੋ?
3. ਆਪਦੇ ਸ਼ਬਦਾਂ ਵਿਚ ਵਾਰਤਕ ਦੀ ਸੰਖੇਪ ਪਰਿਭਾਸ਼ਾ ਦਿਓ।
4. ਵਾਰਤਕ ਵਿਚ ਸ਼ੈਲੀ ਦਾ ਕੀ ਮਹੱਤਵ ਹੈ ?

## 1.2.9 ਸਹਾਇਕ ਪੁਸਤਕ ਸੂਚੀ

1. ਵਰਤਮਾਨ ਪਜੰਾਬੀ ਵਾਰਤਕ ਲਿਖਾਰੀ - ਪ੍ਰੋ. ਗੁਰਚਰਨ ਸਿੰਘ
2. ਵਾਰਤਕ ਤੇ ਵਾਰਤਕਕਾਰ - ਮਨਮੋਹਨ ਕੇਸਰ
3. ਖੋਜ ਪਤ੍ਰਿਕਾ, ਨਿਬੰਧ ਅੰਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**Converted in Self Learning Mode by Dr. Gurpreet Kaur**
**Last Update June 10, 2023**

**ਪਾਠ ਨੰਬਰ : 1.3**

# ਮੱਧਕਾਲੀਨ ਪੰਜਾਬੀ ਵਾਰਤਕ ਦੇ ਰੂਪ

1.3.1 ਉਦੇਸ਼

1.3.2 ਭੂਮਿਕਾ

1.3.3 ਮੱਧਕਾਲੀਨ ਪੰਜਾਬੀ ਵਾਰਤਕ ਦੇ ਰੂਪ

1.3.3.1 ਜਨਮ ਸਾਖੀ

1.3.3.2 ਸਾਖੀ

1.3.3.3 ਗੋਸਟਿ

1.3.3.4 ਪਰਖੀ

1.3.3.5 ਹੁਕਮਨਾਮਾ

1.3.4 ਸਿੱਟਾ

1.3.5 ਪ੍ਰਸ਼ਨ ਉੱਤਰ

## 1.3.1 ਉਦੇਸ਼

ਭਾਰਤੀ ਸਾਹਿਤ ਦੀ ਪਰੰਪਰਾ ਦਾ ਸੰਬੰਧ ਕਾਵਿ ਨਾਲ ਹੈ। ਸਦੀਆਂ ਤੀਕ ਲੇਖਕਾਂ ਲਈ ਪ੍ਰਗਟਾਅ ਦਾ ਮਾਧਿਅਮ ਕਾਵਿ ਹੀ ਰਿਹਾ। ਇਸ ਦਾ ਕਾਰਨ ਪਹਿਲੇ ਸਮਿਆਂ ਵਿਚ ਸਾਹਿਤ ਦੀ ਮੌਖਿਕ ਪਰੰਪਰਾ ਦਾ ਹੋਣਾ ਹੈ। ਛਾਪਾਖਾਨਾ ਨਾ ਹੋਣ ਕਾਰਨ ਲੇਖਕ ਨੇ ਜ਼ਬਾਨੀ ਕਲਾਮੀ ਰਚਨਾ ਘੜੀ, ਪਾਠਕਾਂ ਨੇ ਸਰੋਤਿਆਂ ਦੇ ਰੂਪ ਵਿਚ ਸੁਣੀ ਤੇ ਕੰਠ ਕਰ ਲਈ। ਹਾਂ, ਰਿਕਾਰਡ ਲਈ ਪਹਿਲਾਂ ਭੋਜ ਪੱਤਰਾਂ, ਫੇਰ ਸ਼ਿਲਾਲੇਖਾਂ, ਮੁੜ ਕਾਗਜ਼ ਦੀ ਆਮਦ ਉਪਰੰਤ ਹਥਲਿਖਤ ਖਰੜਿਆਂ ਆਦਿ ਰਾਹੀਂ ਕੰਮ ਚਲਾਇਆ ਜਾਂਦਾ ਸੀ। ਇਸ ਸਥਿਤੀ ਵਿਚ ਹੌਲੀ ਹੌਲੀ ਲੋਕਧਾਰਾ ਦੇ ਰੂਪ 'ਬਾਤ' ਦੇ ਅੰਦਾਜ਼ ਵਿਚ ਰਚਨਾ ਹੋਣ ਲੱਗੀ ਜਿਸ ਦਾ ਸਿਧਾਂਤਕ ਪੱਖ ਤੋਂ ਅੰਦਾਜ਼ ਵਾਰਤਕ ਭਾਵ ਬੋਲਚਾਲ ਵਾਲਾ ਸੀ ਪਰ ਸਰੂਪ ਪਖੋਂ ਇਸ ਵਿਚ ਕਾਵਿਕਤਾ ਦੀ ਦਖਲਅੰਦਾਜ਼ੀ ਸੀ, ਜਿਸ ਦਾ ਪ੍ਰਕਾਰਜ ਸਰੋਤੇ ਰੂਪੀ ਪਾਠਕ ਨੂੰ ਵਾਰਤਕ ਯਾਦ ਕਰਵਾਉਣਾ ਸੀ ਤਾਂ ਕਿ ਇਹ ਦਸਤਾਵੇਜ਼ ਸੀਨਾ-ਬ-ਸੀਨਾ ਯਾਤਰਾ ਕਰਦੇ ਰਹਿਣ

## 1.3.2 ਭੂਮਿਕਾ

ਇਸ ਪਰਥਾਇ ਮੱਧਕਾਲੀਨ ਪੰਜਾਬੀ ਵਾਰਤਕ 'ਸਿਧਾਂਤ' ਦੇ ਪੱਖ ਤੋਂ ਕਾਵਿਮਈ ਵਾਰਤਕ ਦੇ ਲੱਛਣਾਂ ਵਾਲੀ ਹੈ, ਜਿਸ ਦੇ ਵਿਭਿੰਨ 'ਸਰੂਪ' ਇਸ ਵਾਲੇ ਪਾਠ ਨੂੰ ਸੰਚਾਰਿਤ ਕਰਨ ਦੀ 'ਪ੍ਰਕਾਰਜੀ' ਭੂਮਿਕਾ ਨਿਭਾਉਂਦੇ ਆ ਰਹੇ ਹਨ। ਇਸ ਦ੍ਰਿਸ਼ਟੀ ਤੋਂ ਮੱਧਕਾਲੀਨ ਪੰਜਾਬੀ ਵਾਰਤਕ ਦੇ ਵਿਭਿੰਨ ਰੂਪਾਂ ਬਾਰੇ ਇਸ ਪਾਠ ਵਿਚ ਜਾਣਕਾਰੀ ਦਿੱਤੀ ਜਾਣੀ ਹੈ। ਇਸ ਕੜੀ ਵਿਚ ਸਭ ਤੋਂ ਪਹਿਲਾਂ 'ਜਨਮ ਸਾਖੀ' ਨੂੰ ਵਿਚਾਰਨਾ ਯੋਗ ਹੋਵੇਗਾ।

## 1.3.3 ਮੱਧਕਾਲੀਨ ਪੰਜਾਬੀ ਵਾਰਤਕ ਦੇ ਰੂਪ

### 1.3.3.1 ਜਨਮ ਸਾਖੀ

ਜਨਮ ਸਾਖੀ ਮੱਧਕਾਲੀ ਵਾਰਤਕ ਦਾ ਮਹੱਤਵਪੂਰਨ ਅਤੇ ਨਿਵੇਕਲਾ ਰੂਪ ਹੈ। ਅਸਲ ਵਿਚ ਮੱਧਕਾਲੀ ਵਾਰਤਕ ਦਾ ਆਰੰਭ ਹੀ ਜਨਮ ਸਾਖੀ ਪਰੰਪਰਾ ਨਾਲ ਹੁੰਦਾ ਹੈ। ਜਨਮ ਸਾਖੀ ਪਰੰਪਰਾ ਦਾ ਆਰੰਭ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਦੇ ਬਿਰਤਾਂਤ 'ਪੁਰਾਤਨ ਜਨਮਸਾਖੀ' ਤੋਂ ਹੁੰਦਾ ਹੈ, ਜਿਸ ਬਾਰੇ ਵਿਸਤ੍ਰਿਤ ਜਾਣਕਾਰੀ ਵਾਰਤਕੀ ਦੇ ਪਹਿਲੇ ਲੇਖ ਵਿਚ ਉਪਲਬਧ ਹੈ। ਮੱਧਕਾਲੀ ਵਾਰਤਕ ਅਤੇ ਫੇਰ ਆਧੁਨਿਕ ਵਾਰਤਕ ਵਿਚ ਇਸ ਦੇ ਸਰੂਪ ਅਤੇ ਪ੍ਰਕਾਰਜ ਕਰਕੇ ਅੰਤਰ ਹੈ। ਸਾਖੀ ਦਾ ਅਰਥ 'ਗਵਾਹੀ' ਹੁੰਦਾ ਹੈ ਪਰ ਡਾ. ਸੁਰਜੀਤ ਹਾਂਸ ਮੁਤਾਬਿਕ ਸਾਖੀ ਦਾ ਅਰਥ ਲੌਕਿਕ ਗਵਾਹੀ ਨਹੀਂ ਬਲਕਿ ਲੌਕਿਕ ਜਗਤ ਵਿਚ ਦੈਵੀ ਸ਼ਕਤੀ ਦੇ ਦਖ਼ਲ ਦੀ ਗਵਾਹੀ ਹੈ ਇਸ ਤਰ੍ਹਾਂ ਸਾਖੀਕਾਰ ਜਿਸ ਸ਼ਖ਼ਸੀਅਤ ਬਾਰੇ ਸਾਖੀ ਲਿਖਦੇ ਸਨ। ਉਸ ਦੀ ਸ਼ਖ਼ਸੀਅਤ ਬਾਰੇ ਬਾਹਰਮੁਖੀ ਪ੍ਰਮਾਣ ਅਤੇ ਗਵਾਹੀਆਂ ਨੂੰ ਇਕੱਤਰ ਕਰਕੇ ਚਮਤਕਾਰੀ ਘਟਨਾਵਾਂ ਨਾਲ ਪਿਰੋ ਕੇ ਜਨਮਸਾਖੀ ਰਚਦੇ ਸਨ। ਇਸੇ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਨੂੰ ਦੈਵੀ ਸ਼ਕਤੀ ਦੇ ਰੂਪ ਵਿਚ ਪ੍ਰਮਾਣਿਤ ਕਰਨ ਦਾ ਯਤਨ ਕਰਦੇ ਸਨ। ਜਿਸ ਕਰਕੇ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਨੂੰ ਰੱਬ ਸਰੂਪ ਦੇ ਸਮਾਨ ਮੰਨਿਆ ਜਾਂਦਾ ਹੈ ਸਤਾਰਵੀਂ ਸਦੀ ਤੋਂ ਹੀ ਪੰਜਾਬੀ ਸਾਹਿਤ ਵਿਚ ਜਨਮ ਸਾਖੀ ਪਰੰਪਰਾ ਬੜੀ ਬਲਵਾਨ ਰਹੀ ਹੈ। ਜਨਮਸਾਖੀ ਕਿਸੇ ਇਕ ਸ਼ਖ਼ਸੀਅਤ ਦੇ ਜੀਵਨ ਨਾਲ ਸੰਬੰਧਿਤ ਸਾਖੀਆਂ ਦਾ ਸੰਗ੍ਰਹਿ ਹੁੰਦਾ ਹੈ। ਹਾਲਾਂਕਿ ਸਾਖੀਆਂ ਦਾ ਹਰ ਸੰਗ੍ਰਹਿ ਜਨਮਸਾਖੀ ਨਹੀਂ ਹੁੰਦਾ ਕਿਉਂਕਿ ਸਾਖੀ ਤੋਂ ਭਾਵ 'ਕਥਾ' ਤੋਂ ਹੈ ਜਦਕਿ 'ਜਨਮ ਸਾਖੀ' ਭਾਵ 'ਜੀਵਨ' ਨਾਲ ਸਬੰਧਿਤ 'ਕਥਾ' ਤੋਂ ਹੈ।

ਜਨਮਸਾਖੀ ਸ਼ਬਦ ਵਿਚ 'ਜਨਮ' ਅਤੇ 'ਸਾਖੀ' ਦੋ ਸ਼ਬਦ ਹਨ, ਜਿਨ੍ਹਾਂ ਦੇ ਸੁਮੇਲ ਤੋਂ ਇਹ ਸ਼ਬਦ ਬਣਿਆ ਹੈ ਪਰ ਇਥੇ ਜਨਮ ਸ਼ਬਦ ਦਾ ਅਰਥ ਬਹੁਤ ਵਾਰੀ 'ਜੀਵਨ' ਵੀ ਹੁੰਦਾ ਹੈ। ਜਿਸ ਬਾਰੇ ਸਾਖੀ ਵਿਚ ਵਰਣਨ ਹੁੰਦਾ ਹੈ। ਸਾਖੀਕਾਰ ਖ਼ੁਦ ਵੀ ਜਨਮਸਾਖੀ ਲਈ ਸਾਖੀ ਸ਼ਬਦ ਦਾ ਪ੍ਰਯੋਗ ਕਰਦੇ ਰਹੇ ਹਨ। ਜਿਵੇਂ ਸਾਖੀ ਸ੍ਰੀ ਬਾਬੇ ਨਾਨਕ ਜੀ ਕੀ। ਇਸ ਤੋਂ ਬਿਨਾਂ ਭਗਤ ਕਬੀਰ, ਭਗਤ ਰਵਿਦਾਸ, ਭਗਤ ਨਾਮਦੇਵ ਆਦਿ ਭਗਤਾਂ ਦੀਆਂ ਵੀ ਜਨਮ ਸਾਖੀਆਂ ਮੱਧਕਾਲੀ ਵਾਰਤਕ ਦਾ ਮਹੱਤਵਪੂਰਨ ਹਿੱਸਾ ਹਨ। ਜਨਮਸਾਖੀਆਂ ਸਾਖੀਕਾਰਾਂ ਦੁਆਰਾ ਸ਼ਰਧਾਵਸ ਹੋ ਕੇ ਲਿਖੀਆ ਗਈਆਂ। ਜਿਨ੍ਹਾਂ ਦਾ ਮਕਸਦ ਆਪਣੀ ਸਾਖੀ ਦੇ ਨਾਇਕ ਨੂੰ ਪੂਰਬਲੇ ਦੈਵੀ ਅਵਤਾਰਾਂ ਦੀ ਕੜੀ ਵਿਚ ਉੱਚਾ ਸਥਾਨ ਦੇਣਾ ਸੀ। ਇਸੇ ਕਰਕੇ ਜਨਮ ਸਾਖੀ ਵਿਚ ਮਿਥਿਹਾਸਕ ਤੱਤ ਵੀ ਰਲ ਜਾਂਦੇ ਹਨ। ਇਸ ਲਈ ਕਿਹਾ ਜਾਂਦਾ ਹੈ ਕਿ ਜਨਮ ਸਾਖੀ ਆਧੁਨਿਕ ਵਾਰਤਕ ਰੂਪ ਜੀਵਨੀ ਅਤੇ ਸਵੈ ਜੀਵਨੀ ਨਾਲੋਂ ਬਹੁਤ ਵੱਖਰਾ ਵੀ ਹੈ ਅਤੇ ਇਹ ਇੱਕ ਵੱਖਰੀ ਵਿਧਾ ਵੀ ਹੈ

ਇਸ ਲਈ ਜਨਮ ਸਾਖੀ ਇਕ ਵੱਖਰੀ ਵਿਧਾ ਹੋਣ ਕਰਕੇ ਇਸ ਦਾ ਵਿਸ਼ੇਸ਼ ਸਿਧਾਂਤ ਹੈ। ਜਿਸ ਰਾਹੀ ਜਨਮ ਸਾਖੀ ਦਾ ਸਰੂਪ ਘੜਿਆ ਜਾਂਦਾ ਹੈ। ਜਨਮ ਸਾਖੀ ਵੱਖਰੀ ਵਿਧਾ ਹੋਣ ਕਰਕੇ ਬਾਕੀ ਹੋਰ ਮੱਧਕਾਲੀ ਵਾਰਤਕ ਰੂਪਾਂ ਨਾਲੋਂ ਇਸ ਦੇ ਵੱਖਰੇ ਪ੍ਰਕਾਰਜ ਵੀ ਹਨ। ਜਿਨ੍ਹਾਂ ਦੀ ਚਰਚਾ ਨਿਮਨ ਲਿਖਤ ਅਨੁਸਾਰ ਹੈ।

ਜਨਮ ਸਾਖੀ ਦਾ ਆਕਾਰ ਨਿਸ਼ਚਿਤ ਨਹੀਂ ਹੈ ਪਰ ਇਸ ਦਾ ਸਿਧਾਂਤਕ ਪਰਿਪੇਖ ਗੌਲਣਯੋਗ ਹੈ। ਜਨਮਸਾਖੀ ਦਾ ਆਰੰਭ ਪੰਜਾਬੀ ਵਿਚ ਸ੍ਰੀ ਗੁਰੂ ਨਾਨਾਕ ਦੇਵ ਜੀ ਦੇ ਆਗਮਨ ਨਾਲ ਹੋਇਆ। ਇਸ ਕਰਕੇ ਜਨਮਸਾਖੀ ਸ੍ਰੀ ਗੁਰੂ ਨਾਨਕ ਜੀ ਦੀ ਜੀਵਨ ਕਥਾ ਦਾ ਪ੍ਰਯਾਇ ਬਣ ਗਿਆ ਹੈ। ਹਾਲਾਂਕਿ ਹੋਰ ਗੁਰੂ ਸਾਹਿਬਾਨਾਂ ਦੀਆਂ ਸਾਖੀਆਂ ਵੀ ਮਿਲਦੀਆਂ ਹਨ। ਜਨਮ ਸਾਖੀਆਂ ਵਿਚ ਸਭ ਤੋਂ ਉਲੇਖਯੋਗ 'ਪੁਰਾਤਨ ਜਨਮਸਾਖੀ' ਹੈ।

ਵਿਦਵਾਨਾਂ ਮੁਤਾਬਿਕ ਸਾਖੀ ਸ਼ਬਦ ਸੰਸਕ੍ਰਿਤ ਦੇ ਸ਼ਬਦ 'ਸਾਕਸ਼ੀ' ਦਾ ਰੂਪਾਂਤਰ ਹੈ। ਜਿਸ ਦਾ ਅਰਥ 'ਗਵਾਹੀ' ਹੈ। ਆਚਾਰਯ ਪਰਸ਼ੂਰਾਮ ਚਤੁਰਵੇਦੀ ਅਨੁਸਾਰ, 'ਉਹ ਮਨੁੱਖ ਜਿਸ ਨੇ ਕਿਸੇ ਘਟਨਾ ਜਾਂ ਵਸਤੂ ਨੂੰ ਅੱਖੀਂ ਦੇਖਿਆ ਹੋਵੇ। ਉਸ ਦਾ ਬਿਆਨ ਸਾਖੀ ਹੈ।' ਇਸ ਪ੍ਰਸੰਗ ਨੂੰ ਹੋਰ ਵਿਦਵਾਨ ਵੀ ਦ੍ਰਿੜਾਉਂਦੇ ਹਨ। ਰਤਨ ਸਿੰਘ ਜੱਗੀ ਅਨੁਸਾਰ, 'ਜਨਮ ਸਾਖੀ ਤੋਂ ਇਥੇ ਕੇਵਲ ਪੈਦਾਇਸ਼ ਨਹੀਂ ਸਗੋਂ ਕਿਸੇ ਮਹਾਂਪੁਰਖ ਦਾ ਅਧਿਆਤਮਕ ਜੀਵਨ ਬਿਰਤਾਂਤ ਹੈ।' ਇਸ ਤਰ੍ਹਾਂ ਜਨਮ ਸਾਖੀ ਦਾ ਅਰਥ ਹੈ ਜੋ ਅੱਖੀਂ ਡਿਠੀ ਗੱਲ ਕਹੀ ਗਈ ਹੋਵੇ। ਇਸ ਤਰ੍ਹਾਂ ਜਨਮ ਸਾਖੀ ਦਾ ਅਰਥ ਕਿਸੇ ਮਹਾਨ ਸ਼ਖ਼ਸੀਅਤ ਦੇ ਅਧਿਆਤਮਕ ਜੀਵਨ ਬਿਰਤਾਂਤ ਤੋਂ ਹੈ ਡਾ. ਸੁਰਿੰਦਰ ਸਿੰਘ ਕੋਹਲੀ ਅਨੁਸਾਰ, 'ਪੁਰਾਤਨ ਪੰਜਾਬੀ ਵਾਰਤਕ ਦਾਰਸ਼ਨਿਕ (ਵਿਚਾਰ ਪ੍ਰਧਾਨ) ਵੀ ਹੈ ਅਤੇ ਬਿਰਤਾਂਤਕ ਵੀ।'

'ਜਨਮਸਾਖੀ' ਮੱਧਕਾਲੀ ਵਾਰਤਕ ਦਾ ਸਭ ਤੋਂ ਪ੍ਰਮੁਖ ਰੂਪ ਹੈ ਜੋ 'ਸਾਖੀ' ਰੂਪ ਵਿਚੋਂ ਉਪਜਿਆ ਹੈ। ਜਨਮ ਸਾਖੀ ਸਾਹਿਤ ਰੂਪ ਆਪਣੇ ਮੁਢਲੇ ਰੂਪ ਸਾਖੀ ਤੋਂ ਕਈ ਗੱਲਾਂ ਵਿਚ ਭਿੰਨ ਹੈ। ਅਸਲ ਵਿਚ ਜਨਮਸਾਖੀ ਵਾਰਤਕ-ਰੂਪ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਸਾਖੀਆਂ ਵਜੋਂ ਮਕਬੂਲ ਹੈ। ਰਤਨ ਸਿੰਘ ਜੱਗੀ ਅਨੁਸਾਰ, 'ਜਨਮ ਤੋਂ ਭਾਵ ਇਥੇ ਕੇਵਲ ਪੈਦਾਇਸ਼ ਨਹੀਂ ਸਗੋਂ ਸਾਰਾ ਜੀਵਨ ਹੈ ਇਸ ਤਰ੍ਹਾਂ ਸਥੂਲ ਰੂਪ ਵਿਚ ਜਨਮਸਾਖੀ ਕਿਸੇ ਮਹਾਂਪੁਰਖ ਦਾ ਅਧਿਆਤਮਿਕ ਜੀਵਨ-ਬ੍ਰਿਤਾਂਤ ਹੈ।'

ਜਨਮਸਾਖੀ ਤੋਂ ਬਿਨਾਂ ਜਨਮ ਨਾਲ ਸੰਬੰਧਿਤ ਹੋਰ ਸਾਖੀਆਂ ਵੀ ਮਿਲਦੀਆਂ ਹਨ ਜੋ ਭਗਤਾਂ ਦੇ ਜੀਵਨ ਨਾਲ ਸੰਬੰਧਿਤ ਹਨ ਜਿਵੇਂ ਭਗਤ ਕਬੀਰ ਜੀ ਦੀ ਜਨਮ ਸਾਖੀ। ਸਾਖੀਕਾਰ ਦੀ ਧਾਰਨਾ ਸੀ ਕਿ ਜਿਸਦੀ ਜਿੰਨੀ ਵੱਡੀ ਕਰਾਮਤ, ਉਸ ਦੀ ਅਧਿਆਤਮਿਕਤਾ ਵੀ ਉਚੇਰੀ ਹੈ। ਜਿਉਂ ਸਧਾਰਨ ਮਨੁੱਖ ਕਰਾਮਾਤ ਨਹੀਂ ਸਿਰਜ ਸਕਦਾ ਪਰ ਮਹਾਂਪੁਰਖ ਇਹ ਕਰ ਸਕਦੇ ਹਨ, ਉਹ ਪੌਣ-ਪਾਣੀ, ਅਗਨੀ ਅਤੇ ਕਾਲ ਉੱਪਰ ਅਖਤਿਆਰ ਰੱਖਣ ਕਰਕੇ ਰੱਬ ਦੇ ਸਮਾਨ ਹੋ ਜਾਂਦੇ ਹਨ। ਇਸ ਕਰਕੇ ਜਨਮ ਸਾਖੀਆਂ ਆਪਣੇ ਨਾਇਕ ਨੂੰ ਰੱਬ ਰੂਪ ਵਜੋਂ ਸਥਾਪਿਤ ਕਰਦੀਆਂ ਹਨ। ਕਿਹਾ ਜਾ ਸਕਦਾ ਹੈ ਕਿ ਮੱਧਕਾਲੀ ਯੁੱਗ ਵਿਚ ਗੁਰੂ ਸਾਹਿਬਾਨਾਂ ਦੇ ਆਦਰਸ਼ਕ ਜੀਵਨ, ਵਿਅਕਤੀਤਵ ਅਤੇ ਭਗਤਾਂ ਦੇ ਜੀਵਨ ਚਰਿਤਰ ਅਤੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਸਾਖੀਕਾਰਾਂ ਨੇ ਪਰੰਪਰਾਗਤ ਸ਼ੈਲੀ ਵਿਚ ਜਨਮ ਸਾਖੀ ਦੀ ਰਚਨਾ ਕੀਤੀ।

ਸਭ ਤੋਂ ਪਹਿਲੀ ਸਾਖੀ 1558 ਈ. ਦੇ ਨੇੜੇ ਤੇੜੇ ਕਿਸੇ ਸ਼ਰਧਾਵਾਨ ਸਿੱਖ ਦੀ ਲਿਖੀ ਮਿਲਦੀ ਹੈ। ਇਸ ਕਰਕੇ ਜਨਮਸਾਖੀ ਸਾਹਿਤ ਬਹੁਤ ਲੋਕਪ੍ਰਿਯ ਰਿਹਾ ਹੈ। ਸਿਧਾਂਤ ਪੱਖੋਂ ਘੋਖਿਆ ਜਾਏ ਤਾਂ ਜਨਮਸਾਖੀ ਆਧੁਨਿਕ ਵਾਰਤਕ ਰੂਪ ਜੀਵਨੀ ਅਤੇ ਕਾਵਿ ਦੇ ਰੂਪ ਮਹਾਂਕਾਵਿ ਤੋਂ ਭਿੰਨ ਹੈ। ਇਸ ਵੱਖਰੇ ਗੁਣ ਅਤੇ ਲੱਛਣ ਵਾਲੇ ਵਾਰਤਕ ਰੂਪ ਨੂੰ ਸ਼ਰਧਾਵਾਨ ਲੇਖਕ ਲਿਖਦੇ ਸਨ, ਜਿਨ੍ਹਾਂ ਦਾ ਮਕਸਦ ਆਪਣੇ ਨਾਇਕ ਜਾਂ ਮਹਾਂਪੁਰਸ਼ ਨੂੰ ਕਿਸੇ ਦੈਵੀ, ਅਵਤਾਰਾਂ ਜਾਂ ਅਧਿਆਤਮਕ ਹਸਤੀ ਤੋਂ ਨੀਵਾਂ ਹੋਣ ਨਹੀਂ ਦੇਣਾ ਸੀ। ਇਸ ਕਾਰਜ ਲਈ ਸਾਖੀਕਾਰ ਮਿਥਿਹਾਸਕ ਅਤੇ ਪਰਾਸਰੀਰਕ ਅੰਸ਼ ਵੀ ਜਨਮਸਾਖੀ ਵਿਚ ਪਿਰੋ ਦਿੰਦੇ ਸਨ ਯਥਾਰਥ ਨਾਲੋਂ ਰੁਮਾਂਚ ਵੱਧ ਸਿਰਜਦੇ ਸਨ। ਇਸ ਵਿਚ ਕਰਾਮਾਤੀ ਅੰਸ਼ਾਂ ਕਰਕੇ ਹੀ ਅਲੌਕਿਕਤਾ ਦਾ ਵਾਧਾ ਹੋਇਆ ਹੈ।

ਮੁਢਲੇ ਰੂਪ ਵਿਚ ਜਨਮਸਾਖੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਸੰਬੰਧਿਤ ਰਹੀ ਹੈ ਤਾਂ ਜਨਮਸਾਖੀ ਗੁਰੂ ਨਾਨਕ ਦੇਵ ਜੀ ਦੀ ਜੀਵਨ ਕਥਾ ਦਾ ਪ੍ਰਯਾਇ ਵੀ ਬਣ ਗਿਆ। ਜਿਸ ਦਾ ਉਦੇਸ਼ ਅਧਿਆਤਮਕ ਪ੍ਰਸ਼ਨਾਂ ਦਾ ਹੱਲ ਸੁਲਝਾਉਣਾ ਸੀ। ਗੁਰੂ ਨਾਨਕ ਦੇਵ ਜੀ ਤੋਂ ਬਿਨਾਂ ਬਾਕੀ ਗੁਰੂ ਸਾਹਿਬਾਨਾਂ ਦੀਆਂ ਜੀਵਨ ਘਟਨਾਵਾਂ ਨੂੰ ਵੀ ਜਨਮ ਸਾਖੀ ਕਿਹਾ ਜਾਂਦਾ ਹੈ।

ਇਸ ਅਨਿਸ਼ਚਿਤ ਆਕਾਰ ਵਾਲਾ ਮੱਧਕਾਲੀ ਵਾਰਤਕ ਰੂਪ ਗੁਰਮਤਿ ਸਾਹਿਤ ਦੀ ਵਿਆਖਿਆ ਜਾਂ ਟੀਕਾਕਾਰੀ, ਗੋਸ਼ਟਾਂ ਵਾਂਗ ਜਗਿਆਸੂ ਨੂੰ ਗੌਰਵਮਈ ਕਾਵਿ-ਧਾਰਾ ਤੋਂ ਜਾਣੂ ਕਰਾਉਣ ਦਾ ਇਕ ਸਰਲ ਮਾਧਿਅਮ ਰਹੀ ਹੈ।

ਇਉਂ ਜਨਮਸਾਖੀ ਸਿਧਾਂਤ ਦੀ ਘਾੜਤ ਇਹ ਸਪਸ਼ਟ ਕਰਦੀ ਹੈ ਕਿ ਜਨਮਸਾਖੀ ਕਿਸੇ ਮਹਾਂਨਾਇਕ, ਮਹਾਂਪੁਰਸ਼ ਦੀ ਜੀਵਨ–ਕਥਾ ਦੀ ਮਿਥਿਹਾਸਕ ਅਤੇ ਕਾਲਪਨਿਕ ਅੰਸ਼ਾਂ ਸਹਿਤ ਰੁਮਾਂਸਵਾਦੀ ਪ੍ਰਗਟਾਵਾ ਹੈ ਜੋ ਸ਼ਰਧਾਵਾਨ ਲੇਖਕਾਂ ਦੀ ਭਾਵੁਕਤਾ ਵਿਚੋਂ ਉਪਜਿਆ, ਜਿਸ ਨੇ ਮੱਧਕਾਲੀ ਵਾਰਤਕ ਦੇ ਸਾਖੀ ਰੂਪ ਨੂੰ ਵਿਕਸਿਤ ਕੀਤਾ ਅਤੇ ਆਧੁਨਿਕ ਵਾਰਤਕ ਦਾ ਰਾਹ ਪੱਧਰਾ ਕੀਤਾ।

ਜਨਮਸਾਖੀ ਦੇ ਅਨੇਕ ਸਰੂਪ ਸਾਨੂੰ ਮੱਧਕਾਲੀ ਵਾਰਤਕ ਵਿਚ ਮਿਲਦੇ ਹਨ। ਜਿਨ੍ਹਾਂ ਤੋਂ ਮੱਧਕਾਲੀ ਵਾਰਤਕ ਦੀ ਅਮੀਰ ਪਰੰਪਰਾ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਪੁਰਾਤਨ ਪੰਜਾਬੀ ਵਾਰਤਕ ਜਨਮ ਸਾਖੀ ਤੋਂ ਸ਼ੁਰੂ ਹੁੰਦੀ ਹੈ। ਇਹ ਵਾਰਤਕ ਰੂਪ ਉਸ ਸਮੇਂ ਦੀ ਪੇਸ਼ਕਾਰੀ ਅਤੇ ਤਰਜਮਾਨੀ ਕਰਦਾ ਹੈ, ਜਦੋਂ ਭਾਰਤੀ ਭਾਸ਼ਾਵਾਂ ਵਿਚ ਮਾਨਵੀ ਭਾਵਾਂ ਨੂੰ ਪ੍ਰਗਟਾਉਣ ਲਈ ਕਾਵਿ ਦੇ ਨਾਲ-ਨਾਲ ਵਾਰਤਕ ਦਾ ਵਾਯੂਮੰਡਲ ਸਿਰਜਿਆ ਜਾਣ ਲੱਗਾ ਸੀ ਜਨਮਸਾਖੀ ਦਾ ਭਾਸ਼ਾਈ ਸਰੂਪ ਸਧੁਕੜੀ ਭਾਸ਼ਾ ਵਾਲਾ ਰਿਹਾ ਹੈ, ਜਿਸ ਨੂੰ 'ਸਾਧ ਭਾਸ਼ਾ' ਵੀ ਕਿਹਾ ਜਾਂਦਾ ਹੈ।

ਉਪਰੋਕਤ ਵੇਰਵੇ ਤੋਂ ਜਨਮਸਾਖੀ ਦੇ ਕਈ ਸਰੂਪਗਤ ਸੰਕੇਤ ਮਿਲਦੇ ਹਨ ਕਿ ਜਨਮ ਸਾਖੀ ਇਕ ਸ਼ਖ਼ਸੀਅਤ ਨਾਲ ਸੰਬੰਧਿਤ ਨਹੀਂ ਹੈ ਨਾ ਹੀ ਇਕ ਸਰੂਪ ਵਾਲੀ ਹੈ। ਜਨਮਸਾਖੀ ਵਾਰਤਕ ਵਿਧਾ ਹੇਠ ਲਿਖੇ ਰੂਪਾਂ ਵਿਚ ਰਚੀ ਮਿਲਦੀ ਹੈ:

1. ਪੁਰਾਤਨ ਜਨਮਸਾਖੀ
2. ਸੰਭੂਨਾਥ ਵਾਲੀ ਜਨਮਸਾਖੀ
3. ਜਨਮਸਾਖੀ ਗੁਰੂ ਨਾਨਕ ਦੇਵ ਜੀ
4. ਮਿਹਰਬਾਨ ਵਾਲੀ ਜਨਮਸਾਖੀ
5. ਭਾਈ ਬਾਲੇ ਵਾਲੀ ਜਨਮਸਾਖੀ
6. ਭਾਈ ਮਨੀ ਸਿੰਘ ਵਾਲੀ ਜਨਮਸਾਖੀ
7. ਭਗਤ ਕਬੀਰ ਜੀ ਕੀ ਜਨਮਸਾਖੀ
8. ਗੋਸ਼ਟੀਆਂ ਮਿਹਰਬਾਨ ਜੀ ਕੀਆਂ
9. ਬਿਧੀ ਚੰਦ ਜਾਂ ਹੰਦਾਈਆਂ ਵਾਲੀ ਜਨਮਸਾਖੀ
10. ਸਤਿਗੁਰੂ ਜੀ ਦੇ ਮੁਹਿ ਦੀਆਂ ਜਨਮਸਾਖੀਆਂ

ਜਨਮਸਾਖੀ ਦੇ ਇਨ੍ਹਾਂ ਸਰੂਪਾਂ ਤੋਂ ਬਿਨਾਂ ਅਸਾਨੂੰ ਹੋਰ ਜਨਮ ਸਾਖੀਆਂ ਵੀ ਮਿਲਦੀਆਂ ਹਨ। ਇਨ੍ਹਾਂ ਦੀ ਗਿਣਤੀ 20-30 ਤੋਂ ਚਲ ਕੇ 375 ਹੋ ਗਈ ਹੈ। ਇਨ੍ਹਾਂ ਜਨਮਸਾਖੀਆਂ ਦਾ ਸਰਪ ਅਜਿਹਾ ਹੈ ਕਿ ਇਨ੍ਹਾਂ ਵਿਚ ਆਧੁਨਿਕ ਵਾਰਤਕ-ਰੂਪ ਕਹਾਣੀ, ਜੀਵਨੀ, ਸਵੈ–ਜੀਵਨੀ, ਰੇਖਾ–ਚਿੱਤਰ, ਸੰਵਾਦ, ਸੰਸਮਰਣ ਆਦਿ ਸਭ ਦੇ ਅੰਸ਼ ਮੌਜੂਦ ਹਨ। ਇਹ ਜਨਮਸਾਖੀਆਂ ਮਹਾਂਨਾਇਕ ਜਾਂ ਮਹਾਂਪੁਰਸ਼ ਦਾ ਜੀਵਨ ਚਰਿਤਰ ਕਰਾਮਾਤੀ ਢੰਗ ਨਾਲ ਪੇਸ਼ ਕਰਦੀਆਂ ਹਨ। ਭਾਸ਼ਾ ਪੱਖੋਂ ਜਨਮਸਾਖੀਆਂ ਦਾ ਸਰੂਪ ਸਾਧਭਾਸ਼ਾ ਵਾਲਾ ਹੈ ਅਰਥਾਤ ਇਨਾਂ ਦੀ ਭਾਸ਼ਾ ਸਧੁਕੜੀ ਹੈ। ਇਹ ਕਈ ਭਾਸ਼ਾਵਾਂ ਦਾ ਮਿਸ਼ਰਿਤ ਰੂਪ ਹੁੰਦਾ ਹੈ, ਜਿਸ ਵਿਚ ਮੁੱਖ ਤੌਰ ਤੇ ਇਕ ਭਾਸ਼ਾ ਹੁੰਦੀ ਹੈ।

ਜਨਮਸਾਖੀ ਸਾਹਿਤ ਦਾ ਆਪਣਾ ਪ੍ਰਕਾਰਜੀ ਸਰੂਪ ਵੀ ਹੈ ਇਨ੍ਹਾਂ ਜਨਮਸਾਖੀਆਂ ਦੇ ਰਚੈਤਾ ਸਾਖੀਕਾਰਾਂ ਦਾ ਆਪਣਾ ਇਕ ਮਨੋਰਥ ਸੀ, ਜਿਸ ਕਰਕੇ ਉਨ੍ਹਾਂ ਨੇ ਜਨਮਸਾਖੀਆਂ ਦੀ ਰਚਨਾ ਕੀਤੀ। ਜਨਮਸਾਖੀ ਇਤਿਹਾਸ ਅਤੇ ਸਾਹਿਤ ਦਾ ਮਿਸ਼ਰਿਤ ਰੂਪ ਹੈ। ਇਸ ਕਰਕੇ ਇਨ੍ਹਾਂ ਦਾ ਕਾਰਜ ਇਤਿਹਾਸ ਤੋਂ ਜਾਣੂੰ ਕਰਾਉਣਾ ਹੁੰਦਾ ਹੈ ਪਰ ਜਨਮਸਾਖੀ ਵਿਚਲੇ ਪਰਾਭੌਤਿਕ ਅੰਸ਼ਾਂ ਦਾ ਮਕਸਦ ਇਹ ਪ੍ਰਗਟਾਉਣਾ ਹੁੰਦਾ ਹੈ ਕਿ ਜਨਮਸਾਖੀ ਦਾ ਮਹਾਂਨਾਇਕ ਜਾਂ ਮਹਾਂਪੁਰਸ਼ ਕਿਸੇ ਵੀ ਹੋਰ ਦੈਵੀ ਜਾਂ ਪੁਰਾਤਨ ਅਵਤਾਰ ਨਾਲ ਬਰ ਮੇਚਦਾ ਹੈ। ਤਕਨੀਕੀ ਪੱਖ ਤੋਂ ਨਾਟਕੀ ਸ਼ੈਲੀ, ਕਾਵਿ–ਮਈ ਰੰਗਣ ਅਤੇ ਰਵਾਨੀ ਭਰਪੂਰ ਇਸ ਵਾਰਤਕ ਰੂਪ ਦਾ ਅਸਲ ਪ੍ਰਕਾਰਜ ਇਹ ਸੀ ਕਿ ਗੁਰਮਤਿ ਨਾਲ ਲੋਕਾਈ ਨੂੰ ਜੋੜਿਆ ਜਾਵੇ। ਇੰਝ ਹੀ ਇਸ ਰੂਪ ਦਾ ਇਕ ਪ੍ਰਕਾਰਜ ਗੁਰਬਾਣੀ ਦਾ ਵਿਖਿਆਨ ਕਰਨਾ ਵੀ ਰਿਹਾ ਹੈ।

ਜਨਮਸਾਖੀਆਂ ਵਿਚ ਪ੍ਰਚਲਿਤ ਧਾਰਮਿਕ ਕਥਾਵਾਂ ਅਤੇ ਲੋਕ ਰੂੜ੍ਹੀਆਂ ਨੂੰ ਮੁਹਾਂਦਰਾ ਬਦਲ ਕੇ ਨਵੇਂ ਰੂਪ ਵਿਚ ਪੇਸ਼ ਵੀ ਕੀਤਾ ਗਿਆ ਹੈ। ਜਿਸ ਦਾ ਕਾਰਨ ਇਹ ਸੀ ਕਿ ਲੋਕ ਚਿੱਤਵ੍ਰਿਤੀ ਇਕਦਮ ਇਸ ਨੂੰ ਅਪਨਾ ਲਵੇ ਅਤੇ ਇਉਂ ਹੋਇਆ ਵੀ, ਜਿਸ ਕਾਰਨ ਜਨਮਸਾਖੀ ਹਰਮਨ ਪਿਆਰਾ ਵਾਰਤਕ ਰੂਪ ਹੋ ਨਿਬੜਿਆ ਅਸਲ ਵਿਚ ਜਨਮਸਾਖੀਆਂ ਦਾ ਮਨੋਰਥ ਅਤੇ ਪ੍ਰਕਾਰਜ ਸਦਾਚਾਰ ਅਤੇ ਨੈਤਿਕ ਗੁਣਾਂ ਨੂੰ ਉਜਾਗਰ ਕਰਨਾ ਹੈ। ਜਨਮਸਾਖੀ ਵਿਚ ਪਰਾਭੌਤਿਕ ਅੰਸ਼ਾਂ ਦੀ ਭਰਮਾਰ ਹੋਣ ਦੇ ਬਾਵਜੂਦ ਇਹ ਯਥਾਰਥ ਦੀ ਪੇਸ਼ਕਾਰੀ ਕਰਦੀ ਹੈ, ਜਿਸ ਨੇ ਨੈਤਿਕਤਾ ਪੱਖੋਂ ਗੁਰਮਤਿ ਦਾ ਜਨ ਅਧਾਰ ਬਣਾਇਆ ਤੇ ਗੁਰਮਤਿ ਜੀਵਨ ਦੀ ਪੇਸ਼ਕਾਰੀ ਕਰਦੇ ਹੋਏ ਗੁਰਮਤਿ ਦਾ ਪ੍ਰਚਾਰ-ਪਾਸਾਰ ਕੀਤਾ। ਜਨਮਸਾਖੀ ਦਾ ਪ੍ਰਕਾਰਜੀ ਆਧਾਰ ਵਿਸ਼ਵਾਸ ਹੈ। ਇਹ ਵਿਸ਼ਵਾਸ ਧਰਮ ਤੋਂ ਆਉਂਦਾ ਹੈ। ਧਰਮ ਨਾਲ ਜੁੜੀ ਬੋਲੀ ਪੰਜਾਬੀ ਹੋਣ ਕਰਕੇ ਵੀ ਜਨਮਸਾਖੀ ਪਵਿੱਤਰ ਮੰਨੀ ਜਾਂਦੀ ਹੈ। ਜਿਸ ਨਾਲ ਨੈਤਿਕ ਗੁਣ ਉਪਜਦੇ ਹਨ। ਇਸ ਕਰਕੇ ਜਨਮ ਸਾਖੀ ਦਾ ਪ੍ਰਕਾਰਜ ਬਹੁਪੱਖੀ ਹੈ।

ਸਾਹਿਤ ਆਲੋਚਨਾ ਦੇ ਪਿੜ ਵਿਚ ਇਹ ਧਾਰਨੀ ਹੈ ਕਿ ਜਨਮਸਾਖੀ ਆਸਥਾ ਮੁਖ ਹੋਣ ਕਰਕੇ ਇਸਦਾ ਪ੍ਰਭਾਵ ਸੀਮਤ ਹੈ ਕਿਉਂਕਿ ਇਕ ਧਾਰਮਿਕ ਵਰਗ ਨਾਲ ਜੁੜੇ ਹੋਣ ਕਰਕੇ ਇਹ ਦੂਸਰੇ ਧਾਰਮਿਕ ਵਰਗ ਨੂੰ ਪ੍ਰਭਾਵਿਤ ਨਹੀਂ ਕਰ ਪਾਉਂਦੀ। ਇਸ ਕਰਕੇ ਦੂਸਰੇ ਵਰਗ ਦੀ ਲੋਕਾਈ ਇਸ ਨੂੰ ਕਥਾ ਜਾਂ ਲੋਕ ਕਥਾ ਤੋਂ ਵੱਧ ਨਹੀਂ ਮੰਨਦੀ ਪਰ ਇਹ ਗੱਲ

ਨਿਸ਼ਚਿਤ ਹੈ ਕਿ ਮੱਧਕਾਲੀਨ ਵਾਰਤਕ ਸਾਹਿਤ ਵਿਚ ਅਤੇ ਸਾਖੀ ਵਾਰਤਕ ਰੂਪ ਦੇ ਵਿਸਥਾਰ ਵਿਚ ਜਨਮਸਾਖੀ ਦਾ ਸਭ ਤੋਂ ਅਹਿਮ ਰੋਲ ਹੈ। ਇਸ ਕਰਕੇ ਹੀ ਪੰਜਾਬੀ ਦੇ ਇਸ ਕਥਾਤਮਕ ਵਾਰਤਕ-ਸਾਹਿਤ ਨੂੰ ਲਿਖਤ ਰੂਪ ਵਿਚ ਸੰਭਾਲਣ ਦੀ ਪਿਰਤ ਪਈ ਅਤੇ ਕਥਾਮਈ ਸਾਹਿਤ ਹੋਣ ਕਰਕੇ ਹੀ ਵਾਰਤਕ ਰੂਪ ਦੀ ਬੁਨਿਆਦ ਮਜ਼ਬੂਤ ਹੋਈ।

ਉਪਰੋਕਤ ਅਨੁਸਾਰ ਅਸੀਂ ਜਨਮਸਾਖੀ ਵਾਰਤਕ ਰੂਪ ਬਾਰੇ ਚਰਚਾ ਨੂੰ ਸਮੇਟਦੇ ਹੋਏ ਸਪਸ਼ਟ ਕਰਨਾ ਚਾਹੁੰਦੇ ਹਾਂ ਕਿ ਜਨਮਸਾਖੀ ਉਹ ਮੱਧਕਾਲੀਨ ਵਾਰਤਕ ਵਿਧਾ ਹੈ ਜਿਸ ਦਾ ਸੰਬੰਧ ਕਿਸੇ ਮਹਾਂਨਾਇਕ ਜਾਂ ਮਹਾਂਪੁਰਸ਼ ਜਿਵੇਂ ਗੁਰੂ ਸਾਹਿਬਾਨ ਨਾਲ ਸੰਬੰਧਿਤ ਹੈ। ਜਿਸ ਵਿਚ ਉਨ੍ਹਾਂ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਚਮਤਕਾਰੀ ਰੂਪ ਵਿਚ ਦਰਸਾ ਕੇ ਉਨ੍ਹਾਂ ਦੇ ਜੀਵਨ ਅਤੇ ਅਧਿਆਤਮਕ ਕੱਦ ਨੂੰ ਉਚਿਆਇਆ ਜਾਂਦਾ ਸੀ ਇਸ ਤੋਂ ਇਲਾਵਾ ਅਨੇਕ ਮਹਾਂਪੁਰਖਾਂ ਦੇ ਜੀਵਨ ਨਾਲ ਸੰਬੰਧਿਤ ਜਨਮਸਾਖੀਆਂ ਮਿਲਦੀਆਂ ਹਨ। ਜਨਮਸਾਖੀ ਆਧੁਨਿਕ ਵਾਰਤਕ ਵਿਧਾਵਾਂ ਦਾ ਆਧਾਰ ਹੈ ਜਾਂ ਇਉਂ ਕਿਹਾ ਜਾ ਸਕਦਾ ਹੈ ਕਿ ਆਧੁਨਿਕ ਵਾਰਤਕੀ ਰੂਪ ਦੇ ਬੀਜ ਮੱਧਕਾਲੀਨ ਵਾਰਤਕ ਵਿਧਾ ਸਾਖੀ ਵਿਚ ਪਏ ਹਨ।

ਅੱਜ ਵੀ ਕਈ ਸਾਖੀਕਾਰ ਜਾਂ ਕਥਾਵਾਚਕ ਜਾਂ ਕੀਰਤਨ ਵਾਲੇ ਭਾਈ ਸਾਹਿਬ ਕਈ ਕਥਾਨਿਕ ਰੂੜ੍ਹੀਆਂ, ਜੋ ਅਸਲੋਂ ਨਵੀਨ ਹੁੰਦੀਆਂ ਹਨ, ਨੂੰ ਗੁਰੂ ਸਾਹਿਬਾਨ ਜਾਂ ਭਗਤਾਂ ਦੇ ਜੀਵਨ ਪ੍ਰਸੰਗ ਨਾਲ ਜੋੜ ਕੇ ਨਵੀਆਂ ਸਾਖੀਆਂ ਦੀ ਸਿਰਜਣਾ ਕਰ ਲੈਂਦੇ ਹਨ। ਇਸ ਕਰਕੇ ਮੱਧਕਾਲੀਨ ਵਾਰਤਕ ਰੂਪ ਜਨਮਸਾਖੀ ਅੱਜ ਵੀ ਪ੍ਰਭਾਵਸ਼ਾਲੀ ਹੈ।

### 1.3.3.2 ਸਾਖੀ

ਪੰਜਾਬੀ ਵਾਰਤਕ ਦਾ ਅਧਿਐਨ ਕਰੀਏ ਤਾਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਆਧੁਨਿਕ ਵਾਰਤਕ ਦਾ ਅਧਾਰ ਸਾਖੀ ਪਰੰਪਰਾ ਵਿਚ ਹੈ। ਪੰਜਾਬੀ ਵਾਰਤਕ ਦੀ ਰਚਨਾਤਮਕ ਪੱਖੋਂ ਬੜੀ ਮੁੱਲਵਾਨ ਪਰੰਪਰਾ ਦਾ ਪ੍ਰਮਾਣ ਧਰਮ ਦਰਸ਼ਨ ਅਤੇ ਮਾਨਵੀ ਜ਼ਿੰਦਗੀ ਦੇ ਮਸਲਿਆਂ ਦੇ ਗਿਆਨ ਅੰਦਰ ਪਿਆ ਹੈ। ਹਰ ਭਾਸ਼ਾ ਦੇ ਸਾਹਿਤ ਵਾਂਗ ਪੰਜਾਬੀ ਵਾਰਤਕ ਵੀ ਪੰਜਾਬੀ ਕਾਵਿ–ਪਰੰਪਰਾ ਪਿੱਛੋਂ ਸਾਹਿਤਕ ਪਿੜ ਵਿਚ ਆਉਂਦੀ ਹੈ।

ਪੰਜਾਬੀ ਵਾਰਤਕ ਦਾ ਆਰੰਭ ਸਾਖੀ ਅਤੇ ਜਨਮਸਾਖੀ ਪਰੰਪਰਾ ਨਾਲ ਹੁੰਦਾ ਹੈ। ਇਸ ਦਾ ਆਰੰਭ ਕਾਲ 16ਵੀਂ ਸਦੀ ਦੇ ਅੰਤਲੇ ਦਹਾਕੇ ਹਨ। ਮੱਧਕਾਲੀ ਵਾਰਤਕ ਸਾਹਿਤਕ ਚਿੰਤਨ ਅਤੇ ਇਤਿਹਾਸਕ ਦ੍ਰਿਸ਼ਟੀ ਪੱਖੋਂ ਆਧੁਨਿਕ ਵਾਰਤਕ ਨਾਲੋਂ ਭਿੰਨ ਹੈ। ਸਾਖੀ ਪਰੰਪਰਾ ਦਾ ਚਰਿੱਤਰ ਧਰਮ-ਕੇਂਦਰਿਤ ਹੈ। ਇਸੇ ਕਰਕੇ ਹੀ ਸਾਖੀ ਦੇ ਬਰਾਬਰ ਦਾ ਮਹੱਤਵਪੂਰਨ ਰੂਪ ਜਨਮਸਾਖੀ ਵੀ 'ਸਾਖੀ' ਦੇ ਸਮਾਨਾਂਤਰ ਵਿਕਸਿਤ ਹੋ ਰਹੀ ਹੈ।

ਸਾਖੀ ਮੱਧਕਾਲੀ ਵਾਰਤਕ ਦੇ ਹੋਰ ਰੂਪਾਂ ਜਨਮਸਾਖੀ, ਟੀਕੇ, ਪਰਮਾਰਥ, ਗੋਸ਼ਟਾਂ, ਪਰਚੀਆਂ, ਵਚਨ, ਹੁਕਮਨਾਮੇ ਅਤੇ ਰਹਿਤਨਾਮੇ ਆਦਿ ਵਿਚ ਪ੍ਰਸਿਧ ਸਾਹਿਤ ਰੂਪ ਹੈ। ਹਾਲਾਂਕਿ ਇਨ੍ਹਾਂ ਤੋਂ ਬਿਨਾਂ ਹੋਰ ਸੰਸਕ੍ਰਿਤ ਅਤੇ ਫ਼ਾਰਸੀ ਦੀ ਮੱਧਕਾਲੀ ਵਾਰਤਕ ਦੇ ਅਨੁਵਾਦ ਵੀ ਮਿਲਦੇ ਹਨ।

ਸਾਖੀ ਵਿਚ ਕਿਸੇ ਘਟਨਾ ਨੂੰ ਜਾਂ ਕਿਸੇ ਇਕ ਕਹਾਣੀ ਨੂੰ ਆਧਾਰ ਬਣਾ ਕੇ ਲਿਖੀ ਕਿਸੇ ਮਹਾਨ ਵਿਅਕਤੀ ਦੇ ਜੀਵਨ ਦਾ ਵਿਸਥਾਰ ਜਾਂ ਸੰਖਿਪਤ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਸਾਖੀ, ਜਨਮਸਾਖੀ ਨਾਲੋਂ ਵੱਖਰਾ ਵਾਰਤਕ ਰੂਪ ਹੁੰਦਾ ਹੈ। ਜਨਮਸਾਖੀ ਅਤੇ ਸਾਖੀ ਵਿਚ ਹਲਕਾ ਜਿਹਾ ਅੰਤਰ ਹੈ। ਸਾਖੀ ਜਿੱਥੇ ਕਿਸੇ ਗੁਰੂ ਨਾਲ ਸੰਬੰਧਿਤ ਨਹੀਂ ਹੁੰਦੀ ਉੱਥੇ ਜਨਮਸਾਖੀ ਦਾ ਸੰਬੰਧ ਗੁਰੂ ਅਤੇ ਗੁਰੂ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਦੀ ਪੇਸ਼ਕਾਰੀ ਨਾਲ ਹੁੰਦਾ ਹੈ।

ਸਾਖੀ ਮੱਧਕਾਲੀਨ ਵਾਰਤਕ ਦਾ ਮੁਢਲਾ ਰੂਪ ਹੈ ਜਿਸ ਵਿਚੋਂ ਬਾਕੀ ਰੂਪ ਨਿਖੜ ਕੇ ਸਥਾਪਿਤ ਹੋਏ ਹਨ। ਇਨ੍ਹਾਂ ਵਿਚੋਂ ਇਹ ਰੂਪ ਸਭ ਤੋਂ ਪ੍ਰਮੁਖ ਰੂਪ ਹੈ। ਸਾਖੀ ਸ਼ਬਦ ਦਾ ਅਰਥ ਹੈ- 'ਗਵਾਹੀ' ਅਰਥਾਤ 'ਆਪਣੇ ਅੱਖੀਂ ਦੇਖੀ ਕਹਾਣੀ।'

ਸਾਖੀ' ਸ਼ਬਦ ਸੰਸਕ੍ਰਿਤ ਦੇ 'ਸਾਕਸ਼ੀ' ਸ਼ਬਦ ਤੋਂ ਬਣਿਆ ਹੈ। ਸਾਕਸ਼ੀ ਦਾ ਅਰਥ ਹੈ– 'ਪ੍ਰਤੱਖ ਦਰਸ਼ਨ' ਇਸ ਤਰ੍ਹਾਂ ਜੋ ਵੀ ਵਿਅਕਤੀ ਆਪਣੇ ਜੀਵਨ ਨਾਲ ਸੰਬੰਧਿਤ ਕਿਸੇ ਮਹਾਂਨਾਇਕ ਜਾਂ ਮਹਾਂਪੁਰਸ਼ ਦੀ ਜੀਵਨ ਘਟਨਾਂ ਨੂੰ ਆਪਣੇ ਅੱਖੀਂ ਦੇਖਦਾ ਹੈ ਤੇ ਉਸ ਦਾ ਵਰਣਨ ਕਰਦਾ ਹੈ, ਉਸ ਨੂੰ ਸਾਖੀ ਕਹਿੰਦੇ ਹਨ।

ਇਹ ਜੋ ਸਾਖੀਕਾਰ ਹਨ ਇਹ ਲਿਖੇ ਜਾ ਰਹੇ ਇਤਿਹਾਸ ਦੇ ਪ੍ਰਤੱਖ ਗਵਾਹ ਹੁੰਦੇ ਹਨ। ਇਹ ਕਿਸੇ ਗੱਲ ਨੂੰ ਦੱਸਣ ਵੇਲੇ ਨਾਇਕ ਦਾ ਬਿੰਬ ਉਚਿਆਉਣ ਲਈ ਉਸ ਦੇ ਜੀਵਨ ਦੀਆਂ ਘਟਨਾਵਾਂ ਵਿਚ ਕੁਝ ਦੈਵੀ ਤੱਤ ਵੀ ਜੋੜ ਦਿੰਦੇ ਸਨ, ਜਿਸ ਕਰਕੇ ਲੋਕ-ਨਾਇਕ ਲੋਕ ਮਨਾਂ ਵਿਚ ਦੈਵੀ ਨਾਇਕ ਬਣ ਗਿਆ :

ਸੰਤਨ ਕੀ ਸੁਣਿ ਸਾਚੀ ਸਾਖੀ

(ਆਦਿ ਗ੍ਰੰਥ, ਅੰਗ- 894)

ਸੁਣਹੁ ਜਨ ਭਾਈ, ਗੁਰੂ ਸਤਿਗੁਰੂ ਕੀ ਇਕ ਸਾਖੀ

ਇਸੇ ਤਰ੍ਹਾਂ ਸਾਖੀ ਰੂਪ ਮੱਧਕਾਲ ਵਿਚ ਕਿਸੇ ਨਾਇਕ ਜਾਂ ਮਹਾਂਪੁਰਸ਼ ਦੇ ਜੀਵਨ ਦੀ ਕਿਸੇ ਇਕ ਘਟਨਾ ਨੂੰ ਪ੍ਰਗਟ ਕਰਦਾ ਜਾਂ ਵਖਿਆਉਂਦਾ ਰੂਪ ਵੀ ਹੈ। ਸਮੇਂ ਨਾਲ ਹੌਲੀ–ਹੌਲੀ ਸਾਖੀ ਸ਼ਬਦ ਦਾ ਪ੍ਰਯੋਗ ਕਿਸੇ ਵਿਅਕਤੀ ਵਿਸ਼ੇਸ਼ ਦੀ ਬਜਾਏ ਘਟਨਾ ਵਿਸ਼ੇਸ਼ ਲਈ ਹੋਣ ਕਰਕੇ ਸਾਖੀ ਰੂਪ ਦਾ ਜਨਮ ਹੋਇਆ।

ਆਧੁਨਿਕ ਵਾਰਤਕ ਪ੍ਰਕਿਰਤੀ ਦੇ ਨਿਯਮਾਂ ਨੂੰ ਭੰਗ ਨਹੀਂ ਕਰਦੀ ਜਦਕਿ ਮੱਧਕਾਲ ਦੀ ਵਾਰਤਕ ਕਈ ਵਾਰ ਇਸ ਦੇ ਉਲਟ ਪ੍ਰਕਿਰਤਕ ਨਿਯਮਾਂ ਨੂੰ ਪਾਰ ਕਰ ਕੇ ਲੋਕਾਂ ਵਿਚ ਲੋਕ ਸ਼ਰਧਾ ਪੈਦਾ ਕਰਦੀ ਸੀ। ਇਸੇ ਕਰਕੇ ਸਾਖੀ ਵਿਚ ਮਿਥਿਹਾਸਕ ਜਾਂ ਦੈਵੀ ਅੰਸ਼ ਵਧੇਰੇ ਸਨ। ਸਾਖੀਕਾਰ ਨਾਇਕਤਵ ਨੂੰ ਉਭਾਰਨ ਲਈ ਕਰਾਮਾਤੀ ਘਟਨਾਵਾਂ ਨੂੰ ਸਾਖੀ ਵਿਚ ਰਖਦੇ ਸਨ। ਜਿਸ ਕਰਕੇ ਮਹਾਂਪੁਰਖ/ਮਹਾਂਨਾਇਕ, ਪੌਣ, ਪਾਣੀ, ਅਗਨੀ ਅਤੇ ਕਾਲ ਉੱਪਰ ਅਖਤਿਆਰ ਰੱਖਣ ਕਰਕੇ ਰੱਬ ਸਮਾਨ ਹੋ ਜਾਂਦਾ ਹੈ।

ਸਾਖੀ ਇਤਿਹਾਸ ਅਤੇ ਸਾਹਿਤ ਦਾ ਮਿਸ਼ਰਤ ਰੂਪ ਹੋਣ ਕਰਕੇ ਆਧੁਨਿਕ ਵਾਰਤਕ ਰੂਪ ਜਿਵੇਂ ਜੀਵਨੀ, ਸਫਰਨਾਮਾ, ਕਹਾਣੀ, ਅਤੇ ਵਿਅਕਤੀ-ਚਿੱਤਰ ਦਾ ਜਨਮਦਾਤਾ ਵੀ ਹੈ। ਸਾਖੀ ਸ਼ਬਦ ਦੇ ਬਹੁਤ ਸਾਰੇ ਸਰੂਪ ਹਨ। ਜਿਵੇਂ

1. ਜਨਮਸਾਖੀ
2. ਪਰਚੀ
3. ਗੋਸਟਿ

ਜਨਮਸਾਖੀ ਅਤੇ ਪਰਚੀ ਸਾਖੀ ਵਿਚੋਂ ਨਿਕਲੇ ਮੱਧਕਾਲੀ ਵਾਰਤਕ ਰੂਪ ਹਨ। ਜਨਮਸਾਖੀ ਜਿਥੇ ਕਿਸੇ ਗੁਰੂ ਜਾਂ ਮਹਾਂਪੁਰਖ ਦੇ ਅਵਤਾਰ ਤੋਂ ਲੀਲਾ ਤਕ ਦਾ ਵਿਖਿਆਨ ਕਰਦਾ ਵਾਰਤਕ ਰੂਪ ਹੈ, ਉੱਥੇ ਪਰਚੀ ਵੀ ਇਸੇ ਵਿਚੋਂ ਹੀ ਉਪਜਿਆ ਮੱਧਕਾਲੀ ਵਾਰਤਕ ਰੂਪ ਹੈ। ਇਹ ਬਦਲਵਾਂ ਰੂਪ ਵੀ ਹੈ। ਸੇਵਾ ਪੰਥੀ ਸੰਪ੍ਰਦਾਇ ਦੇ ਲੇਖਕਾਂ ਨੇ ਜੋ ਵਾਰਤਕ ਰਚਨਾਵਾਂ 'ਪਰਚੀਆਂ' ਦੇ ਨਾਂ ਹੇਠ ਲਿਖੀਆਂ ਉਹ ਆਪਣੇ ਰੂਪ ਅਤੇ ਸੁਭਾਅ ਪੱਖੋਂ ਸਾਖੀਆਂ ਹੀ ਹਨ।

ਇਸ ਦਾ ਨਾਂ 'ਪਰਚੀ' ਇਸ ਲਈ ਰੱਖਿਆ ਗਿਆ ਹੋਵੇਗਾ ਕਿਉਂਕਿ ਉਹ ਕਿਸੇ ਮਹਾਂਪੁਰਖ ਜਾਂ ਮਹਾਂਨਾਇਕ ਦਾ ਜੀਵਨ ਸੰਬੰਧੀ ਪਰਿਚੈ ਦਿੰਦੀਆਂ ਹਨ। ਪਰਿਚਯ ਸ਼ਬਦ 'ਪਰਚਈ' ਤਦਭਵ ਰੂਪ ਵਿਚ ਬਦਲ ਕੇ ਫਿਰ 'ਪਰਚੀ' ਬਣ ਗਿਆ। ਇਉਂ ਉਪਰ ਦਰਜ ਜਨਮਸਾਖੀ ਨੂੰ ਵੀ ਬਹੁਤਾ ਸਮਾਂ ਸਾਖੀ ਹੀ ਲਿਖਿਆ ਜਾਂਦਾ ਰਿਹਾ ਹੈ।

ਬਹੁਤ ਸਾਰੀਆਂ ਸਾਖੀਆਂ ਸੰਬਾਦ ਦੇ ਰੂਪ ਵਿਚ ਹਨ। ਇਸ ਲਈ ਉਨ੍ਹਾਂ ਨੂੰ ਗੋਸਟਿ ਵਿਧਾ ਦੇ ਅਧੀਨ ਰੱਖਿਆ ਗਿਆ ਹੈ, ਉਦਾਹਰਨ ਦੇ ਤੌਰ ਤੇ ਭਾਈ ਮਿਹਰਬਾਨ ਵਾਲੀ ਜਨਮਸਾਖੀ ਨੂੰ ਗੋਸਟਿ ਦੀ ਸੰਗਯਾ ਦਿੱਤੀ ਜਾਂਦੀ ਹੈ। ਇਉਂ ਹੀ ਅਜਿਤੇ ਰੰਧਾਵੇ ਦੀ ਸਾਖੀ ਵੀ ਗੋਸਟਿ ਦੇ ਨਾਂ ਹੇਠ ਉਪਲਬਧ ਹੁੰਦੀ ਹੈ।

ਸਾਖੀ ਦਾ ਅਕਾਰ ਨਿਸ਼ਚਿਤ ਨਹੀਂ ਹੈ। ਸਾਖੀਕਾਰ ਸਾਖੀ ਵਿਚ ਆਪਣੇ ਨਾਇਕ ਦੇ ਜੀਵਨ ਦੀਆਂ ਘਟਨਾਵਾਂ ਨੂੰ ਆਪਣੇ ਮੱਤ ਜਾਂ ਖਿਆਲ ਅਨੁਸਾਰ ਚਿਤਰਦਾ ਹੈ। ਸਾਖੀ ਵਿਚ ਕਥਾਰਸ ਵੀ ਹੁੰਦਾ ਹੈ ਅਤੇ ਇਸ ਨੂੰ ਨਾਟਕੀ ਢੰਗ ਅਤੇ ਸਪਸ਼ਟ ਰੂਪ ਦੋਹਾਂ ਤਰੀਕਿਆਂ ਨਾਲ ਸਾਖੀਕਾਰ ਪੇਸ਼ ਕਰ ਸਕਦਾ ਹੈ। ਸਾਖੀ ਦੀ ਭਾਸ਼ਾ 'ਸਾਧ ਭਾਸ਼ਾ' ਹੀ ਹੁੰਦੀ ਸੀ।

ਸਾਖੀਆਂ ਦੇ ਸੰਗ੍ਰਹਿ ਦਾ ਨਾਮਕਰਣ ਹੇਠ ਲਿਖੇ ਢੰਗ ਨਾਲ ਕੀਤਾ ਗਿਆ ਹੈ।

1. ਜਨਮਸਾਖੀ ਭਾਈ ਬਾਲਾ
2. ਆਦਿ ਸਾਖੀਆਂ
3. ਗੁਰੂ ਜੀ ਕੀ ਦੱਖਣ ਕੀਆਂ ਸਾਖੀਆਂ
4. ਸਿੱਖਾਂ ਦੀ ਭਗਤ ਮਾਲਾ
5. ਸੌ ਸਾਖੀ
6. ਸਾਖੀਆਂ ਭਾਈ ਅੱਡਣ ਸ਼ਾਹ
7. ਸ੍ਰੀ ਸਤਿਗੁਰੂ ਜੀ ਕੇ ਮੂਹੇ ਕੀਆਂ ਸਾਖੀਆਂ
8. ਸਾਖੀ ਪਾਤਸ਼ਾਹੀ ਦਸਵੀਂ ਕੀ

9. ਆਦਿ ਸਾਖੀਆਂ ਬਾਬੇ ਕੀਆਂ

ਇਨ੍ਹਾਂ ਤੋਂ ਬਿਨਾਂ ਅਨੇਕ ਹੋਰ ਸਾਖੀਆਂ ਮੱਧਕਾਲੀਨ ਵਾਰਤਕ ਦਾ ਹਿੱਸਾ ਹਨ। ਇੰਞ ਸਾਖੀ ਦਾ ਸਵਰੂਪ ਕਈ ਤਰੀਕਿਆਂ ਨਾਲ ਸਾਹਿਤਕਾਰਾਂ ਵੱਲੋਂ ਉਲੀਕਿਆ ਗਿਆ ਹੈ। ਸਾਖੀ ਵਿਚ ਹੀ ਬਾਕੀ ਸਾਰੇ ਵਾਰਤਕ ਰੂਪਾਂ ਦੇ ਬੀਜ ਵੀ ਪਏ ਹਨ ਭਾਵੇਂ ਉਹ ਮੱਧਕਾਲੀ ਵਾਰਤਕ ਰੂਪ ਹੋਣ ਭਾਵੇਂ ਆਧੁਨਿਕ ਵਾਰਤਕ ਰੂਪ ਹੋਵੇ।

ਸਾਖੀ ਵਾਰਤਕ ਰੂਪ ਦਾ ਆਧਾਰ ਸਾਹਿਤ ਕੰਮ/ਕਾਰਜ ਹੁੰਦਾ ਹੈ। ਸਾਖੀ ਦਾ ਸੰਬੰਧ ਮਹਾਂਨਾਇਕ ਅਤੇ ਆਮ ਲੋਕਾਈ ਦਰਮਿਆਨ ਸੰਬੰਧ ਕਾਇਮ ਕਰਨ ਵਾਲਾ ਹੈ।

ਸਾਖੀ ਮੱਧਕਾਲੀ ਸਾਹਿਤ ਪਰੰਪਰਾ ਵਿਚ ਗੁਰੂ ਘਰ ਦੇ ਅਨਿਲ ਸਿਦਕਵਾਨ ਅਤੇ ਸਿੱਖ ਪ੍ਰੇਮੀਆਂ ਨੇ ਗੁਰੂ ਭਗਤੀ ਤੇ ਲਗਨ ਨੂੰ ਉਭਾਰਨ ਵਿਚ ਅਹਿਮ ਯੋਗਦਾਨ ਪਾਇਆ। ਇਸ ਨਾਲ ਹੀ ਗੁਰਮਤਿ ਦਾ ਪ੍ਰਚਾਰ ਹੋਇਆ। ਅਸਲ ਵਿਚ 'ਸਾਖੀ' ਦੀ ਵਾਰਤਕ ਰੂਪ ਵਜੋਂ ਅਹਿਮ ਭੂਮਿਕਾ ਹੈ।

ਇਥੇ ਇਹ ਗੱਲ ਵਰਣਨਯੋਗ ਹੈ ਕਿ ਹਰ ਗੱਲ, ਕਹਾਣੀ, ਵਿਥਿਆ ਜਾਂ ਬਾਤ ਨੂੰ ਵੀ ਸਾਖੀ ਨਹੀਂ ਕਿਹਾ ਜਾ ਸਕਦਾ। ਸਿਰਫ਼ ਗੁਰੂ ਸਾਹਿਬਾਨ ਜਾਂ ਭਗਤਾਂ ਦੇ ਨਾਲ ਸੰਬੰਧਿਤ ਘਟਨਾ ਵਰਣਨ ਨੂੰ ਹੀ ਸਾਖੀ ਆਖਿਆ ਜਾਂਦਾ ਹੈ। ਇਹ ਸਾਖੀਆਂ ਪ੍ਰਕਾਰਜ ਪੱਖੋਂ ਲੋਕ ਮਨ ਦੀ ਅਭਿਵਿਅਕਤੀ ਵੀ ਕਰਦੀਆਂ ਹਨ। ਸਾਖੀਆਂ ਵਿਚ ਕਾਲਪਨਿਕਤਾ ਦਾ ਅੰਸ਼ ਹੋਣ ਦੇ ਬਾਵਜੂਦ ਵੀ ਇਨ੍ਹਾਂ ਦਾ ਇਤਿਹਾਸਕ ਅਧਾਰ ਹੋਣ ਕਰਕੇ ਇਨ੍ਹਾਂ ਦਾ ਆਪਣਾ ਯਥਾਰਥ ਹੈ। ਇਹ ਯਥਾਰਥ ਹੀ ਇਸ ਵਾਰਤਕ ਰੂਪ ਨੂੰ ਰਹੱਸਮਈ ਬਣਾਉਂਦਾ ਹੈ। ਸਾਖੀ ਦੀ ਇਸ ਆਤਮਾ ਵਿਧਾ ਦੀ ਉਸਾਰੂ ਨੈਤਿਕਤਾ ਵਿਚ ਪਈ ਹੈ। ਜਿਸ ਨਾਲ ਜੁੜੇ ਮਿਥਿਹਾਸਕ ਜਾਂ ਕਾਲਪਨਿਕ ਅੰਸ਼ ਸਿਰਫ਼ ਗਲੇਫ਼ ਮਾਤਰ ਹੀ ਜਾਪਦੇ ਹਨ। ਅਸਲ ਵਿਚ 'ਸਾਖੀ' ਦਾ ਆਧਾਰ ਵਿਸ਼ਵਾਸ ਹੈ। ਵਿਸ਼ਵਾਸ ਅਤੇ ਧਰਮ ਅੰਤਰ ਸਬੰਧਿਤ ਹਨ। ਇਸੇ ਕਰਕੇ 'ਸਾਖੀ' ਆਪਣੇ ਆਪ ਵਿਚ ਪਵਿੱਤਰ ਹੈ। ਪਵਿੱਤਰ ਹੋਣ ਕਰਕੇ ਹੀ ਇਸ ਨੂੰ ਪ੍ਰਕਾਰਜੀ ਰੂਪ ਵਿਚ ਸਾਖੀ ਨੂੰ ਪੜ੍ਹਨ ਦਾ ਆਦੇਸ਼ ਹੈ। ਅਸਲ ਵਿਚ ਬਾਣੀ ਤੋਂ ਬਾਅਦ ਦੂਸਰੇ ਦਰਜੇ ਉਤੇ ਜੋ ਗੁਰਮਿਤ ਵਿਚ ਮਹਾਤਮ ਹੈ, ਉਹ 'ਸਾਖੀ' ਰੂਪ ਦਾ ਹੀ ਹੈ।

ਪੰਜਾਬੀ ਸਾਹਿਤਕ ਪਿੜ ਦੇ ਬਹੁਤ ਸਾਰੇ ਵਿਦਵਾਨ ਵਰਣਨ ਕਰਦੇ ਹਨ ਕਿ ਸਿੱਖੀ ਦਾ ਇਤਿਹਾਸ ਗੈਰ-ਸਿੱਖਾਂ ਵੱਲੋਂ ਲਿਖਿਆ ਹੋਣ ਕਰਕੇ ਉਨ੍ਹਾਂ ਨੇ ਇਤਿਹਾਸ ਇਉਂ ਲਿਖਿਆ ਕਿ ਉਹ ਧੁੰਦਲਕੇ ਵਿਚ ਹੈ ਕਿਉਂਕਿ ਜੋ ਉਹ ਸਿੱਖੀ ਦੇ ਨਿਆਰੇਪਣ ਤੋਂ ਈਰਖਾ ਰਖਦੇ ਸਨ ਇਸੇ ਕਰਕੇ ਮੱਧਕਾਲੀ ਵਾਰਤਕ ਵਿਚ ਅਜਿਹੀਆਂ ਸਾਖੀਆਂ ਦਾ ਬਿਊਰਾ ਵੀ ਮਿਲਦਾ ਹੈ ਜਿਸ ਨਾਲ ਸਿੱਖੀ ਦਾ ਅਕਸ ਵਿਗੜਿਆ। ਇਸ ਕਰਕੇ ਹੀ ਅਜੋਕੇ ਦੌਰ ਦੇ ਕਈ ਕਥਾਵਾਚਕ ਭੁਲੇਖਾ ਖਾ ਕੇ ਇਸ ਵਾਰਤਕ ਰੂਪ ਨੂੰ ਰੱਦ ਕਰ ਦਿੰਦੇ ਹਨ ਭਾਵ ਉਹ ਪਿੱਤਲ ਅਤੇ ਸੋਨੇ ਵਿਚ ਅੰਤਰ ਨਹੀਂ ਕਰ ਪਾਉਂਦੇ। ਇਨ੍ਹਾਂ ਸਾਖੀਆਂ ਦਾ ਪ੍ਰਕਾਰਜ ਸਾਖੀਕਾਰ ਦੇ ਉਦੇਸ਼ ਦੇ ਵੱਖਰੇ ਮਨਸੂਬੇ ਕਰ ਕੇ ਸਹੀ ਵੀ ਨਹੀਂ ਹੁੰਦਾ।

ਇਸ ਤਰ੍ਹਾਂ ਮੱਧਕਾਲੀ ਵਾਰਤਕ ਦੇ ਲਗਭਗ ਸਾਰੇ ਰੂਪਾਂ ਦਾ ਜਨਮ 'ਸਾਖੀ' ਵਾਰਤਕ ਰੂਪ ਹੀ ਹੈ। ਸਾਖੀ ਕਿਸੇ ਮਹਾਂਪੁਰਖ ਦੇ ਜੀਵਨ ਦਾ ਵਰਣਨ ਕਰਦਾ ਅਤੇ ਉਸ ਦੇ ਨਾਇਕਤਵ ਨੂੰ ਉਚਿਆਉਂਦਾ ਹੈ। ਇਹ ਨਾਇਕ ਜਾਂ ਮਹਾਂਪੁਰਖ ਦੇ ਜੀਵਨ ਦੀ ਕਿਸੇ ਇਕ ਘਟਨਾ ਨੂੰ ਵਿਥਿਆ ਦਾ ਹਿੱਸਾ ਬਣਾਉਂਦਾ ਹੈ। ਸਾਖੀ ਦੇ ਅਨੇਕ ਮੱਧਕਾਲੀ ਰੂਪ ਹਨ ਅਤੇ ਸਾਖੀ ਹੀ ਆਧੁਨਿਕ ਵਾਰਤਕ ਦੀ ਬੀਜ-ਰੂਪ ਹੈ ਜਿਸ ਤੋਂ ਜੀਵਨੀ, ਸਵੈ-ਜੀਵਨੀ, ਰੇਖਾ ਚਿੱਤਰ ਆਦਿ ਵਾਰਤਕ ਰੂਪ ਨਿਕਲੇ ਹਨ।

ਅਜੋਕੇ ਦੌਰ ਵਿਚ ਵੀ ਕਈ ਕਥਾਵਾਚਕ ਸਾਖੀਆਂ ਦੀ ਸਿਰਜਣਾ ਕਰਦੇ ਹਨ। ਬੇਸ਼ਕ 'ਸਾਖੀ' 16ਵੀਂ ਸਦੀ ਤੋਂ ਆਰੰਭ ਹੋਇਆ ਮੱਧਕਾਲੀ ਵਾਰਤਕ ਰੂਪ ਹੈ ਪਰੰਤੂ ਇਸ ਦੀ ਪ੍ਰਸੰਗਿਕਤਾ ਸਰਬਕਾਲੀ ਹੈ। ਅੱਜ ਦੇ ਦੌਰ ਵਿਚ ਕਥਾਕਾਰ ਤੇ ਰਾਗੀ ਸਾਖੀ ਦੀਆਂ ਕਥਾਨਕ ਰੂੜ੍ਹੀਆਂ ਨੂੰ ਗੁਰੂ ਸਾਹਿਬ ਦੇ ਜੀਵਨ ਪ੍ਰਸੰਗ ਨਾਲ ਵੀ ਜੋੜ ਕੇ ਨਵੀਆਂ ਸਾਖੀਆਂ ਦੀ ਸਿਰਜਣਾ ਕਰ ਰਹੇ ਹਨ।

ਉਪਰੋਕਤ ਦੀ ਲੋਅ ਵਿਚ ਕਹਿਣਾ ਯੋਗ ਹੋਵੇਗਾ ਕਿ 'ਸਾਖੀ' ਮੱਧਕਾਲੀ ਵਾਰਤਕ ਦਾ ਅਹਿਮ ਰੂਪ ਹੈ, ਜਿਸ ਵਿਚੋਂ ਵਿਕਸਿਤ ਹੋਇਆ ਅਗਲੇਰਾ ਰੂਪ ਜਨਮਸਾਖੀ ਹੋਰ ਵੀ ਪ੍ਰਸਿਧ ਹੋਇਆ। ਸੱਚਮੁੱਚ 'ਸਾਖੀ' ਆਪਣੀ ਸ਼ਾਬਦਿਕ ਰੂੜ੍ਹੀ 'ਸਾਕਸ਼ੀ' ਨੂੰ ਚਰਿਤਾਰਥ ਕਰਦਾ ਵਾਰਤਕ ਰੂਪ ਹੈ ਜਿਸ ਨੇ ਲੋਕਮਨ ਵਿਚ ਆਪਣਾ ਸਥਾਨ ਸੁਰੱਖਿਅਤ ਕਰ ਲਿਆ ਹੈ। ਅੱਜ ਵੀ ਆਧੁਨਿਕ ਵਾਰਤਕਕਾਰ, ਪਾਠਕਾਂ ਵਿਚ ਵਧੇਰੇ ਪ੍ਰਸਿਧ ਵਾਰਤਕ ਰੂਪ ਸਾਖੀ ਹੈ, ਜਿਨ੍ਹਾਂ ਦੀ ਸ਼ੈਲੀ ਵਿਚ ਸਾਖੀ-ਅੰਸ਼ ਮੌਜੂਦ ਰਹਿੰਦਾ ਹੈ।

## ਸਵੈ ਮੁਲਾਂਕਣ ਪ੍ਰਸ਼ਨ

1. ਪੰਜਾਬੀ ਦੀਆਂ ਮੁੱਢਲੀਆਂ ਜਨਮ-ਸਾਖੀਆਂ ਬਾਰੇ ਸੰਖੇਪ ਜਾਣਕਾਰੀ ਦਿਓ।

---------------------------------------------------------------------

---------------------------------------------------------------------

2. ਪੰਜਾਬੀ ਵਿਚ ਸਾਖੀ ਸਾਹਿਤ ਦੀ ਕੀ ਮਹੱਤਤਾ ਹੈ।

---------------------------------------------------------------------

---------------------------------------------------------------------

## 1.3.3.3 ਗੋਸਟਿ

ਸਾਹਿਤ ਦੇ ਖੇਤਰ ਵਿਚ ਵਿਸ਼ਵ ਭਰ ਵਿਚ ਹੀ ਗੋਸਟਿ ਦੀ ਪਰੰਪਰਾ ਰਹੀ ਹੈ। ਇਹ ਪਰੰਪਰਾ ਅਜਿਹੀ ਹੈ ਜਿਹੜੀ ਮੱਧਕਾਲ ਵਿਚ ਵੀ ਵਿਆਪਕ ਰੂਪ ਵਿਚ ਸੀ ਅਤੇ ਅੱਜ ਵੀ ਗੋਸਟਿ ਵਿਆਪਕ ਰੂਪ ਵਿਚ ਹੈ। ਮੱਧਕਾਲੀਨ ਵਾਰਤਕ ਦਾ 'ਗੋਸਟਿ' ਅਜਿਹਾ ਵਾਰਤਕ ਰੂਪ ਹੈ ਜਿਸ ਸਬੰਧੀ ਵੇਰਵੇ ਆਦਿ ਕਾਲ ਵਿਚ ਵੀ ਮਿਲਦੇ ਹਨ। 'ਸਾਹਿਤਯ ਦਰਪਣ' ਵਿਚ ਗੋਸ਼ਟੀ ਨੂੰ ਉਪਰੂਪਕ ਦੇ 18 ਭੇਦਾਂ ਵਿਚੋਂ ਇਕ ਭੇਦ ਮੰਨਿਆ ਗਿਆ ਹੈ। ਇਸ ਵਾਰਤਕ ਰੂਪ ਬਾਰੇ ਸਾਹਿਤਕਾਰ ਦੋ ਸ਼ਬਦਾਂ ਦਾ ਉਚਾਰਣ ਕਰਦੇ ਹਨ:

ਗੋਸਟਿ

ਗੋਸ਼ਠ

ਕੋਸ਼ ਅਨੁਸਾਰ 'ਗੋਸ਼ਠ' ਦੇ ਅਰਥ 'ਗਊਆਂ ਦਾ ਕੋਠਾ' ਜਾਂ 'ਗਊਆਂ ਦਾ ਢਾਰਾ' ਭਾਵ 'ਗਊਸ਼ਾਲਾ' ਹੈ ਪਰ 'ਗੋਸ਼ਟੀ' ਦੇ ਅਰਥ ਸਭਾ, ਮਜਲਿਸ ਜਾਂ ਜਲਸਾ ਹਨ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਗੋਸਟਿ ਕਈ ਵਿਅਕਤੀ ਜਾਂ ਮਹਾਂਪੁਰਸ਼ਾਂ ਦਾ ਆਪਸੀ ਸੰਵਾਦ ਹੁੰਦਾ ਹੈ। ਗੋਸਟਿ ਵਿਚ ਬੁਨਿਆਦੀ ਸਵਾਲਾਂ ਉੱਤੇ ਚਰਚਾ ਪ੍ਰਸ਼ਨੋਤਰੀ ਰੂਪ ਵਿਚ ਹੁੰਦੀ ਸੀ। ਪੰਜਾਬੀ ਵਿਚ ਗੋਸਟਿ ਦੀ ਇਹ ਪਰੰਪਰਾ ਨਾਥ ਜੋਗੀਆਂ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਡਾ. ਤ੍ਰਿਲੋਚਨ ਸਿੰਘ ਬੇਦੀ ਗੋਸਟਿ ਪਰੰਪਰਾ ਦਾ ਆਰੰਭ 13 ਵੀਂ ਸਦੀ ਵਿਚ ਇਕਾਦਸ਼ੀ ਮਹਾਤਮ ਨਾਲ ਮੰਨਦੇ ਹਨ। ਅੱਗੇ ਜਾ ਕੇ ਗੋਸਟਿ ਦੇ ਵਿਕਾਸ ਵਿਚ ਵਿਚ ਸਿੱਖ ਮਤ ਦੀਆਂ ਬਹੁਤ ਸਾਰੀਆਂ ਪਰੰਪਰਾਵਾਂ ਨੇ ਆਪਣਾ ਯੋਗਦਾਨ ਪਾਇਆ ਹੈ।

ਪੰਜਾਬੀ ਵਿਚ ਪਹਿਲੀ ਪਾਤਸ਼ਾਹੀ ਦੇ ਆਗਮਨ ਨਾਲ ਗੋਸਟਿ ਪਰੰਪਰਾ ਵਿਕਾਸ ਕਰਦੀ ਹੈ। ਇਹੀ ਕਾਰਨ ਹੈ ਕਿ ਮੱਧਕਾਲੀ ਵਾਰਤਕ ਦਾ ਇਹ ਰੂਪ 1500 ਤੋਂ 1700 ਈ. ਦੇ ਦਰਮਿਆਨ ਹੀ ਵਿਕਸਿਤ ਹੋਇਆ ਮਿਲਦਾ ਹੈ। ਜਿਵੇਂ ਆਦਿ ਗ੍ਰੰਥ ਵਿਚ 'ਸਿਧ ਗੋਸਟਿ' ਨਾਂ ਦੀ ਬਾਣੀ ਗੁਰੂ ਨਾਨਕ ਦੇਵ ਜੀ ਦੁਆਰਾ ਰਚੀ ਹੋਈ ਹੈ ਜਿਸ ਵਿਚ ਸਿੱਧਾਂ ਨੂੰ ਪਰਮਾਰਥ ਸੰਬੰਧੀ ਗਿਆਨ ਦੇਣ ਦਾ ਵਰਣਨ ਸ਼ਾਮਿਲ ਹੈ।

ਗੋਸਟਿ ਮੱਧਕਾਲੀਨ ਵਾਰਤਕ ਦਾ ਮਕਬੂਲ ਰੂਪ ਹੋਣ ਕਰਕੇ ਇਸ ਦਾ ਸਿਧਾਂਤ ਵੀ ਘੜਿਆ ਗਿਆ ਹੈ। ਗੋਸਟਿ ਸ਼ਬਦ ਦੀ ਵਿਉਤਪਤੀ ਸੰਸਕ੍ਰਿਤ ਸ਼ਬਦ 'ਗੋਸ਼ਠਿ' ਤੋਂ ਹੀ ਹੈ। ਗੋਸ਼ਠਿ ਦੇ ਅਰਥ ਸਭਾ, ਮਜਲਿਸ ਅਥਵਾ ਉਹ ਸਥਾਨ ਹੈ ਜਿੱਥੇ ਧਰਮ ਅਤੇ ਕਰਮ ਬਾਰੇ ਵਿਚਾਰ-ਚਰਚਾ ਹੁੰਦੀ ਹੋਵੇ। ਗੋਸਟਿ ਸ਼ਬਦ ਸੰਸਕ੍ਰਿਤ ਦੇ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ : ਗੋ+ਸ਼ਟਿ ਸਮੇਂ ਨਾਲ ਇਹ ਸ਼ਬਦ ਆਪਸੀ ਚਰਚਾ ਭਾਵ ਅੰਤਰ-ਸੰਵਾਦ ਦੇ ਅਰਥ ਵਿਚ ਰੂੜ੍ਹ ਹੋ ਗਿਆ।

ਭਾਰਤੀ ਅਤੇ ਯੂਨਾਨੀ ਸਾਹਿਤ ਵਿਚ ਗੋਸਟਿ ਰੂਪ ਖ਼ਾਸ ਤੌਰ ਤੇ ਵਿਕਸਿਤ ਹੋਇਆ ਭਾਰਤੀ ਪਰੰਪਰਾ ਵਿਚ ਜਦ ਕੋਈ ਜਗਿਆਸੂ ਸਵਾਲ ਕਰਦਾ ਹੈ ਤਾਂ ਗੁਰੂ ਉਸ ਦਾ ਉੱਤਰ ਦਿੰਦਾ ਹੈ। ਇਸ ਪ੍ਰਸ਼ਨੋਉਤਰੀ ਲਈ ਗੋਸਟਿ ਸ਼ਬਦ ਵਰਤਿਆ ਜਾਂਦਾ ਹੈ। ਗੋਸਟਿ ਕੋਈ ਸਧਾਰਨ ਸੰਵਾਦ ਜਾਂ ਵਾਰਤਾਲਾਪ ਨਾ ਹੋ ਕੇ ਕਿਸੇ ਵਿਸ਼ੇ ਦੁਆਲੇ ਹੁੰਦੀ ਹੈ। ਗੋਸਟਿ ਵਿਚ ਚਰਚਾ ਕਰਨ ਵਾਲੇ ਬਰਾਬਰ ਦੇ ਵੀ ਹੋ ਸਕਦੇ ਹਨ ਅਤੇ ਉਨ੍ਹਾਂ ਦੇ ਵਿਚਾਰ ਵਿਰੋਧੀ ਵੀ ਹੋ ਸਕਦੇ ਹਨ। ਗੋਸਟਿ ਦੇ ਪਾਤਰ ਜ਼ਰੂਰੀ ਨਹੀ ਕਿ ਇਤਿਹਾਸਕ ਹੀ ਹੋਣ, ਇਹ ਮਿਥਿਹਾਸਕ ਵੀ ਹੋ ਸਕਦੇ ਹਨ। ਇਹ ਅਜਿਹਾ ਵਾਰਤਕ ਰੂਪ ਹੈ ਜੋ ਦੋ ਜਾਂ ਦੋ ਤੋਂ ਵੱਧ ਪੁਰਸ਼ ਗਿਆਨ ਪ੍ਰਾਪਤ ਲਈ ਦਾਰਸ਼ਨਿਕ ਗੁੰਝਲਾਂ ਨੂੰ ਖੋਲ੍ਹਦੇ ਅਤੇ ਰਹੱਸਮਈ ਅਨੁਭਵਾਂ ਨੂੰ ਸਾਂਝੇ ਕਰਦੇ ਹਨ। ਬੇਸ਼ੱਕ ਇਹ ਵਿਚਾਰ ਵਾਰਤਾਲਾਪ ਮੁਢਲੇ ਰੂਪ ਵਿਚ ਗੱਲਬਾਤ ਹੀ ਹੁੰਦੀ ਹੈ ਪਰ ਇਹ ਪਿੱਛੋਂ ਸਧਾਰਨ ਨਾ

ਰਹਿ ਕੇ ਵਿਸ਼ੇਸ਼ ਤਰਕ ਪੂਰਨ ਢੰਗ ਨਾਲ ਨਿਭਾਈ ਜਾਂਦੀ ਹੈ। ਪੱਛਮੀ ਸਾਹਿਤ ਵਿਚਲੀ ਮੁਲਾਕਾਤ ਦੀ ਵਿਧਾ ਵੀ ਮੂਲ ਰੂਪ ਵਿਚ ਗੋਸ਼ਟੀ ਦਾ ਹੀ ਪਰਵਰਤਿਤ ਰੂਪ ਹੈ।

ਪੰਜਾਬੀ ਸਾਹਿਤ ਵਿਚ ਗੋਸਟਿ ਦੀ ਭਰਪੂਰ ਪਰੰਪਰਾ ਹੈ ਜੋ ਕਾਵਿ ਅਤੇ ਵਾਰਤਕ ਦੋਹਾਂ ਰੂਪਾਂ ਵਿਚ ਮਿਲਦੀ ਹੈ। ਪੰਜਾਬੀ ਵਿਚ ਸਭ ਤੋਂ ਪੁਰਾਣੇ ਮੰਨੇ ਜਾਂਦੇ ਗ੍ਰੰਥ 'ਏਕਾਦਸ਼ੀ ਮਹਾਤਮ' ਵਿਚ ਗੋਸਟਿ ਵਿਧਾ ਨੂੰ ਯੁਧਿਸ਼ਟਰ ਨਾਲ ਅਤੇ ਬ੍ਰਹਮਾ ਅਤੇ ਨਾਰਦ ਮੁਨੀ ਨਾਲ ਵਾਰਤਾਲਾਪ ਰਾਹੀ ਮਿਥਿਹਾਸਕ ਘਟਨਾਵਾਂ ਦਾ ਵਰਣਨ ਕਰਕੇ ਇਕਾਦਸੀ ਦਾ ਵਰਤ ਨਾਲ ਉਘਾੜਿਆ ਗਿਆ ਹੈ। ਹੋਰ ਬਹੁਤ ਸਾਰੇ ਗੋਸਟਿ ਰੂਪ ਮਿਲਦੇ ਹਨ ਪਰ ਪੰਜਾਬੀ ਵਿਚ ਗੋਸਟਿ ਦੀ ਪਰੰਪਰਾ ਗੁਰੂ ਨਾਨਕ ਦੇਵ ਜੀ ਨਾਲ ਹੀ ਸ਼ੁਰੂ ਹੁੰਦੀ ਹੈ ਜਿਸ ਵਿਚ ਗੁਰੂ ਨਾਨਕ ਦੇਵ ਜੀ ਦੇ ਨਾਥ ਜੋਗੀਆਂ ਨਾਲ ਸੰਵਾਦ ਹਨ ਪਰ ਮਹੱਤਵਪੂਰਨ ਨੁਕਤਾ ਇਹ ਹੈ ਕਿ ਪੰਜਾਬੀ ਵਿਚ ਸਹੀ ਮਾਅਨੇ ਵਿਚ ਗੋਸਟਿ ਦਾ ਪ੍ਰਾਰੰਭ ਜਨਮ ਸਾਖੀਆਂ ਦੇ ਰੂਪ ਵਿਚ ਹੁੰਦਾ ਹੈ। ਜਿਵੇਂ ਭਾਈ ਮਿਹਰਬਾਨ ਵਾਲੀ 'ਜਨਮਸਾਖੀ' ਸਾਖੀ ਦੇ ਨਾਲ ਨਾਲ ਗੋਸਟਿ ਦੀ ਸ਼੍ਰੇਣੀ ਵਿਚ ਆਉਂਦੀ ਹੈ।

ਗੁਰੂ ਨਾਨਕ ਦੇਵ ਜੀ ਵਲੋਂ ਸਿੱਧਾਂ ਤੇ ਨਾਥਾਂ ਤੋਂ ਬਿਨਾਂ ਸੂਫ਼ੀ ਸੰਤਾਂ ਨਾਲ ਗੋਸਟਿ ਕੀਤੇ ਮਿਲਦੇ ਹਨ। ਗੋਸਟਿ ਵਿਧਾ ਦੀ ਮਹੱਤਵਪੂਰਨ ਗੱਲ ਇਹ ਹੈ ਕਿ ਇਸ ਵਿਚ ਲਿਖਾਰੀ ਖੁਦ ਸਾਹਮਣੇ ਨਹੀਂ ਆਉਂਦਾ। ਇਸ ਦੇ ਪਾਤਰਾਂ ਵਿਚੋਂ ਹਮੇਸ਼ਾ ਇਕ ਅਭਿਲਾਸ਼ੀ ਅਤੇ ਦੂਸਰਾ ਗਿਆਨਵਾਨ ਹੁੰਦਾ ਹੈ। ਵਾਦ-ਵਿਵਾਦ ਵਾਲੀਆਂ ਗੋਸ਼ਟਾਂ ਵਿਚ ਹਮੇਸ਼ਾ ਨਾਟਕੀ ਰੰਗ ਦੇ ਵਿਅੰਗ ਅਤੇ ਕਟਾਖਸ਼ ਕਰਕੇ ਬਹੁਤਾਤ ਹੁੰਦੀ ਹੈ।

ਗੁਰੂ ਭਗਤਾਂ ਸੂਫ਼ੀ ਸੰਤਾਂ ਦਰਮਿਆਨ ਅਨੇਕ ਗੋਸਟਿ ਪੰਜਾਬੀ ਦੇ ਮੱਧਕਾਲੀ ਸਾਹਿਤ ਦਾ ਹਿੱਸਾ ਹਨ। ਬਣਤਰ ਅਤੇ ਸ਼ੈਲੀ ਪੱਖੋਂ ਗੋਸਟਿ ਦੇ ਸਭ ਰੂਪ ਬਹੁਤੇ ਇਕੋ ਜਿਹੇ ਹੀ ਹਨ। ਇਨ੍ਹਾਂ ਦੀ ਭਾਸ਼ਾ ਵਿਚ ਅੰਤਰ ਜ਼ਰੂਰ ਹੈ। 'ਗੋਸਟਿ' ਕਾਵਿ ਅਤੇ ਵਾਰਤਕ ਦੋਹਾਂ ਰੂਪਾਂ ਵਿਚ ਮਿਲਦੀ ਹੈ। ਇਹ ਵਾਰਤਕ ਰੂਪ ਮੱਧਕਾਲੀਨ ਵਾਰਤਕ ਰੂਪ ਜਨਮਸਾਖੀ ਨਾਲ ਕਾਫੀ ਮਿਲਦਾ ਜੁਲਦਾ ਹੈ। ਇਸ ਕਰਕੇ ਮੱਕੇ ਮਦੀਨੇ ਦੀ ਗੋਸਟਿ, ਅਜਿਤ ਰੰਧਾਵੇ ਦੀ ਗੋਸਟਿ ਤੇ ਕਾਰੂੰ ਨਾਲ ਗੋਸਟਿ ਆਦਿ ਜਨਮ ਸਾਖੀ ਦਾ ਰੂਪ ਹੁੰਦੇ ਹੋਏ ਵੀ ਗੋਸਟਿ ਦੇ ਰੂਪ ਹਨ।

ਪੰਜਾਬੀ ਸਾਹਿਤ ਵਿਚ ਕੁਝ ਹੇਠ ਲਿਖੀਆਂ ਗੋਸਟਾਂ ਦਾ ਵਰਣਨ ਮਿਲਦਾ ਹੈ:

1. ਗੁਰੂ ਨਾਨਾਕ ਨਾਲ ਸੰਬੰਧਿਤ ਗੋਸ਼ਟਾਂ

ਸਿੱਧ ਗੋਸਟਿ
ਮੱਕੇ ਮਦੀਨੇ ਦੀ ਗੋਸਟਿ
ਕਾਰੂੰ ਨਾਲ ਗੋਸਟਿ
ਨਿਰੰਕਾਰ ਨਾਲ ਗੋਸਟਿ
ਅਜਿਤ ਰੰਧਾਵੇ ਦੀ ਗੋਸਟਿ
ਸ਼ੇਖ ਬ੍ਰਹਮ ਨਾਲ ਗੋਸਟਿ

2. ਗੁਰੂ ਨਾਨਕ ਦੇਵ ਤੋਂ ਭਿੰਨ ਗੋਸਟਿ

ਗੋਸ਼ਟਾਂ ਗੁਰੂ ਅਮਰਦਾਸ ਦੀਆਂ
ਭਗਤਾਂ ਕੀ ਗੋਸਟਿ
ਨਾਥ ਪੰਥੀਆਂ ਦੀਆਂ ਗੋਸਟਿ
ਗੋਸਟਿ ਕ੍ਰਿਸ਼ਨ ਜੀ ਕੀ ਅਰੁ ਉਧੋ ਕੀ
ਗੋਸਟਿ ਰਾਮ ਗੀਤਾ

3. ਹੱਥ ਲਿਖਤਾਂ ਦੇ ਰੂਪ ਵਿਚ ਪ੍ਰਾਪਤ ਗੋਸ਼ਟਾਂ

ਮੱਕੇ ਦੀ ਗੋਸਟਿ
ਗੋਸ਼ਟ ਜਨਕ ਨਾਲ
ਗੋਸਟਿ ਕਲਯੁਗ ਨਾਲ
ਗੋਸਟਿ ਲਾਲ ਨਾਲ
ਗੋਸਟਿ ਕੁਰਾਨ ਨਾਲ

ਗੋਸਟਿ ਨਿਰੰਕਾਰ ਨਾਲ

ਗੋਸਟਿ ਅਤੇ ਸਾਖੀ ਵਿਚ ਸਰੂਪ ਪੱਖੋਂ ਇਕ ਅੰਤਰ ਹੈ ਕਿ ਸਾਖੀ ਵਿਚ ਘਟਨਾ ਬਿਰਤਾਂਤ ਨੂੰ ਪ੍ਰਾਥਮਿਕਤਾ ਦਿੱਤੀ ਗਈ ਹੁੰਦੀ ਹੈ ਅਤੇ ਗੋਸਟਿ ਵਿਚ ਇਸ ਦਾ ਮਹੱਤਵ ਗੌਣ ਹੁੰਦਾ ਹੈ। ਗੋਸਟਿ ਵਿਚ ਪ੍ਰਥਮ ਸਥਾਨ ਉਤੇ ਵਿਚਾਰ ਅਤੇ ਵਿਆਖਿਆ ਹੁੰਦੀ ਹੈ। ਗੋਸਟਿ ਦਾ ਉਦੇਸ਼ ਤੇ ਸਥੂਲਤਾ ਦਾ ਅਧਾਰ ਹੀ ਇਹ ਹੁੰਦਾ ਹੈ ਕਿ ਲੇਖਕ ਨੂੰ ਕਿੰਨੀ ਸਫ਼ਲਤਾ ਨਾਲ ਸ਼ਬਦਾਂ ਵਿਚ ਪਰਿਵਰਤਿਤ ਕਰ ਸਕਿਆ ਹੈ ਭਾਵ ਉਸ ਦਾ ਪ੍ਰਗਟਾਅ ਕਿੰਨਾ ਕੁ ਸਧਾਰਨ ਮਾਨਸ ਦੀ ਬੁੱਧੀ ਦੇ ਅਨੁਕੂਲ, ਤਰਕਮਈ ਅਤੇ ਨਿਆਂਇਸ਼ੀਲ ਹੈ। ਬਾਕੀ ਇਸ ਵਿਚ ਇਤਿਹਾਸਕ ਮਿਥਿਹਾਸਕ ਜਾਂ ਹੋਰ ਤੱਤ ਗੌਣ ਰੂਪ ਵਿਚ ਹੋ ਜਾਂਦੇ ਹਨ।

ਮੱਧਕਾਲੀਨ ਸਾਹਿਤਕ ਵੰਨਗੀਆਂ ਵਿਚੋਂ ਇਸ ਵੰਨਗੀ ਦਾ ਪ੍ਰਕਾਰਜ ਜਗਿਆਸਾ ਬਿਰਤੀ ਪੈਦਾ ਕਰਨ ਅਤੇ ਸੱਚੀ ਅਧਿਆਤਮਕ ਬਿਰਤੀ ਨੂੰ ਉਜਾਗਰ ਕਰਕੇ ਧਾਰਮਿਕ ਮਰਿਆਦਾਵਾਂ ਦੇ ਦਾਇਰਿਆਂ ਵਿਚ ਵਿਚਾਰਾਂ ਦੇ ਅਦਾਨ-ਪ੍ਰਦਾਨ ਦੀ ਪਿਰਤ ਨੂੰ ਚਲਦਾ ਰੱਖਣਾ ਹੈ।

ਜਿਵੇਂ ਅਜੋਕੇ ਦੌਰ ਦੇ ਸਾਹਿਤਕ ਸੈਮੀਨਾਰ ਵੀ ਆਧੁਨਿਕ ਰੂਪ ਦੀਆਂ ਗੋਸ਼ਟਾਂ ਹੀ ਹਨ। ਇਸ ਰੂਪ ਦਾ ਪ੍ਰਕਾਰਜ ਇਤਨਾ ਅਹਿਮ ਹੈ ਕਿ ਆਦਿ ਕਾਲ ਤੋਂ ਲੈ ਕੇ ਆਧੁਨਿਕ ਕਾਲ ਤੱਕ ਗੋਸਟਿ ਦੀ ਪਰੰਪਰਾ ਰੂਪ ਬਦਲ ਕੇ ਉਵੇਂ ਦੀ ਉਵੇਂ ਪ੍ਰਚਲਿਤ ਰਹੀ ਹੈ। 'ਏ ਹਿਸਟਰੀ ਆਫ ਪੰਜਾਬੀ ਲਿਟਰੇਚਰ' ਵਿਚ ਨੈਂ ਗੋਸ਼ਟਾਂ ਦਰਜ ਕਰਨ ਵਾਲੇ ਡਾ. ਮੋਹਨ ਸਿੰਘ ਦੀਵਾਨਾ ਇਹ ਵੀ ਸੰਕੇਤ ਕਰਦੇ ਹਨ ਕਿ ਗੋਸ਼ਟ ਕਿਸੇ ਧਾਰਮਿਕ ਸਮੂਹ ਜਾਂ ਵੱਖਰੀ ਅਧਿਆਤਮਿਕ ਪਿਰਤ ਵਾਲੇ ਸਮੂਹ ਦੀ ਅਧਿਆਤਮਕ ਪਹੁੰਚ ਅਤੇ ਵਿਚਾਰ ਬਿਰਤੀ ਨੂੰ ਪ੍ਰਗਟਾਉਂਦੀ ਹੈ।

ਇਨ੍ਹਾਂ ਗੋਸ਼ਟਾਂ ਦਾ ਪ੍ਰਕਾਰਜ ਅਤੇ ਮਹੱਤਵ ਬਹੁਪੱਖੀ ਹੈ। ਕਈ ਗੋਸ਼ਟਾਂ ਸਮਕਾਲੀ ਪਾਤਰਾਂ ਵਿਚ ਹੋਣ ਕਰਕੇ ਇਤਿਹਾਸਕ ਕਾਲਖੰਡ ਨੂੰ ਚਿਤਰਿਤ ਕਰਦੀਆਂ ਹਨ। ਇਹ ਪੰਜਾਬ ਦੇ ਇਤਿਹਾਸ ਤੋਂ ਜਾਣੂੰ ਕਰਵਾਉਂਦੀਆਂ ਹਨ। ਕਈ ਵਾਰ ਕਿਸੇ ਵਿਅਕਤੀ ਵਿਸ਼ੇਸ਼ ਬਾਰੇ ਵੀ ਜਾਣਕਾਰੀ ਮੁਹੱਈਆਂ ਕਰਵਾਉਂਦੀਆਂ ਹਨ। ਜਿਵੇਂ ਮਿਹਰਬਾਨ ਦੀਆਂ ਗੋਸ਼ਟਾਂ ਵਿਚ ਹਰਿ ਜੀ ਨੇ ਆਪਣੇ ਗੁਰੂ ਪਿਤਾ ਮਿਹਰਬਾਨ ਦੀ ਜੀਵਨ ਗਾਥਾ ਦਰਜ ਕੀਤੀ ਹੈ।

ਇਸ ਦੇ ਪ੍ਰਕਾਰਜੀ ਤੱਥਾਂ ਵਿਚ ਇਕ ਤੱਥ ਇਹ ਹੈ ਕਿ ਗੋਸ਼ਟਾਂ ਦਾਰਸ਼ਨਿਕ ਤੌਰ ਤੇ ਜਿੱਤ ਚੁੱਕੀ ਧਿਰ ਦੇ ਵਿਚਾਰਾਂ ਦਾ ਪ੍ਰਵਾਹ ਕਰਦੀਆਂ ਹਨ। ਇਸ ਨਾਲ ਜਿੱਥੇ ਪੰਜਾਬੀ ਮੱਧਕਾਲੀ ਵਾਰਤਕ ਅਮੀਰ ਹੋਈ, ਦੂਜੇ ਪਾਸੇ ਸਮਕਾਲੀ ਬੌਧਿਕ ਵਿਕਾਸ ਦੀਆਂ ਸੂਚਕ ਵੀ ਬਣੀਆਂ

ਗੋਸ਼ਟਾਂ ਦੇ ਪ੍ਰਕਾਰਜ ਵਿਚ ਇਕ ਵਿਸ਼ੇਸ਼ ਪ੍ਰਕਾਰਜ ਵੀ ਹੈ ਕਿ ਗੋਸ਼ਟਾਂ ਦੀ ਭਾਸ਼ਾ ਨਾਲ ਪੰਜਾਬੀ ਭਾਸ਼ਾ ਦਾ ਸਰੂਪ ਅਤੇ ਇਤਿਹਾਸ ਘੜਨ ਵਿਚ ਮਦਦ ਮਿਲੀ। ਬਹੁਤ ਸਾਰੇ ਮਿਥਿਹਾਸਕ ਇਤਿਹਾਸਕ ਪਾਤਰਾਂ ਬਾਰੇ ਜਾਣਕਾਰੀ ਇਕੱਤਰ ਹੋਈ। ਗੋਸਟਿ ਵਾਰਤਕ ਰੂਪ ਨੇ ਜਨਮਸਾਖੀ ਪਰੰਪਰਾ ਨੂੰ ਪ੍ਰਫੁੱਲਿਤ ਅਮੀਰ ਅਤੇ ਸਰਵਜਨਕ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ।

ਗੋਸ਼ਟਾਂ ਦੇ ਸੰਦਰਭ ਵਿਚ ਚਰਚਾ ਕਰਨ ਉਪਰੰਤ ਇਹ ਨਿਸ਼ਕਰਸ਼ ਜਾਂ ਸਿੱਟਾ ਨਿਕਲਦਾ ਹੈ ਕਿ ਗੋਸ਼ਟਾਂ ਮੱਧਕਾਲੀ ਵਾਰਤਕ ਰੂਪ ਜਨਮਸਾਖੀ ਦਾ ਅਨਿੱਖੜਵਾਂ ਅੰਗ ਹੋਣ ਦੇ ਬਾਵਜੂਦ ਮਹੱਤਵਪੂਰਨ ਅਤੇ ਵੱਖਰੀ ਪਹਿਚਾਣ ਦਾ ਧਾਰਨੀ ਵਾਰਤਕ ਰੂਪ ਹੈ। ਜਿਸ ਨਾਲ ਸੰਵਾਦ ਦੀ ਪਰੰਪਰਾ ਅੱਗੇ ਤੁਰੀ ਅਤੇ ਦੂਸਰੇ ਧਾਰਮਿਕ ਮਰਹੱਲਿਆਂ ਵਿਚ ਵੀ ਜਾ ਪਹੁੰਚੀ। ਗੋਸਟਿ ਨੂੰ ਦਰਜ ਕਰਨ ਵਾਲੀ ਕੋਈ ਤੀਸਰੀ ਧਿਰ ਭਾਵ ਇਸ ਦਾ ਲਿਖਾਰੀ ਹੁੰਦਾ ਹੈ। ਗੋਸ਼ਟਾਂ ਨੇ ਗੁਰੂ, ਪੀਰ, ਸੂਫ਼ੀਆਂ ਅਤੇ ਭਗਤਾਂ ਦਾ ਧਾਰਮਿਕ ਕਿਰਦਾਰ, ਵਿਵਹਾਰ ਅਤੇ ਅਧਿਆਤਮਕ ਪਹੁੰਚ ਦਰਜ ਕਰਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਗੋਸਟਿ ਆਪਣੇ ਆਪ ਵਿਚ ਸਭਿਆਚਾਰ, ਦਰਸ਼ਨ, ਭਾਸ਼ਾ, ਅਧਿਆਤਮਕ ਵਿਚਾਰਾਂ ਅਤੇ ਸਮਾਜਿਕ ਪ੍ਰਬੰਧਾਂ ਦਾ ਕੋਸ਼ ਹਨ ਜੋ ਅਜੋਕੇ ਦੌਰ ਵਿਚ ਵੀ ਬਦਲਵੇਂ ਸਰੂਪਾਂ ਅਤੇ ਤਰੀਕਿਆਂ ਨਾਲ ਨਿਰੰਤਰ ਚੱਲ ਰਿਹਾ ਹੈ। ਆਪਣੇ ਮੱਧਕਾਲੀਨ ਵਾਰਤਕ ਸਰੂਪ ਵਜੋਂ 'ਗੋਸਟਿ' ਦਾ ਰੂਪ ਅਜੋਕੇ ਸ਼ਬਦਜੋੜਾਂ ਦੀ ਲੋਅ ਵਿਚ ਗੋਸ਼ਟ/ਗੋਸ਼ਟੀ ਆਦਿ ਰੂਪ ਵਿਚ ਪ੍ਰਚਲਿਤ ਹੈ ਜਿਸ ਨੂੰ ਅੰਗਰੇਜ਼ੀ ਸ਼ਬਦ ਡਿਸਕਸ਼ਨ (Discussion) ਤੇ ਸਿੰਮਪੋਜ਼ੀਅਮ (Symposium) ਦੇ ਪਰਿਆਇ ਵਜੋਂ ਵਰਤਿਆ ਜਾਂਦਾ ਹੈ।

## 1.3.3.4 ਪਰਚੀ

ਮੱਧਕਾਲੀ ਵਾਰਤਕ ਦਾ ਮਹੱਤਵਪੂਰਨ ਅਤੇ ਵੱਖਰਾ ਰੂਪ 'ਪਰਚੀ' ਵੀ ਹੈ ਇਹ ਸਾਖੀ ਵਾਰਤਕ ਰੂਪ ਵਿੱਚੋਂ ਨਿਕਲਿਆ ਜਾਂ ਦਰੁਸਤ ਹੋਇਆ ਰੂਪ ਮੰਨਿਆ ਜਾਂਦਾ ਹੈ ਹਾਲਾਂਕਿ ਪ੍ਰਕਾਰਜੀ ਤੌਰ ਤੇ 'ਸਾਖੀ' ਅਤੇ 'ਪਰਚੀ' ਦੋਹਾਂ ਦਾ ਮਨੋਰਥ ਕਿਸੇ ਮਹਾਂਨਾਇਕ ਜਾਂ ਮਹਾਂਪੁਰਸ਼ ਦੇ ਜੀਵਨ ਦਾ ਵਰਨਣ ਕਰਨਾ ਜਾਂ ਪਰਿਚਯ ਕਰਵਾਉਣਾ ਹੈ ਸਾਖੀਆਂ ਦਾ ਨਾਂ ਵੀ ਪਰਚੀਆਂ ਇਸ ਲਈ ਪੈ ਗਿਆ ਹੋਵੇਗਾ ਕਿਉਂਕਿ ਇਹ ਕਿਸੇ ਖ਼ਾਸ ਤੇ ਮਹਾਨ ਵਿਅਕਤੀ ਦੇ ਜੀਵਨ ਸੰਬੰਧੀ ਜਾਣਕਾਰੀ ਮਹੱਈਆ ਕਰਾਉਂਦੀਆਂ ਹਨ

ਸਾਹਿਤ ਦਾ ਕੋਈ ਵੀ ਰੂਪ ਖਿਲਾਅ ਵਿੱਚੋਂ ਪੈਦਾ ਨਹੀਂ ਹੁੰਦਾ ਮੱਧਕਾਲੀ ਵਾਰਤਕ ਦਾ ਉਭਾਰ ਗੁਰੂ ਨਾਨਕ ਦੇਵ ਦੀ ਸ਼ਖ਼ਸੀਅਤ ਨਾਲ ਜੁੜਿਆ ਹੋਇਆ ਹੈ ਅਤੇ ਬਹੁਤ ਸਾਰੀਆਂ ਮੱਧਕਾਲੀ ਵਾਰਤਕ ਵਿਧਾਵਾਂ ਨੇ ਉਹਨਾਂ ਦੀ ਸ਼ਖ਼ਸੀਅਤ ਦਾ ਵਰਨਣ ਕੀਤਾ 'ਸਾਖੀ' ਵਿਚੋਂ ਹੀ 'ਪਰਚੀ' ਵਾਰਤਕ ਰੂਪ ਵਿਗਸਿਆ ਇਸ ਪਰਚੀ ਵਾਰਤਕ ਰੂਪ ਦਾ ਪਿਛੋਕੜ ਪਹਿਲੀ ਪਾਤਸ਼ਾਹੀ ਤੋਂ ਪਹਿਲਾਂ ਪਿਛੋਕੜ ਵਿੱਚ ਹੋਰ ਭਾਸ਼ਾਵਾਂ ਤਕ ਜਾਂਦਾ ਹੈ ਡਾ. ਕਰਨਜੀਤ ਸਿੰਘ ਮੁਤਾਬਿਕ ਹੋਰ ਭਾਸ਼ਾਵਾਂ ਅਤੇ ਉਹਨਾਂ ਦੀਆਂ ਸਾਹਿਤਕ ਪਰੰਪਰਾਵਾਂ ਨੇ ਵੀ ਜ਼ਰੂਰ 'ਪਰਚੀ' ਵਾਰਤਕ ਰੂਪ ਉੱਤੇ ਅਸਰ ਪਾਇਆ ਹੋਵਗਾ ਮੁੱਢਲੀ ਭਾਸ਼ਾ ਵਿਚੋਂ ਸੰਸਕ੍ਰਿਤ ਅਤੇ ਪ੍ਰਕ੍ਰਿਤ ਅਤੇ ਬਦੇਸ਼ੀ ਭਾਸ਼ਾ ਵਿਚੋਂ ਅਰਬੀ-ਫ਼ਾਰਸੀ ਦਾ ਪ੍ਰਭਾਵ ਵੀ ਇਸ ਉੱਤੇ ਪਿਆ ਹੈ

ਸਾਧਾਰਨ ਅਰਥਾਂ ਵਿਚ ਪਰਚੀ ਸ਼ਬਦ ਵੀ ਜਨਮਸਾਖੀ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ ਪਰਚੀ ਵਾਰਤਕ ਰੂਪ ਵਿਚ ਕਿਸੇ ਮਹਾਂਪੁਰਸ਼ ਨਾਲ ਸੰਬੰਧਿਤ ਜਾਣਕਾਰੀ ਅਤੇ ਸਮਾਚਾਰ ਦਰਜ ਕੀਤੇ ਗਏ ਹਨ ਪਰਚੀ ਸਾਹਿਤ ਗੁਰੂ ਪਰਿਵਾਰ ਨਾਲ ਹੀ ਸੰਬੰਧਿਤ ਨਹੀਂ ਹੈ ਬਲਕਿ ਪੰਜਾਬੀ ਸਾਹਿਤ ਵਿਚ ਸੂਫ਼ੀਆਂ, ਭਗਤਾਂ ਅਤੇ ਹੋਰ ਮਹਾਂਪੁਰਸ਼ਾਂ ਅਤੇ ਮਹਾਂਨਾਇਕਾਂ ਸੰਬੰਧੀ ਵੀ ਪਰਚੀ ਸਾਹਿਤ ਮਿਲਦਾ ਹੈ, ਜੋ ਮੱਧਕਾਲੀ ਵਾਰਤਕ ਦਾ ਹਿੱਸਾ ਹੈ

ਪਰਚੀ ਸ਼ਬਦ ਸੰਸਕ੍ਰਿਤ ਭਾਸ਼ਾ ਦੇ 'ਪਰਿਚਯ' ਸ਼ਬਦ ਤੋਂ ਬਣਿਆ ਹੈ ਇਸਦਾ ਅਰਥ 'ਜਾਣ-ਪਛਾਣ' ਹੈ ਸਾਹਿਤ ਦਾ ਇਹ ਮੱਧਕਾਲੀ ਵਾਰਤਕ ਰੂਪ ਮਹਾਨ ਵਿਅਕਤੀ, ਮਹਾਂਨਾਇਕ ਜਾਂ ਮਹਾਂਪੁਰਸ਼ ਦੇ ਜੀਵਨ ਦਾ 'ਪਰਿਚਯ' ਕਰਵਾਉਂਦਾ ਹੈ ਪਰਚੀ ਵਾਰਤਕ ਰੂਪ ਉਪਦੇਸ਼ਆਤਮਕ ਹੁੰਦਾ ਹੈ ਕਿਉਂਕਿ ਇਹ ਧਾਰਮਿਕ ਸਾਹਿਤ ਅਤੇ ਅਧਿਆਤਮਿਕ ਵਿਚਾਰ ਨਾਲ ਸੰਬੰਧਿਤ ਹੁੰਦਾ ਹੈ ਪਰਚੀ ਦੀ ਪ੍ਰਕਿਰਤੀ ਵਿਸ਼ਲੇਸ਼ਣਾਤਮਕ ਹੁੰਦੀ ਹੈ

ਪਰਚੀ ਰਾਹੀਂ ਜਿਸ ਸ਼ਖ਼ਸੀਅਤ ਦੀ ਪਹਿਚਾਣ ਕਰਵਾਈ ਜਾਂਦੀ ਹੈ ਭਾਵ ਪਰਿਚਯ ਕਰਵਇਆ ਜਾਂਦਾ ਹੈ, ਸਾਖੀ ਉਸ ਸ਼ਖ਼ਸੀਅਤ ਬਾਰੇ ਵਿਸਥਾਰ ਪੂਰਵਕ ਵਰਣਨ ਕਰਦੀ ਹੈ ਇਸ ਵਾਰਤਕ ਰੂਪ ਵਿਚ ਨਾਇਕ ਜਾਂ ਮਹਾਂਪੁਰਸ਼ ਵੱਲੋਂ ਦਿੱਤੇ ਸੰਦੇਸ਼ ਨੂੰ ਪੇਸ਼ ਕੀਤਾ ਜਾਂਦਾ ਹੈ ਡਾ. ਮਨਮੋਹਨ ਕੇਸਰ ਇਸ ਵਾਰਤਕ ਰੂਪ ਬਾਬਤ ਲਿਖਦੇ ਹਨ ਕਿ ਬਾਕੀ ਦੀਆਂ ਉਪਲੱਬਧ ਵੰਨਗੀਆਂ ਵਾਂਗ ਲੇਖਕ ਦਾ ਜ਼ੋਰ ਤਾਂ ਭਾਵੇਂ ਨਾਇਕ-ਉਸਤਤਿ ਉਪਰ ਹੁੰਦਾ ਹੈ ਪਰ ਸ਼ਿਲਪ-ਦ੍ਰਿਸ਼ਟੀ ਤੋਂ ਇਹ ਸਾਹਿਤ ਰੂਪ ਵਿਲੱਖਣ ਹੈ ਪਰਚੀ ਵਿਚ ਸੰਦੇਸ਼-ਤੱਤ ਪ੍ਰਬਲ ਰੂਪ ਵਿੱਚ ਹੁੰਦਾ ਹੈ ਇਸ ਕਰਕੇ ਇਸ ਸਾਹਿਤ ਰੂਪ ਦੀ ਵਿਲੱਖਣਤਾ ਹੈ ਕਿ ਇਸ ਵਿਚ ਅਧਿਆਤਮਕ ਸ਼ਖ਼ਸੀਅਤ ਦੀ ਪਹਿਚਾਣ ਉਪਦੇਸ਼ ਅਤੇ ਸੰਦੇਸ਼ ਦੁਆਰਾ ਕਰਵਾਈ ਜਾਂਦੀ ਹੈ ਪਰਚੀ ਸਾਹਿਤ ਦਾ ਜਦੋਂ ਸਾਹਿਤ ਇਤਿਹਾਸ ਵਿਚ ਜ਼ਿਕਰ ਹੁੰਦਾ ਹੈ ਤਾਂ ਸੇਵਾਪੰਥੀਆਂ ਦੇ ਇਸ ਸਾਹਿਤ ਦੀ ਰਚਨਾ ਵਿਚ ਪਾਏ ਨਿੱਗਰ ਯੋਗਦਾਨ ਨੂੰ ਹਮੇਸ਼ਾ ਅਧਿਐਨ ਦਾ ਹਿੱਸਾ ਬਣਾਇਆ ਜਾਂਦਾ ਹੈ ਸੇਵਾਪੰਥੀ ਸੰਪਰਦਾਇ ਨੇ ਪਰਚੀ ਸਾਹਿਤ ਦੇ ਵਿਕਾਸ ਵਿਚ ਨਿੱਘਰ ਯੋਗਦਾਨ ਪਾਇਆ ਹੈ

ਪਰਚੀ ਸਾਹਿਤਕ ਰੂਪ ਜਨਮਸਾਖੀ ਪਰਿਵਾਰ ਵਿਚੋਂ ਆਪਣੇ ਵਿਸ਼ੇਸ਼ ਲੱਛਣਾਂ ਕਰਕੇ ਨਿਖੜਿਆ, ਜਿਸ ਵਿਚ ਇਸਦਾ ਸਰੂਪ ਵਿਲੱਖਣ ਹੋਣ ਵਿਚ ਸੇਵਾਪੰਥੀ ਸੰਪਰਦਾਇ ਦਾ ਉੱਘਾ ਯੋਗਦਾਨ ਹੈ ਸੇਵਾਪੰਥੀ ਸੰਪਰਦਾਇ ਦਾ ਇਤਿਹਾਸ ਨੌਂਵੇ ਅਤੇ ਦਸਵੇਂ ਗੁਰੂ ਸਾਹਿਬਾਨਾਂ ਦੇ ਸੱਚੇ ਸਿੱਖ ਭਾਈ ਕਨੱਈਆ ਜੀ ਤੋਂ ਸ਼ੁਰੂ ਹੁੰਦਾ ਹੈ ਭਾਈ ਕਨੱਈਆ ਜੀ ਤੋਂ ਪਿੱਛੋਂ ਭਾਈ ਸੇਵਾ ਰਾਮ, ਭਾਈ ਅੱਡਣ ਸ਼ਾਹ ਅਤੇ ਭਾਈ ਸਹਿਜ ਰਾਮ ਨੇ ਇਸ ਮੱਧਕਾਲੀ ਵਾਰਤਕ ਰੂਪ ਦੀ ਨਿੱਗਰ ਰੂਪ ਵਿਚ ਪਹਿਚਾਣ ਦਿਵਾਈ

ਪੰਜਾਬੀ ਸਾਹਿਤ ਵਿਚ 'ਪਰਚੀ' ਸਾਹਿਤ ਕਾਵਿ ਅਤੇ ਵਾਰਤਕ ਦੋਹਾਂ ਰੂਪਾਂ ਵਿਚ ਰਚਿਆ ਜਾਂਦਾ ਰਿਹਾ ਹੈ ਵਿਹਾਰਕ ਤੌਰ ਤੇ ਪਰਚੀ ਸ਼ਬਦ ਲਈ 'ਸਾਖੀ' ਸ਼ਬਦ ਵੀ ਲੇਖਕਾਂ ਦੁਆਰਾ ਲਿਖਿਆ ਗਿਆ ਹੋਣ ਕਰਕੇ 'ਸਾਖੀ' ਅਤੇ 'ਪਰਚੀ' ਸਾਹਿਤ ਨੂੰ ਰਲਗੱਡ ਕੀਤਾ ਗਿਆ ਹੈ ਕਾਵਿ-ਸ਼ਾਸਤਰ ਦੇ ਨਜ਼ਰੀਏ ਤੋਂ ਸਾਖੀ ਸ਼ਬਦ ਹੀ ਸਹੀ ਬੈਠਦਾ ਹੈ,

ਜਿਸਦੀ ਪੁਸ਼ਟੀ ਡਾ. ਰਤਨ ਸਿੰਘ ਜੱਗੀ ਆਪਣੇ 'ਸਿੱਖ ਪੰਥ ਵਿਸ਼ਵਕੋਸ਼' ਵਿਚ ਕਰਦੇ ਹਨ ਜਦਕਿ ਪਰਚੀ ਸ਼ਬਦ ਸੁਣੀ-ਸੁਣਾਈ ਪ੍ਰਸਿੱਧ ਘਟਨਾ ਜਾਂ ਕਥਾ-ਪ੍ਰਸੰਗ ਲਈ ਲੇਖਕਾਂ ਦੁਆਰਾ ਵਰਤਿਆ ਗਿਆ ਹੈ ਵਿਹਾਰਕ ਤੌਰ ਤੇ ਇਸ ਵਾਰਤਕ ਰੂਪਕਾਰ ਲਈ ਲੇਖਕਾਂ ਵਲੋਂ ਕੋਈ ਜ਼ਿਆਦਾ ਸਾਵਧਾਨੀ ਨਹੀਂ ਵਰਤੀ ਕਿਸੇ ਵੀ ਰਚਨਾ ਵਿਚ ਨਹੀਂ ਆਉਂਦੀ ਮੱਧਕਾਲੀ ਵਾਰਤਕ ਸਾਹਿਤ ਵਿਚ ਪਰਚੀਆਂ ਸੇਵਾਦਾਸ ਅਤੇ ਪਰਚੀਆਂ ਭਾਈ ਕਨੱਈਆ ਜੀ ਪ੍ਰਮੁਖ ਹਨ, ਜਿਸਤੋਂ ਪਰਚੀ ਸਾਹਿਤ ਉਪਲੱਬਧ ਹੁੰਦਾ ਹੈ ਮੱਧਕਾਲੀ ਵਾਰਤਕ ਵਿਚ ਹੇਠਾਂ ਲਿਖਿਆ ਪਰਚੀ ਸਾਹਿਤ ਉਪਲੱਬਧ ਹੁੰਦਾ ਹੈ-

-ਪਰਚੀਆਂ ਭਾਈ ਕਨੱਯਾ ਜੀ ਕੀ
-ਪਰਚੀ ਸੇਵਾ ਦਾਸ ਕੀਆਂ
-ਪਰਚੀਆਂ ਭਗਤਾਂ ਕੀਆਂ
-ਪਰਚੀਆਂ ਧੰਨੇ ਭਗਤ ਤੇ ਨਰਸੀ ਭਗਤ ਕੀਆਂ
-ਸੂਫ਼ੀਆਂ ਦੀਆਂ ਪਰਚੀਆਂ
-ਪਰਚੀ ਕਬੀਰ ਜੀ ਕੀ
-ਆਸਾਵਰੀਆਂ ਭਾਈ ਸੇਵਾ ਰਾਮ
-ਸਾਖੀਆਂ ਅੱਡਣ ਸ਼ਾਹ ਜੀ
-ਇਤਿਹਾਸ ਸੇਵਾ ਪੰਥ: ਭਾਈ ਸੋਭਾ ਰਾਮ ਜੀ

ਇਹਨਾਂ ਪਰਚੀਆਂ ਵਿਚ ਨਾਇਕਤਵ ਦਾ ਉਭਾਰ ਤਾਂ ਬਾਕੀ ਮੱਧਕਾਲੀ ਵਾਰਤਕ ਵਿਧਾਵਾਂ ਜਾਂ ਰੂਪਾਂ ਵਾਂਗ ਹੈ ਪਰ ਸ਼ਿਲਪ-ਵਿਧਾਨ ਪੱਖੋਂ ਪਰਚੀ ਸਾਹਿਤ ਵਿਲੱਖਣ ਹੈ ਇਸ ਸਾਹਿਤ ਰੂਪ ਦੀ ਰਚਨਾ ਉਪਦੇਸ਼ਆਤਮਕ ਸੁਰ ਵਾਲੀ ਰੱਖੀ ਜਾਂਦੀ ਹੈ ਇਸ ਵਿਚ ਮਹੱਤਤਾ ਵਿਵਰਣ ਨੂੰ ਨਹੀਂ ਬਲਕਿ ਵਿਸ਼ਲੇਸ਼ਣ ਨੂੰ ਦਿੱਤੀ ਜਾਂਦੀ ਹੈ ਇਸ ਵਾਰਤਕ ਰੂਪ ਵਿਚ ਜਿੰਨਾ ਯੋਗਦਾਨ ਸੇਵਾਪੰਥੀ ਸਮੁਦਾਇ ਦਾ ਹੈ, ਉਨ੍ਹਾਂ ਕਿਸੇ ਹੋਰ ਸਮੁਦਾਇ ਦਾ ਨਹੀਂ ਹੈ ਇਸ ਕਰਕੇ ਹੀ ਪਰਚੀ ਸਾਹਿਤ ਨਾਲ 'ਸੇਵਾਪੰਥੀ' ਸ਼ਬਦ ਲੱਗਿਆ ਸਾਹਿਤ ਵਿਚ ਆਮ ਦੇਖਿਆ ਜਾਂਦਾ ਹੈ ਇਸਤੋਂ ਬਿਨ੍ਹਾਂ ਭਾਈ ਸੋਭਾ ਰਾਮ ਜੀ ਦਾ ਕਾਵਿਬੱਧ ਰੂਪ ਵਿਚ 'ਇਤਿਹਾਸ ਸੇਵਾ-ਪੰਥ' ਵੀ ਮਿਲਦਾ ਹੈ ਜੋ ਸੇਵਾਪੰਥ-ਸਮੁਦਾਇ ਦਾ ਇਤਿਹਾਸ ਰੂਪ ਵਿਚ ਪਰਚੀ ਸਾਹਿਤ ਹੀ ਹੈ

ਪਰਚੀ ਵਾਰਤਕ ਰੂਪ ਦਾ ਪ੍ਰਕਾਰਜ ਕਈ ਪੱਖਾਂ ਤੋਂ ਅਹਿਮ ਹੈ ਇਸਦਾ ਮੁੱਢਲਾ ਪ੍ਰਕਾਰਜ ਮਹਾਂਨਾਇਕ ਜਾਂ ਮਹਾਂਪੁਰਸ਼ ਸੰਬੰਧੀ ਮੁੱਢਲੇ ਰੂਪ ਵਿਚ ਪਰਿਚਯ ਕਰਵਾਉਣਾ ਹੈ ਜਿੱਥੇ ਬਾਕੀ ਮੱਧਕਾਲੀ ਵਾਰਤਕ ਰੂਪਾਂ ਦਾ ਉਦੇਸ਼ ਮੁੱਖ ਪਾਤਰ ਦੇ ਕਿਰਦਾਰ ਦੀ ਉਸਾਰੀ ਕਰਨਾ ਹੁੰਦਾ ਹੈ, ਉਥੇ ਪਰਚੀ ਸਾਹਿਤ ਉਪਦੇਸ਼ਆਤਮਕ ਸੁਰ ਤੇ ਕੇਂਦਰਿਤ ਰਹਿੰਦਾ ਹੈ ਇਸ ਕਰਕੇ ਘਟਨਾਵਾਂ ਦਾ ਕ੍ਰਮ ਪਰਚੀ ਸਾਹਿਤ ਵਿਚ ਗੌਣ ਦਰਜੇ ਤੇ ਚਲਾ ਜਾਂਦਾ ਹੈ

ਪਰਚੀ ਸਾਹਿਤ ਸਿੱਖੀ ਜੀਵਨ ਤੇ ਰਹਿਤ-ਮਰਿਆਦਾ ਨਾਲ ਸੰਬੰਧਿਤ ਹੈ ਜਿਸ ਵਿਚ ਉਨ੍ਹਾਂ ਸਿੱਖਾਂ ਨੂੰ ਮੁੱਖ-ਪਾਤਰ ਦੇ ਤੌਰ ਤੇ ਲਿਆ ਜਾਂਦਾ ਹੈ, ਜਿਨ੍ਹਾਂ ਦਾ ਜੀਵਨ ਆਦਰਸ਼ਕ ਸਿੱਖੀ ਵਾਲਾ ਹੁੰਦਾ ਹੈ ਪਰਚੀ ਸਾਹਿਤ ਦੀ ਭਾਸ਼ਾ ਵੀ ਬਾਕੀ ਮੱਧਕਾਲੀ ਵਾਰਤਕ ਰੂਪਾਂ ਵਾਂਗ ਹੀ ਸਾਧ-ਭਾਸ਼ਾ ਭਾਵ ਸਧੂਕੜੀ ਹੈ ਜਿਸ ਵਿਚ ਕਈ ਭਾਸ਼ਾਵਾਂ ਦੇ ਸ਼ਬਦਾਂ ਦਾ ਪ੍ਰਯੋਗ ਆਮ ਹੁੰਦਾ ਸੀ ਜਿਵੇਂ ਪਰਚੀ ਭਾਈ ਕਨੱਈਆ ਜੀ ਵਿਚੋਂ ਇੱਕ ਵੰਨਗੀ ਇਸ ਤਰ੍ਹਾਂ ਹੈ:

ਤਬ ਨਨੂਏ ਸੰਤ ਬਹੁਤ ਦਇਆ ਸਾਥ ਬੁਲਾਇ ਕਰ ਨਿਕਟਿ ਬੈਠਾਏ ਅਰੁ ਬਹੁਤ ਆਦਰ ਸਨਮਾਨ ਕੀਆ ਅਰ ਕਹਾ ਤੁਮ ਧੰਨ ਹੋ ਕਾਹੇ ਤੇ ਜੋ ਗੋਬਿੰਦ ਪਾਵਵੇ ਕੀ ਪ੍ਰੀਤ ਕਿਸੇ ਵਿਰਲੇ ਕੀ ਹੋਤੀ ਹੈ

ਇਉਂ ਪਰਚੀ ਸਾਹਿਤ ਦਾ ਪ੍ਰਕਾਰਜ ਸਿੱਖਾਂ ਨੂੰ ਸਿੱਖੀ ਆਦਰਸ਼ਕ-ਜੀਵਨ ਬਾਰੇ ਉਪਦੇਸ਼ ਦੇਣਾ ਸੀ

ਸਮੁੱਚੇ ਤੌਰ ਤੇ 'ਪਰਚੀ' ਬਾਰੇ ਸਿੱਟਾ ਨਿਕਲਦਾ ਹੈ ਕਿ 'ਪਰਚੀ' ਵਾਰਤਕ ਰੂਪ ਵੀ ਬਾਕੀ ਰੂਪਾਂ ਵਾਂਗ ਮੱਧਕਾਲੀ ਸਾਹਿਤ ਦਾ ਮਹੱਤਵਪੂਰਨ ਹਿੱਸਾ ਹੈ, ਜਿਸ ਰਾਹੀਂ ਸਿੱਖਾਂ ਨੂੰ ਆਦਰਸ਼ਕ ਸਿੱਖੀ ਜੀਵਨ ਬਾਬਤ ਉਪਦੇਸ਼ ਦਿੱਤਾ ਜਾਂਦਾ ਸੀ ਭਾਵ ਆਦਰਸ਼ਕ ਸਿੱਖੀ ਜੀਵਨ ਦੀ ਉਦਾਹਰਨ ਦੇਣ ਲਈ ਕਿਸੇ ਮਹਾਂਪੁਰਸ਼ ਨੂੰ ਨਾਇਕ ਦੇ ਤੌਰ ਤੇ ਚੁਣ ਕੇ ਉਸ ਰਾਹੀਂ ਉਪਦੇਸ਼ ਦਿੱਤਾ ਜਾਂਦਾ ਅਤੇ ਮਹਾਂਨਾਇਕ ਜਾਂ ਮਹਾਂਪੁਰਸ਼ ਦੇ ਜੀਵਨ ਅਤੇ ਆਦਰਸ਼ਾਂ ਬਾਰੇ ਪਰਿਚਯ ਕਰਵਾਇਆ ਜਾਂਦਾ ਸੀ ਭਾਈ ਕਨੱਈਆ ਤੋਂ ਸ਼ੁਰੂ ਹੋਏ ਇਸ ਵਾਰਤਕ ਰੂਪ ਦੇ ਵਿਕਾਸ ਅਤੇ ਉਭਾਰ ਵਿਚ ਸਭ ਤੋਂ ਵੱਧ

ਸੇਵਾਪੰਥੀ ਸਮੁਦਾਇ ਦਾ ਯੋਗਦਾਨ ਹੈ ਇਉਂ 'ਪਰਚੀ' ਸਾਹਿਤ ਸਾਖੀ ਅਤੇ ਜਨਮਸਾਖੀ ਵਾਰਤਕ ਵਿਚੋਂ ਨਿਖੜ ਕੇ ਇੱਕ ਵੱਖਰੇ ਮੱਧਕਾਲੀ ਵਾਰਤਕ ਰੂਪ ਦੇ ਤੌਰ ਤੇ ਪੰਜਾਬੀ ਸਾਹਿਤ ਦਾ ਹਿੱਸਾ ਹੈ

### 1.3.3.5 ਹੁਕਮਨਾਮਾ

'ਹੁਕਮਨਾਮਾ' ਸਾਹਿਤ ਰੂਪ ਮੱਧਕਾਲੀ ਵਾਰਤਕ ਦੀ ਅਜਿਹੀ ਵੰਨਗੀ ਹੈ, ਜਿਸ ਰਾਹੀਂ ਗੁਰੂ ਸਾਹਿਬਾਨ ਵਲੋਂ ਸੰਗਤ ਨੂੰ ਕੋਈ ਆਦੇਸ਼ ਦਿੱਤਾ ਜਾਂਦਾ ਸੀ। ਹੁਕਮਨਾਮਾ ਦੀ ਪ੍ਰਕਿਰਤੀ ਸੰਖੇਪ ਸਰੂਪ ਵਾਲੀ ਹੈ। ਗੁਰੂ ਸਾਹਿਬਾਨ ਤੋਂ ਬਿਨਾਂ ਹੋਰ ਧਾਰਮਿਕ ਸ਼ਖ਼ਸੀਅਤਾਂ, ਆਗੂਆਂ ਦੁਬਾਰਾ ਸ਼ਰਧਾਲੂਆਂ ਨੂੰ ਲਿਖੇ ਪੱਤਰ ਨੂੰ ਵੀ 'ਹੁਕਮਨਾਮਾ' ਸਾਹਿਤ ਵਿਚ ਸ਼ਾਮਿਲ ਕੀਤਾ ਹੈ, ਜਿਸ ਰਾਹੀਂ ਕਿਸੇ ਆਦੇਸ਼ ਦਾ ਪਾਲਣ ਕਰਨ ਨੂੰ ਕਿਹਾ ਜਾਂਦਾ ਹੈ। ਮੱਧਕਾਲੀ ਵਾਰਤਕ ਸਾਹਿਤ ਦੀ ਇਹ ਵੰਨਗੀ ਗੁਰੂ ਹਰਿਗੋਬਿੰਦ ਸਾਹਿਬ ਤੋਂ ਬਾਅਦ ਹੋਂਦ ਵਿਚ ਆਈ, ਜਿਸ ਰਾਹੀਂ ਗੁਰੂ ਸਾਹਿਬ ਵਲੋਂ ਸੰਗਤ ਨੂੰ ਕੋਈ ਤਾਕੀਦ ਕੀਤੀ ਜਾਂਦੀ ਸੀ। ਬੇਸ਼ੱਕ ਹੁਕਮਨਾਮਾ ਬਹੁਤ ਸੰਖੇਪ ਰੂਪ ਵਿਚ ਹੁੰਦਾ ਹੈ ਪਰ ਫਿਰ ਵੀ ਠੋਸ, ਇਤਿਹਾਸਕ, ਪ੍ਰਮਾਣਿਕ ਅਤੇ ਮਹੱਤਵਪੂਰਣ ਧਾਰਮਿਕ ਪੱਖਾਂ ਦਾ ਦਸਤਾਵੇਜ਼ ਰੂਪੀ ਸਾਹਿਤ ਹੁੰਦਾ ਹੈ।

ਮੱਧਕਾਲ ਵਿਚ ਸਿੱਖੀ ਦੇ ਹੋ ਰਹੇ ਪਾਸਾਰ ਕਰਕੇ ਸਭਨਾਂ ਨੂੰ ਇੱਕ ਮੁੱਠ ਰੱਖਣ ਅਤੇ ਗੁਰੂ-ਘਰ ਨਾਲ ਜੋੜੀ ਰੱਖਣ ਲਈ ਹੁਕਮਨਾਮਾ ਸਾਹਿਤ ਦਾ ਵਿਲੱਖਣ ਯੋਗਦਾਨ ਹੈ। ਦੂਰ-ਦੁਰੇਡੇ ਦੇ ਸਿੱਖਾਂ ਨਾਲ ਸੰਪਰਕ ਬਣਾਈ ਰੱਖਣ ਲਈ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਹੁਕਮਨਾਮਾ ਜਾਰੀ ਕਰਨਾ ਆਰੰਭ ਕੀਤਾ ਸੀ। ਜਿਸ ਤਰ੍ਹਾਂ ਸਰਕਾਰੀ ਮੁਗ਼ਲ ਦਰਬਾਰ ਦਾ ਸੰਦੇਸ਼ 'ਸ਼ਾਹੀ ਫੁਰਮਾਨ' ਨਾਲ ਦਿੱਤਾ ਜਾਂਦਾ ਸੀ, ਇਉਂ ਗੁਰੂ ਘਰ ਵਿਚ ਵੀ ਇਹਨਾਂ ਸ਼ਾਹੀ ਫੁਰਮਾਨਾਂ ਵਾਲੇ ਢਾਂਚੇ ਵਰਗੀ 'ਹੁਕਮਨਾਮਾ' ਵਾਲੀ ਪ੍ਰਥਾ ਦੀ ਸ਼ੁਰੂਆਤ ਹੋਈ। ਗੁਰਮੁਖੀ ਲਿਪੀ ਵਿਚ ਵਿਚ ਲਿਖਿਆ ਹੁਕਮਨਾਮਾ ਸਾਹਿਤ ਸਾਨੂੰ ਗੁਰੂ-ਸਾਹਿਬਾਨਾਂ, ਸੰਗਤ ਅਤੇ ਗੁਰੂ-ਘਰ ਨਾਲ ਸੰਗਤ ਦੇ ਪ੍ਰੇਮ ਅਤੇ ਸ਼ਰਧਾ ਦਾ ਪਤਾ ਲੱਗਦਾ ਹੈ।

'ਹੁਕਮਨਾਮਾ' ਸ਼ਬਦ ਦੋ ਸ਼ਬਦਾਂ ਦੇ ਸੁਮੇਲ ਤੋਂ ਹੋਂਦ ਵਿਚ ਆਇਆ ਹੈ। ਹੁਕਮਨਾਮਾ ਵਿਚ 'ਹੁਕਮ' ਅਤੇ 'ਨਾਮਾ' ਦੋ ਸ਼ਬਦ ਹਨ। ਹੁਕਮ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸਦਾ ਅਰਥ ਹੈ- ਆਦੇਸ਼ ਅਤੇ ਨਾਮਾ (ਨਾਮਾਹ) ਸ਼ਬਦ ਤਦਭਵ ਰੂਪ ਹੈ, ਜਿਸਦਾ ਅਰਥ ਹੈ- ਚਿੱਠੀ ਜਾਂ ਪੱਤਰ। ਇਉਂ ਹੁਕਮਨਾਮਾ ਦਾ ਅਰਥ ਉਹ ਚਿੱਠੀ ਜਾਂ ਪੱਤਰ ਹੈ, ਜਿਸ ਵਿਚ ਕਿਸੇ 'ਹੁਕਮ' ਨੂੰ ਅੰਕਿਤ ਕੀਤਾ ਗਿਆ ਹੈ।

ਮੱਧਕਾਲੀ ਵਾਰਤਕ ਰੂਪ 'ਹੁਕਮਨਾਮਾ' ਨੂੰ ਗੁਰੂ-ਦਰਬਾਰ ਦੇ ਕਿਸੇ ਪ੍ਰਤਿਸ਼ਟ ਸਿੱਖ ਰਾਹੀਂ ਗੁਰੂ-ਸਾਹਿਬ ਵਲੋਂ ਲਿਖੇ ਜਾਂਦੇ ਸਨ। ਅਰਬੀ ਸ਼ਬਦ 'ਹੁਕਮ' ਗੁਰੂ ਦੇ ਹੁਕਮ ਦਾ ਸਮਨਵੈ ਸ਼ਬਦ ਹੈ ਡਾ. ਰਤਨ ਸਿੰਘ ਜੱਗੀ ਮੁਤਾਬਿਕ ਹੁਕਮਨਾਮਾ ਸਧਾਰਨ ਅਰਥਾਂ ਵਿਚ ਫ਼ਰਮਾਇਸ਼ ਵਾਲਾ ਪੱਤਰ ਹੈ। ਜਿਸ ਰਾਹੀਂ ਸਮੁੱਚੀ ਸੰਗਤ ਨੂੰ ਕੋਈ ਆਦੇਸ਼ ਦਿੱਤਾ ਜਾਂਦਾ ਸੀ ਸਿੱਖ ਗੁਰੂਆਂ ਅਤੇ ਧਾਰਮਿਕ ਆਗੂਆਂ ਦੁਆਰਾ ਵੀ ਸਰਧਾਲੂਆਂ ਨੂੰ ਹੁਕਮਨਾਮੇ ਲਿਖੇ ਜਾਂਦੇ ਰਹੇ ਹਨ। ਬੰਦਾ ਸਿੰਘ ਬਹਾਦਰ ਅਤੇ ਗੁਰੂ-ਸੁਪਤਨੀਆਂ ਦੇ ਹੁਕਮਨਾਮੇ ਵੀ ਮਿਲਦੇ ਹਨ।

'ਹੁਕਮਨਾਮਾ' ਦੇ ਉੱਪਰ ਕਿਸੇ ਕੋਨੇ ਤੇ ਜਾਂ ਗੁਰੂ ਸਾਹਿਬ ਜਾਂ ਜਿਸ ਵਲੋਂ ਹੁਕਮਨਾਮਾ ਲਿਖਿਆ ਜਾ ਰਿਹਾ ਹੋਵੇ, ਆਪ '੧ਓ ਸਤਿਗੁਰੂ ਪ੍ਰਸਾਦਿ॥' ਜਾਂ ਸੰਬੰਧਿਤ ਸੰਗਤ ਦਾ ਸੰਖੇਪ ਰੂਪ ਵਿਚ ਵਿਵਰਣ ਜਾਂ ਅਸੀਸ ਦੇ ਸ਼ਬਦ ਲਿਖੇ ਜਾਂਦੇ ਸਨ ਅਤੇ ਹੁਕਮਨਮਾ ਭੇਜਣ ਵਾਲੇ ਦੇ ਦਸਤਖ਼ਤ ਦਾ ਪ੍ਰਤੀਕ ਲਿਆ ਜਾਂਦਾ ਸੀ। ਜੰਗ-ਯੁੱਧ ਦੌਰਾਨ ਹੁਕਮਨਾਮਾ ਉਤੇ ਮੋਹਰ ਵੀ ਲਗਾਈ ਜਾਂਦੀ ਸੀ।

ਗੁਰੂ ਸਾਹਿਬ ਜਾਂ ਪ੍ਰਤਿਸ਼ਟ ਸਿੱਖ ਵਲੋਂ ਜਾਰੀ ਹੁਕਮਨਾਮੇ ਦਾ ਸਰੂਪ ਸਰਕਾਰੀ ਅਧਿਕਾਰਕ ਤੌਰ ਤੇ ਫ਼ਰਮਾਨ ਪੱਤਰ ਵਾਲਾ ਹੁੰਦਾ ਹੈ। ਹੁਕਮਨਾਮਾ '੧ਓ ਸਤਿਗੁਰੂ ਪ੍ਰਸਾਦਿ' ਤੋਂ ਸ਼ੁਰੂ ਹੋ ਕੇ ਬਾਕੀ ਦਾ ਦਰਬਾਰੀ ਭਾਸ਼ਾ ਵਰਗਾ ਹੁੰਦਾ ਹੈ। ਗੁਰੂ ਤੇਗ਼ ਬਹਾਦਰ ਤੋਂ ਪਹਿਲਾਂ ਸਭ ਗੁਰੂ ਸਾਹਿਬਾਨ ਹੁਕਮਨਾਮੇ ਖ਼ੁਦ ਲਿਖਦੇ ਸਨ। ਪਿੱਛੋਂ ਦਸਮ ਗੁਰੂ ਵਲੋਂ ਹੁਕਮਨਾਮਾ ਲਿਖਣ ਦਾ ਕਾਰਜ ਲਿਖਾਰੀ ਦੇ ਰੂਪ ਵਿਚ ਪ੍ਰਤਿਸ਼ਟ ਸਿੱਖ ਕਰਨ ਲੱਗ ਗਏ ਸਨ।

ਵਸਤੂ ਪੱਖ ਤੋਂ ਹੁਕਮਨਾਮਾ ਦੇ ਤਿੰਨ ਭਾਗ ਹਨ। ਪਹਿਲਾ ਭਾਗ ਸੰਬੋਧਨ ਦਾ ਹੈ, ਜਿਸ ਵਿਚ ਉਨ੍ਹਾਂ ਵਿਅਕਤੀਆਂ ਦੇ ਨਾਵਾਂ ਦਾ ਜ਼ਿਕਰ ਹੁੰਦਾ ਹੈ, ਜਿਹਨਾਂ ਨੂੰ ਸੰਬੋਧਿਤ ਹੋਣਾ ਹੁੰਦਾ ਹੈ। ਦੂਸਰੇ ਭਾਗ ਵਿਚ ਵਸਤਾਂ ਦਾ ਜ਼ਿਕਰ ਹੁੰਦਾ ਹੈ, ਜਿਹਨਾਂ ਦੀ ਮੰਗ ਸੰਬੋਧਿਤ ਸੰਗਤ ਤੋਂ ਕੀਤੀ ਗਈ ਹੁੰਦੀ ਹੈ। ਇਹ ਹਿੱਸਾ ਵਿਹਾਰਿਕ ਹੁੰਦਾ ਹੈ, ਇਸ ਕਰਕੇ ਹੀ ਹੁਕਮਨਾਮਾ ਸਾਹਿਤ ਵਾਰਤਕ ਦਾ ਰੂਪ ਹੈ। ਬਹੁਤ ਸਾਰੇ ਹੁਕਮਨਾਮੇ ਦੂਸਰੇ ਭਾਗ ਤੋਂ ਬਾਅਦ ਸਮਾਪਤ ਹੋ ਜਾਂਦੇ ਹਨ ਪਰ ਕਈ ਹੁਕਮਨਾਮਿਆਂ ਦੇ ਤੀਸਰੇ ਭਾਗ ਵੀ ਹਨ, ਜਿਹਨਾਂ ਵਿਚ ਹੁਕਮਨਾਮਾ ਲੈ ਕੇ ਜਾਣ ਵਾਲੇ ਮੇਵੜੇ ਬਾਰੇ ਵੀ

ਲਿਖਿਆ ਹੁੰਦਾ ਹੈ, ਜਿਸਨੂੰ ਵਸਤਾਂ ਸੰਗਤ ਨੇ ਭੇਂਟ ਕਰਨੀਆਂ ਹੁੰਦੀਆਂ ਹਨ। ਹੁਕਮਨਾਮੇ ਦੇ ਅੰਤ ਉੱਤੇ ਸਤਰਾਂ ਦੀ ਗਿਣਤੀ ਵੀ ਲਿਖੀ ਜਾਂਦੀ ਹੈ।

ਹੁਕਮਨਾਮਿਆਂ ਵਿਚ ਸਾਨੂੰ ਸਭਿਆਚਾਰਕ, ਸਮਾਜਿਕ ਅਤੇ ਧਾਰਮਿਕ ਪ੍ਰਬੰਧਨ ਬਾਰੇ ਜਾਣਕਾਰੀ ਮਿਲਦੀ ਹੈ। ਹੁਕਮਨਾਮਾ ਸਾਹਿਤ ਰਾਹੀਂ ਮੱਧਕਾਲੀਨ ਸਿੰਘਾਂ ਦੇ ਨਾਂ ਕਿਸ ਤਰ੍ਹਾਂ ਦੇ ਸਨ, ਉਹਨਾਂ ਬਾਰੇ ਹੁਕਮਨਾਮਾ ਦੇ ਦੂਸਰੇ ਭਾਗ ਤੋਂ ਪਤਾ ਲੱਗਦਾ ਹੈ। ਹੁਕਮਨਾਮਾ ਆਪਣੇ-ਆਪ ਵਿਚ ਇੱਕ ਬਹੁਤ ਮਹੱਤਵਪੁਰਣ ਅਤੇ ਪ੍ਰਮਾਣਿਕ ਮੰਨਿਆ ਜਾਂਦਾ ਮੱਧਕਾਲੀ ਵਾਰਤਕ-ਰੂਪ ਹੈ। ਹੁਕਮਨਾਮਾ (ਸਾਹਿਤ) ਗੁਰਮੁਖੀ ਲਿਪੀ ਵਿਚ ਲਿਖਿਆ ਹੁੰਦਾ ਸੀ। ਸਰੂਪ ਪੱਖ ਤੋਂ ਹੁਕਮਨਾਮਾ ਮੱਧਕਾਲੀਨ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਅੱਖਰਾਂ ਦੀ ਬਣਤਰ ਬਾਰੇ ਦੱਸਦਾ ਹੈ ਪਰ ਮੱਧਕਾਲੀ ਵਾਰਤਕ ਦੇ ਇਸ ਰੂਪ ਬਾਰੇ ਇੱਕ ਗੱਲ ਹੈ ਕਿ ਇਹ ਖੜੋਤ-ਪ੍ਰਵਿਰਤੀ ਵਾਲੀ ਹੈ। ਇਹ ਜਿੱਥੋਂ ਸ਼ੁਰੂ ਹੋਈ, ਤਰਰੀਬਨ ਅੱਜ ਵੀ ਉੱਥੇ ਹੀ ਖੜ੍ਹੀ ਨਜ਼ਰ ਆਉਂਦੀ ਹੈ। ਹਾਂ ਰੂਪ ਬਦਲਦੇ ਇਹ ਪਰੰਪਰਾ ਕਈ ਹੋਰ ਰੂਪਾਂ ਦਾ ਭਾਗ ਬਣੀ ਦ੍ਰਿਸ਼ਟੀਗੋਚਰ ਵੀ ਹੁੰਦੀ ਹੈ।

ਸਿੱਖ ਇਤਿਹਾਸ ਵਿਚ ਡਾ. ਗੰਡਾ ਸਿੰਘ ਦੁਆਰਾ ਪ੍ਰਮਾਣਿਕ ਮੰਨੇ ਗਏ ਕੁਝ ਹੁਕਮਨਾਮਿਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

-ਛੇਵੇਂ ਗੁਰੂ ਸਾਹਿਬ ਦੇ ਦੋ ਨੀਸਾਣ ਅਤੇ ਦੋ ਹੁਕਮਨਾਮੇ

-ਬਾਬਾ ਗੁਰਦਿੱਤਾ ਜੀ ਦੇ ਚਾਰ ਹੁਕਮਨਾਮੇ

-ਅੱਠਵੇਂ ਗੁਰੂ ਜੀ ਦੇ 34 ਹੁਕਮਨਾਮੇ

-ਬੰਦਾ ਸਿੰਘ ਬਹਾਦਰ ਦੇ ਦੋ ਹੁਕਮਨਾਮੇ

-ਮਾਤਾ ਸੁੰਦਰੀ ਜੀ ਦੇ 9 ਹੁਕਮਨਾਮੇ

-ਇੱਕ ਹੁਕਮਨਾਮਾ ਅਕਾਲ ਤਖ਼ਤ ਹਰਿਮੰਦਰ ਸਾਹਿਬ, ਪਟਨਾ ਸਾਹਿਬ

ਇਸ ਪ੍ਰਕਾਰ 85 ਦੇ ਲਗਪਗ ਹੁਕਮਨਾਮਿਆਂ ਬਾਰੇ ਵੇਰਵਾ ਮਿਲਦਾ ਹੈ। ਸਭ ਤੋਂ ਵਧੇਰੇ ਹੁਕਮਨਾਮੇ 1606 ਤੋਂ 1762 ਈ. ਦੇ ਕਾਲ-ਖੰਡ ਵਿਚ ਲਿਖੇ ਗਏ ਹਨ। ਜਿਹਨਾਂ ਵਿਚ ਸਭ ਤੋਂ ਵੱਧ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮੇ ਹਨ।

'ਹੁਕਮਨਾਮਾ' ਦਾ ਪ੍ਰਮੁਖ ਕਾਰਜ ਗੁਰੂ-ਘਰ ਨਾਲ ਸਿੱਖ-ਸੰਗਤ ਨੂੰ ਜੋੜੀ ਰੱਖਣ ਅਤੇ ਗੁਰੂ-ਹੁਕਮ ਨੂੰ ਸੰਗਤ ਤਕ ਪਹੁੰਚਾਉਣ ਦਾ ਹੈ। ਸਾਰੇ ਹੁਕਮਨਾਮੇ ਮਿਤੀਬੱਧ ਹੋਣ ਕਰਕੇ ਮੱਧਕਾਲੀਨ ਵਾਰਤਕ ਦਾ ਇੱਕੋ-ਇੱਕ ਨਮੂਨਾ ਹੈ, ਜਿਸਦਾ ਰਚਨਾ-ਕਾਲ ਸੁਨਿਸ਼ਚਿਤ ਹੈ, ਨਹੀਂ ਤਾਂ ਮੱਧਕਾਲ ਦੀ ਕਿਸੇ ਰਚਨਾ ਬਾਰੇ ਨਿਸ਼ਚਿਤ ਨਹੀਂ ਕਿਹਾ ਜਾ ਸਕਦਾ ਕਿ ਇਸਦਾ ਕਾਲ-ਖੰਡ ਕਿਹੜਾ ਹੈ। ਹੁਕਮਨਾਮੇ ਵਿਚ ਸੰਗਤ ਵਲੋਂ ਭੇਂਟ ਰੂਪ ਵਿਚ ਸ਼ਾਸ਼ਤਰ, ਘੋੜੇ, ਸੋਨੇ, ਚਾਂਦੀ ਤੇ ਹੋਰ ਵਸਤਾਂ ਤੋਂ ਲੈ ਕੇ ਪੰਛੀਆਂ ਤਕ ਦੀ ਵੀ ਹੁੰਦੀ ਸੀ। ਇੰਝ ਹੁਕਮਨਾਮਾ ਸਾਹਿਤ ਤੋਂ ਸਮਕਾਲੀਨ ਇਤਿਹਾਸ ਦੀਆਂ ਵੀ ਭਰਪੂਰ ਝਲਕਾਂ ਮਿਲ ਜਾਂਦੀਆਂ ਹਨ।

ਹੁਕਮਨਾਮੇ ਦਾ ਕਾਰਜ ਸੰਦੇਸ਼ ਨੂੰ ਦਰੁਸਤ ਰੂਪ ਵਿਚ ਸੰਗਤ ਤਕ ਪਹੁੰਚਾਉਣਾ ਹੈ, ਜੋ ਗੁਰੂ ਤੋਂ ਦੂਰ-ਦੁਰੇਡੇ ਬੈਠੀ ਹੈ। ਹੁਕਮਨਾਮਾ ਸੰਖੇਪ, ਆਦੇਸ਼ਮਈ ਭਾਸ਼ਾ ਵਿਚ ਲਿਖੇ ਹੋਣ ਕਰਕੇ ਸੰਗਤ ਇਸਨੂੰ ਪ੍ਰਤੱਖ ਗੁਰੂ ਦੇ ਹੁਕਮ ਕਰਕੇ ਮੰਨਦੀ ਸੀ ਅਤੇ ਜੋ ਹੁਕਮ ਗੁਰੂ ਸਾਹਿਬ ਵਲੋਂ ਹੁਕਮਨਾਮਿਆਂ ਵਿਚ ਲਿਖਿਆ ਹੁੰਦਾ ਸੀ, ਉਸਨੂੰ ਭੇਂਟ ਰੂਪ ਵਿਚ ਪੂਰਾ ਕਰਦੀ ਸੀ। ਹੁਕਮਨਾਮਾ-ਸਾਹਿਤ ਦਾ ਪੰਜਾਬੀ ਸਾਹਿਤ ਵਿਚ ਵਾਰਤਕ-ਰੂਪ ਦੇ ਤੌਰ ਤੇ ਇਤਿਹਾਸ, ਸਾਹਿਤ, ਸਮਾਜ ਅਤੇ ਰਾਜਨੀਤੀ ਵਿਚ ਯੋਗਦਾਨ ਬਾਰੇ ਸਭ ਤੋਂ ਮਹੱਤਵਪੂਰਨ ਅਤੇ ਵਿਲੱਖਣ ਯੋਗਦਾਨ ਰਿਹਾ ਹੈ।

ਇਸ ਪ੍ਰਮਾਣਿਕ ਵਾਰਤਕ ਰੂਪ 'ਹੁਕਮਨਾਮਾ' ਬਾਰੇ ਅੰਤ ਵਿਚ ਸਿੱਟੇ ਵਜੋਂ ਸੰਖੇਪ ਚਰਚਾ ਕੀਤੀ ਜਾਏ ਤਾਂ ਹੁਕਮਨਾਮਾ ਮੱਧਕਾਲੀ ਵਾਰਤਕ ਰੂਪਾਂ ਵਿਚੋਂ ਵਿਲੱਖਣ, ਵੱਖਰਾ ਅਤੇ ਪ੍ਰਮਾਣਿਕ ਰੂਪ ਹੈ। ਇਹ ਗੁਰੂ-ਘਰ ਅਤੇ ਸੰਗਤ ਨੂੰ ਆਪਸ ਵਿਚ ਜੋੜਨ, ਸਾਂਝ ਬਣਾਈ ਰੱਖਣ ਅਤੇ ਇਤਿਹਾਸਕ-ਸਭਿਆਚਾਰਕ ਮਰਹੱਲਿਆਂ ਬਾਰੇ ਜਾਣਕਾਰੀ ਦੇਣ ਵਾਲਾ ਵਾਰਤਕ ਰੂਪ ਹੈ। ਆਮ ਤੌਰ ਤੇ ਤਿੰਨ ਭਾਗਾਂ ਵਾਲੇ ਇਸ ਵਾਰਤਕ-ਰੂਪਨੂੰ ਛੇਵੀਂ ਪਾਤਸ਼ਾਹੀ ਨੇ ਸ਼ੁਰੂ ਕੀਤਾ ਪਰ ਦਸਵੇਂ ਗੁਰੂ ਸਾਹਿਬ ਨੇ ਇਸ ਨੂੰ ਵੱਖਰਾ ਰੂਪ ਦਿੱਤਾ, ਜਿਸ ਕਰਕੇ ਇਹ ਸਿੱਖ-ਇਤਿਹਾਸ ਦਾ ਹਿੱਸਾ ਹੋਣ ਦੇ ਨਾਲ-ਨਾਲ ਪੰਜਾਬੀ ਮੱਧਕਾਲੀਲ-ਵਾਰਤਕ ਦਾ ਮਹੱਤਵਪੂਰਨ ਹਿੱਸਾ ਬਣਿਆ ਹੈ।

ਅਜੋਕੇ ਦੌਰ ਵਿਚ ਵੀ ਗੁਰੂ-ਘਰਾਂ ਅਤੇ ਪੰਜ ਤਖ਼ਤਾਂ ਤੋਂ ਪੰਜ ਪਿਆਰਿਆਂ ਦੁਆਰਾ ਸੰਗਤ ਨੂੰ ਸਾਂਝਾ ਸੰਦੇਸ਼ ਦੇਣ ਲਈ 'ਹੁਕਮਨਾਮਾ' ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲੋਅ ਵਿਚ ਜਾਰੀ ਕੀਤਾ ਜਾਂਦਾ ਹੈ।

### 1.3.4 ਸਿੱਟਾ

ਇਸ ਪ੍ਰਕਾਰ ਮੱਧਕਾਲੀਨ ਪੰਜਾਬੀ ਵਾਰਤਕ ਰੂਪ ਆਪਣੇ ਆਪ ਵਿਚ ਇਤਿਹਾਸਕ ਮਹੱਤਵ ਦੇ ਧਾਰਨੀ ਹਨ। ਇਹ ਉਸ ਸਮੇਂ ਦੀਆਂ ਲੋੜਾਂ ਵਿਚੋਂ ਪੈਦਾ ਹੋਏ ਪਰੰਤੂ ਹੁਣ ਤਕ ਕਿਸੇ ਨਾ ਕਿਸੇ ਰੂਪ ਵਿਚ ਆਧੁਨਿਕ ਵਾਰਤਕ ਸਾਹਿਤ ਨੂੰ ਪ੍ਰਭਾਵਿਤ ਕਰ ਰਹੇ ਹਨ। ਇਹ ਵਾਰਤਕ ਰੂਪ ਇਕ ਪਾਸੇ ਸਾਹਿਤਕ ਦਸਤਾਵੇਜ਼ ਹਨ ਪਰ ਨਾਲ ਦੀ ਨਾਲ ਇਨ੍ਹਾਂ ਦਾ ਮੁੱਲ ਇਤਿਹਾਸਕ ਦਸਤਾਵੇਜ਼ ਵਜੋਂ ਵੀ ਹੈ। ਇਸ ਪ੍ਰਕਾਰ ਸਾਹਿਤ ਅਤੇ ਇਤਿਹਾਸ ਦੇ ਸੰਗਮ ਵਜੋਂ ਇਨ੍ਹਾਂ ਦਾ ਵਿਸ਼ੇਸ਼ ਮਹੱਤਵ ਹੈ

### 1.3.5 ਵੱਡੇ ਪ੍ਰਸ਼ਨ

1. ਮੱਧਕਾਲੀਲ ਪੰਜਾਬੀ ਵਾਰਤਕ ਦੇ ਪ੍ਰਮੁੱਖ ਰੂਪਾਂ ਬਾਰੇ ਚਰਚਾ ਕਰੋ।
2. ਜਨਮਸਾਖੀ ਮੱਧਕਾਲੀ ਪੰਜਾਬੀ ਵਾਰਤਕ ਦਾ ਪ੍ਰਮੁੱਖ ਸਾਹਿਤ ਰੂਪ ਹੈ, ਚਰਚਾ ਕਰੋ।

**ਸੰਖੇਪ**

ਸਾਖੀ ਬਾਰੇ ਸੰਖੇਪ ਜਾਣਕਾਰੀ ਦਿਓ

ਵਾਰਤਕ ਰੂਪ ਪਰਚੀ ਬਾਰੇ ਸੰਖੇਪ ਜਾਣਕਾਰੀ ਦਿਓ

ਵਾਰਤਕ ਰੂਪ ਹੁਕਮਨਾਮਾ ਬਾਰੇ ਸੰਖੇਪ ਜਾਣਕਾਰੀ ਦਿਓ

ਵਾਰਤਕ ਰੁਪ ਗੋਸਟਿ ਸੰਬੰਧੀ ਜਾਣਕਾਰੀ ਦਿਓ

### 1.3.6 ਸਹਾਇਕ ਪੁਸਤਕ ਸੂਚੀ

1. ਡਾ. ਰਤਨ ਸਿੰਘ ਜੱਗੀ - ਪੁਰਾਤਨ ਪੰਜਾਬੀ ਵਾਰਤਕ
2. ਉਜਾਗਰ ਸਿੰਘ - ਪੰਜਾਬੀ ਵਾਰਤਕ ਵੰਨਗੀਆ
3. ਸੁਰਿੰਦਰ ਸਿੰਘ ਕੋਹਲੀ - ਪੁਰਾਤਨ ਪੰਜਾਬੀ ਵਾਰਤਕ ਸਰੂਪ ਸਿਧਾਂਤ ਤੇ ਵਿਕਾਸ

**Converted in Self Learning Mode by Dr. Gurpreet Kaur**
**Last Update June 10, 2023**

**ਬੀ.ਏ. ਭਾਗ–ਤੀਜਾ** **ਪੰਜਾਬੀ ਲਾਜ਼ਮੀ**

**ਪਾਠ ਨੰਬਰ : 1.4**

## ਨਿਬੰਧ : ਪ੍ਰੀਭਾਸ਼ਾ ਅਤੇ ਤੱਤ

1.4.1 ਉਦੇਸ਼

1.4.2 ਭੂਮਿਕਾ

1.4.3 ਵਾਰਤਕ ਦੇ ਤੱਤ

1.4.4 ਵਾਰਤਕ ਦੇ ਰੂਪ ਨਿਬੰਧ ਦੀ ਪ੍ਰਕਿਤੀ

1.4.5 ਸਿੱਟਾ

1.4.6 ਪ੍ਰਸ਼ਨ ਉੱਤਰ

1.4.7 ਸਹਾਇਕ ਪੁਸਤਕ ਸੂਚੀ

### 1.4.1 ਉਦੇਸ਼

ਕਵਿਤਾ ਆਮ ਤੌਰ ਤੇ ਛੰਦ-ਬੱਧ ਸਾਹਿਤਕ ਰਚਨਾ ਹੁੰਦੀ ਹੈ ਜਿਸ ਵਿੱਚ ਬੁੱਧੀ ਦੀ ਥਾਂ ਭਾਵਾਂ ਦੀ ਪ੍ਰਧਾਨਤਾ ਹੈ।ਇਸ ਕਾਰਨ ਕਵਿਤਾ ਨੂੰ ਭਾਵਾਂ ਦੀ ਰਾਣੀ ਕਿਹਾ ਗਿਆ ਹੈ ਇਸ ਦੇ ਉਲਟ ਵਾਰਤਕ ਜਾਂ ਗੱਦ ਸਾਧਾਰਨ ਬੋਲ ਚਾਲ ਦੀ ਭਾਸ਼ਾ ਵਿੱਚ ਕੀਤੀ ਹੋਈ ਇਕ ਛੰਦ-ਰਹਿਤ ਰਚਨਾ ਹੁੰਦੀ ਹੈ ਜਿਸ ਵਿੱਚ ਭਾਵਾਂ ਦੀ ਥਾਂ ਬੁੱਧੀ ਅਤੇ ਦਲੀਲ ਦੀ ਪ੍ਰਧਾਨਤਾ ਹੁੰਦੀ ਹੈਜਿੱਥੇ ਕਾਵਿ ਦੀ ਰਚਨਾ ਕਰਨ ਵਾਲਾ ਲੇਖਕ ਲੈਅ ਤਾਲ ਅਤੇ ਰਿਦਮ ਆਦਿ ਦਾ ਵਿਸ਼ੇਸ਼ ਤੌਰ ਤੇ ਧਿਆਨ ਰੱਖਦਾ ਹੈ, ਉੱਥੇ ਵਾਰਤਕ ਜਾਂ ਗੱਦ ਲੇਖਕ ਨੂੰ ਇਸ ਤਰ੍ਹਾਂ ਦੀ ਪਾਬੰਦੀ ਸਵੀਕਾਰ ਕਰਨ ਦੀ ਜ਼ਰੂਰਤ ਨਹੀਂ ਲੈਅ, ਸੁਰ ਤਾਲ ਤੇ ਤੁਕਾਂਕ ਪੈਦਾ ਕਰਨ ਅਰਥਾਤ ਕਾਵਿਕ ਵਾਯੂਮੰਡਲਉਤਪੰਨ ਕਰਨ ਲਈ ਕਾਵਿ ਰਚਨਾ ਵਿਚ ਸ਼ਬਦ ਜੜਤ ਅਤੇ ਪਿੰਗਲ ਦਾ ਵਿਸ਼ੇਸ਼ ਧਿਆਨ ਰੱਖਣਾ ਪੈਂਦਾ ਹੈ ਇਸ ਪ੍ਰਕਾਰ ਕਾਵਿ ਵਿੱਚ ਬਿੰਬਾਂ, ਪ੍ਰਤੀਕਾਂ ਅਤੇ ਅਲੰਕਾਰਾਂ ਦੀ ਹੋਂਦ ਜ਼ਰੂਰੀ ਹੋ ਜਾਂਦੀ ਹੈ ਲੈਅ, ਤਾਲ. ਤੋਲ ਅਤੇ ਤੁਕਾਂਤ ਦੀ ਹੋਂਦ ਸਦਕਾ ਕਾਵਿਕਰਚਨਾਵਾਂ ਵਿੱਚ ਗਦ-ਰਚਨਾਵਾਂ ਦੇ ਟਾਕਰੇ ਤੇ ਵਧੇਰੇ ਰਸ ਪੈਦਾ ਹੋ ਜਾਂਦਾ ਹੈ

### 1.4.2 ਭੂਮਿਕਾ

ਸੰਸਕ੍ਰਿਤ ਦੇ ਵਿਦਵਾਨਾਂ ਨੇ ਸਾਹਿਤ ਨੂੰ ਮਨੁੱਖੀ ਹਿੱਤਾਂ ਦਾ ਸਮਰਥਕ ਮੰਨਿਆ ਤੇ ਉਸ ਵਿਚ 'ਸੱਤਿਅਮ, ਸ਼ਿਵਮ, ਸੁੰਦਰਮ' ਵਿਸ਼ੇਸ਼ਤਾਵਾਂ ਦੀ ਹੋਂਦ ਦੀ ਜ਼ਰੂਰਤ ਨੂੰ ਸਵੀਕਾਰ ਕੀਤਾ ਹੈ। ਸਾਹਿਤ ਵਿੱਚ ਇਨ੍ਹਾਂ ਵਿਸ਼ੇਸ਼ਤਾਵਾਂ ਦਾ ਪ੍ਰੋਗਟਾਵਾ ਅਜਿਹੇ ਸੁੰਦਰ ਢੰਗ ਨਾਲ ਕੀਤਾ ਜਾਂਦਾ ਹੈ ਕਿ ਉਹ ਸੁਹਜ ਦਿੰਦਾ ਹੈ ਤੇ ਮਨੁੱਖੀ ਮਨ ਨੂੰ ਸ਼ਕਤੀਸ਼ਾਲੀ ਪ੍ਰੇਰਨਾ ਬਖ਼ਸ਼ਦਾ ਹੈ

ਭਾਵੇਂ ਵਿਆਪਕ ਅਰਥਾਂ ਵਿਚ ਗਿਆਨ, ਵਿਗਿਆਨ, ਮਨੋਵਿਗਿਆਨ, ਅਰਥ ਸ਼ਾਸਤਰ, ਇਤਿਹਾਸ, ਰਾਜਨੀਤੀ, ਧਰਮ ਤੇ ਨੈਤਿਕ ਸ਼ਸਤਰ ਦੀਆਂ ਰਚਨਾਵਾਂ ਵੀ ਸਾਹਿਤਹੀ ਗਿਣੀਆਂ ਜਾਂਦੀਆਂ ਹਨ ਪਰ ਇਹ ਸਾਰੀਆਂ ਰਚਨਾਵਾਂ ਨਿਰੋਲ ਸਾਹਿਤ ਦੇ ਖੇਤਰ ਵਿਚ ਨਹੀਂ ਆਉਂਦੀਆਂ, ਕਿਉਂਕਿ ਜਿੱਥੇ ਵਿਗਿਆਨ ਸੱਚ ਸਥੂਲ ਹੁੰਦਾ ਹੈ,ਉੱਥੇ ਕਾਵਿਕ-ਸੱਚ ਤਰਲ ਤੇ ਸੂਖ਼ਮ ਹੁੰਦਾ ਹੈ ਕਾਵਿਕ-ਸੱਚ ਵਿੱਚ ਭਾਵਾਂ ਦੀ ਤਰਲਤਾ ਅਤੇ ਕਲਪਨਾ ਦੀ ਸੂਖ਼ਮਤਾ ਰਲੀ ਹੁੰਦੀ ਹੈ

ਸਾਹਿਤ ਨੂੰ ਮੁੱਖ ਤੌਰ ਤੇ ਦੋ ਵਰਗਾਂ ਵਿੱਚ ਵੰਡਿਆ ਜਾਂਦਾ ਹੈ

1. ਪਦ 2. ਗੱਦ

ਵਾਰਤਕ ਨੂੰ ਭਾਸ਼ਾ ਦੇ ਵਿਆਕਰਣ ਦੇ ਨਿਯਮਾਂ ਦੀ ਪਾਲਣਾ ਕਰਨ ਦੀ ਵੀ ਮਜਬੂਰੀ ਹੁੰਦੀ ਹੈ ਪਰ ਕਪਤਾਨ ਇਨ੍ਹਾਂ ਵਿਆਕਰਣ ਨਿਯਮਾਂ ਦੀ ਕੈਦ ਤੋਂ ਮੁਕਤ ਹੈ। ਕਵਿਤਾ ਵਿੱਚ ਤੁਕਾਂਤ ਪੈਦਾ ਕਾਰਨ ਦੀ ਮਜਬੂਰੀ ਕਾਰਨ ਕਈ ਵਾਰੀ ਸ਼ਬਦਾਂ ਨੂੰ ਭੰਨ ਤੋੜ ਕੇ ਅਜਿਹੇ ਰੂਪ ਵਿੱਚ ਵਰਤ ਲਿਆ ਜਾਂਦਾ ਹੈ ਜਿਹੜੇ ਰੂਪ ਵਿਆਕਰਣਕ ਤੌਰ ਤੇ ਅਸ਼ੁੱਧ ਹੁੰਦਾ ਹੈ ਪਰ ਵਾਰਤਕ ਵਿਚ ਇਸ ਪ੍ਰਕਾਰ ਦੀ ਕੋਈ ਭੰਨਤੋੜ ਨਹੀਂ ਕੀਤੀ ਜਾ ਸਕਦੀ

ਭਾਵਾਂ ਤੇ ਕਲਪਨਾ ਦੀ ਬਹੁਲਤਾ ਕਾਰਨ ਕਵਿਤਾ ਨੂੰ ਦਿਲ ਦੀ ਹੂਕ ਅਤੇ ਉਸ ਦੇ ਟਾਕਰੇ ਉੱਤੇ ਵਿਚਾਰਾਂ ਤੇ ਬੁੱਧੀ ਦੀ ਬਹੁਲਤਾ ਕਰਕੇ ਵਾਰਤਕ ਨੂੰ ਦਿਮਾਗ ਦੀ ਬੋਲੀ ਆਖਿਆ ਜਾਂਦਾ ਹੈ ਪਰ ਕਿਉਂਕਿ ਭਾਵਾਂ ਦਾ ਸਹੀ ਤੌਰ ਤੇ ਨਿਰੂਪਣ ਕਰਨ ਲਈ ਸੌ ਫ਼ੀਸਦੀ ਢੁੱਕਵੇਂ ਸ਼ਬਦ ਮਿਲਣੇ ਔਖੇ ਹੋ ਜਾਂਦੇ ਹਨ,ਇਸ ਲਈ ਕਵਿਤਾ ਵਿਚ ਇਨ੍ਹਾਂ ਦੇ ਭਾਵਾਂ ਨੂੰ ਸੰਕੇਤਾਂ,ਬਿੰਬਾਂ ਅਤੇ ਕਲਪਨਾ ਚਿੱਤਰਾਂ ਦੀ ਸਹਾਇਤਾ ਨਾਲ ਪ੍ਰਗਟ ਕਰਨ ਦਾ ਯਤਨ ਕੀਤਾ ਜਾਂਦਾ ਹੈ।ਇਸ ਟਾਕਰੇ ਉੱਤੇ ਵਾਰਤਕ ਵਿੱਚ ਵਿਚਾਰਾਂ ਨੂੰ ਨਿਆਇ ਯੁਕਤ ਅਤੇ ਦਲੀਲ ਸਹਿਤ ਪੇਸ਼ ਕੀਤਾ ਜਾਂਦਾ ਹੈਵਿਚਾਰਾਂ ਤੇ ਦਲੀਲ ਦੀ ਪੁਸ਼ਟੀ ਲਈ ਉਦਾਹਰਣ ਅਤੇ ਦ੍ਰਿਸ਼ਟਾਂਤ ਦੇਣੇ ਪੈਂਦੇ ਹਨ ਇਸ ਕਰਕੇ ਵਾਰਤਕ ਵਿੱਚ ਵਿਸਥਾਰ ਤੇ ਫੈਲਾਅ ਆ ਜਾਂਦਾ ਹੈ

ਪਿੱਛੋਂ ਕੀਤੀ ਵਿਚਾਰ ਤੋਂ ਕਦਾਚਿਤ ਇਹ ਨਹੀਂ ਸਮਝ ਲੈਣਾ ਚਾਹੀਦਾ ਹੈ ਕਿ ਨਿਰੋਲ ਬੋਲ ਚਾਲ ਵਿੱਚ ਵਰਤੇ ਜਾਂਦੇ ਵਾਕ ਵਾਰਤਕ ਨੂੰ ਜਨਮ ਦੇ ਸਕਦੇ ਹਨ ਸਾਹਿਤ ਦਾ ਇੱਕ ਰੂਪ ਹੋਣ ਦੇ ਨਾਂ ਤੇ ਵਾਰਤਕ ਵਿੱਚ ਅਜਿਹੇ ਸਾਰੇ ਗੁਣ ਹੋਣੇ ਚਾਹੀਦੇ ਹਨ ਜਿਹੜੇ ਕਿਸੇ ਕਿਰਤ ਨੂੰ ਸਿਹਤ ਬਣਾਉਂਦੇ ਹਨ

ਗੱਦ ਦਾ ਇੱਕ ਨਿਸ਼ਚਿਤ ਵਿਧਾਨ ਹੁੰਦਾ ਹੈ ਜਿਸ ਦਾ ਵਿਗਿਆਨਕ ਆਧਾਰ ਹੁੰਦਾ ਹੈ। ਗਿਆਨ, ਵਿਗਿਆਨ ਤੇ ਸਮਾਜਿਕ ਸ਼ਸਤਰ ਦੀਆਂ ਪੁਸਤਕਾਂ ਨੂੰ ਨਿਰੋਲ ਸਾਹਿਤ ਦਾ ਅੰਗ ਨਹੀਂ ਮੰਨਿਆ ਜਾਂਦਾਇੱਥੇ ਇਹ ਗੱਲ ਵੀ ਲਿਖਣੀ ਜ਼ਰੂਰੀ ਜਾਪਦੀ ਹੈ ਕਿ ਭਾਵੇਂ ਗਿਆਨ ਤੇ ਸਮਾਜਿਕ ਸ਼ਸਤਰ ਨਾਲ ਸਬੰਧਤ ਰਚਨਾਵਾਂ ਆਮ ਤੌਰ ਤੇ ਵਾਰਤਕ ਵਿੱਚ ਲਿਖੀਆਂ ਜਾਂਦੀਆਂ ਹਨ, ਪਰ ਇਨ੍ਹਾਂ ਨੂੰ ਸਾਹਿਤਕ ਸ਼ਬਦਾਵਲੀ ਵਿਚ ਵਾਰਤਕ ਕਹਿਣਾ ਉਚਿਤ ਨਹੀਂਇਸ ਕਿਸਮ ਦੀਆਂ ਰਚਨਾਵਾਂ ਨਿਰਸੰਦੇਹ ਮਨੁੱਖ ਦੀ ਬੌਧਿਕ ਸੰਤੁਸ਼ਟੀ ਕਰਦੀਆਂ ਹਨ, ਪਰ ਉਹ ਆਮ ਤੌਰ ਤੇ ਸੁਹਜ-ਸਵਾਦ ਪ੍ਰਦਾਨ ਨਹੀਂ ਕਰਦੀਆਂ ਹਨ। ਉਹ ਨਾ ਤਾਂ ਪਾਠਕ ਦੇ ਭਾਵਾਂ ਨੂੰ ਟੁੰਬਦੀਆਂ ਹਨ ਤੇ ਨਾ ਹੀ ਉਸ ਦੀ ਕਲਪਨਾ ਨੂੰ ਪ੍ਰਚੰਡ ਕਰਦੀਆਂ ਹਨਇਸੇ ਕਰਕੇ ਉਹ ਸਾਹਿਤਕ ਮਾਪ ਦੰਡਾਂ ਅਨੁਸਾਰ ਸਾਹਿਤ ਦੇ ਖੇਤਰ ਵਿੱਚ ਨਹੀਂ ਆਉਂਦੀਆਂ, ਪਰ ਜਦੋਂ ਅਸੀਂ ਕਿਸੇ ਵਾਰਤਕ ਰਚਨਾ ਦਾ ਪਾਠ ਕਰਦੇ ਹਾਂ ਤਾਂ ਸਾਨੂੰ ਕੇਵਲ ਕਿਸੇ ਵਿਸ਼ੇ ਸਬੰਧੀ ਜਾਣਕਾਰੀ ਹੀ ਪ੍ਰਾਪਤ ਨਹੀਂ ਹੁੰਦੀ ਸਗੋਂ ਨਾਲ ਹੀ ਨਾਲ ਸਾਡੀ ਸੁਹਜ ਭੁੱਖ ਦੀ ਤ੍ਰਿਪਤੀ ਵੀ ਹੁੰਦੀ ਹੈਇਸ ਦੇ ਨਾਲ ਹੀਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਜਿਨ੍ਹਾਂ ਕਿਰਤਾਂ ਦਾ ਵਿਸ਼ਾ ਭਾਵੇਂ ਵਿਗਿਆਨਕ, ਦਾਰਸ਼ਨਿਕ, ਰਾਜਨੀਤਕ, ਮਨੋਵਿਗਿਆਨਕ ਅਤੇ ਧਾਰਮਿਕ ਆਦਿ ਹੋਵੇਜੇਕਰ ਉਨ੍ਹਾਂ ਵਿੱਚ ਵਿਸ਼ੇ ਦਾ ਨਿਰੂਪਣ ਸਾਹਿਤਕ ਢੰਗ ਨਾਲ ਕੀਤਾ ਗਿਆ ਹੋਵੇ ਤਾਂ ਅਜਿਹੀਆਂ ਕਿਰਤਾਂ ਸਾਹਿਤ ਦਾ ਅੰਗ ਹੁੰਦੀਆਂ ਹਨ, ਤੇ ਜੇਕਰ ਉਹ ਵਾਰਤਕ ਵਿਚ ਕੀਤੀਆਂ ਗਈਆਂ ਹੋਣ ਤਾਂ ਉਨ੍ਹਾਂ ਦੀ ਵਾਰਤਕ ਸਾਹਿਤਕ ਹੁੰਦੀ ਹੈ ਇਸ ਲਈ ਵਾਰਤਕ ਦਾ ਵਿਸ਼ਾ ਕੋਈ ਵੀ ਹੋ ਸਕਦਾ ਹੈ ਵਿਸ਼ੇ ਦੇ ਪੱਖੋਂ ਇਸ ਉੱਤੇ ਕੋਈ ਪਾਬੰਦੀ ਨਹੀਂ ਹੈ, ਇਸ ਵਿੱਚ ਵਿਸ਼ੇ ਦਾ ਪ੍ਰਗਟਾਅ ਕਲਾਤਮਿਕ ਤਾਂ ਜ਼ਰੂਰੀ ਹੈ

ਇਸ ਵਿਚਾਰ ਤੋਂ ਬਾਅਦ ਅਸੀਂ ਵਾਰਤਕ ਦੀ ਪਰਿਭਾਸ਼ਾ ਇਸ ਤਰ੍ਹਾਂ ਦੇ ਸਕਦੇ ਹਾਂ :-

ਵਾਰਤਕ ਸਾਹਿਤ ਦਾ ਉਹ ਰੂਪ ਹੈ ਜਿਸ ਵਿਚ ਕਿਸੇ ਵਿਸ਼ੇ ਦਾ ਪ੍ਰਗਟਾ ਸਾਧਾਰਨ ਬੋਲ ਚਾਲ ਦੇ ਨੇੜੇ ਦੀ ਭਾਸ਼ਾ ਵਿੱਚ ਅਜਿਹੀ ਬੌਧਿਕ ਅਤੇ ਨਿਆਇ-ਯੁਕਤ ਢੰਗ ਨਾਲ ਕੀਤਾ ਜਾਂਦਾ ਹੈ ਕਿ ਉਹ ਭਾਵਾਂ ਦੀ ਥਾਂ ਬੁੱਧੀ ਅਤੇ ਕਲਪਨਾ ਦੀ ਥਾਂ ਤਰਕ ਨੂੰ ਪ੍ਰਧਾਨਤਾ ਦੇਵੇ, ਵਿਆਕਰਨ ਨਿਯਮਾਂ ਦੀ ਪਾਲਣਾ ਕਰੇ ਪਰ ਇੰਜ ਕਰਨ ਦੇ ਬਾਵਜੂਦ ਪਾਠਕ ਨੂੰ ਸੁਹਜ-ਸੁਆਦ ਦੇਵੇ ਅਤੇ ਸਾਹਿਤਹਤ ਦੇ ਆਮ ਗੁਣਾਂ ਦਾ ਧਾਰਨੀ ਹੋਵੇ ਸੰਖੇਪ ਵਿਚ ਗਦ ਦਾ ਸਬੰਧ ਬੁੱਧੀ ਨਾਲ ਹੈ

ਇਸ ਪਰਿਭਾਸ਼ਾ ਦੀ ਕਸਵੱਟੀ ਤੇ ਪਰਖਿਆ ਲੈਅ, ਤਾਲ, ਤੁਕਾਂਤ ਅਤੇ ਛੰਦ ਰਹਿਤ ਰਚਨਾਵਾਂ ਜਿਹੜੀਆਂ ਕਿਸੇ ਵਿਸ਼ੇ ਦਾ ਬੌਧਿਕ ਵਿਸ਼ਲੇਸ਼ਣ ਕਰਦੀਆਂ ਹੋਈਆਂ ਸੁਹਜ ਸੁਆਦ ਵੀ ਦਿੰਦੀਆਂ ਹਨ,ਵਾਰਤਕ ਖੇਤਰ ਵਿੱਚ ਗਿਣੀਆਂ ਜਾਂਦੀਆਂ ਹਨ ਜਿਵੇਂ ਪ੍ਰਸਿੱਧ ਅੰਗਰੇਜ਼ੀ ਨਾਵਲਕਾਰ ਐੱਚ.ਜੀ. ਵੈਲਜ਼ ਦੀਆਂ ਰਚਨਾਵਾਂ

**1.4.3 ਵਾਰਤਕ ਦੇ ਤੱਤ**

ਜਿੱਥੇ ਕਵਿਤਾ ਦੇ ਚਾਰ ਮੁੱਖ ਤੱਤ, ਭਾਵ ਤੱਤ, ਕਲਪਨਾ ਤੱਤ, ਬੁੱਧੀ ਤੱਤ ਤੇ ਸ਼ੈਲੀ ਤੱਤ ਮੰਨੇ ਜਾਂਦੇ ਹਨ ਉੱਥੇ ਗੱਦ ਵਿੱਚ ਹੇਠ ਲਿਖੇ ਤੱਤਾਂ ਦੀ ਹੋਂਦ ਜ਼ਰੂਰੀ ਖ਼ਿਆਲ ਕੀਤੀ ਜਾਂਦੀ **ਹੈ :**

1. **ਬੁੱਧੀਤੱਤ**: ਗੱਦ ਦੀ ਪਰਿਭਾਸ਼ਾ ਵਿਚ ਇਸ ਤੱਤ ਦਾ ਅਲੇਖ ਆ ਚੁੱਕਾ ਹੈ ਜਿੱਥੇ ਕਵਿਤਾ ਵਿੱਚ ਭਾਵਾਂ ਤੇ ਕਲਪਨਾ ਨੂੰ ਪ੍ਰਧਾਨ ਸਥਾਨ ਪ੍ਰਾਪਤ ਹੈ, ਉੱਥੇ ਵਾਰਤਕ ਵਿਚ ਬੁੱਧੀ ਨੂੰ ਪ੍ਰਮੁੱਖ ਮੰਨਿਆ ਜਾਂਦਾ ਹੈ ਵਾਰਤਕ ਵਿੱਚ ਵਿਸ਼ੇ ਨੂੰ ਬੌਧਿਕ ਪੱਧਰ ਤੇ ਬਿਆਨ ਕੀਤਾ ਜਾਂਦਾ ਹੈ ਤੇ ਉਸ ਦੀ ਸਪੱਸ਼ਟਤਾ ਲਈ ਦਲੀਲ ਅਤੇ ਤਰਕਾਂ ਦਾ ਸਹਾਰਾ ਲਿਆ ਜਾਂਦਾ ਹੈਅਰਸਤੇ ਨੇ ਜਿੱਥੇ ਆਪਣੀ ਮਹਾਨ ਰਚਨਾ 'ਕਾਵਿ ਸ਼ਾਸਤਰ' (Poetics) ਵਿਚ ਜਿੱਥੇ ਮਹਾਂ-ਕਾਵਿ ਤੇ ਦੁਖਾਂਤ ਨਾਟਕ ਬਾਰੇ ਭਰਪੂਰ ਚਰਚਾ ਕੀਤੀ ਹੈ, ਉੱਥੇ ਵਿਖਿਆਨ ਸ਼ਾਸਤਰ (Rhetoric) ਸਬੰਧੀ ਵੀ ਕਾਫ਼ੀ ਕੁਝ ਲਿਖਿਆ ਹੈ ਅਸੀਂ ਆਪ ਵੇਖਦੇ ਹਾਂਕਿ ਵਿਖਿਆਨ ਕਰਤਾ ਵਿਖਿਆਨ ਨੂੰ ਵਧੇਰੇ ਮਨੋਰੰਜਕ, ਪ੍ਰਭਾਵਸ਼ਾਲੀ ਅਤੇ ਸ਼ਕਤੀਸ਼ਾਲੀ ਬਣਾਉਣ ਦਾ ਪੂਰਾ ਯਤਨ ਕਰਦੇ ਹਨ ਇੱਕ ਚੰਗੇ ਵਖਿਆਨ ਵਿਚ ਚੰਗੀ ਵਾਰਤਕ ਦੇ ਤੱਥ ਬਹੁਤ ਸੋਹਣੀ ਤਰ੍ਹਾਂਮੌਕੇ ਸੰਮਿਲਿਤ ਹੁੰਦੇ ਹਨ

ਵਾਰਤਕ ਕਿਉਂਕਿ ਦਿਮਾਗ ਦੀ ਬੋਲੀ ਹੈ ਇਸ ਲਈ ਉਸ ਵਿੱਚ ਬੁੱਧੀ ਦੀ ਪ੍ਰਧਾਨਤਾ ਦਾ ਹੋਣਾ ਕੁਦਰਤੀ ਗੱਲ ਹੈਇਹ ਮੂਲ ਅੰਸ਼ ਉਸ ਨੂੰ ਸ਼ਹਿ ਦੇ ਦੂਜੇ ਪ੍ਰਮੁੱਖ ਰੂਪ-ਕਵਿਤਾ ਨਾਲੋਂ ਜ਼ਿਆਦਾ ਨਿਖੇੜਦਾ ਹੈ ਹਰ ਵਿਚਾਰ ਨੂੰ ਯੁਗਤੀ ਮੁਲਕ ਤਾਂ ਹੀ ਪ੍ਰਗਟ ਕੀਤਾ ਜਾ ਸਕਦਾ ਹੈ ਜੇਕਰ ਲੇਖਕ ਉਸ ਨੂੰ ਆਪਣੀ ਦਿਮਾਗੀ ਟਕਸਾਲ ਵਿੱਚ ਪੂਰੀ ਤਰ੍ਹਾਂ ਭੰਨ ਘੜ ਲਵੇ। ਬੁੱਧੀ ਦਾ ਖੇਤਰ ਗਿਆਨ ਦਾ ਖੇਤਰ ਹੈ ਇਸ ਲਈ ਕਈ ਵਿਦਵਾਨ ਬੁੱਧੀ-ਤੱਤ ਦੀ ਥਾਂ ਗਿਆਨ-ਤੱਤ ਨੂੰ ਵਾਰਤਕ ਦਾ ਜ਼ਰੂਰੀ ਤੱਤ ਸਮਝਦੇ ਹਨਇਨ੍ਹਾਂ ਵਿੱਚ ਕੋਈ ਭਿੰਨ ਭੇਦ ਨਹੀਂ ਗਿਆਨ ਬੁੱਧੀ ਦੇ ਸਹਾਰੇ ਹੀ ਪ੍ਰਗਟ ਹੁੰਦਾ ਹੈ ਬੁੱਧੀ ਹੀ ਨਿਆਇਅਤੇ ਤਰਕ ਨੂੰ ਜਨਮ ਦਿੰਦੀ ਹੈ ਨਿਆਇ ਅਤੇ ਤਰਕ ਦੇ ਸਹਾਰੇ ਹੀ ਇਸ ਦੇ ਪੱਖ ਅਤੇ ਉਸ ਦੇ ਵਿਰੋਧ ਵਿੱਚ ਦਲੀਲਾਂ ਦਿੱਤੀਆਂ ਜਾ ਸਕਦੀਆਂ ਹਨ ਤਾਂ ਜੋ ਵਿਸ਼ੇ ਨੂੰ ਹਰ ਪ੍ਰਕਾਰ ਸਪਸ਼ਟ ਰੂਪ ਪੇਸ਼ ਕੀਤਾ ਜਾ ਸਕੇਸੰਭਵ ਜਾਂ ਅਸੰਭਵ ਦੀ ਪਛਾਣ ਬੁੱਧੀ ਤੱਤ ਰਾਹੀਂ ਕੀਤੀ ਜਾ ਸਕਦੀ ਹੈ ਪੁਰਾਤਨ ਕਾਲ ਵਿਚ ਮਨੁੱਖ ਦੀ ਬੁੱਧੀ ਘੱਟ ਵਿਕਸਤ ਸੀ ਜਿਸ ਕਰਕੇ ਪੁਰਾਤਨ ਕਾਲ ਦੀਆਂ ਰਚਨਾਵਾਂ ਵਿੱਚਅਸੰਭਵ, ਘਟਨਾਵਾਂ, ਕਰਾਮਾਤਾਂ ਅਤੇ ਨਾ ਮੰਨਣਯੋਗ ਗੱਲਾਂ ਦਾ ਜ਼ਿਕਰ ਵੀ ਹੁੰਦਾ ਸੀ। ਇਨ੍ਹਾਂ ਦੇ ਫਲਸਰੂਪ ਲਿਖਤਾਂ ਵਿਚ ਕਾਵਿਕ ਅੰਸ਼ ਦੀ ਬਹੁਲਤਾ ਹੁੰਦੀ ਸੀ। ਇਹੋ ਕਾਰਨ ਹੈ ਕਿ ਉਦੋਂ ਅਜੇ ਕਵਿਤਾ ਹੀ ਹੋਂਦ ਵਿੱਚ ਆਈ ਸੀ ਜਦੋਂ ਵਾਰਤਕ ਲਿਖਣੀ ਆਰੰਭ ਹੋਈ ਤਾਂ ਉਸ ਵਿੱਚ ਬੁੱਧੀ ਦੇ ਨਾਲ ਨਾਲ ਭਾਵਾਂ ਦੀ ਚਾਸ਼ਨੀ ਵੀ ਅਧਿਕ ਹੁੰਦੀ ਸੀ ਇਸ ਦੇ ਪ੍ਰਣਾਮ ਸਰੂਪ ਪੁਰਾਤਨ ਵਾਰਤਕ ਕਾਵਿ-ਮਈ ਹੁੰਦੀ ਸੀ ਆਧੁਨਿਕ ਕਾਲ ਵਿੱਚ ਵਾਰਤਕ ਵਿਚ ਬੁੱਧੀ ਤੱਤ ਨੂੰ ਸਭ ਤੋਂ ਉੱਚਾ ਸਥਾਨ ਦਿੱਤਾ ਜਾਂਦਾ ਹੈ ਤੇ ਇਹੀ ਤੱਤ ਇਸ ਸਾਹਿਤ ਰੂਪ ਤੋਂ ਕਵਿਤਾ ਨੂੰ ਵਖਰਾਉਂਦਾ ਹੈ ਕਿਸੇ ਵਰਣਨ ਯੋਗ ਵਸਤੂ ਨੂੰ ਕ੍ਰਮ ਅਤੇ ਸੰਗਤੀ ਪ੍ਰਦਾਨ ਕਰਨਾ ਬੁੱਧੀ ਦਾ ਹੀ ਕੰਮ ਹੈ ਇਸ ਤਰ੍ਹਾਂ ਭਾਵਾਂ ਨੂੰ ਸਪਸ਼ਟ ਕਰਨ ਦਾ ਕੰਮ ਵੀ ਬੁੱਧੀ ਤੱਤ ਹੀ ਕਰਦਾ ਹੈ

ਕਿਰਤ ਵਿਚ ਕੋਈ ਵਿਚਾਰ ਜਾਂ ਅਭਾਵ ਅਸਪੱਸ਼ਟ ਜਾਂ ਧੁੰਦਲੇ ਵੀ ਰਹਿ ਜਾਇਆ ਕਰਦੇ ਹਨ ਕਿਉਂ ਜੋ ਉਥੇ ਭਾਵ ਕਲਪਨਾ ਬੁੱਧੀ ਉੱਤੇ ਭਾਰੂ ਹੁੰਦੇ ਹਨਪਰ ਵਾਰਤਕ ਵਿਚ ਅਸਪਸ਼ਟਤਾ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ ਹਰ ਵਿਚਾਰ ਨੂੰ ਪੂਰੀ ਤਰ੍ਹਾਂ ਖੋਲ੍ਹ ਕੇ ਬਿਆਨ ਕਰਨਾ ਪੈਂਦਾ ਹੈ ਜੇਕਰ ਭਾਵ ਤੇ ਕਲਪਨਾ ਦੇ ਕੁਝ ਅੰਸ਼ ਵਾਰਤਕ ਵਿਚ ਆ ਜਾਣ ਤਾਂ ਵੀ ਉਹ ਬੁੱਧੀ ਦੇ ਅਧੀਨ ਹੁੰਦੇ ਹਨ ਇਸ ਲਈ ਵਾਰਤਕ ਬੁੱਧੀ ਤੱਤ ਦੇ ਸਹਾਰੇ ਪਾਠਕ ਨੂੰ ਸੌਖਿਆਂ ਹੀ ਸਮਝ ਆ ਜਾਂਦੀ ਹੈ

2. **ਭਾਵ ਤੱਤ :** ਭਾਵੇਂ ਵਾਰਤਕ ਵਿਚ ਬੁੱਧੀ ਤੱਤ ਦਾ ਪ੍ਰਮੁੱਖ ਸਥਾਨ ਹੈ, ਪਰ ਕਿਉਂ ਜੋ ਵਾਰਤਕ ਸਾਹਿਤ ਦਾ ਇਕ ਰੂਪ ਹੈ, ਇਸ ਨੇ ਪਾਠਕ ਨੂੰ ਹਲੂਣਨਾ ਹੈ, ਇਸ ਵਿੱਚ ਭਾਵ-ਤੱਤਦੀ ਹੋਂਦ ਵੀ ਜ਼ਰੂਰੀ ਹੈ ਇਸ ਤੱਤ ਦੀ ਮਾਤਰਾ ਇੰਨੀ ਕੁ ਹੋਣੀ ਚਾਹੀਦੀ ਹੈ ਕਿ ਵਾਰਤਕ ਲਿਖਾਰੀ ਦੀ ਰਚਨਾ ਪਾਠਕ ਨੂੰ ਟੁੰਬ ਸਕੇ ਅਤੇ ਉਹ ਆਪਣੇ ਮਾਨਸਿਕ ਵਿਚਾਰਾਂ ਨੂੰ ਪਾਠਕ ਨਾਲਇਸ ਤਰ੍ਹਾਂ ਸਾਂਝਾ ਕਰੇ ਕਿ ਪਾਠਕ ਸੁਤੇ ਸਿੱਧ ਹੀ ਉਨ੍ਹਾਂ ਦਾ ਪ੍ਰਗਟਾਵਾ ਕਬੂਲ ਕਰ ਸਕੇ ਭਾਵਾਂ ਦੀ ਅਣਹੋਂਦ ਵਾਰਤਕ ਨੂੰ ਰੁੱਚੀ, ਖੁਸ਼ਕ, ਨੀਰਸ, ਨਾ ਪੜ੍ਹਨਯੋਗ ਤੇਅਕਾਊ ਬਣਾ ਸਕਦੀ ਹੈ ਵਿਗਿਆਨ, ਅਰਥ ਸ਼ਾਸਤਰ, ਦਰਸ਼ਨ, ਮਨੋਵਿਗਿਆਨ ਆਦਿ ਵਿਸ਼ਿਆਂ ਦੀਆਂ ਰਚਨਾਵਾਂ ਵਿੱਚ ਬੁੱਧੀ ਤੱਤ ਤਾਂ ਹੁੰਦਾ ਹੈ ਪਰ ਭਾਵ ਤੱਤ ਨਹੀਂ ਹੁੰਦਾ ਇਸ ਕਰਕੇ ਇਨ੍ਹਾਂ ਖੇਤਰਾਂ ਦੀਆਂ ਰਚਨਾਵਾਂ ਨੂੰ ਸਾਹਿਤ ਵਿੱਚ ਨਹੀਂ ਗਿਣਦੇ ਕਿਸੇ ਵਾਰਤਕ ਰਚਨਾ ਨੂੰ ਸਾਹਿਤ ਵਿੱਚ ਤਾਂ ਹੀ ਸਥਾਨ ਮਿਲ ਸਕਦਾ ਹੈਜੇਕਰ ਉਸ ਵਿਚ ਭਾਵ ਤੱਤ-ਯੋਗ ਮਾਤਰਾ ਵਿੱਚ ਮੌਜੂਦ ਹੋਵੇ ਉਹ ਹੋਵੇ ਤਾਂ ਬੁੱਧੀ ਤੱਤ ਦੇ ਅਧੀਨ ਪਰ

ਹੋਵੇ ਜ਼ਰੂਰ ਉਸ ਦੀ ਹੋਂਦ ਰਚਨਾ ਨੂੰ ਨਿਰੋਲ ਬੋਧਕ ਨਹੀਂ ਰਹਿਣ ਦਿੰਦੀ, ਕਲਾਤਮਕ ਬਣਾ ਦਿੰਦੀ ਹੈ ਤੇ ਅਸੀਂ ਜਾਣਦੇ ਹਾਂ ਕਿ ਕਲਾਤਮਕਤਾ ਹੀ ਕਿਸੇ ਰਚਨਾ ਨੂੰ ਸਾਹਿਤ ਵਿੱਚ ਸਨਮਾਨ ਯੋਗ ਥਾਂ ਦਿਵਾਉਣ ਦਾ ਕਾਰਨ ਬਣਦੀ ਹੈ

3. **ਭਾਸ਼ਾਈ ਤੱਤ**:ਵਿਚਾਰਾਂ ਤੇ ਭਾਵਾਂ ਨੂੰ ਸਪੱਸ਼ਟ ਰੂਪ ਪ੍ਰਗਟ ਕਰਨ ਲਈ ਵਾਰਤਕ ਲਿਖਾਰੀ ਨੂੰ ਭਾਸ਼ਾ ਦਾ ਸਹਾਰਾ ਲੈਣਾ ਪੈਂਦਾ ਹੈ ਜਿੱਥੇ ਕਵਿਤਾ ਵਿੱਚ ਲੈਅ, ਤਾਲ ਤੇ ਤੁਕਾਂਤ ਦੀ ਬੰਦਿਸ਼ ਕਰਕੇ ਭਾਸ਼ਾ ਵਿਚ ਵਿਆਕਰਣਕ ਨਿਯਮਾਂ ਦੀ ਉਲੰਘਣਾ ਵੀ ਮੁਆਫ਼ ਕੀਤੀ ਹੈ ਜਾ ਸਕਦੀ ਹੈ ਉੱਥੇ ਵਾਰਤਕ ਵਿੱਚ ਛੋਟ ਨਹੀਂ ਦਿੱਤੀ ਜਾ ਸਕਦੀ ਭਾਸ਼ਾ ਦੀ ਵਰਤੋਂ ਹੀ ਕਿਸੇ ਲਿਖਾਰੀ ਨੂੰ ਸਾਹਿਤ ਖੇਤਰ ਵਿੱਚ ਉੱਚਾ ਸਥਾਨ ਦਿਵਾ ਸਕਦੀ ਹੈ ਭਾਸ਼ਾਈ ਤੱਤਾਂ ਨੂੰ ਹੇਠ ਲਿਖੇ ਉਪਲੇਖਾਂ ਅਧੀਨ ਵਿਚਾਰਿਆ ਜਾ ਸਕਦਾਹੈ

**(ੳ) ਸ਼ਬਦ** :ਸ਼ਬਦ ਵਾਰਤਕ ਦੀ ਛੋਟੀ ਤੋਂ ਛੋਟੀ ਇਕਾਈ ਹੈ ਲੇਖਕ ਨੂੰ ਭਾਸ਼ਾ ਦੇ ਸ਼ਬਦਾਂ ਤੇ ਉਨ੍ਹਾਂ ਦੇ ਅਰਥਾਂ ਦਾ ਪੂਰਾ ਪੂਰਾ ਗਿਆਨ ਹੋਣਾ ਚਾਹੀਦਾ ਹੈ ਇਸ ਗਿਆਨ ਦੇ ਆਸਰੇ ਉਹ ਸ਼ਬਦਾਂ ਦੀ ਢੁੱਕਵੀਂ ਵਰਤੋਂ ਕਰਸਕਦਾ ਹੈ ਸ਼ਬਦ ਉਹ ਕੱਚਾ ਮਸਾਲਾ ਹਨ ਜਿਨ੍ਹਾਂ ਨਾਲ ਵਾਰਤਕ ਦੀ ਇਮਾਰਤ ਦੀ ਉਸਾਰੀ ਕੀਤੀ ਜਾ ਸਕਦੀ ਹੈ ਇਨ੍ਹਾਂ ਰਾਹੀਂ ਹੀ ਲੇਖਕ ਨੇ ਵਿਚਾਰ ਕਲਾਮਈ ਰੂਪ ਧਾਰਨ ਕਰਦੇ ਹਨ।ਬਹੁਤੇ ਪੰਡਤਾਊ, ਬੋਝਲ ਤੇ ਔਖੇ ਸ਼ਬਦਾਂ ਦੀ ਵਰਤੋਂ ਵਾਰਤਕ ਨੂੰ ਅਸਪਸ਼ਟ ਅਤੇ ਗੁੰਝਲਦਾਰ ਬਣਾ ਦਿੰਦੀ ਹੈ

**(ਅ) ਵਾਕ ਅਤੇ ਪੈਰ੍ਹੇ**:ਸ਼ਬਦਾਂ ਦੇ ਵਿਆਕਰਣਕ ਮੇਲ ਤੋਂ ਵਾਕ ਅਤੇ ਵਾਕਾਂ ਦੀ ਲੜੀ ਤੋਂ ਪੈਰ੍ਹੇ ਬਣਦੇ ਹਨ। ਵਾਰਤਕ ਨੂੰ ਕਲਾਮਈ ਤੇ ਸਾਹਿਤਕ ਬਣਾਉਣ ਲਈ ਇਹ ਵੀ ਜ਼ਰੂਰੀ ਹੈ ਕਿ ਵਾਕ ਵਿਆਕਰਣਕ ਤੌਰ ਤੇ ਸ਼ੁੱਧ ਹੋਣ ਤੇ ਉਹ ਇੱਕ ਲੜੀ ਵਿੱਚ ਪਰੋਏ ਹੋਣ ਵਾਰਤਕ ਰਚਨਾ ਪੈਰ੍ਹਿਆਂ ਵਿਚ ਵੰਡੀ ਹੋਵੇ ਤੇ ਹਰ ਪੈਰ੍ਹੇ ਵਿਚ ਇਕ ਮੁੱਖ ਵਿਚਾਰ ਨੂੰ ਖੋਲ੍ਹਿਆ ਗਿਆ ਹੋਵੇਇੱਕ ਪੈਰ੍ਹੇ ਦਾ ਦੂਜੇ ਨਾਲ ਵਿਸ਼ਾਗਤ ਸੰਬੰਧ ਹੋਵੇ ਤਾਂ ਜੋ ਵਾਰਤਕ ਰਚਨਾ ਉਸ ਵਿਸ਼ੇ ਦਾ ਯੁਕਤੀ ਸੰਗਤ ਪ੍ਰਗਟਾ ਕਰ ਸਕੇ

4. **ਸ਼ੈਲੀ ਤੱਤ**:ਵਿਚਾਰਾਂ ਅਤੇ ਭਾਵਾਂ ਨੂੰ ਲੇਖਕ ਸ਼ਬਦਾਂ ਦੇ ਮਾਧਿਅਮ ਰਾਹੀਂ ਪੇਸ਼ ਕਰਦੇ ਹਨ ਪਰ ਜਦੋਂ ਤਕ ਇਹ ਪੇਸ਼ਕਾਰੀ ਕਲਾਮਈ ਨਾ ਹੋਵੇ, ਵਾਰਤਕ ਸਾਹਿਤਕ ਨਹੀਂ ਬਣ ਸਕਦੀ ਇਹ ਕਲਾਮਈ ਪ੍ਰਗਟਾਰਚਨਾ ਦਾ ਕੋਈ ਰੂਪ ਵਿਧਾਨ ਹੋਣਾ ਚਾਹੀਦਾ ਹੈ ਵਿਚਾਰਾਂ ਤੇ ਭਾਵਾਂ ਨੂੰ ਕਿਸੇ ਵਿਉਂਤਬੱਧ ਤਰੀਕੇ ਨਾਲ ਕਿਸੇ ਤਰਤੀਬ ਵਿੱਚ ਰੱਖ ਕੇ ਪ੍ਰਗਟ ਕਰਨ ਨਾਲ ਹੀ ਰਚਨਾ ਨੂੰ ਰੌਚਿਕ ਤੇ ਰਸਦਾਇਕ ਬਣਾਇਆ ਜਾ ਸਕਦਾਹੈ ਇਸ ਤੱਤ ਸਦਕਾ ਹੀ ਲੇਖਕ ਦੀ ਰਚਨਾ ਨੂੰ ਦੂਜੇ ਨਾਲੋਂ ਵਖਰਾਇਆ ਜਾ ਸਕਦਾ ਹੈ

**ਵਰਗੀਕਰਣ** :ਵਾਰਤਕ ਦਾ ਵਰਗੀਕਰਨ ਵਿਸ਼ਾ ਪੱਖ, ਸ਼ੈਲੀ ਪੱਖ ਅਤੇ ਉਦੇਸ਼ ਜਾਂ ਮਨੋਰਥ ਦੇ ਪੱਖ ਤੋਂ ਕੀਤਾ ਜਾ ਸਕਦਾ ਹੈ ਇਨ੍ਹਾਂ ਅੰਗਾਂ ਦੇ ਆਧਾਰ ਤੇ ਹੀ ਵਾਰਤਕ ਦਾ ਵਰਗੀਕਰਨ ਕੀਤਾ ਜਾ ਸਕਦਾ ਹੈ

**(ੳ) ਗਿਆਨਮਈ ਵਾਰਤਕ** : ਅਜਿਹੀ ਵਾਰਤਕ ਵਿਚ ਸਕੂਲ, ਕਾਲਜ ਦੀਆਂ ਪਾਠ-ਪੁਸਤਕਾਂ, ਨਿਬੰਧ, ਖੋਜ-ਪ੍ਰਬੰਧ ਵਿਸ਼ਵ-ਕੋਸ਼ ਤੇ ਪੱਤਰਾਂ ਵਿੱਚ ਪ੍ਰਕਾਸ਼ਿਤ ਹੋਣ ਵਾਲੀਆਂ ਰਿਪੋਰਟਾਂ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ ਇਨ੍ਹਾਂ ਸਾਰੀਆਂ ਲਿਖਤਾਂ ਵਿੱਚ ਕਿਸੇ ਬਾਰੇ ਜਾਣਕਾਰੀ ਦਿੱਤੀ ਗਈ ਹੁੰਦੀ ਹੈ ਲੇਖਕ ਵਿਸ਼ੇ ਦੇ ਹਰ ਪੱਖ ਤੇ ਚਾਨਣਾ ਪਾਉਣ ਦਾ ਯਤਨ ਕਰਦਾ ਹੈ ਪਰ ਇਸ ਵਿੱਚੋਂ ਕੇਵਲ ਉਹ ਰਚਨਾ ਹੀ ਸਿਹਤ ਦੇ ਖੇਤਰ ਵਿਚ ਗਿਣੀ ਜਾਵੇਗੀ ਜਹਿੜੀ ਸਾਹਿਤਕ ਮਾਪਦੰਡਾਂ ਤੇ ਪੂਰੀ ਉਤਰਦੀ ਹੋਵੇ, ਇਸ ਦੀ ਉਦਾਹਰਨ ਹੇਠਾਂ ਦਿੱਤੀ ਜਾਂਦੀ ਹੈ

"ਸਾਡੀ ਅੱਖ ਦਾ ਆਨਾ ਕਨਵੈਸ ਲੇਨਜ਼ ਹੈ ਕੈਨਵੈਕਸ ਲੈਂਨਜ ਦਾ ਖ਼ਾਸਾ ਇਹ ਹੈ ਕਿ ਜੇ ਇਸ ਦੇ ਸਾਹਮਣੇ ਇੱਕ ਬੱਤੀ ਜਾਂ ਕੋਈ ਚੀਜ਼ ਰੱਖੀ ਜਾਵੇ ਤਾਂ ਲੈਂਨਜ਼ ਦੇ ਦੂਜੇ ਪਾਸੇ ਉਸ ਬੱਤੀ ਦਾ ਅਕਸ ਬਣੇਗਾ ਇਹ ਅਕਸ ਬੱਤੀ ਨਾਲੋਂ ਬਹੁਤ ਛੋਟਾ ਹੋਵੇਗਾ ਇਹ ਸਾਇੰਸ ਦਾ ਛੋਟਾ ਜਿਹਾ ਤਜਰਬਾ ਹੈ ਜਿਸ ਨੂੰ ਛੋਟੀਆਂ ਜਮਾਤਾਂ ਦੇ ਵਿਦਿਆਰਥੀ ਕਰਦੇ ਹਨ ਸਾਡੀ ਅੱਖ ਦਾ ਆਨਾ ਭੀ ਕਨਵੈਕਸ ਲੈਂਨਜ ਹੋਣ ਕਰਕੇ ਇਹੋ ਕਿਰਿਆ ਹੀ ਕਰਦਾ ਹੈ"[1]

ਸ੍ਰ. ਕਪੂਰ ਸਿੰਘ ਆਈ.ਸੀ.ਐੱਸ. ਦੀ ਕਾਫੀ ਵਾਰਤਕ ਰਚਨਾ ਖ਼ਾਸ ਕਰਕੇ 'ਬਹੁ ਵਿਸਥਾਰ' ਨਾਂ ਦੀ ਪੁਸਤਕ ਇਸੇ ਵਰਗ ਵਿੱਚ ਗਿਣੀ ਜਾ ਸਕਦੀ ਹੈ

---

[1]'ਮਨ ਦੀ ਖੇਡ'-ਰਚਿਤ ਨਿਰੰਜਨ ਸਿੰਘ

**(ਅ)ਬਿਰਤਾਂਤੀ ਵਾਰਤਕ:** ਇਸ ਪ੍ਰਕਾਰ ਦੀ ਵਾਰਤਕ ਵਿੱਚ ਕਿਸੇ ਵਸਤੂ ਜਾਂ ਘਟਨਾ ਦਾ ਪੂਰਾ ਪੂਰਾ ਵਿਵਰਣ ਦਿੱਤਾ ਜਾਂਦਾ ਹੈ, ਇਹ ਆਮ ਤੌਰ ਤੇ ਬਾਹਰਮੁਖੀ ਹੁੰਦਾ ਹੈ ਤੇ ਇਸ ਵਿੱਚ ਲੇਖਕ ਦਾ ਵਿਅਕਤਿਤਵ ਪ੍ਰਗਟਾ ਨਹੀਂ ਹੁੰਦਾ ਇਸ ਦਾ ਇਹ ਅਰਥ ਨਹੀਂ ਕਿ ਅਜਿਹੀ ਵਾਰਤਕ ਉੱਤੇ ਲਿਖਾਰੀ ਦੀ ਸ਼ਖ਼ਸੀਅਤ ਦਾ ਪ੍ਰਭਾਵ ਨਹੀਂ ਹੁੰਦਾ ਜਿੱਥੋਂ ਤਕ ਵਾਰਤਕ ਸ਼ੈਲੀ ਦਾ ਸਬੰਧ ਹੈ ਉਸ ਵਿਚ ਤਾਂ ਲੇਖਕ ਦੇ ਵਿਕਤਿਤਵ ਦੀ ਮੋਹਰ ਛਾਪ ਲੱਗੀ ਹੁੰਦੀ ਹੈਪਰ ਘਟਨਾ ਜਾਂ ਵਸਤੂ ਦੇ ਵਰਣਨ ਲਈ ਵਸਤੂਗਤ ਤਰੀਕੇ ਦੀ ਵਰਤੋਂ ਕੀਤੀ ਜਾਂਦੀ ਹੈ ਇਹ ਢੰਗ ਆਮ ਤੌਰ ਤੇ ਨਾਵਲਾਂ ਵਿੱਚ ਵਰਤਿਆ ਜਾਂਦਾ ਹੈ ਇਸ ਦੀਆਂ ਮਿਸਾਲਾਂ ਨਾਨਕ ਸਿੰਘ, ਭਾਈ ਵੀਰ ਸਿੰਘ ਤੇ ਸੰਤ ਸਿੰਘ ਸੇਖੋਂ ਦੇ ਨਾਵਲਾਂ ਵਿੱਚੋਂ ਲੱਭੀਆਂ ਜਾ ਸਕਦੀਆਂ ਹਨ ਲਾਲ ਸਿੰਘ ਕਮਲਾ ਅਕਾਲੀ ਦੇ ਸਫ਼ਰਨਾਮਿਆਂ(ਮੇਰਾ ਵਲੈਤੀ ਸਫ਼ਰਨਾਮਾ ਅਤੇ ਸੈਲਾਨੀ ਦੇਸ਼ਭਗਤ) ਵਿੱਚੋਂ ਵੀ ਸਾਨੂੰ ਇਸ ਪ੍ਰਕਾਰ ਦੀ ਵਾਰਤਕ ਮਿਲਦੀ ਹੈ ਜਿਵੇਂ ਕਿ

"ਝੀਲ ਦੇ ਕਿਨਾਰੇ ਕੀ ਸਨ' ਮੇਲੇ ਲੱਗੇ ਹੋਏ ਸਨ ਹਵਾ ਤੇ ਮੋਟਰ ਕਿਸ਼ਤੀਆਂ. ਨਹਾਉਣ ਵਾਲੇ ਸ਼ੌਕੀਨ, ਕੰਢੇ ਤੇ ਬੈਠ ਕੇ ਬੋਤਲ ਨਾਲ ਰੋਗ ਲਾਉਣ ਵਾਲੇ ਫੱਕੜ, ਕਿਨਾਰਿਆਂ ਉੱਤੇ ਸੋਹਣੀ ਥਾਂ ਤੇ ਅਮੀਰਾਂ ਦੇ ਮੰਜ਼ਰ ਤੇ ਮਾਮੂਲੀ ਥਾਂ ਮਾਹੀਗੀਰਾਂ ਦੇ ਝਪੜੇ ਆਪਣੇ ਪਰਛਾਵੇਂ ਨਾਲ ਪਾਣੀ ਵਿਚ ਬਹਾਰ ਲਾ ਰਹੇ ਸਨ ਥਾਂ ਥਾਂ ਨਿੱਕੇ ਪੋਲ ਜਿਹੇ ਬਣੇ ਹੋਏ ਸਨ ਝੀਲ ਦੀ ਪੂਰਬੀ ਗੁੱਠ ਦੇ ਕੋਲ ਦਰਿਆ ਰੋਨ ਝੀਲ ਵਿੱਚ ਰਲਦਾ ਹੈ"[2]

**(ੲ) ਵਿਆਖਿਆਮਈ ਵਾਰਤਕ :**ਇਸ ਪ੍ਰਕਾਰ ਦੀ ਵਾਰਤਕ ਉਦੋਂ ਉਪਜਦੀ ਹੈ ਜਦੋਂ ਕੋਈ ਲੇਖਕ ਆਪਣੇ ਵਿਚਾਰਾਂ ਨੂੰ ਤਰਕਸੰਗਤ ਤਰੀਕੇ ਨਾਲ ਪੇਸ਼ ਕਰਦਾ ਹੈ ਅਜਿਹੀ ਵਾਰਤਕ ਵਿੱਚ ਦਲੀਲਾਂ, ਦ੍ਰਿਸ਼ਟਾਂਤ ਅਤੇ ਮਿਸ਼ਾਲਾਂ ਦੀ ਯੋਗ ਵਰਤੋਂ ਕੀਤੀ ਹੁੰਦੀ ਹੈ।ਪ੍ਰਿੰਸੀਪਲ ਤੇਜਾ ਸਿੰਘ ਕਈ ਲੇਖਾਂ ਵਿੱਚ ਇਸ ਕਿਸਮ ਦੀ ਵਾਰਤਕ ਦੀਆਂ ਸੁੰਦਰ ਆਧਾਰ ਨਾ ਲੱਭ ਸਕਦੀਆਂ ਹਨ

"ਘਰ ਇੱਟਾਂ ਜਾਂ ਵੱਟਿਆਂ ਦੇ ਬਣੇ ਕੋਨੇ ਨੂੰ ਨਹੀਂ ਕਹਿੰਦੇ ਘਰ ਤੋਂ ਭਾਵ ਉਹ ਥਾਂ ਹੈ ਜਿੱਥੇ ਮਨੁੱਖ ਦੇ ਪਿਆਰ ਅਤੇ ਸੁੰਦਰ ਸੱਧਰਾਂ ਪਲਦੀਆਂ ਹਨ,ਜਿੱਥੇ ਬਾਲਪਣ ਵਿੱਚ ਮਾਂ ਭੈਣ ਤੇਭਰਾ ਕੋਲੋਂ ਲਾਡ ਲਿਆ ਹੁੰਦਾ ਹੈ, ਜਿੱਥੇ ਜਵਾਨੀ ਵਿੱਚ ਸਾਰੇ ਜਹਾਨ ਨੂੰ ਗਾਹ ਲਿਤਾੜ ਕੇ ਖੱਟੀ ਕਮਾਈ ਕਰਕੇ ਮੁੜ ਆਉਣ ਨੂੰ ਜੀ ਕਰਦਾ ਹੈ ਜਿਥੇ ਬੁਢਾਪੇ ਵਿੱਚ ਬਹਿ ਕੇ ਸਾਰੇ ਜੀਵਨ ਦੇ ਝਮੇਲਿਆਂ ਤੋਂ ਮਿਲੀ ਵਿਹਲਨੂੰ ਅਰਾਮ ਨਾਲ ਕੱਟਣ ਦਾ ਇਉਂ ਸੁਆਦ ਆਉਂਦਾ ਹੈ ਜਿਵੇਂ ਬਚਪਨ ਵਿਚ ਮਾਂ ਦੀ ਝੋਲੀ ਵਿਚ ਸੁਆਦ ਆਉਂਦਾ ਸੀ[3]

**(ਸ) ਦਾਰਸ਼ਨਿਕ ਵਾਰਤਕ :** ਜਿਸ ਵਾਰਤਕ ਰਚਨਾ ਵਿਚ ਕਿਸੇ ਦਾਰਸ਼ਨਿਕ ਵਿਸ਼ੇ ਤੇ ਚਰਚਾ ਕੀਤੀ ਗਈ ਹੋਵੇ, ਉਹ ਦਾਰਸ਼ਨਿਕ ਅਖਵਾਉਂਦੀ ਹੈ ਕਪੂਰ ਸਿੰਘ ਆਈ. ਸੀ. ਐਸ. ਦੇ ਲੇਖ 'ਛੇਦਰਸ਼ਨ'(ਬਹੁਵਿਸਥਾਰ) ਸ਼ੰਕਰਾਚਾਰੀਆ (ਸਪਤਸ੍ਰਿੰਗ) ਇਸ ਵਾਰਤਕ ਵਰਗ ਦੀ ਵਾਰਤਕ ਰਚਨਾ ਹਨ ਡਾ. ਬਲਬੀਰ ਸਿੰਘ ਨੇ ਵੀ ਇਸੇ ਪ੍ਰਕਾਰ ਦੀ ਵਾਰਤਕ ਰਚਨਾ ਕੀਤੀ ਹੈ

**(ਹ) ਇਤਿਹਾਸਕ ਵਾਰਤਕ:**ਜਿਸ ਵਾਰਤਕ ਰਚਨਾ ਵਿੱਚ ਇਤਿਹਾਸਕ ਵਿਸ਼ਿਆਂ ਜਾਂ ਇਤਿਹਾਸਕ ਵਿਅਕਤੀਆਂ ਬਾਰੇ ਜਾਣਕਾਰੀ ਦਿੱਤੀ ਗਈ ਹੋਵੇ, ਉਹ ਇਤਿਹਾਸਕ ਰਚਨਾ ਅਖਵਾਉਂਦੀ ਹੈ ਗਿਆਨੀ ਹੀਰਾ ਸਿੰਘ ਦਰਦ ਦੀ ਪੁਸਤਕ 'ਮੇਰੀਆਂ ਇਤਿਹਾਸਕ ਯਾਦਾਂ"ਇਸ ਕਿਸਮ ਦੀ ਵਾਰਤਕ ਦੇ ਨਮੂਨੇ ਵਜੋਂ ਪੇਸ਼ ਕੀਤੀ ਜਾ ਸਕਦੀ ਹੈ'ਸੇਵਾ ਸਿੰਘ ਠੀਕਰੀਵਾਲ'(ਲੇਖਕ ਪ੍ਰੋ. ਗੁਰਚਰਨ ਸਿੰਘ) ਵਿਚ ਵੀ ਸਾਨੂੰ ਇਤਿਹਾਸਕ ਵਾਰਤਕ ਦੇ ਦਰਸ਼ਨ ਹੁੰਦੇ ਹਨ

**(ਕ) ਧਾਰਮਿਕ ਵਾਰਤਕ:** ਅਜਿਹੀ ਵਾਰਤਕ ਵਿੱਚ ਧਾਰਮਿਕ ਵਿਸ਼ਿਆਂ ਤੇ ਚਰਚਾ ਕੀਤੀ ਹੁੰਦੀ ਹੈ ਪ੍ਰੋ. ਸਾਹਿਬ ਸਿੰਘ ਦੇ 'ਧਾਰਮਿਕ ਲੇਖ', 'ਕੁਝ ਹੋਰ ਧਾਰਮਿਕ ਲੇਖ','ਸਰਬੱਤ ਦਾ ਭਲਾ','ਸਦਾਚਾਰ ਲੇਖ' ਆਦਿ ਪੁਸਤਕਾਂ ਵਿਚ ਦਰਜ ਲੇਖ ਧਾਰਮਿਕ ਵਾਰਤਕ ਦੇ ਖੇਤਰ ਵਿੱਚ ਆਉਂਦੇ ਹਨ ਪ੍ਰਿੰਸੀਪਲ ਜੋਧ ਸਿੰਘ, ਸ਼ੇਰ ਸਿੰਘ, ਪ੍ਰਿੰਸੀਪਲ ਨਿਰੰਜਨ ਸਿੰਘ ਦੁਆਰਾ ਰਚੀ ਗਈ ਵਾਰਤਕ ਵੀ ਇਸੇ ਸ਼੍ਰੇਣੀ ਵਿੱਚ ਆਉਂਦੀ ਹੈ

ਸ਼ੈਲੀ ਦੇ ਪੱਖੋਂ ਵਾਰਤਕ ਵਰਗੀਕਰਨ ਹੇਠ ਲਿਖੇ ਅਨੁਸਾਰ ਕੀਤਾ ਜਾ ਸਕਦਾ ਹੈ

---

[2] 'ਸਵਿਟਰਜ਼ਰਲੈਂਡ ਦੀ ਯਾਤਰਾ' (ਮੇਰਾ ਵਲੈਤੀ ਸਫਰਨਾਮਾ)-ਲਾਲ ਸਿੰਘ ਕਮਲਾ ਅਕਾਲੀ।

[3]'ਘਰ ਦਾ ਪਿਆਰ' (ਨਵੀਆਂ ਸੋਚਾਂ)-ਪ੍ਰੋ. ਤੇਜਾ ਸਿੰਘ

**(ੳ) ਟਕਸਾਲੀ ਵਾਰਤਕ:** ਅਜਿਹੀ ਸ਼ੈਲੀ ਵਿੱਚ ਭਾਸ਼ਈ ਅਤੇ ਵਿਆਕਰਣ ਸ਼ੁੱਧਤਾ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ ਪੰਜਾਬੀ ਵਿਚ ਪ੍ਰਿੰਸੀਪਲ ਤੇਜਾ ਸਿੰਘ ਦੀ ਵਾਰਤਕ ਇਸ ਵਾਰਤਕ ਇਸ ਵਰਗ ਵਿੱਚ ਗਿਣੀ ਜਾਂਦੀ ਹੈ

**(ਅ) ਕਾਵਿਕ ਵਾਰਤਕ:**ਜਿਸ ਵਾਰਤਕ ਨੂੰ ਲੇਖਕ, ਉਪਮਾਵਾਂ, ਅਲੰਕਾਰਾਂ ਅਤੇ ਵਿਸ਼ੇਸ਼ਣਾਂ, ਆਦਿ ਨਾਲ ਸ਼ਿੰਗਾਰ ਕੇ ਸੁੰਦਰ ਬਣਾ ਕੇ ਅਤੇ ਆਪਣੇ ਭਾਵਾਂ ਦੀ ਪੁੱਠ ਚਾੜ ਕੇ ਇਸ ਪ੍ਰਕਾਰ ਲਿਖੇ ਕਿ ਉਸ ਵਿਚ ਬੁੱਧੀ ਦੀ ਥਾਂ ਭਾਵਾਂ ਦੀ ਪ੍ਰਧਾਨਤਾ ਪ੍ਰਤੀਤ ਹੋਵੇ ਤਾਂ ਉਹ ਵੀ ਕਾਵਿਕ ਵਾਰਤਕ ਹੋਵੇਗੀ ਜਨਮ ਸਾਖੀਆਂ ਦੀ ਵਾਰਤਕ ਅਤੇ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਵਾਰਤਕ ਇਸ ਤਰ੍ਹਾਂ ਦੀ ਹੈ

**(ੲ) ਵਿਅੰਗਾਤਮਕ ਵਾਰਤਕ**:ਜਦੋਂ ਵਾਰਤਕ ਲਿਖਾਰੀ ਆਪਣੀ ਰਚਨਾ ਵਿੱਚ ਵਿਅੰਗ, ਚੋਟ ਤੇ ਚੋਭ ਦੀ ਵਰਤੋਂ ਕਰਦਾ ਹੈ ਤਾਂ ਉਹ ਵਿਅੰਗਾਤਮਕ ਵਰਤੋ ਵਾਰਤਕ ਨੂੰ ਜਨਮ ਦਿੰਦਾ ਹੈ ਚਰਨ ਸਿੰਘ ਸ਼ਹੀਦ, ਗੁਰਨਾਮ ਸਿੰਘ ਤੀਰ, ਸੂਬਾ ਸਿੰਘ ਅਤੇ ਹਰਿੰਦਰ ਸਿੰਘ ਰੂਪ ਇਸ ਕਿਸ਼ਮ ਦੀ ਵਾਰਤਕ ਲਿਖਣ ਵਾਲੇ ਸਫ਼ਲ ਲਿਖਾਰੀ ਹਨ

**(ਸ) ਨਾਟਕੀ ਵਾਰਤਕ:** ਜਦੋਂ ਕੋਈ ਮਰ ਟੱਕਰ ਪਾਤਰਾਂ ਦੀ ਵਾਰਤਾਲਾਪ ਨੂੰ ਉੱਚਾ ਸਾਹਿਤਕ ਪੱਧਰ ਤੇ ਪੇਸ਼ ਕਰਦਾ ਹੈ ਤਾਂ ਅਜਿਹੀ ਵਾਰਤਾਲਾਪ ਨਾਟਕੀ ਵਿਚਕਾਰ ਗੱਲਬਾਤ ਦੇ ਤੌਰ ਤੇ ਪੇਸ਼ ਕੀਤੀ ਜਾ ਸਕਦੀ ਹੈ

ਜੇਕਰ ਉਦੇਸ਼ ਜਾਂ ਮਨੋਰਥ ਦੀ ਦ੍ਰਿਸ਼ਟੀ ਤੋਂ ਵਾਤਾਵਰਣ ਕਰਨਾ ਹੋਵੇ ਤਾਂ (ੳ)ਉਪਦੇਸ਼ਾਤਮਕ ਵਾਰਤਕ (ਅ) ਸੁਧਾਰਕ ਵਾਰਤਕ (ੲ) ਪ੍ਰੰਪਰਾਗਤ ਵਾਰਤਕ,ਆਦਿ ਵੰਨਗੀਆਂ ਗਿਣੀਆਂ ਜਾ ਸਕਦੀਆਂ ਹਨ

## ਸਵੈ ਮੁਲਾਂਕਣ ਪ੍ਰਸ਼ਨ

1. ਵਾਰਤਕ ਦੇ ਭਾਵ ਤੱਤਾ ਬਾਰੇ ਜਾਣਕਾਰੀ ਦਿਓ।

-----------------------------------------------------------------------

-----------------------------------------------------------------------

2. ਗਿਆਨਮਈ ਵਾਰਤਕ ਤੋਂ ਕੀ ਭਾਵ ਹੈ?

-----------------------------------------------------------------------

-----------------------------------------------------------------------

### ਨਿਬੰਧ

ਫੁੱਟਕਲ ਤੌਰ ਤੇ ਵਾਰਤਕ ਵਿਚ ਪਰਮਾਰਥ, ਬਚਨ, ਲੇਖ, ਨਿਬੰਧ, ਪ੍ਰਬੰਧ ਆਦਿ ਸੰਮਿਲਿਤ ਹਨ ਵਾਰਤਕ ਦਾ ਘੇਰਾ ਬੜਾ ਵਿਸ਼ਾਲ ਹੈਇਸ ਵਿਚ ਨਾਵਲ, ਨਿੱਕੀ ਕਹਾਣੀ, ਨਾਟਕ ਅਤੇ ਇਕਾਂਗੀ ਜਿਹੜੇ ਆਮ ਤੌਰ ਤੇ ਵਾਰਤਕ ਵਿਚ ਲਿਖੇ ਜਾਂਦੇ ਹਨ, ਉਹ ਵੀ ਗਿਣੇ ਜਾ ਸਕਦੇ ਹਨ ਤੇ ਇਸ ਤੋਂ ਛੁੱਟ ਖੋਜ, ਆਲੋਚਨਾ ਅਤੇਸਾਹਿਤ ਦੇ ਇਤਿਹਾਸ ਦੀਆਂ ਪੁਸਤਕਾਂ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ ਪਰੰਤੂ ਨਿਰੋਲ ਵਾਰਤਕ ਵਿਚ ਅਸੀਂ ਹੇਠ ਲਿਖੀਆਂ ਵੰਨਗੀਆਂ ਹਨ ਸ਼ਾਮਲ ਕਰ ਸਕਦੇ ਹਾਂ :

ਜੀਵਨੀ ਸਵੈ-ਜੀਵਨੀ, ਸਫਰਨਾਮਾ, ਲੇਖ/ਨਿਬੰਧ ਅਤੇ ਰੇਖਾ ਚਿੱਤਰ ਆਦਿ ਇਨ੍ਹਾਂ ਵਿਚੋਂ ਲੇਖ, ਨਿਬੰਧ ਵਾਰਤਕ ਵਿੱਚ ਵਿਸ਼ੇਸ਼ ਸਥਾਨ ਰੱਖਦੇ ਹਨ ਇਨ੍ਹਾਂ ਦੀ ਪਰਿਭਾਸ਼ਾ ਵਿਸ਼ੇਸ਼ਤਾਈਆਂ ਅਤੇ ਅੰਤਰ ਜਾਨਣਾ ਵੀ ਜਰੂਰੀ ਹੈ

ਭਾਵੇਂ ਲੇਖ ਅਤੇ ਨਿਬੰਧ ਸ਼ਬਦਾਂ ਨੂੰ ਸਮਾਨ ਅਰਥਾਂ ਵਿਚ ਵਰਤਿਆ ਜਾਂਦਾ ਹੈ ਤੇ ਏਸ ਤੋਂ ਭਾਵ ਕਿਸੇ ਵਿਸ਼ੇ ਬਾਰੇ ਵਾਰਤਕ ਵਿੱਚ ਅਜਿਹੀ ਰਚਨਾ ਹੁੰਦੀ ਹੈ ਜਿਸ ਵਿਚ ਉਸ ਵਿਸ਼ੇ ਤੇ ਲਗਭਗ ਸਾਰੇ ਪੱਖਾਂ ਉਤੇ ਚਾਨਣਾ ਪਾਇਆ ਗਿਆ ਹੋਵੇ ਪਰ ਲੇਖ ਸ਼ਬਦ ਵਿਆਪਕ ਅਰਥਾਂ ਵਿੱਚ ਵਰਤਿਆ ਜਾਂਦਾ ਹੈ ਤੇਨਿਬੰਧ ਹੋ ਉੱਚ ਕੋਟੀ ਦੇ ਲੇਖਾਂ ਲਈ ਪ੍ਰਯੋਗ ਵਿੱਚ ਆਉਂਦਾ ਹੈ ਨਿਬੰਧ ਅਸਲ ਵਿੱਚ ਆਧੁਨਿਕ ਕਾਲ ਦਾ ਸਾਹਿਤਕ ਰੂਪ ਹੈ ਵਿਦਵਾਨ ਜਾਨਸਨ ਨੇ ਲੇਖ ਨੂੰ ਦਿਮਾਗੀ ਉਘੜੀ ਦੁੱਗਣੀ ਉਡਾਣ ਅਤੇ ਸਾਹਿਤ ਦਾ ਅਨਿਯਮਤ ਅਣਪਚਿਆ ਹੋਇਆ ਅੰਗ (1. A loose sally of mind and irregular undigested of literature.)ਆਖਿਆਉਦੋਂ ਅਜੇ ਇਸ ਸਾਹਿਤਕ ਰੂਪ ਨੇ ਆਪਣੀ ਜਵਾਨ ਅਵਸਥਾ ਨਹੀਂ ਸੀਵੇਖੀ ਨਿਬੰਧ ਛੋਟੇ ਅਕਾਰ ਦੀ ਉਹ ਗਦ-ਰਚਨਾ ਹੁੰਦੀ ਹੈ ਜਿਹੜੀ ਆਪਣੇ-ਆਪ ਵਿੱਚ ਪੂਰਨ ਹੁੰਦੀ ਹੈ,ਜਿਸ ਵਿਚ ਕਿਸੇ ਵਿਸ਼ੇ ਦੇ ਕਿਸੇ ਇਕ ਪੱਖ ਉਤੇ ਰਚਨਾ ਕੀਤੀ ਹੁੰਦੀ ਹੈਨਿਬੰਧ ਵਿਚੋਂ ਨਿਬੰਧਕਾਰਾਂ ਦੀ

ਸ਼ਖਸੀਅਤ ਸਾਫ ਦਿਖਾਈ ਦਿੰਦੀ ਹੈਇਸ ਕਰਕੇ ਅਲੈਗਜ਼ੈਂਡਰ ਸਮਿਥ ਨੇ ਨਿਬੰਧ ਨੂੰ ਸਰੋਦੀ ਗੀਤ ਨਾਲ ਉਪਮਾ ਦਿੱਤੀ ਨਿਬੰਧ ਗੱਦ ਦੀ ਅਤਿ ਸੂਖ਼ਮ ਵੰਨਗੀ ਹੈ ਇਹ ਆਪਣੇ ਆਪ ਵਿੱਚ ਸੰਪੂਰਨ ਇਕਾਈ ਹੈ

ਪੱਛਮੀ ਵਿਦਵਾਨ ਇਹ ਮੰਨਦੇ ਹਨ ਕਿ ਨਿਬੰਧ ਦਾ ਆਕਾਰ ਏਨਾ ਕੁ ਹੋਣਾ ਚਾਹੀਦਾ ਹੈ ਕਿ ਉਸ ਨੂੰ ਸੌਖੀ ਤਰ੍ਹਾਂ ਇਕ ਬੈਠਕ ਵਿਚ ਪੜ੍ਹਿਆ ਜਾ ਸਕੇ ਜਿਵੇਂ ਕਿ ਨਿੱਕੀ ਕਹਾਣੀ ਜਾਂ ਇਕਾਂਗੀ ਨੂੰ ਪੜ੍ਹਿਆ ਜਾ ਸਕਦਾ ਹੈ ਇਸ ਦਾ ਮੰਤਵ ਨਹੀਂ ਹੁੰਦਾ ਸਗੋਂ ਕਿਸੇ ਵਿਸ਼ੇ ਬਾਰੇ ਜਾਣਕਾਰੀ ਨੂੰ ਪੇਸ਼ ਕਰਨਾ ਹੁੰਦਾ ਹੈ ਚੰਗਾ ਨਿਬੰਧਕਾਰ ਆਪਣੇ ਨਿਬੰਧ ਵਿਚ ਇਕ ਵਿਚਾਰ ਤੇ ਕੇਂਦ੍ਰਿਤ ਰਹਿੰਦਾ ਹੈ। ਇਧਰ ਉਧਰ ਦੀਆਂ ਫਜ਼ੂਲ ਗੱਲਾਂ ਲਈ ਇਸ ਕੋਲ ਕੋਈ ਸਥਾਨ ਨਹੀਂ ਹੁੰਦਾ। ਲੇਖਕ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਨਿਰਸੰਕੋਚ ਤੌਰ ਤੇ ਕਰਦਾ ਹੈ ਅਤੇ ਬੁੱਧੀ ਤੇ ਭਾਵਾਂ ਦੇ ਸੁਚੱਜੇ ਮੇਲ ਰਾਹੀਂ ਆਪਣੀ ਰਚਨਾ ਨੂੰ ਸਾਹਿਤਿਕ ਪੱਧਰ ਪ੍ਰਦਾਨ ਕਰਦਾ ਹੈ

**ਵਾਰਤਕ ਸ਼ੈਲੀ** :ਹਰ ਸਾਹਿਤਕਾਰ ਆਪਣੀ ਲਿਖਤ ਨੂੰ ਆਪਣੇ ਨਵੇਕਲੇ ਹੀ ਢੰਗ ਨਾਲ ਪੇਸ਼ ਕਰਦਾ ਹੈ ਲੇਖਕ ਦੀ ਨਿੱਜੀ ਛੋਹ ਦੀ ਛਾਪ ਲੱਗਣ ਕਰਕੇ ਉਸ ਦੀ ਲਿਖਤ ਦੂਜਿਆਂ ਨਾਲੋਂ ਵੱਖਰੇ ਪਛਾਣੀ ਜਾ ਸਕਦੀ ਹੈ ਜਦੋਂ ਕਿਸੇ ਪਾਸ ਕਹਿਣ ਨੂੰ ਕੁਝ ਹੋਵੇ ਤਾਂ ਉਹ ਉਸ ਨੂੰ ਕਹਿਣ ਦਾ ਵੱਖਰਾ ਹੀ ਢੰਗ ਵੀ ਲੱਭ ਲੈਂਦਾ ਹੈ ਜਦੋਂ ਕਿਸੇ ਸਾਹਿਤਕਾਰ ਦੀ ਮਨ ਵਿੱਚ ਕੋਈ ਵਿਚਾਰ ਉਤਪੰਨ ਹੁੰਦੇ ਹਨ ਤਾਂ ਉਨ੍ਹਾਂ ਨੂੰ ਪ੍ਰਗਟ ਕਰਨ ਲਈ ਭਾਸ਼ਾ ਦਾ ਸਹਾਰਾ ਲੈਂਦਾ ਹੈ ਭਾਸ਼ਾ ਨੂੰ ਵਰਨਣ ਕਰਨ ਦੀ ਯੋਗਤਾ ਹਰ ਇਕ ਦੀ ਵੱਖਰੀ ਹੁੰਦੀ ਹੈ ਜਦੋਂ ਵਿਚਾਰ ਭਾਸ਼ਾ ਦੇ ਮਾਧਿਅਮ ਰਾਹੀਂ ਪ੍ਰਗਟ ਹੁੰਦੇ ਹਨ ਤਾਂ ਉਨ੍ਹਾਂ ਤੇ ਲੇਖਕ ਦੀ ਸ਼ਖਸੀਅਤ ਦੀ ਮੋਹਰ ਲੱਗ ਜਾਂਦੀ ਹੈ। ਪ੍ਰਸਿੱਧਅੰਗਰੇਜੀ ਸਾਹਿਤਕਾਰ ਅਲੈਗਜ਼ੈਂਡਰ ਪੋਪ ਨੇ ਸ਼ੈਲੀ ਨੂੰ ਵਿਚਾਰ ਦੀ ਪੋਸ਼ਾਕ ਆਖਿਆ ਹੈ ਜਦੋਂ ਕੋਈ ਵਿਚਾਰ ਕਿਸੇ ਲੇਖਕ ਦੀ ਨਿੱਜੀ ਭਾਸ਼ਾ ਅਤੇ ਉਸ ਦੇ ਨਿੱਜੀ ਢੰਗ ਦੁਆਰਾ ਵਿਅਕਤ ਹੁੰਦਾ ਹੈ ਤਾਂ ਲਿਖਤ ਵਿਸ਼ੇਸ਼ ਰੂਪ ਧਾਰਨ ਕਰਦੀ ਹੈ ਇਹ ਰੂਪ ਕਿਸੇ ਸਾਹਿਤਕਾਰ ਦੀ ਲਿਖਤੀ ਰੂਪ ਤੋਂ ਵੱਖਰਾ ਤੇ ਨਵੇਕਲਾ ਹੁੰਦਾ ਹੈ ਇਸ ਨਵੇਕਲੇ ਢੰਗ ਰਾਹੀਂ ਕਿਸੇ ਸਾਹਿਤਕਾਰ ਨੂੰ ਦੂਜੇ ਤੋਂ ਵੱਖਰਾ ਕਰਕੇ ਵੇਖ ਸਕਦੇ ਹਾਂ ਇਹੀ ਹੀ ਉਸ ਦੀ ਸ਼ੈਲੀ ਹੁੰਦੀ ਹੈ

ਆਪਣੀ ਵੱਖਰੀ ਸ਼ੈਲੀ ਬਣਾਉਣ ਲਈ ਵਾਰਤਕ ਲਿਖਾਰੀ ਨੂੰ ਵਿਸ਼ਾਲ ਅਧਿਐਨ ਤੇ ਉਸ ਅਧਿਐਨ ਦੇ ਆਧਾਰ ਉੱਤੇ ਲਿਖਣ ਦੀ ਚੋਖੀ ਮਸ਼ਕ ਹੋਣੀ ਚਾਹੀਦੀ ਹੈ ਜਿਵੇਂ ਕੋਈ ਵਖਤਾ ਥਾਂ-ਥਾਂ ਉੱਤੇ ਭਾਸ਼ਣ ਦੇਣ ਉਪਰੰਤ ਬੋਲਣ ਦਾ ਇਕ ਵੱਖਰਾ ਲਹਿਜਾ ਤੇ ਨਵੇਕਲਾ ਢੰਗ ਗ੍ਰਹਿਣ ਕਰ ਲੈਂਦਾ ਹੈ, ਉਸੇ ਤਰ੍ਹਾਂ ਹੀ ਕੋਈ ਲਿਖਾਰੀ ਲਗਾਤਾਰ ਅਭਿਆਸ ਨਾਲ ਆਪਣੀ ਵੱਖਰੀ ਲਿਖਣ-ਸ਼ੈਲੀ ਬਣਾ ਲੈਂਦਾ ਹੈ ਭਾਵੇਂ ਕੋਈ ਆਪਣੀ ਮਾਤ ਭਾਸ਼ਾ ਵਿਚ ਹੀ ਲਿਖੇ ਉਸ ਨੂੰ ਉਸ ਭਾਸ਼ਾ ਦਾ ਵਿਆਕਰਣ ਉਸਦੀ ਸਾਹਿਤਿਕ ਪਰੰਪਰਾ ਬਾਰੇ ਪੂਰਨ ਜਾਣਕਾਰੀ ਹੋਣੀ ਚਾਹੀਦੀ ਹੈ ਦੂਜੀਆਂ ਭਾਸ਼ਾਵਾਂ ਦੇ ਸ਼ਬਦਾਂ ਦੀ ਵਰਤੋਂ ਵੇਲੇ ਵੀ ਸਾਵਧਾਨੀ ਵਰਤਣੀ ਚਾਹੀਦੀ ਹੈ ਉਨ੍ਹਾਂ ਨੂੰ ਬਦੇਸ਼ੀ ਸ਼ਬਦਾਂ ਨੂੰ ਆਪਣੀ ਭਾਸ਼ਾ ਦੇ ਸੁਭਾਅ ਅਨੁਸਾਰ ਅਪਨਾਉਣਾ ਚਾਹੀਦਾ ਹੈ

ਸੈਲੀ ਹੀ ਮਨੁੱਖ ਹੈ, ਦੀ ਦਾ ਭਾਵ ਹੈ ਕਿ ਹਰ ਸਾਹਿਤਕਾਰ ਦੀ ਲਿਖਣ ਸ਼ੈਲੀ ਉਤੇ ਉਸ ਦੀ ਸ਼ਖਸੀਅਤ ਦੀ ਛਾਪ ਹੁੰਦੀ ਹੈ ਚੰਗੀ ਵਾਰਤਕ ਸ਼ੈਲੀ ਵਿਚ ਹੇਠ ਲਿਖੇ ਗੁਣ ਹੁੰਦੇ ਹਨ:

1. ਲੋਕ ਵਾਰਤਕ ਸ਼ੈਲੀ ਦਾ ਸਭ ਤੋਂ ਪ੍ਰਸਿੱਧ ਗੁਣ ਉਸ ਦੇ ਨਿਵੇਕਲੇਪਨ, ਨਿਆਰਾਪਨ ਹੈ ਜਿਵੇਂ ਕਿ ਕਿਸੇ ਮਨੁੱਖ ਦਾ ਨਿਵੇਕਲਾਪਨ ਉਸ ਲਿਖਾਰੀ ਨੂੰ ਦੂਜਿਆਂ ਤੋਂ ਵੱਖ ਦਰਸਾਉਂਦਾ ਹੈ ਉਸ ਨੂੰ ਮੌਲਿਕਤਾ ਦਾ ਨਾਂ ਵੀ ਦਿੱਤਾ ਜਾ ਸਕਦਾ ਹੈ
2. ਚੰਗੀ ਵਾਰਤਕ ਸ਼ੈਲੀ ਦਾ ਦੂਜਾ ਗੋਲ ਸਪੱਸ਼ਟਤਾ ਹੈ ਇਹ ਉਸ ਹਾਲਤ ਹੈ ਕੀ ਇਹ ਸੰਭਵ ਹੈ ਜੇਕਰ ਲਿਖਾਰੀ ਨੂੰ ਵਿਸ਼ੇ ਦਾ ਵਿਸ਼ਾਲ ਗਿਆਨ ਹੋਵੇ ਤੇ ਉਸ ਦਾ ਆਪਣੇ ਵਿਚਾਰਾਂ ਨੂੰ ਸਪੱਸ਼ਟ ਤੌਰ ਤੇ ਵਰਣਨ ਕਰਨ ਲਈ ਤਿਆਰ ਹੋਵੇ ਭਾਸ਼ਾ ਉੱਤੇ ਪੂਰਨ ਅਧਿਕਾਰ ਹੋਵੇ
3. ਵਾਰਤਕ ਕਿਉਂਕਿ ਦਿਮਾਗ਼ ਦੀ ਬੋਲੀ ਹੈ ਇਸ ਲਈ ਇਸ ਵਿਚ ਪ੍ਰਗਟ ਕੀਤੇ ਵਿਚਾਰ, ਦਲੀਲ ਅਤੇ ਨਿਆਇਉੱਤੇ ਆਧਾਰਤ ਹੋਣੇ ਚਾਹੀਦੇ ਹਨ ਉਸ ਨੂੰ ਆਪਣੇ ਵਿਚਾਰਾਂ ਦੀ ਪੁਸ਼ਟੀ ਕਰਨ ਲਈ ਦਲੀਲਾਂ ਦੇਣੀਆਂ ਆਉਂਦੀਆਂ ਹੋਣਅਤੇ ਆਪਣੇ ਖਿਆਲਾਂ ਨੂੰ ਯੁਕਤੀ-ਸੰਗਤ ਪੇਸ਼ ਕਰਨ ਦੀ ਜਾਂਚ ਆਉਂਦੀ ਹੋਵੇ ਇਸ ਕਰਕੇ ਨਿਆਇਸ਼ੀਲਤਾਂ ਚੰਗੀ ਸ਼ੈਲੀ ਦੀ ਪ੍ਰਮੁੱਖ ਲੱਛਣ ਹੈ

4. ਵਾਰਤਕ ਸ਼ੈਲੀ ਦਾ ਇਕ ਹੋਰ ਚੰਗਾ ਗੁਣ ਸੁਭਾਵਕਤਾ ਹੈ ਭਾਸ਼ਾ ਦੇ ਸਹੀ ਗਿਆਨ ਤੋਂ ਬਗੈਰ ਸ਼ਬਦਾਂ ਦੀ ਚੋਣ ਅਤੇ ਉਨ੍ਹਾਂ ਦਾ ਪ੍ਰਭਾਵ ਨਹੀਂ ਲੇਖਕ ਨੂੰ ਭਾਸ਼ਾ ਦੀ ਸਮਰੱਥਾ,ਠੇਠਤਾ ਤੇ ਪ੍ਰਮਾਣਿਕਤਾ ਬਾਰੇ ਵਿਸ਼ਾਲ ਜਾਣਕਾਰੀ ਹੋਣੀ ਚਾਹੀਦੀ ਜਰੂਰੀ ਹੈ

5. ਚੰਗੀ ਵਾਰਤਕ ਸ਼ੈਲੀ ਵਿਚ ਸੁਮਾਪ ਦਾ ਹੋਣਾ ਲਾਜ਼ਮੀ ਗਿਣਿਆ ਜਾਂਦਾ ਹੈ ਸੁਮਾਪਤੋਂ ਭਾਪ ਤਰਤੀਬ ਤੇ ਕ੍ਰਮ ਹੈ,ਸੁਮਾਪ ਲਿਆਉਣ ਲਈ ਵਾਰਤਕ ਲਿਖਤ ਨੂੰ ਪੈਰ੍ਹਿਆਂ ਵਿਚ ਵੰਡਣਾ ਪੈਂਦਾ ਹੈ ਪਰ ਪੈਰ੍ਹਿਆਂ ਵਿੱਚ ਇਕੋ ਇਕਖ਼ਿਆਲ ਹੋਣਾ ਚਾਹੀਦਾ ਹੈ ਪਰ ਪੈਰ੍ਹੇ ਇਕ ਦੂਜੇ ਨਾਲ ਇਕੋ ਸੰਗਲੀ ਵਿਚ ਪਰੋਏ ਹੋਣ ਉਨ੍ਹਾਂ ਦਾ ਆਪਸ ਵਿਚ ਅਟੁੱਟ ਸਬੰਧ ਹੋਵੇ ਪੈਰ੍ਹੇ ਨਾ ਹੀ ਬਹੁਤ ਛੋਟਾ ਅਤੇ ਨਾ ਹੀ ਬਹੁਤ ਵੱਡੇ ਹੋਣੇ ਚਾਹੀਦੇ ਹਨ ਲਿਖਤ ਦਾ ਅਕਾਰ ਨਾ ਬਹੁਤ ਲੰਬਾ ਅਤੇ ਨਾ ਹੀ ਛੋਟਾ ਹੋਣਾ ਚਾਹੀਦਾ ਹੈ

6. ਚੰਗੀ ਵਾਰਤਕ ਸ਼ੈਲੀ ਲਈ ਵਿਆਕਰਣਿਕ ਸੁੱਧਤਾ ਦੀ ਅਵੱਕਸਤਾ ਹੁੰਦੀ ਹੈ ਇਸ ਸੁੱਧਤਾ ਦੀ ਅਣਹੋਂਦ ਵਿੱਚ ਸ਼ੈਲੀ ਨਿਰਬਲ ਤੇ ਸ਼ਕਤੀਹੀਨ ਹੋ ਜਾਂਦੀ ਹੈ

### 1.4.4 ਵਾਰਤਕ ਦੇ ਰੂਪ ਨਿਬੰਧ ਦੀ ਪ੍ਰਕ੍ਰਿਤੀ

ਵਾਰਤਕ ਵਿੱਚ ਸਾਹਿਤ ਦੇ ਕਿਹੜੇ ਕਿਹੜੇ ਰੂਪ ਗਿਣੇ ਜਾ ਸਕਦੇ ਹਨ ਇਸ ਬਾਰੇ ਕਾਫੀ ਵਾਦ-ਵਿਵਾਦ ਹੈਵਾਰਤਕ ਦਾ ਘੇਰਾ ਬੜਾ ਵਿਸ਼ਾਲ ਹੈ ਆਮ ਤੌਰ ਤੇ ਇਹ ਨਾਵਲ, ਨਿੱਕੀ ਕਹਾਣੀ, ਨਾਟਕ ਅਤੇ ਇਕਾਂਗੀ ਨੌਵੀਂ ਵਾਰਤਕ ਵਿੱਚ ਸ਼ਾਮਲ ਕੀਤਾ ਜਾਂਦਾ ਸਕਦਾ ਹੈ ਪਰੰਤੂ ਵਿਦਵਾਨ ਖੋਜ, ਆਲੋਚਨਾ ਅਤੇ ਸਾਹਿੱਤ ਤੇ ਇਤਿਹਾਸ ਦੀਆਂ ਪੁਸਤਕਾਂ ਨੂੰ ਵੀ ਸ਼ਾਮਲ ਕਰਦੇ ਹਨ ਨਿਰੋਲ ਵਾਰਤਕ ਵਿਚ ਜੀਵਨੀ, ਸਵੈ-ਜੀਵਨੀ, ਸਫ਼ਰਨਾਮਾ, ਲੇਖ, ਨਿਬੰਧ ਤੇ ਰੇਖਾ-ਚਿੱਤਰ ਨੂੰ ਵੀ ਸ਼ਾਮਲ ਕੀਤਾ ਜਾਂਦਾ ਹੈ

ਲੇਖ ਅਤੇ ਨਿਬੰਧ ਦੇ ਆਪਸੀ ਅੰਤਰ ਨੂੰ ਜਾਣ ਲੈਣਾ ਅਤੀ ਜ਼ਰੂਰੀ ਹੈ ਲੇਖ ਇਕ ਵਿਸਤਾਰ ਵਾਲੀ ਰਚਨਾ ਹੈ ਇਸ ਦੇ ਅਕਾਰ ਬਾਰੇ ਨਿਸ਼ਚਿਤ ਰੂਪ ਵਿੱਚ ਕੁਝ ਵੀ ਨਹੀਂ ਕਿਹਾ ਜਾ ਸਕਦਾ ਲੇਖ ਵਿਚ ਵਾਰਤਕਾਰ ਗੱਦ-ਸ਼ੈਲੀ ਦੇ ਨਿਯਮਾਂ ਦੀ ਪਾਲਣਾ ਵਿਗਿਆਨਕ ਰੂਪ ਵਿੱਚ ਨਹੀਂ ਕਰਦਾ ਲੇਖ ਸ਼ਬਦ ਵਧੇਰੇ ਵਿਆਪਕ ਅਰਥਾਂ ਵਿਚ ਵਰਤ ਲਿਆ ਜਾਂਦਾ ਹੈ ਨਿਬੰਦ ਅਸਲ ਵਿਚ ਉੱਚ ਕੋਟੀ ਦੀ ਵਾਰਤਕ ਹੈ। ਨਿਬੰਧ ਨੂੰ ਆਧੁਨਿਕ ਰੂਪ ਦੀ ਵਾਰਤਕ ਕਿਹਾ ਜਾਂਦਾ ਹੈ ਜਿਵੇਂ ਆਧੁਨਿਕ ਸਾਹਿਤ ਵਿਧਾਵਾਂ ਗ਼ਜ਼ਲ, ਨਜ਼ਮ, ਰੁਬਾਈ, ਨਿੱਕੀ ਕਹਾਣੀ, ਇਕਾਂਗੀ ਤੇ ਨਾਵਲ ਆਦਿ

ਨਿਬੰਧਵਾਰਤਕ ਦੀ ਇਕ ਅਤਿ ਕੋਮਲ ਵਿਧੀ ਹੈ ਜੋ ਲੇਖ ਵਾਂਗ ਵਿਚਾਰਾਂ ਦਾ ਬਹੁਤ ਬੋਝ ਨਹੀਂ ਝੱਲ ਸਕਦੀ ਇਹ ਆਕਾਰ ਵਿਚ ਛੋਟੀ ਤੇ ਵਿਚਾਰਾਂ ਵਿਚ ਸੂਖਮ ਰੂਪ ਦੀ ਵਾਰਤਕ ਹੈ। ਇਸ ਦੀ ਤੁਲਨਾ ਨਿੱਕੀ ਕਹਾਣੀ ਨਾਲ ਕੀਤੀ ਜਾ ਸਕਦੀ ਹੈ। ਜਿਸ ਪ੍ਰਕਾਰ ਨਾਵਲ ਦੀ ਥਾਂ ਕਹਾਣੀ ਵਿਚ ਵਧੇਰੇ ਰੂਪਕ ਪਕਿਆਈ ਤੇ ਉੱਚ ਪ੍ਰਤਿਭਾ ਦੀ ਲੋੜ ਹੁੰਦੀ ਹੈ। ਉਸੇ ਪ੍ਰਕਾਰ ਨਿਬੰਧ ਵਿਚ ਲੇਖਕ ਵੱਲੋਂ ਇਕ ਵੀ ਫ਼ਾਲਤੂ ਵਾਕ ਨਹੀਂ ਲਿਖਿਆ ਜਾ ਸਕਦਾ ਪ੍ਰਤਿਭਾਸ਼ੀਲ ਨਿਬੰਧਕਾਰ ਆਪਣੇ ਨਿਬੰਧ ਇਕ ਵਿਚਾਰ ਤੇ ਹੀ ਕੇਂਦਰਿਤ ਹੈ। ਇਧਰ ਉਧਰ ਦੀਆ ਫਜ਼ੂਲ ਗੱਲਾਂ ਲਈ ਇਸ ਵਿੱਚ ਕੋਈ ਸਥਾਨ ਨਹੀਂ ਹੁੰਦਾ ਲੇਖਕ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਬੁੱਧੀ ਤੇ ਭਾਵਾਂ ਦੇ ਸੁਮੇਲ ਰਾਹੀਂ ਕਰਦਾ ਹੈ

ਜਦੋਂ ਕੋਈ ਸਮਾਜ ਪੂੰਜੀਵਾਦੀ ਦੌਰ ਵਿਚ ਪ੍ਰਵੇਸ਼ ਕਰਦਾ ਹੈ, ਭਾਵ ਸਮਾਜ ਵਿੱਚ ਬੌਧਿਕ ਪ੍ਰੀਕ੍ਰਿਆ ਦਾ ਮਹੱਤਵ ਵਧ ਜਾਂਦਾ ਹੈ, ਤਾਂ ਉਸ ਸਮੇਂ ਸਮਾਜ ਵਿਚ ਹੋਂਦ ਵਿਚ ਆਉਂਦੀ ਹੈ ਵਾਰਤਕ ਦਾ ਸਬੰਧ ਮੋਟੇ ਤੌਰ ਤੇ ਬੁੱਧੀ ਨਾਲ ਹੁੰਦਾ ਹੈ ਜਦੋਂ ਵਾਰਤਕ ਦਾ ਸਾਹਿਤ ਵਿਚ ਪ੍ਰਭਾਵ ਵਧਦਾ ਹੈ ਉਸ ਸਮੇਂ ਨਿਬੰਧ ਹੋਂਦ ਵਿਚ ਆਉਂਦਾ ਹੈ ਨਿਬੰਧ ਸਵੈ ਪ੍ਰਗਟਾ ਦਾ ਸਭ ਤੋਂ ਚੇਤਨ ਮਾਧਿਅਮ ਮੰਨਿਆਂ ਜਾਂਦਾ ਹੈ ਅਸਲੀਅਤ ਵਿਚ ਹੁਣ ਤੱਕ ਲੇਖਕ ਦੀ ਪਰਿਭਾਸ਼ਾ ਬਾਕੀ ਆਧੁਨਿਕ ਸਾਹਿਤ ਰੂਪਾਂ ਵਾਂਗ ਨਿਸਚਿਤ ਨਹੀਂ ਹੋਈ ਆਰੰਭ ਵਿਚ ਨਿਬੰਧ ਵੀ ਵਾਰਤਕਦਾਅਨਿਸ਼ਚਿਤ, ਨਿਯਮ ਤਹਿਤ ਪ੍ਰਗਟਾਵਾ ਸੀ ਇਸੇ ਲਈ ਜਾਨਸਨ ਨੇ ਨਿਬੰਧ ਨੂੰ ਵਿਉਂਤ ਵਜੋਂ ਸੱਖਣੀ ਅਤੇ ਅਣਪਚੀ ਰਚਨਾ ਕਿਹਾ ਸੀਆਰੰਭ ਵਿਚ ਕਿਸੇ ਵਿਸ਼ੇ ਦਾ ਸੰਪੂਰਣ ਪ੍ਰਗਟਾਅ ਨਹੀਂ ਸੀ ਕਰਦੀ ਸਗੋਂ ਇਸ ਦੇ ਲੇਖਕ ਦੇ ਵਿਅਕਤੀਤਵ ਦੀ ਸ਼ਮੂਲੀਅਤ ਲੋੜ ਤੋਂ ਜ਼ਿਆਦਾ ਹੁੰਦੀ ਸੀ ਇਹ ਗੱਲ ਕਹਿਣ ਸਮੇਂ ਜਾਨਸਨ ਦਾ ਵਧੇਰੇ ਧਿਆਨ ਇਸ ਦੇ ਰੂਪਕ ਪੱਖ ਵੱਲ ਸੀ ਨਿਬੰਧ ਕਲਾ ਦਾ ਇਤਿਹਾਸ ਵੀ ਨਿਸ਼ਚਿਤ ਰੂਪ ਵਿੱਚ ਨਹੀਂ ਲਿਖਿਆ ਗਿਆ

ਅੰਗਰੇਜ਼ੀ ਭਾਸ਼ਾ ਵਿੱਚ ਇਸ Essay ਲਈ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ ਇਸ ਸ਼ਬਦ ਦੇ ਸ਼ਾਬਦਿਕ ਅਰਥ ਯਤਨ ਜਾਂ ਹੰਭਲਾ ਹੈ ਇਸ ਦਾ ਭਾਵ ਹੈ ਕਿ ਕਿਸੇ ਵਿਸ਼ੇ ਉਤੇ ਨਿੱਜੀ ਦ੍ਰਿਸ਼ਟੀਕੋਣ ਤੋਂ ਹੱਥ ਅਜਮਾਉਣਾ ਲੰਮੇ ਅਰਸੇ ਤੱਕ ਨਿਬੰਧ ਰਚਨਾ ਹੁੰਦੀ ਰਹੀ, ਪਰ ਇਸ ਰਚਨਾ ਨੂੰ ਪਰਖਣ ਲਈ ਕੋਈ ਨਿਸ਼ਚਤ ਸੌਂਦਰਯ ਸਿਧਾਂਤ ਨਹੀਂ ਸਨ ਜਿਵੇਂ ਅਕਸਰ ਹੁੰਦਾ ਹੈ ਜਦੋਂ ਕੋਈ ਸਾਹਿਤ ਰੂਪ ਹੋਂਦ ਵਿਚ ਆਉਂਦਾ ਹੈ ਉਸ ਨੂੰ ਪਰਖਣ ਲਈ ਸੌਂਦਰਯ ਸਿਧਾਂਤ ਇਕਦਮਹੋਂਦ ਵਿਚ ਨਹੀਂ ਆ ਜਾਂਦੇ। ਸਿਰਜਣਾਤਮਕ ਸਾਹਿਤ ਦਾ ਸਬੰਧ ਸਮਾਜਿਕ ਪ੍ਰਕ੍ਰਿਆ ਨਾਲ ਹੁੰਦਾ ਹੈ ਸਮਾਜਿਕ ਪ੍ਰਕ੍ਰਿਆ ਦੇ ਵਿਕਾਸ ਨਾਲ ਹੀ ਸਾਹਿਤਕ ਵਿਧਾਵਾਂ ਪੈਦਾ ਹੁੰਦੀਆਂ ਹਨ ਤੇ ਉਨ੍ਹਾਂ ਦਾ ਵਿਕਾਸ ਹੁੰਦਾ ਹੈ ਨਿਬੰਧ ਲੰਮੇ ਸਮੇਂ ਤੱਕ ਅਨਿਸ਼ਚਿਤ ਤੇ ਬੇ-ਵਿਉਂਤੇ ਰੂਪ ਵਿਚ ਲਿਖਿਆ ਜਾ ਰਿਹਾ ਹੈ ਇਸ ਲਈ ਨਿਬੰਧ ਆਰੰਭ ਵਿਚ ਕੋਈ ਸਾਹਿਤ ਵਿਧਾ ਨਹੀਂ ਸੀ ਕਾਫ਼ੀ ਅਰਸੇ ਉਪਰੰਤ ਨਿਬੰਧ ਨੇ ਸਾਹਿੱਤਿਕ ਕਿਰਤਾਂ ਵਿਚ ਸੰਪੂਰਨਤਾ ਦਾ ਪ੍ਰਭਾਵ ਪਾਇਆ ਨਿਬੰਧ ਦੇ ਵਿਕਾਸ ਕਰਨ ਉਪਰੰਤ ਹੁਣ ਇਸ ਦਾ ਨਾਮ ਆਧੁਨਿਕ ਵਿਧਾਵਾਂ ਵਿਚ ਲਿਆ ਜਾਂਦਾ ਹੈ ਹਿੰਦੀ ਸਾਹਿਤ ਵਾਲੇ ਨਿਬੰਧ ਨੂੰ ਦੋ ਰੂਪਾਂ ਵਿੱਚ ਵੰਡਦੇ ਹਨ ਜਿਸ ਨਿਬੰਧ ਵਿਚ ਲੇਖਕ ਭਾਵਾਂ ਨੂੰ ਪ੍ਰਮੁੱਖਤਾ ਦੇਂਦਾ ਹੈ, ਉਨ੍ਹਾਂ ਨੂੰ ਭਾਵਨਾਤਮਕ ਨਿਬੰਧ ਕਿਹਾ ਜਾਂਦਾ ਹੈਤੇਜਿਸ ਨਿਬੰਧ ਵਿਚ ਪ੍ਰਮੁੱਖਤਾ ਵਿਚਾਰਾਂ ਨੂੰ ਦਿੱਤੀ ਜਾਂਦੀ ਹੈ,ਉਸ ਨਿਬੰਧ ਨੂੰ ਵਿਚਾਰਧਾਰਕ ਨਿਬੰਧ ਕਿਹਾ ਜਾਂਦਾ ਹੈ ਅੰਗਰੇਜ਼ੀ ਵਾਲੇ ਇਸ ਵੰਡ ਨੂੰ ਰਸਮੀ ਅਤੇ ਗੈਰ-ਰਸਮੀ ਵਰਗਾਂ ਵਿੱਚ ਵੰਡੇ ਹਨ ਪ੍ਰੋ. ਪੂਰਨ ਸਿੰਘ ਦੇ ਨਿਬੰਧ ਪੰਜਾਬੀ ਵਿੱਚ ਭਾਵਨਾਤਮਕ ਅਤੇ ਗੈਰ-ਰਸਮੀ ਨਿਬੰਧਾਂ ਦੀ ਖ਼ੂਬਸੂਰਤ ਮਿਸਾਲ ਹਨ ਅੰਗਰੇਜ਼ੀ ਵਿੱਚ ਇਸ ਦੀ ਪਰਿਭਾਸ਼ਾ ਇਕ ਥਾਂ ਇਸ ਤਰ੍ਹਾਂ ਕੀਤੀ ਗਈ ਹੈ : ਨਿਬੰਦ ਵਾਰਤਕ ਵਿਚ ਸਿਰਜਿਆ ਹੋਇਆ ਸਰੋਦੀ ਗੀਤ ਹੈ।ਬਹੁਤੇ ਨਿਬੰਧ ਇਸ ਪਰਿਭਾਸ਼ਾ ਦੇ ਅੰਤਰਗਤ ਆਉਂਦੇ ਹਨ ਇਸ ਵਰਗ ਵਿਚ ਅਲੋਚਨਾਤਮਕ ਤੇ ਵਿਗਿਆਨਕ ਨਿਬੰਧ ਨਹੀਂ ਆਉਂਦੇ ਅਸਲ ਵਿਚ ਇਹ ਨਹੀਂ ਹੁੰਦੇ ਕਿਉਂਕਿ ਇਹਨਾਂ ਵਿੱਚ ਬੜੇ ਰਸਮੀ ਢੰਗ ਨਾਲ ਨਿਸ਼ਚਤ ਵਿਉਂਤ ਅਤੇ ਨਿਯਮ ਅਨੁਸਾਰ ਵਿਸ਼ੇ ਦਾ ਪ੍ਰਗਟਾਅ ਕੀਤਾ ਜਾਂਦਾ ਹੈ ਵਿਸ਼ੇ ਨੂੰ ਹਰ ਪੱਖੋਂ ਘੋਖਣ ਉਪਰੰਤ ਕੁਝ ਨਤੀਜੇ ਕੱਢੇ ਜਾਂਦੇ ਹਨ ਇਨ੍ਹਾਂ ਲਈ ਅੰਗਰੇਜ਼ੀ ਸ਼ਬਦ Treartise ਵਰਤਿਆ ਜਾਂਦਾ ਹੈ ਇਸ ਲਈ ਇਨ੍ਹਾਂ ਰਸਮੀ ਨਿਬੰਧਾਂ ਵਿਚ ਸਿਰਜਨਾਤਮਕਤਾ ਘਾਟ ਹੁੰਦੀ ਹੈ ਇਹਨਾਂ ਵਿਚ ਵਿਗਿਆਨਿਕ ਨਿਯਮਾਂ ਦੀ ਬਹੁਲਤਾ ਤੇ ਲੇਖਕ ਦਾ ਸਵੈ-ਪ੍ਰਗਟਾਅ ਘੱਟ ਹੁੰਦਾ ਹੈਇਸ ਲਈ ਰਸਮੀ ਨਿਬੰਧ ਨੂੰ ਸਿਰਜਨਾਤਮਕ ਰਚਨਾ ਘੱਟ ਮੰਨਿਆ ਜਾਂਦਾ ਹੈ

**1.4.5 ਸਿੱਟਾ**

ਵਿਸ਼ਵ ਦੇ ਹਰ ਸਾਹਿਤ ਵਿਚ ਦੋਵੇਂ ਪ੍ਰਕਾਰ ਦੀਆਂ ਵੰਨਗੀਆਂ ਦੇ ਨਿਬੰਧ ਮਿਲ ਜਾਂਦੇ ਹਨ ਅਸਲੀਅਤ ਵਿਚ ਨਿਬੰਧ ਇਕ ਸਿਰਜਨਾਤਮਕ ਰਚਨਾ ਹੈ, ਭਾਵੇਂ ਇਹ ਲਿਰਿਕ ਦਾ ਰੂਪ ਹੋਵੇ ਭਾਵੇਂ ਗੈਰ ਰਸਮੀ ਵਾਰਤਾਇਹ ਆਪਣੇ ਨਿਭਾ ਤੇ ਪ੍ਰਗਟਾਅ ਵਿਅਕਤੀਗਤ ਹੁੰਦਾ ਹੈ ਸਰੋਦੀ ਗੀਤ (Lyric) ਸਵੈ ਪ੍ਰਗਟਾਵੇ ਦੀ ਸਭ ਤੋਂ ਤੀਬਰ ਅਤੇ ਵੇਗਭਰਪੂਰ ਆਪ ਮੁਹਾਰੇ ਸਿਰਜੀ ਰਚਨਾ ਹੈ ਕਿਉਂਕਿ ਨਿਬੰਧ ਵਿਚ ਵੀ ਇਕ ਚੇਤਨ ਸ਼ਖ਼ਸੀਅਤਸਵੈ-ਦ੍ਰਿਸ਼ਟੀਕੋਂਣ ਨੂੰ ਆਪਣੇ ਮੌਲਿਕ ਰੂਪ ਵਿਚ ਪੇਸ਼ ਕਰਦੀ ਹੈ। ਇਹਨਾਂ ਦਾ ਅੰਤਰ ਕੇਵਲ ਇਹ ਹੈ ਕਿ ਲਿਰਿਕ ਕਵਿਤਾ ਤੇ ਨਿਬੰਧ ਵਾਰਤਕ ਹੁੰਦਾ ਹੈ। ਨਿਬੰਧ ਵੀ ਇਕ ਆਪ ਮੁਹਾਰਾ ਵੇਗਮਈ ਪ੍ਰਗਟਾ ਹੀ ਹੈ। ਇਹਨਾਂ ਦੋਹਾਂ ਵਿਚ ਅੰਤਰ ਕੇਵਲ ਇਹੋ ਹੈ ਕਿ ਕਵਿਤਾ ਵਿਚ ਬਹੁਲਤਾ ਭਾਵਾਂ ਦੀ ਹੁੰਦੀ ਹੈ ਜਦੋਂ ਕਿ ਨਿਬੰਦ ਵਿਚ ਵਿਚਾਰ ਵੀ ਕਾਫ਼ੀ ਮਾਤਰਾ ਵਿਚ ਵਿਦਮਾਨ ਰਹਿੰਦੇ ਹਨ।

ਇਹ ਇਕ ਆਮ ਮੰਨਣ ਵਾਲੀ ਗੱਲ ਹੈ ਕਿ ਨਿਬੰਧ ਵਾਰਤਕ ਵਿਚ ਰਚੀ ਹੋਈ ਰਚਨਾ ਹੈ ਵਾਰਤਕ ਦਾ ਮਾਧਿਅਮ ਹੀ ਬੌਧਿਕ ਹੈ ਨਿਬੰਧ ਵਿਚ ਭਾਵ ਕਿੰਨੇ ਵੀ ਵੇਗਮਈ ਹੋਣ ਪਰ ਵਾਰਤਕ ਵਿਚ ਹੋਣ ਕਾਰਨ ਵਿਚਾਰਾਂ ਦੀ ਕੜੀ ਵੀ ਨਾਲੋ ਨਾਲ ਤੁਰਦੀ ਹੈਸਾਰਤਰ ਅਨੁਸਾਰ ਵਾਰਤਕ ਵਿਚ ਲੇਖਕ ਆਪਣੇ ਭਾਵਾਂ ਨੂੰ ਕਿਸੇ ਦ੍ਰਿਸ਼ਟੀਕੋਣ ਰਾਹੀਂ ਪੇਸ਼ ਕਰਦਾ ਹੈ ਵਾਰਤਕ ਆਪਣੇ ਇਸ ਦ੍ਰਿਸ਼ਟੀਕੋਣ ਲਈ ਵਚਨਬੱਧ ਹੈ ਵਚਨਬੱਧਤਾ ਦੀ ਕਿਰਿਆ ਬੌਧਿਕ ਤੇ ਚੇਤਨ ਪ੍ਰਕਿਰਿਆ ਹੈ ਹਰਬਰਟ ਰੀਡ ਵਾਰਤਕ ਨੂੰ ਇਕ ਉਸਾਰੂ ਰਚਨਾ ਕਹਿੰਦਾ ਹੈਇਸ ਲਈ ਵਾਰਤਕ ਸਹਿਜ-ਸੁਭਾ ਹੀ ਗਿਆਨ ਮਈ ਚੇਤਨਾ ਦੀ ਮੰਗ ਕਰਦੀ ਹੈ ਜੋ ਨਿਬੰਧ ਵਾਰਤਕ ਵਿਚ ਲਿਖਿਆ ਜਾਂਦਾ ਹੈ ਤਾਂ ਇਹ ਵੀ ਗਿਆਨ ਭਰਪੂਰ ਸੰਪੂਰਨ ਪਰ ਵੇਗਮਈ ਜਿਰਜਣਾ ਬਣ ਜਾਂਦੀ ਹੈ

ਲੇਖ ਵਧੇਰੇ ਵਿਚਾਰਾਤਮਕ ਹੁੰਦਾ ਹੈ, ਭਾਵਾਤਮਕ ਨਹੀਂ ਪਰੰਤੂ ਵਿਚਾਰਾਤਮਕ ਉਸ ਰੂਪ ਵਿਚ ਨਹੀਂ ਜਿਸ ਰੂਪ ਵਿਚ ਵਿਗਿਐਆਨ ਤੇ ਲੇਖ ਹੁੰਦੇ ਹਨ। ਅੰਤ ਵਿਚ ਨਿਸ਼ਕਰਸ਼ ਦੇ ਤੌਰ ਤੇ ਇਹ ਆਖਿਆ ਜਾ ਸਕਦਾ ਹੈ ਕਿ ਨਿਬੰਧ, ਲੇਖ ਦੀ ਥਾਂ ਵਧੇਰੇ ਵਿਅਕਤੀਪੂਰਕ ਹੁੰਦਾ ਹੈ ਭਾਂਵੇ ਇਸ ਵਿਚੋਂ ਵਿਚਾਰਾਂ ਦੀ ਵੀ ਝਲਕ ਮਾਰਦੀ ਹੈ।

### 1.4.6 ਪ੍ਰਸ਼ਨ

1. ਨਿਬੰਧ ਵਾਰਤਕ ਰੂਪ ਦੇ ਵੱਖ-ਵੱਖ ਤੱਤਾਂ ਬਾਰੇ ਦੱਸੋ।
2. ਨਿਬੰਧ ਦੇ ਵੱਖ ਵੱਖ ਰੂਪਾਂ ਦਾ ਵਰਗੀਕਰਨ ਕਰੋ।
3. ਵਾਰਤਕ ਸ਼ੈਲੀ ਦੇ ਆਧਾਰ ਤੇ ਦੱਸੋ ਕਿ ਨਿਬੰਧ ਸ਼ੈਲੀਗਤ ਤੌਰ ਤੇ ਕੀ ਮਹੱਤਤਾ ਰੱਖਦਾ ਹੈ।

### 1.4.7 ਸਹਾਇਕ ਪੁਸਤਕ ਸੂਚੀ

1. ਖੋਜ ਪਤ੍ਰਿਕਾ : ਵਾਰਤਕ ਵਿਸ਼ੇਸ ਅੰਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
2. ਭਾਸ਼ਾ ਵਿਭਾਗ - ਪੰਜਾਬੀ ਸਾਹਿਤ ਦਾ ਇਤਿਹਾਸ
3. ਰਤਨ ਸਿੰਘ ਜੱਗੀ - ਸਾਹਿਤ ਦੇ ਰੂਪ
4. ਬਲਬੀਰ ਸਿੰਘ - ਪੰਜਾਬੀ ਨਿਬੰਧ : ਸਰੂਪ ਸਿਧਾਂਤ ਅਤੇ ਵਿਕਾਸ

**Converted in Self Learning Mode by Dr. Gurpreet Kaur**

**Last Update June 10, 2023**

ਪਾਠ ਨੰਬਰ : 1.5

# ਸਵੈ-ਜੀਵਨੀ ਪ੍ਰਕਿਰਤੀ, ਤੱਤ ਤੇ ਸਿਰਜਣ ਵਿਧੀਆਂ

1.5.1 ਪਾਠ ਦਾ ਮੰਤਵ

1.5.2 ਭੂਮਿਕਾ

1.5.3 ਜੀਵਨੀ ਅਤੇ ਸਵੈ-ਜੀਵਨੀ

1.5.4 ਸਵੈ-ਜੀਵਨੀ ਅਤੇ ਹੋਰ ਵਾਰਤਕ ਵਿਧਾਵਾਂ

1.5.5 ਸਿੱਟਾ

1.5.6 ਪ੍ਰਸ਼ਨ ਉੱਤਰ

1.5.7 ਸਹਾਇਕ ਪੁਸਤਕ ਸੂਚੀ

## 1.5.1 **ਪਾਠ ਦਾ ਮੰਤਵ** :

ਇਸ ਪਾਠ ਦਾ ਮੰਤਵ ਸਵੈ-ਜੀਵਨੀ ਦੀ ਪ੍ਰਕਿਰਤੀ, ਤੱਤ ਅਤੇ ਸਿਰਜਣ ਵਿਧੀਆਂ ਬਾਰੇ ਜਾਣਕਾਰੀ ਦੇਣਾ ਹੈ ਜੀਵਨੀ ਅਤੇ ਸਵੈ-ਜੀਵਨੀ ਵਿੱਚ ਅੰਤਰ ਨਿਖੇੜ ਕਰਨ, ਸਵੈ-ਜੀਵਨੀ ਦਾ ਹੋਰ ਵਾਰਤਕ ਵਿਧਾਵਾਂ ਨਾਲ ਸੰਬੰਧ ਨਿਸ਼ਚਿਤ ਕਰਨਾ ਵੀ ਇਸ ਪਾਠ ਤੇ ਮਤ ਵਿੱਚ ਸ਼ਾਮਿਲ ਹੈ

ਸਭ ਤੋਂ ਪਹਿਲਾਂ ਜੀਵਨੀ ਦਾ ਸਰੂਪ ਨਿਸ਼ਚਤ ਕੀਤਾ ਗਿਆ ਹੈ ਸਰੂਪ ਨਿਸ਼ਚਤ ਕਰਨ ਤੋਂ ਬਾਅਦ ਜੀਵਨੀ ਅਤੇ ਇਤਿਹਾਸ ਵਿੱਚ ਨਿਖੇੜਾ ਕੀਤਾ ਗਿਆ ਹੈਜੀਵਨੀ ਦੇ ਭੇਦ ਅੰਕਤ ਕਰਨ ਤੋਂ ਬਾਅਦ ਜੀਵਨੀ ਅਤੇ ਸਵੈ-ਜੀਵਨੀ ਦੇ ਅੰਤਰ ਨੂੰ ਦਰਸਾਇਆ ਗਿਆ ਹੈ ਉਸ ਤੋਂ ਬਾਅਦ ਇਤਿਹਾਸ ਅਤੇ ਸਵੈ-ਜੀਵਨੀ, ਰੇਖਾ ਚਿੱਤਰ ਅਤੇ ਸਵੈ-ਜੀਵਨੀ, ਸਵੈ-ਜੀਵਨੀ ਅਤੇ ਡਾਇਰੀ, ਚਿੱਠੀਆਂ ਅਤੇ ਸਵੈ ਜੀਵਨੀ ਦੇ ਭੇਦਾਂਨੂੰ ਚਿਤਰਿਆ ਗਿਆ ਹੈ

## 1.5.2 ਭੂਮਿਕਾ

ਸਾਹਿਤ ਦੇ ਬਾਕੀ ਰੂਪਾਂ ਵਾਂਗ ਸਵੈ-ਜੀਵਨੀ ਵੀ ਆਧੁਨਿਕ ਸਾਹਿਤ ਦਾ ਇੱਕ ਮਹੱਤਵਪੂਰਨ ਰੂਪ ਹੈ ਇਸ ਸਾਹਿਤ ਰੂਪ ਦੇ ਨਾਮ ਵਿੱਚ ਦੋ ਸ਼ਬਦ ਵਰਤੋਂ ਵਿਚ ਲਿਆਏ ਗਏ ਹਨ ਭਾਵ ਜੀਵਨ ਅਤੇ ਕਹਾਣੀ ਜੀਵਨ ਤੋਂ ਭਾਵ ਹੈ ਕਿਸੇ ਵਿਅਕਤੀ ਦੇ ਜੀਵਨ ਸਮਾਚਾਰ ਤੇ ਕਥਾ ਤੋਂ ਭਾਵ ਹੈ ਕਹਾਣੀ ਜਿਸ ਰਚਨਾ ਵਿਚ ਕਿਸੇ ਵਿਅਕਤੀ ਦੇ ਜੀਵਨ ਦੀ ਕਹਾਣੀ ਸਿਰਜੀ ਗਈ ਹੋਵੇ ਉਸ ਰਚਨਾ ਨੂੰ ਸਵੈ-ਜੀਵਨੀ ਕਿਹਾ ਜਾਂਦਾ ਹੈ ਜੇਕਰ ਇਸ ਵਿਚਾਰ ਨੂੰ ਸੱਚ ਮੰਨ ਲਈਏ ਤਾਂ ਸਾਨੂੰ ਨਾਵਲਾਂ, ਕਹਾਣੀਆਂ, ਰੇਖਾ-ਚਿੱਤਰ ਤੇ ਸਵੈ-ਜੀਵਨੀ ਆਦਿ ਕਈ ਸਿਹਤ ਰੂਪਾਂਵਿੱਚ ਲਿਖੀਆਂ ਹੋਈਆਂ ਕਹਾਣੀਆਂ ਨੂੰ ਵੀ ਸਵੈ-ਜੀਵਨੀ ਹੀ ਮੰਨਣਾ ਪਏਗਾ ਪਰੰਤੂ ਅਸੀਂ ਨਾਵਲ, ਕਹਾਣੀ ਤੇ ਸਵੈ-ਜੀਵਨੀ ਨੂੰ ਆਮ ਤੌਰ ਤੇ ਸਵੈ-ਜੀਵਨੀ ਤੋਂ ਵੱਖਰੇ ਸਾਹਿਤ ਰੂਪ ਮੰਨਦੇ ਹਾਂ

ਜੀਵਨ -ਕਥਾ ਬਾਰੇ ਨਿਸ਼ਚਿਤ ਹੈ ਕਿ ਇਹ ਵਿਸ਼ੇਸ਼ ਅਤੇ ਮਹੱਤਵਪੂਰਨ ਵਿਅਕਤੀਆਂ ਦੀ ਹੀ ਲਿਖੀ ਜਾਂਦੀ ਹੈਸਵੈ-ਜੀਵਨੀ ਦਾ ਨਾਇਕ ਰਚਨਾ ਵਿਚ ਵਿਅਕਤੀ ਹੀ ਰਹਿੰਦਾ ਹੈ,ਪਾਤਰ ਨਹੀਂ ਬਣਦਾ ਜਦੋਂ ਕਿ ਗਲਪ ਦਾ ਵਿਅਕਤੀ ਰਚਨਾ ਵਿਚ ਪਾਤਰ ਬਣ ਜਾਂਦਾ ਹੈ ਆਧੁਨਿਕ ਸਾਹਿਤ ਵਿੱਚ ਸਵੈ-ਜੀਵਨੀ ਤੇ ਨਾਵਲਾਂ ਦੇ ਰਚਨਾ ਕਰਨਲੇਖਕਾਂ ਦਾ

ਮਨੋਰਥ ਵੱਖੋ ਵੱਖਰਾ ਹੁੰਦਾ ਹੈ ਮਨੋਰਥ ਦੀ ਭਿੰਨਤਾ ਕਾਰਨ ਹੀ ਸਾਹਿਤ ਰੂਪਾਂ ਵਿੱਚ ਅੰਤਰ ਆਉਂਦਾ ਹੈਸਵੈ-ਜੀਵਨੀ ਦੇ ਰਚੇਤਾ ਦਾ ਮੁੱਖ ਮਨੋਰਥ ਰਚਨਾ ਵਿਚ ਵਿਸ਼ੇਸ਼ ਵਿਅਕਤੀ ਦੇ ਵਿਲੱਖਣ ਗੁਣਾਂ ਨੂੰ ਉਜਾਗਰ ਕਰਨਾ ਹੈਸਵੈ-ਜੀਵਨੀ ਵਿਚਲਾ ਵਿਅਕਤੀ ਸਮਾਜ ਸੁਧਾਰਕ, ਰਾਜਨੀਤੀਵਾਨ, ਧਾਰਮਕ ਆਗੂ ਜਾਂ ਕ੍ਰਾਂਤੀਕਾਰੀ ਆਗੂ ਆਦਿ ਕੁਝ ਵੀ ਹੋ ਸਕਦਾ ਹੈਸਵੈ-ਜੀਵਨੀ ਲਿਖਣ ਵਾਲੇ ਲੇਖਕ ਦਾ ਪ੍ਰਮੁੱਖ ਜ਼ੋਰ ਕਥਾ ਵਿਚਲੇ ਨਾਇਕ ਦੇਵਿਭਿੰਨ ਗੁਣਾਂ ਨੂੰ ਉਭਾਰ ਕੇ ਸਮਾਜ ਨੂੰ ਸੇਧ ਦੇਣਾ ਹੁੰਦਾ ਹੈ

ਗਲਪ ਵਿਚ ਸਵੈ-ਜੀਵਨੀਦੀ ਇੱਕ ਹੋਰ ਸਾਂਝ ਵੀ ਹੈ ਸੰਸਾਰ ਦੀਆਂ ਸਾਰੀਆਂ ਭਾਸ਼ਾਵਾਂ ਵਿੱਚ ਬਹੁਤ ਸਾਰੇ ਨਾਵਲ ਅਜਿਹੇ ਹਨ ਜਿਨ੍ਹਾਂ ਦਾ ਆਧਾਰ ਇਤਿਹਾਸਕਤਾ ਹੈ ਇਨ੍ਹਾਂ ਨਾਵਲਾਂ ਵਿੱਚ ਵੀ ਵਿਸ਼ੇਸ਼ ਇਤਿਹਾਸਕਦੀਆਂ ਜੀਵਨੀਆਂ ਨੂੰ ਅੰਕਿਤ ਕੀਤਾ ਹੋਇਆ ਹੈ ਪੰਜਾਬੀ ਨਾਵਲ ਸਾਹਿਤ ਵਿਚ ਗਿਆਨੀ ਕੇਸਰ ਸਿੰਘ ਨੇ ਮਦਨ ਲਾਲ ਢੀਂਗਰਾ, ਸ਼ਹੀਦ ਊਧਮ ਸਿੰਘ, ਹਰੀ ਸਿੰਘ ਉਸਮਾਨ, ਮੇਵਾ ਸਿੰਘ ਲੋਪੋਕੇ ਆਦਿ ਕਈ ਵਿਸ਼ੇਸ਼ ਇਤਿਹਾਸਕ ਵਿਅਕਤੀਆਂ ਦੇ ਜੀਵਨੀ-ਨੁਮਾ ਨਾਵਲ ਲਿਖੇ ਹਨ ਇਹ ਨਾਵਲ ਇਸ ਪ੍ਰਕਾਰ ਦੇ ਹਨ ਕਿ ਇਨ੍ਹਾਂ ਨੂੰ ਸਵੈ-ਜੀਵਨੀ ਸਾਹਿਤ ਤੇ ਨਾਵਲ ਸਾਹਿਤ ਦੋਵਾਂ ਵਿੱਚ ਰੱਖਿਆ ਜਾ ਸਕਦਾ ਹੈ ਇਹ ਗੱਲ ਇਸ ਲਈ ਹੀ ਕਹੀ ਜਾ ਸਕਦੀ ਹੈ ਇਸ ਸਾਹਿਤ ਵਿੱਚ ਸਵੈ-ਜੀਵਨੀ ਤੇ ਗਲਤ ਸਾਹਿਤ ਦੋਵਾਂ ਦੀਆਂ ਵਿਸ਼ੇਸ਼ਤਾਵਾਂ ਮੌਜੂਦ ਹਨ ਇਹ ਲੇਖਕ ਇਨ੍ਹਾਂ ਨਾਵਲਾਂ ਦੀ ਰਚਨਾ ਕਰਨ ਤੋਂ ਪਹਿਲਾਂਉਪਰੋਕਤ ਵਰਣਿਤ ਇਤਿਹਾਸਕ ਵਿਅਕਤੀਆਂ ਦੇ ਜੀਵਨ ਸਮਾਚਾਰਾਂ ਨਾਲ ਸੰਬੰਧਤ ਇਤਿਹਾਸਕ ਤੱਥਾਂ ਦੀ ਭਰਪੂਰ ਖੋਜ ਕਰਦਾ ਹੈ ਨਾਵਲ ਵਿਚ ਵਰਤੀ ਗਈ ਸਮੱਗਰੀ ਇਤਿਹਾਸਕ ਤੌਰ ਤੇ ਵਿਗਿਆਨਕਤਾ ਦੀ ਕਸਵੱਟੀ ਉੱਤੇ ਪੂਰੀ ਉਤਰਦੀ ਹੈ ਦੂਜੇ ਪਾਸੇ ਇਨ੍ਹਾਂ ਪਾਤਰਾਂ ਤੇ ਇਤਿਹਾਸ ਦੇ ਸਮੇਂ ਦੇ ਸਮਾਜਕ ਯਥਾਰਥ ਨੂੰ ਸਿਰਜਣ ਲਈ ਅਨੇਕ ਪਾਤਰ ਤੇ ਘਟਨਾਵਾਂ ਦੀ ਸਿਰਜਣਾ ਵੀ ਕਰਦਾ ਹੈ ਇਹੋ ਕਾਰਨ ਹੈ ਕਿ ਵਿਦਵਾਨ ਗਿਆਨੀ ਕੇਸਰ ਸਿੰਘ ਦੇ ਨਾਵਲਾਂ ਉੱਤੇ ਇਕਮੱਤ ਨਹੀਂ ਹਨਸਵੈ-ਜੀਵਨੀਕਸਵੱਟੀ ਉੱਤੇ ਪਰਖਣ ਵਾਲੇ ਵਿਦਵਾਨਾਂ ਨੂੰ ਇਨ੍ਹਾਂ ਵਿੱਚੋਂ ਸਵੈ-ਜੀਵਨੀ ਦੇ ਦੋਸ਼ ਮਿਲ ਜਾਂਦੇ ਹਨ ਤੇ ਨਾਵਲ ਆਲੋਚਕਾਂ ਨੂੰ ਇਨ੍ਹਾਂ ਵਿੱਚੋਂ ਨਾਵਲ ਕਲਾ ਦੇ ਦੋਸ਼ ਲੱਭ ਪੈਂਦੇ ਹਨ

ਇਹ ਗੱਲ ਨਿਸ਼ਚਿਤ ਤੌਰ ’ਤੇ ਆਖੀ ਜਾ ਸਕਦੀ ਹੈ ਕਿ ਸਵੈ-ਜੀਵਨੀ ਕਿਸੇ ਮਹੱਤਵਪੂਰਨ ਇਤਿਹਾਸਕ ਵਿਅਕਤੀ ਦੀ ਹੀ ਲਿਖੀ ਜਾ ਸਕਦੀ ਹੈ, ਜਿਸ ਨੇ ਜੀਵਨ ਦੇ ਕਿਸੇ ਨਾ ਕਿਸੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੋਵੇ ਜਾਂ ਪਾ ਰਿਹਾ ਹੋਵੇਸਵੈ-ਜੀਵਨੀ ਬਾਰੇ ਇਹ ਗੱਲ ਦੀ ਵੀ ਮਹੱਤਵਪੂਰਨ ਹੈਕਿ ਇਸ ਨੂੰ ਲਿਖਣ ਵਾਲਾ ਵਿਅਕਤੀ ਜਾਂ ਰਚੇਤਾ ਜੀਵਨ ਵਿਚਲੇ ਵਿਅਕਤੀ ਦਾ ਨਿਕਟਵਰਤੀ ਹੋਵੇ ਜਾਂ ਉਸ ਬਾਰੇ ਭਰਪੂਰ ਜਾਣਕਾਰੀ ਰੱਖਦਾ ਹੋਵੇ ਜੇਕਰ ਜੀਵਨੀ ਲੇਖਕ ਜੀਵਨੀ ਵਿਚਲੇ ਵਿਅਕਤੀ ਵਿਸ਼ੇਸ਼ ਬਾਰੇ ਭਰਪੂਰ ਜਾਣਕਾਰੀ ਰੱਖਦਾ ਹੋਵੇ ਤਾਂ ਹੀ ਉਹ ਲੇਖਕ ਜੀਵਨੀ ਲਿਖ ਸਕੇਗਾ ਸਵੈ-ਜੀਵਨੀ ਤੇ ਜੀਵਨੀ ਵਿਚ ਪ੍ਰਮੁੱਖ ਅੰਤਰ ਇਹ ਹੈ ਸਵੈ-ਜੀਵਨੀ ਕੋਈ ਵਿਅਕਤੀ ਆਪ ਲਿਖਦਾ ਹੈ ਤੇ ਜੀਵਨੀ ਕਿਸੇ ਵਿਅਕਤੀ ਦੀ ਕੋਈ ਦੂਜਾ ਵਿਅਕਤੀ ਲਿਖਦਾ ਹੈ

ਸਵੈ-ਜੀਵਨੀ ਬਾਰੇ ਵਿਭਿੰਨ ਵਿਦਵਾਨਾਂ ਨੇ ਵੱਖੋ-ਵੱਖਰੀਆਂ ਉਦਾਹਰਣਾ ਦੇਣ ਦਾ ਯਤਨ ਕੀਤਾ ਹੈ‘ਡਿਕਸ਼ਨਰੀ ਆਫ ਲਿਟਰੇਰੀ ਟਰਮਜ਼’ਦਾ ਸੰਪਾਦਕ ‘ਹੈਰੀ-ਸ਼ਾਅ’ ਨੂੰ ਕਿਸੇ “ਅਸਲ ਵਿਅਕਤੀ ਦੇ ਜੀਵਨ ਦਾ ਜਾਂ ਕਿਸੇ ਛੋਟੇ ਪਰ ਪੂਰੀ ਤਰ੍ਹਾਂ ਨਾਲ ਜੁੜੇ ਹੋਏ ਇਕੱਠ; ਜਿਵੇਂ ਪਰਵਾਰ ਦਾ ਲਿਖਤੀ ਵਰਣਨ ਕਹਿੰਦਾ ਹੈ”ਇਸ ਪ੍ਰਕਾਰ ਹੀ ਬ੍ਰਿਟਿਸ਼ ਜੂਨੀਅਰ ਇਨਸਾਈਕਲੋਪੀਡੀਆਇਸ ਨੂੰ ਕਿਸੇ ਅਸਲ ਵਿਅਕਤੀ ਦੀ ਕਲਾਤਮਕ ਢੰਗ ਨਾਲ ਦੱਸੀ ਅਜਿਹੀ ਕਹਾਣੀ ਮੰਨਦਾ ਹੈ ਜਿਸ ਵਿਚ ਵਿਅਕਤੀ ਦੇ ਜੀਵਨ ਦੀਆਂ ਅਸਲ ਘਟਨਾਵਾਂ ਅਤੇ ਉਸ ਦੇ ਵਿਹਾਰ ਕਰਮ ਨੂੰ ਵਫਾਦਾਰੀਨਾਲ ਪ੍ਰਸਤੁਤ ਕੀਤਾ ਗਿਆ ਹੋਵੇਸਵੈ-ਜੀਵਨੀ ਦਾ ਇਹ ਸੰਕਲਪ ਸਪਸ਼ਟ ਰੂਪ ਵਿੱਚ ਪਹਿਲੇ ਨਾਲੋਂ ਇਸ ਗੱਲ ਵਿਚ ਸ੍ਰੇਸ਼ਟ ਹੈ ਕਿ ਇਹ ਜੀਵਨ ਦੀਆਂ ਸਿਰਫ਼ ਘਟਨਾਵਾਂ ਉੱਤੇ ਬਲ ਹੀ ਨਹੀਂ ਦੇਂਦਾਬਲਕਿ ਵਿਅਕਤੀ ਵਿਸ਼ੇਸ਼ ਦੇ ਵਿਹਾਰ-ਕਰਮ ਦੇ ਅਸਲ ਵਿੱਚ ਸਮਾਜਿਕ ਅਤੇ ਸੱਭਿਆਚਾਰਕ ਅਧਿਐਨ ਵੀ ਹੁੰਦਾ ਹੈ ਇਸ ਤੋਂ ਭਾਵ ਹੈ ਵਿਅਕਤੀ ਆਪਣੇ ਸਮੇਂ ਦੇ ਸਮਾਜ ਦੀ ਹੀ ਉਪਜ ਹੁੰਦਾ ਹੈ ਇਸ ਇਨਸਾਈਕਲੋਪੀਡੀਆ ਦੀ ਪਰਿਭਾਸ਼ਾ ਹੇਠ ਲਿਖੇ ਅਨੁਸਾਰ ਹੈ,

“ਜੀਵਨੀ ਕਿਸੇ ਵਿਅਕਤੀ ਦੇ ਜੀਵਨ-ਇਤਿਹਾਸ ਦੀ ਅਜਿਹੀ ਪੁਨਰ-ਸਿਰਜਨਾ ਹੈ, ਜਿਸ ਵਿਚ ਉਸ ਸਮੇਂ ਦੀ ਰੋਜ਼ਾਨਾ ਜ਼ਿੰਦਗੀ ਦਾ ਸਮਾਜਕ ਸੱਚ ਅਤੇ ਸੱਭਿਆਚਾਰ ਵੀ ਨਿਰੂਪਤ ਹੋਵੇ”

ਪ੍ਰਸਿੱਧ ਸਾਹਿਤ ਸ਼ਾਸਤਰੀ ਸ਼ਿਪਲੇ ਸਵੈ-ਜੀਵਨੀ ਨੂੰ ਵਿਅਕਤੀ ਵਿਸ਼ੇਸ਼ ਦੇ ਚਰਿੱਤਰ ਦੇ ਆਦਰਸ਼ਿਆਉਣ ਦੀ ਪ੍ਰਕਿਰਿਆ ਨਾਲ ਜੋੜਦਾ ਹੈ

ਜੀਵਨੀ ਕਿਸੇ ਵਿਅਕਤੀ ਵਿਸ਼ੇਸ਼ ਦੀਆਂ ਜੀਵਨ-ਘਟਨਾਵਾਂ ਦਾ ਵਰਣਨ ਹੈ ਅਤੇ ਆਪਣੇ ਆਦਰਸ਼ ਰੂਪ ਵਿੱਚ ਇਹ ਯਤਨ ਪੂਰਵਕ ਲਿਖਿਆ ਗਿਆ ਇਤਿਹਾਸ ਹੈ ਜਿਸ ਵਿੱਚ ਵਿਅਕਤੀ ਵਿਸ਼ੇਸ਼ ਦੇ ਸੰਪੂਰਨ ਜੀਵਨ ਜਾਂ ਉਸ ਦੇ ਕਿਸੇ ਅੰਸ਼ ਨਾਲ ਸਬੰਧਤ ਗੱਲਾਂ ਦਾ ਵਰਣਨ ਮਿਲਦਾ ਹੈ ਇਹ ਗੱਲਾਂ ਉਸ ਨੂੰ ਜੀਵਨੀ ਸਾਹਿਤ ਵਿਧਾ ਦਾ ਰੂਪ ਪ੍ਰਦਾਨ ਕਰਦੀਆਂ ਹਨ

ਉਪਰੋਕਤ ਸਾਰੀਆਂ ਪਰਿਭਾਸ਼ਾਵਾਂਟ 'ਸਵੈ-ਜੀਵਨੀ' ਦੀ ਜਟਿਲ ਪ੍ਰਕਿਰਤੀ ਨੂੰ ਪ੍ਰਗਟਾਉਂਦੀਆਂ ਹਨਸਵੈ-ਜੀਵਨੀ ਵਿਅਕਤੀ ਵਿਸ਼ੇਸ਼ ਦੇ ਜੀਵਨ ਦੀਆਂ ਮਹੱਤਵਪੂਰਨ ਗਤੀਵਿਧੀਆਂ ਨੂੰ ਪ੍ਰਗਟਾਉਂਦੀ ਹੈ, ਉਸ ਦਾ ਸਮਾਜਿਕ ਤੇ ਸੱਭਿਆਚਾਰਕ ਮਹੱਤਵ ਵੀ ਦਰਸਾਉਂਦੀ ਹੈ,ਸਵੈ-ਜੀਵਨੀ ਸਾਧਾਰਨ ਵਿਅਕਤੀਆਂ ਲਈ ਪ੍ਰੇਰਨਾ ਸਰੋਤ ਦਾ ਪ੍ਰਕਾਰਜ ਵੀ ਕਰਦੀ ਹੈ ਜਿੱਥੇ ਮਹੱਤਵਪੂਰਨ ਵਿਅਕਤੀ ਦੀ ਸਵੈ-ਜੀਵਨੀ ਵਿਅਕਤੀ ਦੇ ਵਿਸ਼ੇਸ਼ ਗੁਣਾਂ ਨੂੰ ਦਰਸਾਉਂਦੀ ਹੈਉੱਥੇ ਇਹੋ ਕਥਾ ਸਮਾਜ ਵਿਸ਼ੇਸ਼ ਦੇ ਵਿਸ਼ੇਸ਼ ਕਾਲ ਦੇ ਕੀਮਤ ਪ੍ਰਬੰਧ ਨੂੰ ਪੇਸ਼ ਕਰਨ ਦਾ ਯਤਨ ਕਰਦੀ ਹੈ

ਸਵੈ-ਜੀਵਨੀ ਸੰਬੰਧੀ ਕਈ ਪੰਜਾਬੀ ਦੇ ਵਿਦਵਾਨਾਂ ਨੇ ਵੀ ਆਪਣੇ ਵਿਚਾਰ ਪ੍ਰਗਟਾਏ ਹਨ ਡਾ. ਮਹਿੰਦਰਪਾਲ ਕੋਹਲੀ ਦਾ ਵਿਚਾਰ ਹੈ ਕਿ ਕਿਸੇ ਵਿਸ਼ੇਸ਼ ਵਿਅਕਤੀ ਦੇ ਜੀਵਨ ਬਿਰਤਾਂਤ ਨੂੰ ਜੀਵਨੀ ਆਖਦੇ ਹਨ ਇਸ ਦਾ ਅੰਗਰੇਜ਼ੀ ਪਰਾਏਵਾਚੀ 'ਬਾਇਓਗ੍ਰਾਫੀ'(Biography)ਹੈਜਿਹੜਾ ਦੋ ਯੂਨਾਨੀ ਸ਼ਬਦ 'ਬਾਇਓਸ'(Bios)ਅਰਥਾਤ ਜੀਵਨ ਅਤੇ ਗ੍ਰਾਫੋਸ(Graphos)ਅਰਥਾਤ ਲਿਖਤ ਦੇ ਸਮਾਸ ਨਾਲ ਬਣਿਆ ਹੈ ਇਸ ਤਰ੍ਹਾਂ ਜੀਵਨੀ ਜਾਂ ਬਾਇਓਗ੍ਰਾਫੀ ਵਿਚ ਮਨੁੱਖ ਦੇ ਜੀਵਨ ਦਾ ਲੇਖਾ-ਜੋਖਾ ਹੁੰਦਾ ਹੈ ਆਮ ਤੌਰ ਤੇ ਜੀਵਨੀ ਵਿਚ ਸਾਰੇ ਜੀਵਨ ਵਿਚ ਕੀਤੇਹੋਏ ਕਾਰਜਾਂ ਦਾ ਵੇਰਵਾ ਹੁੰਦਾ ਹੈ ਅਤੇ ਇੱਕ ਆਦਰਸ਼ ਜੀਵਨੀ ਜਾਂ ਤਾਂ ਮਨੁੱਖ ਦੇ ਜੀਵਨ ਦੇ ਸਾਰੇ ਕੀਤੇ ਹੋਏ ਕਾਰਜਾਂ ਦਾ ਵੇਰਵਾ ਹੁੰਦਾ ਹੈ ਅਤੇ ਇਕ ਆਦਰਸ਼ ਜੀਵਨੀਜਾਂ ਤਾਂ ਮਨੁੱਖ ਦੇ ਜੀਵਨ ਦੇ ਸਾਰੇ ਜਾਂ ਅਧਿਕਾਂਸ਼ ਭਾਗ ਦੀਆਂ ਸਫ਼ਲਤਾਵਾਂ ਅਤੇ ਅਸਫ਼ਲਤਾਵਾਂ ਨੂੰ ਵਿਅਕਤ ਕਰਦੀ ਹੈ......... ਇਕ ਆਦਰਸ਼ ਜੀਵਨ ਚਰਿੱਤਰ ਨਾਇਕ ਦੇ ਸਮੇਂ ਦਾ ਵਸ਼ਿਸ਼ਟ ਇਤਿਹਾਸ ਹੁੰਦਾ ਹੈ ਜਿਸ ਨੂੰ ਲੇਖਕ ਆਪਣੀ ਕਲਪਨਾ ਦੀ ਪਾਣ ਚੜ੍ਹਾ ਦਿੰਦਾ ਹੈ ਇਹ ਪਰਿਭਾਸ਼ਾ ਜੀਵਨੀ ਨੂੰ ਵਿਸ਼ੇਸ਼ ਸਾਹਿਤਕ ਵੰਨਗੀ ਬਣਾ ਦੇਂਦੀ ਹੈ

ਮੱਧ-ਕਾਲੀਨ ਯੁੱਗ ਵਿਚ ਵਿਭਿੰਨ ਭਾਸ਼ਾਵਾਂ ਵਿੱਚ ਦੋ ਪ੍ਰਕਾਰ ਦੀਆਂ ਜੀਵਨੀਆਂ ਲਿਖੀਆਂ ਜਾਂਦੀਆਂ ਰਹੀਆਂ ਹਨ ਇੱਕ ਜੀਵਨੀ ਸੰਤਾਂ, ਮਹੰਤਾਂ, ਧਾਰਮਿਕ ਮਹਾਂਪੁਰਖਾਂ ਦੀਆਂ ਅਤੇ ਦੂਸਰੀਆਂ ਰਾਜਿਆਂ ਮਹਾਰਾਜਿਆਂ ਦੀਆਂ ਧਾਰਮਿਕ ਮਹਾਂਪੁਰਖਾਂ ਰਾਹੀਂ ਧਾਰਮਿਕ ਉਪਦੇਸ਼ ਦਿੱਤੇ ਜਾਂਦੇ ਰਹੇ ਹਨ ਅਤੇ ਸੰਤਾਂ ਮਹੰਤਾਂ ਦੇ ਕੌਤਕਾਂ ਰਾਹੀਂ ਆਮ ਜਨਤਾ ਨੂੰ ਪ੍ਰਭਾਵਿਤ ਕੀਤਾ ਜਾਂਦਾ ਰਿਹਾ ਹੈਰਾਜੇ ਮਹਾਰਾਜਿਆਂ ਦੀਆਂ ਜੀਵਨੀਆਂ ਵਿਚ ਆਮ ਤੌਰ ਤੇ ਕਥਾਕਾਰ ਉਨ੍ਹਾਂ ਦੀ ਉਪਮਾ ਕਰਦੇ ਰਹੇ ਹਨ ਪੰਜਾਬੀ ਸਾਹਿਤ ਵਿੱਚ ਕਵਿਤਾ ਵਿੱਚ ਵਾਰਾਂ ਅਤੇ ਵਾਰਤਕ ਵਿੱਚ ਜਨਮ ਸਾਖੀਆਂ ਇਸ ਸਿਹਤ ਦੀਆਂ ਮੁੱਢਲੀਆਂ ਮਿਸਾਲਾਂ ਹਨ ਜਿਨ੍ਹਾਂ ਵਿਚੋਂ ਅਧੁਨਿਕ ਸਵੈ-ਜੀਵਨੀ ਦੇ ਮੁੱਲਾਂ ਨੂੰ ਲੱਭਿਆ ਜਾ ਸਕਦਾ ਹੈ ਜਨਮ-ਸਾਖੀਆਂ ਗੁਰੂਆਂ ਦੇ ਨਿਕਟ ਸੰਬੰਧੀਆਂ ਤੇ ਸ਼ਰਧਾਲੂਆਂ ਦੀਆਂ ਲਿਖੀਆਂ ਹੋਈਆਂ ਹਨ ਅਸੀਂ ਸੁਕਰਾਤ ਬਾਰੇ ਜੋ ਕੁਝ ਵੀ ਜਾਣਦੇ ਹਾਂ ਉਹ ਉਸ ਦੇ ਸਾਥੀਆਂ ਰਾਹੀਂ ਸਾਡੇ ਤਕ ਪਹੁੰਚਿਆਹੈ

ਇੱਕ ਅੰਗਰੇਜ਼ ਵਿਦਵਾਨ ਨਿਕਲਸਨਨੇ ਸੁਹਿਰਦਤਾ ਦੇ ਪੱਖ ਤੋਂ ਸਵੈ-ਜੀਵਨੀ ਨੂੰ ਦੋ ਭਾਗਾਂ ਵਿੱਚ ਵੰਡਿਆ ਹੈ ਪਹਿਲੇ ਭਾਗ ਵਿਚ ਉਹ ਸ਼ੁੱਧ ਸਵੈ-ਜੀਵਨੀਵਾਂ ਨੂੰ ਰੱਖਦਾ ਹੈ ਤੇ ਦੂਜੇ ਭਾਗ ਵਿੱਚ ਉਸ ਨੇ ਸਵੈ-ਜੀਵਨੀਵਾਂ ਨੂੰ ਰੱਖਿਆ ਹੈ ਇਹ ਅੰਗਰੇਜ਼ ਵਿਦਵਾਨ ਸ਼ੁੱਧ ਸਵੈ-ਜੀਵਨੀਵਾਂ, ਉਨ੍ਹਾਂ ਦੀਆਂ ਜੀਵਨੀਆਂ ਨੂੰ ਮੰਨਦਾ ਹੈ ਜਿਨ੍ਹਾਂ ਵਿਚ ਲੇਖਕ ਵਿਅਕਤੀ ਵਿਸ਼ੇਸ਼ ਦੇ ਜੀਵਨ ਸਮਾਚਾਰਾਂ ਨੂੰ ਨਿਰਪੱਖਤਾ ਨਾਲ ਪੇਸ਼ ਕਰਦਾ ਹੈਅਜਿਹਾ ਲੇਖਕ ਵਿਅਕਤੀ ਵਿਸ਼ੇਸ਼ ਨੂੰ ਪੇਸ਼ ਕਰਨ ਸਮੇਂ ਕਿਸੇ ਬਾਹਰੀ ਮਨੋਰਥ ਤੋਂ ਪ੍ਰੇਰਿਤ ਨਹੀਂ ਹੁੰਦਾ ਇਸ ਲੇਖਕ ਦਾ ਮੁੱਖ ਮਨੋਰਥ ਕੇਵਲ ਵਿਅਕਤੀ ਵਿਸ਼ੇਸ਼ ਦੇ ਸੁਭਾਅ ਦੀਆਂ ਵਿਲੱਖਣਤਾਵਾਂ ਨੂੰ ਪੇਸ਼ ਕਰਨਾ ਹੁੰਦਾ ਹੈ ਸ਼ੁੱਧ ਜੀਵਨੀ ਦਾ ਰਚਨਹਾਰਾ ਵਿਅਕਤੀ ਵਿਸ਼ੇਸ਼ ਦੇ ਸੁਭਾਅ ਦੀ ਉਸਾਰੀ ਰਾਹੀਂ ਦੇਸ਼ ਵਿਦੇਸ਼ ਦੇ ਕਾਲ ਵਿਸ਼ੇਸ਼ ਦੀਆਂ ਪ੍ਰਮੁੱਖ ਪ੍ਰਵਿਰਤੀਆਂ ਨੂੰ ਵੀ ਪੇਸ਼ ਕਰ ਰਿਹਾ ਹੁੰਦਾ ਹੈ ਇਸ ਪ੍ਰਕਾਰ ਉਹ ਵਿਅਕਤੀ ਵਿਸ਼ੇਸ਼ ਰਾਹੀਂ ਇਤਿਹਾਸਕ ਸੱਚ ਦੀ ਹੀ ਅਭਿਵਿਅਕਤੀ ਕਰਦਾ ਹੈ ਅਜਿਹੀ ਸਵੈ-ਜੀਵਨੀ ਇੱਕ ਸੰਗਠਤ ਵਾਰਤਾ ਹੁੰਦੀ ਹੈ ਸਾਰੀ ਰਚਨਾ ਵਿੱਚ ਲਗਾਤਾਰ ਇੱਕ ਵਿਅਕਤੀ ਵਿਚਾਰ ਪ੍ਰਵਾਹ ਗਤੀਮਾਨ ਹੁੰਦਾ ਹੈ ਵਿਚਾਰਾਂ ਦੀ ਕੜੀ ਨਾਲ ਕੜੀ ਜੁੜਦੀ ਚਲੀ ਜਾਂਦੀ ਹੈ ਅਜੇਹੀ ਰਚਨਾ ਵਿਚ ਕਲਾਤਮਿਕਤਾ ਵਿਅਕਤੀ ਵਿਸ਼ੇਸ਼ ਦੇ ਸੁਭਾਅ ਨੂੰ ਸ਼ਰਧਾ ਰੂਪ ਵਿਚ ਪੇਸ਼ ਕਰਕੇ ਨਹੀਂ ਕੀਤਾ ਜਾਂਦਾ ਬਲਕਿ ਕਲਾਤਮਕਤਾ ਉਤਪੰਨ ਕਰਨ ਵਾਲਾ ਤੱਥ ਵਿਅਕਤੀ ਵਿਸ਼ੇਸ਼ ਦੇ ਸੁਭਾਅ ਦੇ ਮਨੁੱਖੀ ਗੁਣਾਂ ਨੂੰ ਉਜਾਗਰ ਕਰਨ ਵਿਚ ਹੁੰਦਾ ਹੈਲੇਖਕ ਵਿਅਕਤੀ ਵਿਸ਼ੇਸ਼ ਦੇ ਗੁਣਾਂ ਨੂੰ ਯਥਾਰਥਕ ਆਧਾਰ

ਉੱਤੇ ਖੜ੍ਹਾ ਕਰਦਾ ਹੈ ਵਿਭਿੰਨ ਕਠਿਨ-ਪ੍ਰਸਥਿਤੀਆਂ ਵਿੱਚ ਵਿਅਕਤੀ ਵਿਸ਼ੇਸ਼ ਉੱਚੇ ਮਨੁੱਖੀ ਗੁਣਾਂ ਦਾ ਤਿਆਗ ਨਹੀਂ ਕਰਦਾ ਵਿਸ਼ੁੱਧ ਸਵੈ-ਜੀਵਨੀ ਨੂੰ ਨਿਕਲਸਨ ਅਜਿਹੀ ਮੰਨਦਾ ਹੈ ਜਿਸ ਵਿਚ ਕਥਾ ਲੇਖਕ ਆਤਮਪਕਰ (Subjective)ਦ੍ਰਿਸ਼ਟੀਕੋਣ ਅਪਣਾਉਂਦਾ ਹੈ ਅਜਿਹੀ ਸਵੈ-ਜੀਵਨੀ ਵਿਚ ਲੇਖਕ ਦਾ ਨਿਸ਼ਚਿਤ ਮਨੋਰਥ ਹੁੰਦਾ ਹੈ ਪੰਜਾਬੀ ਵਿਚ ਜਨਮ-ਸਾਖੀਆਂ ਅਜਿਹੀਆਂ ਸਵੈ-ਜੀਵਨੀਵਾਂ ਹਨ ਜਨਮਸਾਖੀਆਂ ਦੇ ਲੇਖਕਾਂ ਨੇ ਗੁਰੂ ਨਾਨਕ ਦੇਵ ਦੀ ਸ਼ਖ਼ਸੀਅਤ ਨੂੰ ਵਿਰੋਧਭਾਸ਼ੀ ਬਣਾ ਦਿੱਤਾ

**ਸਵੈ ਮੁਲਾਂਕਣ ਪ੍ਰਸ਼ਨ**

1. ਮੱਧਕਾਲੀਨ ਸਾਹਿਤ ਦੇ ਕਿਹੜੇ ਤੱਤਾ ਨੂੰ ਸਵੈ-ਜੀਵਨੀ ਨਾਲ ਸੰਬੰਧਤ ਕੀਤਾ ਜਾਂਦਾ ਹੈ?

----------------------------------------------------------------------

----------------------------------------------------------------------

2. ਸਵੈ-ਜੀਵਨੀ ਵਿੱਚ ਵਿਅਕਤੀ ਵਿਸ਼ੇਸ਼ ਦੇ ਚਰਿੱਤਰ ਦੀ ਕੀ ਮਹੱਤਤਾ ਹੈ?

----------------------------------------------------------------------

-------------------------------------------------------------------

## 1.5.3 **ਜੀਵਨੀ ਅਤੇ ਸਵੈ-ਜੀਵਨੀ**

### ਜੀਵਨੀ:

ਵਾਰਤਕ (Prose) ਨਾਲ ਸਬੰਧਿਤ ਸਾਹਿਤ-ਵਿਧਾਵਾਂ (Generes) ਵਿਚੋਂ ਜੀਵਨੀ ਇੱਕ ਮਹੱਤਵਪੂਰਨ ਵਿਧਾ ਹੈ। ਇਸ ਵਿੱਚ ਵਿਅਕਤੀ ਵਿਸ਼ੇਸ਼ ਦੇ ਜੀਵਨ-ਸਮਾਚਾਰ, ਉਸ ਦੇ ਗੁਣ-ਔਗੁਣ ਸਹਿਤ, ਉਸਦੇ ਚਰਿੱਤਰ ਦੀਸਮੁੱਚਤਾ ਵਿੱਚ ਰੱਖ ਕੇ ਪੇਸ਼ ਕੀਤੇ ਜਾਂਦੇ ਹਨ ਜੀਵਨੀ ਲੇਖਕ ਵਿਅਕਤੀ ਵਿਸ਼ੇਸ਼ ਦੀਆਂ ਵੱਖ-ਵੱਖ ਘਟਨਾਵਾਂ ਨੂੰ ਆਪਣੇ ਦ੍ਰਿਸ਼ਟੀਕੋਣ ਤੋਂ ਵਾਚ ਕੇ ਅਤੇ ਕਲਾਤਮਿਕ ਦੀ ਲੋੜਾਂ ਦੀ ਪੂਰਤੀ ਕਰਕੇ, ਜੀਵਨੀ ਨੂੰ ਇੱਕ ਨਵਾਂ ਸੰਗਠਨ ਪ੍ਰਦਾਨ ਕਰਦਾ ਹੈਇਸ ਸੰਗਠਨ ਜਾਂ ਘਟਨਾਵਾਂ ਦਾ ਕਲਾਤਮਕ ਪ੍ਰਗਟਾਉ ਹੀ ਜੀਵਨੀ ਹੈ ਜੀਵਨੀ ਵਾਸਤੇ ਵਿਵੇਕ ਜ਼ਰੂਰੀ ਹੈ, ਜਿਸ ਨਾਲ ਉਹ ਸਾਹਿਤ ਦੇ ਘੇਰੇ ਦੀ ਚੀਜ਼ ਬਣ ਸਕਦੀ ਹੈ ਜੇ ਅਜਿਹਾ ਨਾ ਹੋਵੇ ਤਾਂ ਇਹ ਲਿਖਤ ਜੀਵਨੀ ਨਾ ਰਹਿ ਕੇ ਜਿੰਦ ਹੀਣ ਤੱਥਾਂ ਦਾ ਸੰਗ੍ਰਹਿ ਬਣ ਸਕਦੀ ਹੈ ਜੀਵਨੀ ਦਾ ਸਿਰਜਣਾਤਮਕ ਅਤੇ ਪ੍ਰਭਾਵਕਾਰੀਮਨੋਰਥ ਵਿਅਕਤੀ ਦੀ ਪ੍ਰਤੀਨਿਧਤਾ ਕਰਦਿਆਂ ਪ੍ਰੇਰਨਾ ਅਤੇ ਉਤਸ਼ਾਹ ਦੇਣਾ ਹੈ

### ਜੀਵਨੀ ਦਾ ਸਰੂਪ ਅਤੇ ਸੰਕਲਪ

ਜੀਵਨੀ ਦੇ ਸੰਕਲਪ ਅਤੇ ਸਰੂਪ ਨੂੰ ਵੱਖ-ਵੱਖ ਵਿਦਵਾਨਾਂ ਨੇ ਵੱਖ-ਵੱਖ ਢੰਗਾਂ ਨਾਲ ਖੋਲ੍ਹਣ ਦਾ ਯਤਨ ਕੀਤਾ ਹੈ'ਡਿਕਸ਼ਨਰੀ ਔਫਲਿਟਰੇਰੀਟਰਮਜ਼' ਦੀ ਸੰਪਾਦਕ 'ਹੈਰੀ-ਸ਼ਾਅ' ਇਸ ਨੂੰ ਕਿਸੇ 'ਅਸਲ ਵਿਅਕਤੀ ਦੇ ਜੀਵਨ ਦਾ ਜਾਂ ਕਿਸੇ ਛੋਟੇ ਪਰ ਪੂਰੀ ਤਰ੍ਹਾਂ ਜੁੜੇ ਹੋਏ ਇਕੱਠਜਿਵੇਂ, ਪਰਿਵਾਰ ਦਾ ਲਿਖਤੀ ਵਰਣਨ' ਕਹਿੰਦੀ ਹੈ ਇਸ ਦੇ ਮੁਕਾਬਲੇ ਤੇ ਬ੍ਰਿਟਿਸ਼ ਜੂਨੀਅਰ ਐੱਨਸਾਈਕੋਲੋਪੀਡੀਆ'ਇਸ ਨੂੰ ਕਿਸੇ ਅਸਲ ਵਿਅਕਤੀ ਦੀ ਕਲਾਤਮਿਕ ਢੰਗ ਨਾਲ ਦੱਸੀ ਅਜਿਹੀ ਕਹਾਣੀ ਮੰਨਦਾ ਹੈ ਜਿਸ ਵਿੱਚ ਵਿਅਕਤੀ ਦੇ ਜੀਵਨ ਦੀਆਂ ਅਸਲ ਘਟਨਾਵਾਂ ਅਤੇ ਉਸ ਦੇ ਵਿਹਾਰ ਕਰਮ ਨੂੰ ਵਫਾਦਾਰੀ ਨਾਲ ਪ੍ਰਸਤੁਤ ਕੀਤਾ ਗਿਆ ਹੋਵੇ

ਜੀਵਨ ਦਾ ਇਹ ਸੰਕਲਪ ਸਪਸ਼ਟ ਰੂਪ ਵਿੱਚ ਪਹਿਲੇ ਨਾਲੋਂ ਇਸ ਗੱਲ ਵਿੱਚ ਸ੍ਰੇਸ਼ਟ ਹੈ ਕਿ ਸਿਰਫ ਜੀਵਨ ਦੀਆਂ ਘਟਨਾਵਾਂ ਉੱਤੇ ਬਲ ਨਹੀਂ ਦੇਂਦਾ ਵਿਅਕਤੀ ਵਿਸ਼ੇਸ, ਉਸਦੇ ਵਿਹਾਰ-ਕਰਮਾਂ ਦੇ ਅਧਿਐਨ ਉੱਤੇ ਵੀ ਜ਼ੋਰ ਦਿੰਦਾ ਹੈ ਸੋਵੀਅਤ ਇਨਸਾਈਕਲੋਪੀਡੀਆ ਦਾ ਸੰਕਲਪ ਸੰਕਲਪ ਇਸ ਨਾਲੋਂ ਵੀ ਕੁਝ ਅੱਗੇ ਨਿਕਲਗਿਆ ਦਿਸਦਾ ਹੈ ਉਹ ਇਸ ਨੂੰ ਹੋਰਨਾਂ ਗੱਲਾਂ ਦੇ ਨਾਲ ਸਮਾਜਿਕ ਸੱਚ ਅਤੇ ਸੱਭਿਆਚਾਰ ਦਾ ਅਧਿਐਨ ਵੀ ਦੱਸਦਾ ਹੈ ਉਸ ਦੀ ਦਿੱਤੀ ਪਰਿਭਾਸ਼ਾ ਹੇਠ ਲਿਖੇ ਅਨੁਸਾਰ ਹੈ :

ਜੀਵਨੀ ਕਿਸੇ ਵਿਅਕਤੀ ਦੇ ਜੀਵਨ ਇਤਿਹਾਸ ਦੀ ਅਜਿਹੀ ਪੁਨਰ-ਸਿਰਜਨਾ ਹੈ, ਜਿਸ ਵਿਚ ਉਸ ਸਮੇਂ ਰੋਜ਼ਾਨਾ ਜ਼ਿੰਦਗੀ ਦਾ ਸਮਾਜਕ ਸੱਚ ਅਤੇ ਸੱਭਿਆਚਾਰਕਨਿਰੂਪਤ ਹੋਵੇ

ਪ੍ਰਸਿੱਧ ਸਾਹਿਤ-ਸ਼ਾਸਤਰੀ ਸਿਪਲਾ[4] ਵੱਲੋਂ ਜੀਵਨੀ ਦੀ ਕੀਤੀ ਪਰਿਭਾਸ਼ਾ ਵੀ ਦੇਖਣਯੋਗ ਹੈ ਉਹ ਇਸ ਨੂੰ ਵਿਅਕਤੀ ਵਿਸ਼ੇਸ਼ ਦੇ ਆਦਰਸ਼ ਰੂਪ ਵਿੱਚ ਲਿਖੇ ਗਏ ਇਤਿਹਾਸ ਨਾਲ ਜੋੜਦਾ ਹੈਉਸ ਦੀ ਪਰਿਭਾਸ਼ਾ ਇਸ ਪ੍ਰਕਾਰ ਹੈ: "ਜੀਵਨੀ ਕਿਸੇ ਵਿਅਕਤੀ ਵਿਸ਼ੇਸ਼ ਦੀਆਂ ਜੀਵਨ-ਘਟਨਾਵਾਂ ਦਾ ਵਰਣਨ ਹੈ ਅਤੇ ਆਪਣੇ ਆਦਰਸ਼ ਰੂਪ ਵਿੱਚ ਇਹ ਯਤਨ ਪੂਰਵਕ ਲਿਖਿਆ ਗਿਆ ਇਤਿਹਾਸ ਹੈ, ਜਿਸ ਵਿੱਚ ਵਿਅਕਤੀ ਵਿਸ਼ੇਸ਼ ਦੇ ਸੰਪੂਰਨ ਜੀਵਨ ਜਾਂ ਉਸ ਦੇ ਕਿਸੇ ਅੰਸ਼ ਨਾਲ ਸਬੰਧਤ ਗੱਲਾਂ ਦਾ ਵਰਣਨ ਮਿਲਦਾ ਹੈ ਇਹ ਗੱਲਾਂ ਉਸ ਨੂੰ ਸਾਹਿਤ ਵਿਧਾ ਦਾ ਰੂਪ ਪ੍ਰਦਾਨ ਕਰਦੀਆਂ ਹਨ"

ਉੱਪਰ ਦਿੱਤੀਆਂ ਵਿਭਿੰਨ ਪਰਿਭਾਸ਼ਾਵਾਂ ਜੀਵਨੀ ਦੀ ਜਟਿਲ ਪ੍ਰਕਿਰਤੀ ਨੂੰ ਦਰਸਾਉਂਦੀਆਂ ਹਨ। ਵਿਅਕਤੀ ਵਿਸ਼ੇਸ਼ ਦੀਆਂ ਜੀਵਨ-ਘਟਨਾਵਾਂ ਉਸ ਦੇ ਵਿਚਾਰ-ਕਰਮ, ਸਮੇਂ ਦਾ ਸਮਾਜਕ ਸੋਚ ਅਤੇ ਸਮਕਾਲੀ ਸਭਿਆਚਾਰ, ਸਭ ਇਸ ਵਿਚ ਪ੍ਰਵੇਸ਼ ਕਰਦੇ ਹਨ, ਤੇ ਇਹ ਰਚਨਾ-ਵਿਸ਼ੇਸ਼ ਸਾਹਿਤਕ ਘੇਰੇ ਵਿਚ ਸ਼ਾਮਲ ਹੋਣ ਦੀ ਇਕ ਜ਼ਰੂਰੀ ਸ਼ਰਤ ਵੀ ਹੈ।

## ਜੀਵਨੀ ਅਤੇ ਇਤਿਹਾਸ

ਉਪਰੋਕਤ ਪ੍ਰੀਭਾਸ਼ਾਵਾਂ ਵਿੱਚ ਜੀਵਨੀ ਨੂੰ ਵਾਰ-ਵਾਰਜੋੜਿਆ ਗਿਆ ਹੈ ਪਰੰਤੂ ਇਹ ਪੂਰੀ ਤਰ੍ਹਾਂ ਇਤਿਹਾਸ ਨਹੀਂ ਇਸ ਪਿੱਛੇ ਕੰਮ ਕਰਦੀਆਂ ਪ੍ਰੇਰਣਾਵਾਂ ਅਤੇ ਇਸ ਦੀ ਬਣਤਰ ਇਤਿਹਾਸ ਨਾਲੋਂ ਅੱਡਰੀ ਹੁੰਦੀ ਹੈ ਪਹਿਲਾਂ ਫ਼ਰਕ ਇਹ ਹੈ ਕਿ ਜੀਵਨੀ ਸਾਹਿਤ ਦਾ ਕੇਂਦਰ-ਬਿੰਦੂ ਕੋਈ ਇੱਕ ਵਿਅਕਤੀ ਹੁੰਦਾ ਹੈ ਜਦੋਂ ਕਿ ਇਤਿਹਾਸ ਸਮੂਹ ਜਾਤੀਆਂ ਦੀਆਂ ਪ੍ਰਵਿਰਤੀਆਂ ਦਾ ਜਾਇਜ਼ਾ ਲੈਂਦਾ ਹੈਦੂਜਾ ਜੀਵਨੀ ਵਿਚ ਵਿਅਕਤੀ ਵਿਸ਼ੇਸ਼ ਦੇ ਆਚਰਣ ਅਥਵਾ ਉਸ ਦੀ ਮਾਨਸਿਕਤਾ ਦੇ ਅਧਿਐਨ ਉੱਤੇ ਜ਼ੋਰ ਦਿੰਦਾ ਹੈ, ਜਦੋਂ ਕਿ ਇਤਿਹਾਸ ਵਿੱਚ ਸਮੁੱਚੀ ਜਾਤੀ ਦੀਆਂ ਸਮਾਜਕ, ਰਾਜਨੀਤਕ, ਆਰਥਿਕ ਅਤੇ ਸਾਂਸਕ੍ਰਿਤਿਕ ਸਭ ਗੱਲਾਂ ਦਾ ਜਾਇਜ਼ਾ ਲਿਆ ਜਾਂਦਾ ਹੈ ਜੀਵਨੀ ਵਿਚ ਉਨ੍ਹਾਂ ਘਟਨਾਵਾਂ ਵੱਲ ਵਧੇਰੇ ਧਿਆਨ ਦਿੱਤਾ ਜਾਂਦਾ ਹੈ, ਜਿਨ੍ਹਾਂ ਦਾ ਵਰਣਨ ਵਿਅਕਤੀ ਵਿਸ਼ੇਸ਼ ਦੇ ਚਿੱਤਰ ਨੂੰ ਉਘਾੜਦਾ ਹੈ ਪਰ ਇਤਿਹਾਸ ਲੇਖਣ ਵਿਚ ਯੁੱਗ ਹਰੇਕ ਵੱਡੀ ਛੋਟੀ ਘਟਨਾ ਦੀ ਮਹੱਤਤਾ ਸਮੋ ਸਕਦੀ ਹੈ

## ਜੀਵਨੀ ਦੇ ਭੇਦ

ਇਕ ਅੰਗਰੇਜ਼ ਵਿਦਵਾਨ, ਨਿਕਲਸਨ ਨੇ, ਸੁਹਿਰਦਤਾ (Sincerity) ਤੇ ਪੱਖ ਤੋਂ ਜੀਵਨੀ ਜਦੋਂ ਭੇਦ ਮੰਨੇ ਹਨ ਵਿਸੁੱਧ ਜੀਵਨੀ ਅਤੇ ਅਸੁੱਧ ਜੀਵਨੀ ਪਹਿਲੀ ਦੇ ਨਿਖੇੜ ਲੱਛਣ ਇਹ ਹਨ

1.ਇਤਿਹਾਸਕ ਸੱਚ ਦੀ ਅਭਿਵਿਅਕਤੀ
2.ਲੇਖਕ ਦੀ ਤੱਟਸਥਤਾ (Neutrality)
3.ਲਿਖਤ ਦਾ ਸੰਗਠਿਤ ਹੋਣਾ
4.ਵਿਗਿਆਨ ਕਰਮ ਅਤੇ
5.ਕਲਾਤਮਿਕਤਾ

ਦੂਜੀ ਅਰਥਾਤ ਅਸੁੱਧ ਜੀਵਨੀ ਦੇ ਲੱਛਣ ਇਸ ਤਰ੍ਹਾਂ ਗਿਣਾਏ ਜਾ ਸਕਦੇ ਹਨ :

1.ਤੱਟਸਥਤਾ (Neutrality)ਦਾ ਅਭਾਵ ਅਰਥਾਤ ਲੇਖਕ ਦਾ ਨਾਇਕ ਵੱਲ ਵਧੇਰੇ ਉਲਾਰ ਹੋਣਾ ਅਤੇ
2.ਲਿਖਤ ਵਿਚ ਭਾਵੁਕਤਾ ਦਾ ਆ ਜਾਣਾ

## ਜੀਵਨੀ ਅਤੇ ਸਵੈ ਜੀਵਨੀ

---

[4]'Biography is the record of a particular life. As an ideal from it should be a deliberate history and should treat the whole, or atleast a considerable part, or a man's career. The requirements define it conveniently as a literary from, any further theoretical limits disregard actual important and successful biographies. A discussion between biography and autobiography, e.g., is descriptively convenient, provided that it points merely to technical difference, between a life written by the subject and a life written by some one else.- Joseph T, Dictionary of Word Literature, Littlefield Adams & Co. Totowa, New Jersey, 1972, P-39

ਸਵੈ ਜੀਵਨੀ, ਜੀਵਨੀ ਦਾ ਇੱਕ ਭੇਤ ਹੈ ਜਿਸ ਨੂੰ ਆਟੋਬਾਇਓਗ੍ਰਾਫੀ[5] ਆਖਦੇ ਹਨ ਜਿਸ ਦੇ ਅਰਥ ਹਨ ਆਪਣੇ ਜੀਵਨ ਦਾ ਚਰਿੱਤਰ, ਸਵੈ-ਜੀਵਨੀ ਪਦ ਨਹੀਂ ਘਾੜਤ ਹੈ, ਤੇ ਅੰਗਰੇਜ਼ੀ ਦੀ ਤਰਜ ਉੱਤੇ ਘੜਿਆ ਗਿਆ ਪਦ ਹੈ ਭਾਰਤੀ ਭਾਸ਼ਾਵਾਂ ਵਿੱਚ ਸਵੈ-ਜੀਵਨੀ ਲਈ ਪ੍ਰਚੱਲਤ ਪਦ 'ਆਤਮ ਕਥਾ' ਹੈ ਪੰਜਾਬੀ ਵਿੱਚ ਵੀ ਇਹ ਚਲਦਾ ਹੈ ਗੁਰੂ ਗੋਬਿੰਦ ਸਿੰਘ ਦੇ ਚਚਿੱਤ੍ਰ ਨਾਟਕ ਵਿਚ ਆਪਣੀ ਜੀਵਨੀ ਅਤੇ "ਆਪਣੀ ਕਥਾ" ਪਦ ਵਰਤਿਆ ਗਿਆ ਹੈ:"ਅਬ ਮੈਂ ਅਪਨੀ ਕਥਾ ਬਖਾਨੋ ਤੇ ਹੱਡਬੀਤੀ" ਹਨ

ਜੀਵਨੀ ਦਾ ਸਰੂਪ ਤੇ ਸੰਕਲਪ ਜਾਨ ਲੈਣ ਪਿੱਛੋਂ ਸਵੈ-ਜੀਵਨੀ ਦਾ ਸਰੂਪ ਤੇ ਸੰਕਲਪ ਸਮਝਣ ਵਿੱਚ ਔਕੜ ਨਹੀਂ ਆਉਣੀ ਚਾਹੀਦੀ ਪਹਿਲੀ ਗੱਲ ਇਹ ਹੈ ਕਿ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ ਜੀਵਨੀ ਅਤੇ ਸਵੈ-ਜੀਵਨੀ ਦਾ ਪਾਤਰ ਅਜਿਹਾ ਵਿਅਕਤੀ ਹੋ ਸਕਦਾ ਹੈ, ਜਿਸ ਦਾ ਜੀਵਨ ਦੂਜੇ ਲੋਕਾਂ ਲਈ ਕੋਈ ਨਾ ਕੋਈ ਖਿੱਚ ਰੱਖਦਾ ਹੋਵੇ ਦੂਜੀ ਇਹ ਕਿ ਦੋਹਾਂ ਵਿਚ ਫਰਕ ਕੇਵਲ ਇੰਨਾ ਕੁ ਹੈ ਕਿ ਜੀਵਨੀ ਅਤੇ ਜੀਵਨੀਕਾਰ ਕਿਸੇ ਹੋਰ ਵਿਅਕਤੀ ਦੇ ਚਰਿੱਤਰ ਨੂੰ ਆਪਣੀ ਕਲਮ ਦਾ ਵਿਸ਼ਾ ਬਣਾਉਂਦਾ ਹੈ ਫਲਸਰੂਪ ਸਵੈ-ਜੀਵਨੀ ਵਿੱਚ ਜੀਵਨੀ ਵਾਲੇ ਸਾਰੇ ਤੱਤ, ਜੀਵਨ ਘਟਨਾਵਾਂ, ਵਿਹਾਰ-ਕਰਮ, ਸਮਾਜਕ ਸੱਚ, ਸਮਕਾਲੀ ਸੱਭਿਆਚਾਰ, ਸਾਹਿਤਕਤਾ, ਸੁਸੰਗਠਿਤ, ਕਲਾਤਮਿਕਤਾ ਜਿਨ੍ਹਾਂ ਦਾ ਅਲੇਖ ਅਸੀਂ ਉੱਪਰ ਕਰ ਆਏ ਹਾਂ ਵਧ ਘਟ ਜਾਂਦੇ ਹਨ ਤੇ ਇਸ ਦੀਆਂ ਆਪਣੀਆਂ ਸੀਮਾਵਾਂ ਅਤੇ ਵਾਧੇ ਵੀ ਹਨ,ਜਿਵੇਂ ਲੇਖਕ ਆਪਣੀਆਂ ਜੀਵਨ-ਘਟਨਾਵਾਂ ਅਤੇ ਮਾਨਸਿਕਤਾ ਦਾ ਬੜਾ ਚੰਗਾ ਜਾਣੂ ਹੋ ਸਕਦਾ ਹੈ ਜਦੋਂ ਕਿ ਜੀਵਨੀ ਦੀ ਹਾਲਤ ਵਿਚ ਉਸ ਨੂੰ ਸਾਰੀ ਦੀ ਸਾਰੀ ਜਾਣਕਾਰੀ ਦੁਜੈਲੇ ਸਰੋਤਾਂ ਤੋਂ ਪ੍ਰਾਪਤ ਕਰਨੀ ਪੈਂਦੀ ਹੈ ਜੇ ਉਹ ਪਰੇਖਣ ਆਪ ਕਰਦਾ ਹੈ ਤਾਂ ਵੀ ਉਸ ਦਾ ਪ੍ਰਤੱਖਣ ਇਨ੍ਹਾਂ ਨਿਪੁੰਨ ਨਹੀਂ ਕਿਹਾ ਜਾ ਸਕਦਾ ਜਿੰਨਾ ਕਿ ਸਵੈ-ਜੀਵਨੀ ਦੀ ਹਾਲਤ ਵਿੱਚ ਹੁੰਦਾ ਹੈ ਪਰ ਉਸ ਲਈ ਤਟਸਥ ਹੋਣਾ ਮੁਸ਼ਕਿਲ ਹੈ ਆਪੇ ਦੇ ਪ੍ਰਗਟਾਓ ਵਿਚ ਅਹਿਮ ਭਾਵ ਕਿਸੇ ਨਾ ਕਿਸੇ ਲੁਪਤ ਢੰਗ ਨਾਲ ਆ ਹੀ ਜਾਂਦਾ ਹੈ, ਤਾਂ ਵੀ ਇਸ ਵਿੱਚ ਸ਼ੱਕ ਨਹੀਂ ਕਿ ਜੀਵਨੀ ਅਤੇ ਸਵੈ-ਜੀਵਨੀ ਦੋਹਾਂ ਦਾ ਨਿਸ਼ਾਨਾ ਸੱਚ ਅਤੇ ਨਿਰੋਲ ਉਲੀਕਣ ਦਾ ਹੁੰਦਾ ਹੈ ਤੇ ਹੋਣਾ ਵੀ ਇੰਜ ਚਾਹੀਦਾ ਹੈ ਸੱਚ ਤੋਂ ਬਗੈਰ ਜੀਵਨੀ ਅਤੇ ਸਵੈ-ਜੀਵਨੀ ਦਾ ਆਪਣਾ ਗੌਰਵ ਗੁਆ ਬੈਠਦਾ ਹੈ

ਜੀਵਨੀ ਅਤੇ ਸਵੈ-ਜੀਵਨੀ ਇਸ ਸਾਂਝੇ ਘੇਰੇ ਅਤੇ ਅੰਤਰ ਨੂੰ ਦੇਖ ਕੇ ਅਸੀਂ ਹੁਣ ਸਵੈ-ਜੀਵਨੀ ਦੀ ਪਰਿਭਾਸ਼ਾ ਜਿਵੇਂ ਕਿ ਇਹ ਵਿਦਵਾਨਾਂ ਨੇ ਉਲੀਕੀ ਹੈ ਜਾਣ ਲੈਣਾ ਜ਼ਰੂਰੀ ਸਮਝਦੇ ਹਨ :

ਕਾਰਨ ਬੈਂਕਸਨ ਅਤੇ ਅਰਥਰ ਗੈਸ ਨੇ ਆਪਣੀ ਪੁਸਤਕ (A redress guide to literary term)ਵਿੱਚ ਸਵੈ-ਜੀਵਨੀ ਨੂੰ ਲੇਖਕ ਦੇ ਅਤੀਤ ਕਾਲ ਦੀਆਂ ਪ੍ਰਮੁੱਖ ਘਟਨਾਵਾਂ ਅਤੇ ਕਈ ਵਾਰ ਛੋਟੀਆਂ ਘਟਨਾਵਾਂ ਲਗਾਤਾਰ ਚੱਲਦਾ ਬਿਰਤਾਂਤ ਕਿਹਾ ਹੈ[6]ਡਿਕਸ਼ਨਰੀ ਆਫ ਵਰਲਡਟਰਮਜ਼ ਦੇ ਸੰਪਾਦਕ ਨੇ ਸਵੈ-ਜੀਵਨੀ ਨੂੰ ਲੇਖਕ ਦੀ ਆਪਣੀ ਜੀਵਨ ਦੀ ਸੰਗਠਿਤ ਰੂਪ ਵਿਚ ਪੇਸ਼ ਕੀਤੀ ਅਜਿਹੀ ਕਹਾਣੀ ਕਿਹਾ ਹੈ, ਜਿਸ ਵਿੱਚਅੰਤਰ ਅੰਤਰਝਾਤੀ ਪਾਉਣ ਉੱਤੇ ਜ਼ੋਰ ਦਿੱਤਾ ਗਿਆ ਹੋਵੇ, ਜਾਂ ਜਿਸ ਵਿੱਚ ਉਸ ਦਾ ਆਪਣੇ ਜੀਵਨ ਦਾ ਮਹੱਤਵ ਚੌੜੇਰੇ ਪਿਛੋਕੜ ਵਿੱਚ ਪ੍ਰਗਟਾਇਆ ਗਿਆ ਹੋਵੇ।'ਡਿਜ਼ਾਈਨ ਐਂਡ ਟਰੂਪ ਇਨ ਆਟੋ-ਬਾਇਓ-ਗ੍ਰਾਫੀ' ਲੇਖਕ ਰਾਏ ਪਾਸਕਲ (Ray Pascal)ਸਵੈ-ਜੀਵਨੀ ਨੂੰ ਵਾਰਤਕ ਦਾ ਉਹ ਰੂਪ ਮੰਨਦਾ ਹੈ, ਜਿਸ ਵਿੱਚ ਲੇਖਕ ਨੇ ਆਪਣੇ ਤਜਰਬਿਆਂ ਬਾਰੇ ਗੱਲ ਕੀਤੀ ਹੁੰਦੀ ਹੈ[7]

ਇਹ ਪਰਿਭਾਸ਼ਾਵਾਂ ਇਸ ਵਿਧਾ ਦੇ ਸਰੂਪ ਅਤੇ ਪ੍ਰਕਾਰਜ ਬਾਰੇ ਜਾਣੂ ਕਰਾਉਣ ਲਈ ਕਾਫ਼ੀ ਹਨ ਤਾਂ ਵੀ ਇੱਕ ਹੋਰ ਵਿਦਵਾਨ ਦੀ ਕੀਤੀ ਵਿਆਖਿਆ ਵੀ ਵੇਖ ਲੈਣੀ ਚਾਹੀਦੀ ਹੈ

ਸਵੈ-ਜੀਵਨੀ ਜਾਂ ਆਤਮ ਕਥਾ ਵਿੱਚ ਲੇਖਕ, ਚਿੰਤਕ ਅਤੇ ਕਲਾਕਾਰ ਆਪਣੇ ਆਪ ਨੂੰ ਸਿੱਧੇ ਤੌਰ ਤੇ ਸਪਸ਼ਟ ਰੂਪ ਵਿਚ ਪ੍ਰਸਤੁਤ ਕਰਦਾ ਹੈ ਇਸ ਪ੍ਰਕਾਰ ਦੀ ਰਚਨਾ ਨਿਰੋਲ ਹੱਡਬੀਤੀ ਹੀ ਨਹੀਂ ਹੁੰਦੀ ਅਤੇ ਨਾ ਹੀ ਆਪਣੀਆਂ ਕਰਨੀਆਂ ਅਤੇ ਕਾਮਯਾਬੀਆਂ ਦੀ ਆਪਣੇ ਮੂੰਹੋਂ ਪ੍ਰਸ਼ੰਸਾ ਹੁੰਦੀ ਹੈ, ਸਗੋਂ ਆਪਣੇ ਸਮੁੱਚੇ ਵਿਅਕਤੀਤਵ ਦੇ ਵਿਕਾਸ ਦੀ

---

[5] The author of an autobiography presents a continuous narrative of the major events (And some the minutia of him past : A Reader Guide to Literary terms, p-21

[6] The autobiography proper is a connected narrative of the author's life stress laid on introspection, or on the significance of his life against a wider background: Dictof World Literary Terms, P-23

[7] Autobiography is only one from among many in which a writer speaks of himself and incidents of his personal experience : Design and Truth in Autobiography, P-131

ਵਾਰਤਾ ਆਲੇ ਦੁਆਲੇ ਅਤੇ ਵਾਤਾਵਰਣਕ ਪਰਿਪੇਖ ਵਿੱਚ ਰੱਖ ਕੇ ਅੰਕਿਤ ਕਰਦਾ ਹੈਵਿਅਕਤਿਤਵ ਦੇ ਪ੍ਰਗਟਾਵੇ ਦੀ ਕਲਾਤਮਿਕ ਸਫਲਤਾ ਸੁਭਾਵਿਕਤਾ ਵਿੱਚ ਹੈ ਜੇ ਇਸ ਵਿਚ ਕੋਈ ਉਚੇਚ ਜਾਂ ਆਡੰਬਰ ਹੈ ਤਾਂ ਪਾਠਕ ਦੇ ਮਨ ਦਰਪਨ ਉੱਪਰ ਇਸ ਦਾ ਪ੍ਰਭਾਵ ਉਲਟਾਪਵੇਗਾ ਇਸ ਲਈ ਸਵੈ-ਵਿਵੇਚਨ ਕਰਨ ਲਈ ਮਾਨਸਿਕ ਸੰਤੁਲਨ, ਨਿੱਜੀ-ਨਿਰੀਖਣ ਡੂੰਘੇ ਗਿਆਨ ਤੇ ਗੰਭੀਰ ਵਿਵੇਕ ਦੀ ਲੋੜ ਹੁੰਦੀ ਹੈ ਸਵੈ-ਜੀਵਨੀ ਲਿਖਣਾ ਇੱਕ ਕਠਨ ਸਾਧਨਾ ਹੈ ਰੂਸੋ, ਵਾਲਟੇਅਰ, ਟਾਲਸਟਾਏ ਤੇ ਮਹਾਤਮਾ ਗਾਂਧੀ ਦੀਆਂ ਸਵੈ-ਜੀਵਨੀਆਂ ਕਲਾਸਕੀ ਮਹੱਤਤਾ ਵਾਲੀਆਂ ਹਨ। ਇਨ੍ਹਾਂ ਵਿੱਚ ਆਪਣੇ ਨਿੱਜ ਨੂੰ ਸਪੱਸ਼ਟ ਅਤੇ ਸੱਚ ਤਰੀਕੇ ਨਾਲ ਬਿਆਨ ਕਰਕੇ ਸਮਕਾਲੀ ਯੁੱਗ ਨੂੰ ਪ੍ਰਭਾਵਿਤ ਕੀਤਾ ਹੋਇਆ ਹੈ

(ਸੰਦੀਪ ਰਾਣੀ 'ਜਾਗ੍ਰਤੀ' ਜੁਲਾਈ 1983)

## 1.5.4 ਸਵੈ-ਜੀਵਨੀ ਅਤੇ ਹੋਰ ਵਾਰਤਕ ਵਿਧਾਵਾਂ

ਜੀਵਨੀ ਅਤੇ ਸਵੈ-ਜੀਵਨੀ ਵਾਰਤਕ ਦੇ ਉਸ ਖੇਤਰ ਦੀਆਂ ਵਸਤਾਂ ਹਨ ਜਿਸ ਨੂੰ 'ਆਲੋਚਕ' ਬਿਰਤਾਂਤ ਦਾ ਨਾਂ ਦਿੰਦੇ ਹਨ। ਬਿਰਤਾਂਤ ਦਾ ਮੁਖ ਤੱਤ ਸਮਾਂ ਹੈ। ਇਹ ਤਾਂ ਨਹੀਂ ਕਿਹਾ ਜਾ ਸਕਦਾ ਕਿ ਇਹ ਸਥਾਨ ਵਿਚ ਨਹੀਂ ਫੈਲਦਾ ਪਰ ਇਸ ਦਾ ਫੈਲਾਉ ਨੁਖ ਰੂਪ ਵਿਚ ਹੁੰਦਾ ਹੈ। ਬਿਰਤਾਂਤ ਨੂੰ ਸ੍ਰਿੰਖਲਾਬੱਧ ਘਟਨਾਵਾਂ ਸਿਰਜਦੀਆਂ ਹਨ ਤੇ ਘਟਨਾ ਰੂਪ ਹੀ ਨਹੀਂ ਧਾਰਦੀ, ਜਿੰਨਾ ਚਿਰ ਉਹ ਉਸ ਸਮੇਂ ਉਪਰ ਤਾਰੀ ਨਾ ਲਾ ਲਵੇ।

### ਨਾਵਲ ਤੇ ਸਵੈ-ਜੀਵਨੀ

ਗਲਪ ਜਾਂ ਨਾਵਲ ਜੀਵਨੀ ਅਤੇ ਸਵੈ-ਜੀਵਨੀ ਨਾਲੋਂ ਇਸ ਗੱਲ ਵਿਚ ਭਿੰਨ ਹੈ ਕਿ ਇਸ ਦੇ ਵਿਅਕਤੀ ਤੇ ਘਟਨਾਵਾਂ ਦੋਵੇਂ ਕਲਪਿਤ ਹੁੰਦੀਆਂ ਹਨ, ਜਦੋਂ ਕਿ ਜੀਵਨੀ ਤੇ ਸਵੈ-ਜੀਵਨੀ ਵਿਚ ਇਨ੍ਹਾਂ ਦਾ ਅਸਲੀ ਜੀਵਨ ਤੇ ਹੋਣਾ ਅਨਵਾਰਯ ਹੈ। ਨਾਵਲ ਦੇ ਪਾਤਰ ਵ੍ਸਤਵਿਕ ਜੀਵਨ ਵਰਗੀਆਂ ਹੋ ਸਕਦੀਆਂ ਹਨ, ਪਰ ਹੁੰਦੀਆਂ ਆਮ ਤੌਰ ਤੇ ਮਨ-ਘੜਤ ਹਨ। ਆਧਾਰ ਤਾਂ ਉਸ ਦਾ ਵਾਸਤਵਿਕ ਜੀਵਨ ਦਾ ਹੁੰਦਾ ਹੈ, ਪਰ ਉਸਨੂੰ ਸ਼ਕਲ ਦੇਣ ਵਿਚ ਗਲਪਕਾਰ ਦਾ ਹੱਥ ਹੁੰਦਾ ਹੈ। ਜਦੋਂ ਕਿ ਜੀਵਨੀ ਅਤੇ ਸਵੈ-ਜੀਵਨੀ ਵਿਚ ਲੇਖਕ ਠੋਸ ਪਦਾਰਥਕ ਤਲ ਉੱਤੇ ਖੜ੍ਹਾ ਹੁੰਦਾ ਹੈ।

### ਇਤਿਹਾਸ ਤੇ ਸਵੈ-ਜੀਵਨੀ

ਜੀਵਨੀ ਤੇ ਸਵੈ-ਜੀਵਨੀ, ਇਤਿਹਾਸ ਨਾਲੋਂ ਇਸ ਗੱਲ ਵਿਚ ਭਿੰਨ ਹੁੰਦੀ ਹੈ ਕਿ ਇਤਿਹਾਸ ਸਮੁੱਚੀ ਜਾਤੀ ਦੇ ਵਿਹਾਰ ਕਰਮ ਦਾ ਸ਼ੀਸ਼ਾ ਹੁੰਦਾ ਹੈ, ਇਕੱਲੇ ਦੁਕੱਲੇ ਵਿਅਕਤੀ ਦਾ ਨਹੀਂ। ਇਸ ਵਿਚ ਜਾਤੀ ਦੀਆਂ ਸਭ ਘਟਨਾਵਾਂ ਵੱਡੀਆਂ ਤੇ ਛੋਟੀਆਂ ਜਿਨ੍ਹਾਂ ਦਾ ਕੋਈ ਮਹੱਤਵ ਹੁੰਦਾ ਹੈ ਚੇ ਕੌਮਾਂ ਦੀ ਮਾਨਸਿਕਤਾ, ਉਨ੍ਹਾਂ ਦੀਆਂ ਪ੍ਰਾਪਤੀਆਂ ਤੇ ਅਸਫਲਤਾਵਾਂ ਨੂੰ ਪ੍ਰਗਟ ਕਰਦੀਆਂ ਹਨ, ਚਿੱਤਰੀਆਂ ਜਾਂਦੀਆਂ ਹਨ। ਇਸ ਕਾਰਨ ਇਤਿਹਾਸ ਦਾ ਧਰਾਤਲ ਜੀਵਨ ਤੇ ਸਵੈ-ਜੀਵਨੀ ਨਾਲੋਂ ਵਿਸ਼ਾਲ ਹੁੰਦਾ ਹੈ।

'ਸਫ਼ਰਨਾਮਾ" ਜੀਵਨੀ ਨਾਲੋਂ ਸਵੈ-ਜੀਵਨੀ ਦੇ ਬਹੁਤ ਨੇੜੇ ਹੈ, ਪਰ ਇਹ ਸਫ਼ਰਨਾਮਾ ਨਾਇਕ ਦੇ ਜੀਵਨ ਅੰਸ਼ਿਕ ਤਜਰਬੇ ਨੂੰ ਚਿੱਤਰਦਾ ਹੈ, ਤੇ ਇਸ ਵਿਚ ਉਸ ਦਾ ਆਪਾ ਨਹੀਂ। ਸਫਰ ਵਾਲੇ ਦੇਸ਼ ਦੇ ਲੋਕਾਂ ਦਾ ਆਪਾ, ਉਨ੍ਹਾਂ ਦਾ ਸੁਭਾਅ ਕਰਮ, ਉਨ੍ਹਾਂ ਦੇ ਰਸਮ-ਰਿਵਾਜ਼, ਉਨ੍ਹਾਂ ਦੀਆਂ ਸਮਾਜਕ ਤਦੇ ਸਭਿਆਚਾਰਕ ਸੰਸਥਾਵਾਂ, ਉਨ੍ਹਾਂ ਦੀਆਂ ਮੁਸ਼ਕਿਲ ਤੇ ਸੁਵਿਧਾਵਾਂ ਆਦਿ ਲੇਖਕ ਦੀ ਲੇਖਣੀ ਦੀ ਵਿਸ਼ਾ ਬਣਦੀਆਂ ਹਨ। ਲੇਖਕ ਤਾਂ ਕੇਵਲ ਇਸ ਹੱਦ ਤਕ ਸਫਰਨਾਮੇ ਵਿਚ ਪ੍ਰਵਿਸ਼ਟ ਕਰਦਾ ਹੈ ਕਿ ਸੰਬੰਧਤ ਦੇਸ਼ ਬਾਰੇ ਸਾਰੀ ਜਾਣਕਾਰੀ ਉਸਦੇ ਮਨ ਤੇ ਬੁੱਧੀ ਸ਼ੀਸ਼ੇ ਰਾਹੀਂ ਛਣ ਕੇ ਬਾਹਰ ਆਉਂਦੀ ਹੈ ਇਸ ਤੋਂ ਵੱਧ ਉਸ ਦਾ ਆਪਣਾ ਜੀਵਨ ਉਸ ਵਿਚ ਪ੍ਰਵਿਸਟ ਨਹੀਂ ਕਰਦਾ।

### ਰੇਖਾ-ਚਿੱਤਰ ਤੇ ਸਵੈ-ਜੀਵਨੀ[8]

ਰੇਖਾ-ਚਿਤਰ ਨਵੀਂ ਵਿਕਸਿਤ ਹੋਈ ਵਾਰਤਕ ਵਿਧੀ ਹੈ। ਇਹ ਸਵੈ-ਜੀਵਨੀ ਨਾਲ ਨਹੀਂ, ਜੀਵਨੀ ਨਾਲ ਪੱਲਾ ਮੇਚਣ ਦਾ ਦਮ ਭਰਦੀ ਹੈ। ਅੱਜ ਤੱਕ ਕਿਸੇ ਲੇਖਕ ਨੇ ਆਪਣਾ ਰੇਖਾ-ਚਿਤਰ ਨਹੀਂ ਲਿਖਿਆ, ਦੁਜਿਆਂ ਨਾਲ ਲਿਖਣ ਦਾ

[8]There is no autobiography that is not in repect a memoir and no memoir that is without autobiography information, both are based personal experience, chronological and reflective. But there is a general difference in the direction of author's attention. In the autobiography attention is focused on the self in the memoir on other" Ray pascal. Design and Truth in Autobiography, P-5

ਦਮ ਜਰੂਰ ਭਰਿਆ ਹੈ। ਇਸ ਵਿਚ ਲੇਖਕ ਆਪਣੀ ਕਲਮ ਦਾ ਨਿਸ਼ਾਨਾ ਬਣੇ ਵਿਅਕਤੀ, ਉਹਦੇ ਚਿਹਨ-ਚੱਕਰ, ਉਸ ਦੀ ਸ਼ਖਸੀਅਤ, ਉਸ ਦੇ ਆਚਰਣ ਦੀਆਂ ਕੁਝ ਵਿਸ਼ੇਸ਼ਤਾਵਾਂ ਪਾਠਕਾਂ ਸਾਹਮਣੇ ਲਿਆਉਂਦਾ ਹੈ। ਨਿਸ਼ਾਨਾ ਨਿੰਦਾ ਹੋ ਸਕਦਾ ਹੈ ਤੇ ਉਸਤਿਤ ਵੀ, ਦੋਹਾਂ ਹਾਲਤਾਂ ਵਿਚ ਪਾਠਕ ਲਈ ਮਨੋਰੰਜਨ ਤੇ ਜਾਣਕਾਰੀ ਵਧਾਣ ਦਾ ਸਮਾਨ ਜ਼ਰੂਰ ਪੈਦਾ ਹੁੰਦਾ ਹੈ। ਰੇਖਾ-ਚਿਤਰ ਵਿਚ ਇਤਿਹਾਸਕ ਤੱਤ ਘੱਟ ਤੇ ਸਾਹਿਤਕ ਤੱਤ ਵੱਧ ਹੁੰਦਾ ਹੈ। ਇਸ ਦਾ ਮਤਲਬ ਇਹ ਹੈ ਕਿ ਰੇਖਾ-ਚਿੱਤਰ ਵਿਚ ਲੇਖਕ ਨੂੰ ਆਪਣੀਆਂ ਭਾਵਨਾਵਾਂ, ਕਲਪਨਾ ਅਤੇ ਅਨੁਭੂਤੀਆਂ ਦਾਖਲ ਕਰਨ ਦੀ ਖੁੱਲ੍ਹ ਹੁੰਦੀ ਹੈ। ਇਸ ਤੋਂ ਬਿਨਾਂ ਰੇਖਾ-ਚਿਤਰ ਦਾ ਚਿੱਤਰ ਪਟ ਚੌੜਾ ਨਾ ਹੋਣ ਕਾਰਨ ਇਹ ਵਿਅਕਤੀ ਵਿਸ਼ੇਸ਼ ਦੀਆਂ ਗਿਣਤੀ ਦੀਆਂ ਘਟਨਾਵਾਂ ਨੂੰ ਹੀ ਆਪਣੀ ਲਿਖਤ ਦਾ ਆਧਾਰ ਬਣਾਉਂਦਾ ਹੈ। ਇਸ ਦੇ ਮੁਕਾਬਲੇ ਤੇ ਸਵੈ-ਜੀਵਨੀ, ਸੰਪੂਰਨ ਜੀਵਨ ਨੂੰ ਆਪਣੀ ਪਕੜ 'ਚ ਲੈਣਦਮ ਭਰਦੀ ਹੈ। ਫਲਸਰੂਪ, ਰੇਖਾ-ਚਿਤਰ ਜੀਵਨੀ ਜਾਂ ਪੂਰਨ-ਜਿਰਜਨਾ ਕਰਦਾ ਹੈ, ਜਦੋਂ ਕਿ ਰੇਖਾ ਚਿਤਰ ਕੁਝ ਇਕ ਘਟਨਾਵਾਂ ਨਾਲ ਹੀ ਆਪਣਾ ਕੰਮ ਸਾਰ ਲੈਂਦਾ ਹੈ। ਦੂਸਰੇ ਜੀਵਨੀ ਅਤੇ ਸਵੈ-ਜੀਵਨੀ ਵਿਚ ਜਿੰਦਗੀ ਦੀ ਕਠੋਰ ਸਚਾਈ ਪੇਸ਼ ਕੀਤੀ ਗਈ ਹੈ ਤੇ ਕਲਪਨਾ ਦਾ ਉਨ੍ਹਾਂ ਵਿਚ ਕੋਈ ਦਖਲ ਨਹੀਂ ਹੁੰਦਾ। ਦੂਜੇ ਪਾਸੇ, ਰੇਖਾ-ਚਿਤਰ ਦਾ ਲੱਛਣ ਸੰਕੇਤਾਤਮਕਤਾ (Suggestiveness)ਹੈ। ਇਸ ਵਿਚ ਜਾਮ ਦੀ ਆਗਿਆ ਨਹੀਂ। ਜੇ ਉਹ ਬਿਓਰੇ ਵਿਚ ਜਾਂਦਾ ਹੈ ਤਾਂ ਉਸਦੇ ਪ੍ਰਭਾਵ ਨੂੰ ਖੰਡਿਤ ਹੋਮ ਦਾ ਡਰ ਰਹਿੰਦਾ ਹੈ। ਤੀਬਰ ਚਾਲ ਰੇਖਾ-ਚਿਤਰ ਦਾ ਅਨਿਵਾਰਯ ਤੱਤ ਹੈ। ਪੰਜਾਬੀ ਵਿਚ ਕੁਝ ਸੁੰਦਰ ਰੇਖਾ ਚਿਤਰ ਪਾਠਕਾਂ ਨੂੰ ਬਲਵੰਤ ਗਾਰਗੀ (ਨਿੰਮ ਦੇ ਪੱਤੇ, ਸੁਰਮੇ ਵਾਲੀ ਅੱਖ, ਪੱਥਰ ਤੇ ਲੀਕਾਂ) ਤੇ ਕਰਮਜੀਤ ਸਿੰਘ ( ਕਲਮ ਦੀ ਅੱਖ, ਪੱਥਰ ਤੇ ਲੀਕਾਂ), ਕਰਨਜੀਤ ਸਿੰਘ (ਕਲਮ ਦੀ ਅੱਖ), ਜੀਤ ਸਿੰਘ ਸੀਤਲ (ਮਿਤ੍ਰ ਅਸਾਡੇ ਸੇਈ) ਅਤੇ ਭਗਵੰਤ ਸਿੰਘ (ਸਨਾਖਤੀ ਕਾਰਡ) ਦੀ ਕਲਮ ਤੋਂ ਮਿਲੇ ਹਨ। ਪਾਠਕ-ਜਨ ਉਨ੍ਹਾਂ ਨੂੰ ਵਾਚ ਕੇ ਸਾਹਿਤਕ-ਵਿਧਾ ਨਾਲ ਜਾਣਕਾਰੀ ਪੈਦਾ ਕਰ ਸਕਦੇ ਹਨ।

## ਸੰਸਮਰਨ ਅਤੇ ਸਵੈ ਜੀਵਨੀ

ਬਿਰਤਾਂਤਕ ਵਾਰਤਕ ਦੀ ਇੱਕ ਹੋਰ ਵਿਧਾ 'ਸੰਸਮਰਨ' ਸਵੈ-ਜੀਵਨੀ ਨਾਲ ਬਹੁਤ ਮਿਲਦੀ ਹੈ ਸੰਸਮਰਨ ਅੰਗਰੇਜ਼ੀ ਵਿਚ ਮੈਮਾਇਰ (Memoir) ਆਖਦੇ ਹਨ'ਸੰਸਮਰਨ' ਦਾ ਅਰਥ ਯਾਦ ਕਰਨਾ ਹੈ ਅਤੇ /ਸ/ਅਗੇਤਰ 'ਸੰਪੂਰਨਤ' ਦਾ ਸੂਚਕ ਹੈ ਸੋ, ਸੰਸਮਰੇ ਦਾ ਅਰਥ ਹੋਇਆ 'ਪੂਰੀ ਤਰ੍ਹਾਂ ਯਾਦ ਕਰਕੇ' ਲਿਖੀ ਗਈ ਘਟਨਾ ਜਾਂ ਘਟਨਾਵਾਂ ਜੇ ਅਸੀਂ 'ਸੰਸਮਰਨ' ਲਈ ਪੰਜਾਬੀ ਸ਼ਬਦ ਲੱਭਣਾ ਹੋਵੇ ਤਾਂ 'ਅਭੁੱਲ ਯਾਦਾਂ' ਹੋ ਸਕਦਾ ਹੈ। ਸੰਸਮਰਣ ਦੋ ਤਰ੍ਹਾਂ ਦਾ ਵਿੱਚ ਆਉਂਦਾ ਹੈ ਇੱਕ ਲੇਖਕ ਦੇ ਆਪਣੇ ਬਾਰੇ ਆਪ ਲਿਖਣ ਨਾਲ; ਜਿਵੇਂ ਗੁਰਬਖ਼ਸ਼ ਸਿੰਘ (ਪ੍ਰੀਤਲੜੀ)'ਮੇਰੀਆਂ ਅਭੁੱਲ ਯਾਦਾਂ' ਇਸ ਸੂਰਤ ਵਿੱਚ ਸਵੈ-ਜੀਵਨੀ ਦੀ ਨੁਹਾਰ ਲੈ ਲੈਂਦਾ ਹੈ ਦੂਸਰਾ ਲੇਖਕ ਕਿਸੇ ਹੋਰ ਦੀਆਂ ਅਭੁੱਲ ਯਾਦਾਂ ਆਪਣੇ ਵੱਲੋਂ ਰਿਪੋਰਟ ਕਰਨ ਨਾਲ ਇਹ ਜੀਵਨੀ ਦਾ ਰੂਪ ਲੈਂਦਾਹੈ ਠੀਕ ਅਰਥਾਂ ਵਿੱਚ ਸੰਸਮਰਨ ਪਹਿਲੀ ਵੰਨਗੀ ਵਾਲਾ ਹੁੰਦਾ ਹੈ ਸਵੈ-ਜੀਵਨੀ ਤੇ ਸੰਸਮਰਨ ਵਿਚ ਇਹ ਅੰਤਰ ਹੈ ਕਿ ਸੰਸਮਰਨ ਲੇਖਕ ਦੀਆਂ ਥੋੜ੍ਹੀਆਂ ਜਿਹੀਆਂ ਗਿਣਤੀ ਦੀਆਂ ਘਟਨਾਵਾਂ ਦਾ ਵਿਵਰਣ ਹੁੰਦਾ ਹੈ ਤੇ ਉਨ੍ਹਾਂ ਦੇ ਨਿਰੂਪੱਟ ਵਿਚ ਕਾਲ ਕ੍ਰਮ (Chronology)ਦਾ ਧਿਆਨ ਰੱਖਣਾ ਜ਼ਰੂਰੀ ਨਹੀਂ ਜਿਹੜੀਆਂ ਵੀ ਘਟਨਾਵਾਂ ਨੂੰ ਰੌਚਕ ਜਾਂ ਮਹੱਤਵਪੂਰਨ ਸਮਝਦਾ ਹੈ ਉਨ੍ਹਾਂ ਨਾਲ ਪਾਠਕਾਂ ਦੀ ਸਾਂਝ ਪਵਾ ਲੈਂਦਾ ਹੈ ਬਾਕੀ ਦੀਆਂ ਛੱਡ ਦਿੰਦਾ ਹੈ ਸੰਸਮਰਨ ਵਿੱਚ ਨਾ ਤਾਂ ਆਤਮ-ਚਰਿੱਤਰ ਵਾਲੀ ਏਕਤਾ ਹੁੰਦੀ ਹੈ ਨਾ ਹੀ ਜੀਵਨ ਚਰਿੱਤਰ ਵਾਲੀ ਕ੍ਰਮ-ਬੱਧਤਾ ਅਤੇ ਸੰਗਠਤਾ ਇਸ ਵਿੱਚ ਨਾਇਕ ਦੇ ਜੀਵਨ ਦੀਆਂ ਕੇਵਲ ਕੁਝ ਕੁ ਮਹੱਤਵਪੂਰਨ ਘਟਨਾਵਾਂ ਦੀ ਹੀ ਅਭਿਵਿਅਕਤੀ ਹੋਈ ਹੁੰਦੀ ਹੈ ਫਲਸਰੂਪ ਸੰਸਮਰਨ ਲੇਖਕ ਦੇ ਚਰਿੱਤਰ-ਨਾਇਕ ਦਾ ਪੂਰਾ ਪਤਾ ਨਹੀਂ ਲੱਗਦਾ ਦੂਜੇ ਸਵੈ-ਜੀਵਨੀ ਵਿਚ ਲੇਖਕ ਦਾ ਬਿਆਨ ਆਪਣੇ-ਆਪ ਉੱਤੇ ਕੇਂਦਰਿਤ ਹੁੰਦਾ ਹੈ, ਜਦੋਂ ਕਿ ਸੰਸਮਰਨ ਵਿਚ ਦੂਜਿਆਂ ਬਾਰੇ ਘਟਨਾਵਾਂ ਵੀ ਦੱਸੀਆਂ ਜਾ ਸਕਦੀਆਂ ਹਨ। ਸ਼ਰਤ ਕੇਵਲ ਇਹ ਹੈ ਕਿ ਉਨ੍ਹਾਂ ਦਾ ਬੋਧ ਲੇਖਕ ਨੂੰ ਸਿੱਧਾ ਹੋਵੇ, ਭਾਵ ਉਹ ਉਸ ਦੇ ਆਪਣੇ ਪ੍ਰਤੱਖਣ ਵਿਚ ਆਈਆਂ ਹੋਈਆਂ ਹੋਣ ਇੱਕ ਹੋਰ ਫ਼ਰਕ ਇਹ ਹੈ ਕਿ ਸਵੈ-ਜੀਵਨੀ ਵਿਚ ਲੇਖਕ ਦਾ ਆਤਮ-ਵਿਸ਼ਲੇਸ਼ਣ ਪ੍ਰਧਾਨ ਹੁੰਦਾ ਹੈ,ਜਦੋਂ ਕਿ ਸੰਸਮਰਨ ਦਾ ਸਬੰਧ ਵਧੇਰੇ ਕਰਕੇ ਬਾਹਰੀ ਜਗਤ ਦੇ ਵਿਸ਼ਲੇਸ਼ਣ ਨਾਲ ਹੁੰਦਾ ਹੈ ਸੰਸਮਰਨ ਦਾ ਮਨੋਰਥ ਪਾਠਕਾਂ ਨੂੰ ਆਪਣੇ ਜੀਵਨ ਤਜਰਬੇ ਵਿੱਚੋਂ ਕੋਈ ਮਹੱਤਵਪੂਰਨ ਘਟਨਾ ਦੱਸ ਕੇ ਸਿੱਖਿਆ ਦੇਣਾ ਹੈ, ਜਾਂ ਫੇਰ ਕੋਈ ਆਲੰਕ੍ਰਿਤ ਘਟਨਾ ਸੁਣਾ ਕੇ ਮਨੋਰੰਜਨ ਪ੍ਰਦਾਨ ਕਰਨਾ ਹੈ ਕਈ ਵਾਰੀ ਇਹ ਵਿਧਾ ਲੇਖਕ ਆਪਣੇ ਅੰਦਰ ਝਾਤੀ ਪਾਉਣ ਲਈ ਅਥਵਾ ਆਤਮ-ਚੀਨਣ ਲਈ ਵੀ ਵਰਤਦਾ ਹੈ।

ਇਸ ਹਾਲਤ ਵਿੱਚ ਇਸ ਦਾ ਨਿਸ਼ਾਨਾ ਆਤਮ-ਸਿੱਖਿਆ ਹੁੰਦਾ ਹੈ, ਜਿਸ ਤੋਂ ਪਾਠਕ ਵੀ ਕੋਈ ਲਾਭਦਾਇਕ ਗੱਲ ਗ੍ਰਹਿਣ ਕਰ ਸਕਦਾ ਹੈ

ਸੰਸਮਰਨ ਵਰਗੀ ਨਵੀਂ ਗੱਦ-ਵਿਧਾ ਦੀ ਪ੍ਰਕਿਰਤੀ ਤੋਂ ਬਹੁਤੇ ਲੋਕ ਨਾ-ਵਾਕਿਫ ਵੱਖ ਦੇਖੇ ਗਏ ਹਨ ਪੰਜਾਬ ਦੇ ਪ੍ਰਸਿੱਧ ਕਹਾਣੀਕਾਰ ਪ੍ਰਿੰਸੀਪਲ ਸੁਜਾਨ ਸਿੰਘ ਦੀਆਂ ਦੋ ਪੁਸਤਕਾਂ,'ਖੁੰਭਾਂ ਦਾ ਸ਼ਿਕਾਰ' ਅਤੇ 'ਜੰਮ ਜੀ ਤੁਸੀਂ ਬੜੇ ਰਾਅ'ਹਨ ਉਹ ਆਪ ਇਨ੍ਹਾਂ ਨੂੰ ਲੇਖ ਮੰਨਦਾ ਹੈ ਤੇ ਸਵਰਗਵਾਸੀ ਪ੍ਰੋਫੈਸਰ ਮੋਹਨ ਸਿੰਘ ਇਨ੍ਹਾਂ ਨੂੰ 'ਕਹਾਣੀਆਂ' ਕਹਿ ਕੇ ਸਤਿਕਾਰਦਾ ਰਿਹਾ ਸੀ ਪਰ ਪੜਤਾਲ ਤੇ ਦੋਵੇਂ ਪੁਸਤਕਾਂ ਸੰਸਮਰਣ ਸਿੱਧ ਹੁੰਦੀਆਂ ਹਨ ਜੋ (1)ਇਨ੍ਹਾਂ ਵਿੱਚ ਬਿਆਨ ਕੀਤੀਆਂ ਘਟਨਾਵਾਂ, ਮਾੜੀ ਮੋਟੀ ਕਲਪਨਾ ਦੀਪਾਹ ਨੂੰ ਕੱਢ ਕੇ ਪ੍ਰਿੰਸੀਪਲ ਸੁਜਾਨ ਸਿੰਘ ਦੇ ਜੀਵਨ ਦੀਆਂ ਵਾਸਤਵਿਕ ਘਟਨਾਵਾਂ ਹਨ (2) ਇਨ੍ਹਾਂ ਦੇ ਪਾਤਰ ਅਸਲੀ ਜੀਵਨ ਦੇ ਵਿਅਕਤੀ ਹਨ,(3) ਘਟਨਾ ਸਥਲ ਤੇ ਉਨ੍ਹਾਂ ਦੇ ਵਾਪਰਨ-ਕਾਲ ਵੀ ਅਸਲੀ ਜੀਵਨ ਦਾ ਹੈ ਜਦੋਂ ਪ੍ਰਿੰਸੀਪਲ ਸਾਹਿਬ ਉਨ੍ਹਾਂ ਦੀਆਂ ਪੁਸਤਕਾਂ ਦੀ ਪ੍ਰਕਿਰਤੀ ਤੋਂ ਜਾਣੂ ਕਰਾਇਆ ਗਿਆ ਤਾਂ ਉਨ੍ਹਾਂ ਦਾ ਨਵੇਂ ਨਾਮਕਰਨ ਤੋਂ ਚਕ੍ਰਿਤ ਰਹਿ ਜਾਣਾ ਕੁਦਰਤੀ ਸੀ ਸੰਸਮਰਨ ਦੇ ਹੋਰ ਉਦਾਹਰਣ ਵਜੋਂ ਦੀਵਾਨ ਸਿੰਘ ਮਫ਼ਤੂਨ ਦੀ ਰਚਨਾ ਨਾ'ਕਾਬਿਲ ਫ਼ਰਾਮੋਸ਼' ਵੀ ਪ੍ਰਸਾਰਿਤ ਕੀਤੀ ਜਾ ਸਕਦੀ ਹੈ ਭਾਵੇਂ ਕੁਝ ਆਲੋਚਕ ਇਸ ਨੂੰ ਸਵੈ-ਜੀਵਨੀ ਕਹਿਣਾ ਪਸੰਦ ਕਰਦੇ ਹਨ

## ਸਵੈਜੀਵਨੀ ਤੇ ਡਾਇਰੀ

ਅੱਜ-ਕੱਲ੍ਹ ਦੇ ਵਾਰਤਕ ਸਿਹਤ ਵਿਚ ਡਾਇਰੀ ਨੇ ਵੀ ਇੱਕ ਸੁਤੰਤਰ ਵਿਧਾ ਦੇ ਰੂਪ ਵਿੱਚ ਥਾਂ ਬਣਾ ਲਈ ਹੈ ਇਹ ਉਹ ਗੱਦ ਰੂਪ ਹੈ ਜਿਸ ਵਿਚ ਲੇਖਕ ਆਪਣੇ ਜੀਵਨ ਦੀਆਂ ਘਟਨਾਵਾਂ ਜਾਂ ਅਭਿਲੇਖ ਦਿਨ ਪ੍ਰਤੀ ਦਿਨ ਰੱਖਦਾ ਹੈ ਘਟਨਾਵਾਂ ਤੋਂ ਬਿਨਾਂ ਉਹ ਆਪਣੇ ਮਨ ਦੇ ਉਤਾਰ ਤੇ ਚੜ੍ਹਾਵਾ, ਆਸਾਂ ਤੇ ਉਮੀਦਾਂ, ਸ਼ੰਕਿਆਂ ਅਤੇ ਸੰਸਿਆਂ ਨੂੰ ਵੀ ਉਸ ਵਿੱਚ ਥਾਂ ਦੇਂਦਾ ਹੈ ਇਹ ਨਾਲ-ਨਾਲ ਰੋਜ਼ ਦੀ ਰੋਜ਼ ਲਿਖੀ ਜਾਂਦੀ ਹੈ ਇਹ ਲੇਖਕ ਦੀ ਮਾਨਸਿਕ ਦਸ਼ਾ ਨੂੰ ਸੱਚਾਈ ਵੱਲ ਨਿਰੂਪਤ ਕਰਦੀ ਹੈ ਸਵੈ-ਜੀਵਨੀ ਵਿਚ ਉਸ ਦਸਾਂ ਦਾ ਮਹੱਤਵ ਸਮੇਂ ਦੇ ਲੰਘਣ ਨਾਲ ਲੇਖਕ ਦੀ ਲਈ ਵੀ ਘਟ ਸਕਦਾ ਹੈ ਤੇ ਵਧ ਵੀ ਸਕਦਾ ਹੈ ਪਰ ਤੱਤ ਛਿਣ ਦਾ ਪ੍ਰਤੀਕਰਮ ਵਧੇਰੇ ਸੱਚਾ ਤੇ ਭਰੋਸੇਯੋਗ ਹੋਣਾ ਸੰਦੇਹ ਰਹਿਤ ਹੈ ਇਸ ਲਈ ਡਾਇਰੀ ਵਿਚ ਬਨਾਵਟੀਪਣ ਦੇ ਘੁਸੜਨ ਦੀ ਗੁੰਜਾਇਸ਼ ਨਹੀਂ

ਡਾਇਰੀ ਅਤੇ ਸਵੈ-ਜੀਵਨੀ ਦੋਵੇਂ ਇਸ ਗੱਲ ਵਿੱਚ ਮਿਲਦੀਆਂ ਹਨ ਕਿ ਦੋਹਾਂ ਵਿਚ ਲੇਖਕ ਦਾ ਆਤਮ-ਵਿਸ਼ਲੇਸ਼ਣ ਆਤਮ ਵਿਵੇਚਨ ਹੁੰਦਾ ਹੈ ਇਸ ਤੋਂ ਬਿਨਾਂ ਦੋਹਾਂ ਵਿੱਚ ਅਜਿਹੇ ਵਿਅਕਤੀਆਂ ਬਾਰੇ ਚਾਨਣਾ ਪਾਇਆ ਗਿਆ ਹੁੰਦਾ ਹੈ ਜਿਨ੍ਹਾਂ ਦੇ ਨਾਲ ਲੇਖਕ ਦਾ ਸੰਬੰਧ ਰਿਹਾ ਹੋਵੇ

ਸਾਹਿਤ ਵਿਧਾ ਵਜੋਂ ਡਾਇਰੀ ਅਤੇ ਸਵੈ-ਜੀਵਨੀ, ਦੋਨਾਂ ਖੇਤਰਾਂ ਵਿੱਚ ਪ੍ਰਵਾਨ ਹੋਣ ਲਈ ਲੇਖਕ ਦਾ ਸੁਪ੍ਰਸਿੱਧ ਅਤੇ ਸੁਪ੍ਰੀਆ ਹੋਣਾ ਜ਼ਰੂਰੀ ਹੈ ਨਹੀਂ ਤਾਂ ਨਾ ਕੋਈ ਡਾਇਰੀਪੜੇਗਾ, ਨਾਸਵੈ-ਜੀਵਨੀ ਦੋਹਾਂ ਦਾ ਉਦੇਸ਼ ਦੂਜਿਆਂ ਨੂੰ ਉਤਸ਼ਾਹ ਦੇਣਾ ਤੇ ਕਿਸੇ ਵੱਡੀ ਪ੍ਰਾਪਤੀ ਲਈ ਉਤੇਜਿਤ ਕਰਨਾ ਹੈ ਇਹ ਦੋਨਾਂ ਦਾ ਸਾਂਝਾ ਲੱਛਣ ਹੈ, ਪਰੰਤੂ ਅਜਿਹਾ ਤਾਂ ਸੰਭਵ ਹੋ ਸਕਦਾ ਹੈ ਜੇ ਲੇਖਕ ਵਿੱਚ ਪ੍ਰੇਰਨਾ ਦਾ ਸੋਮਾ ਬਣ ਸਕਣ ਦਾ ਲੋੜੀਂਦਾ ਕੋਈ ਨਾ ਕੋਈ ਗੁਣ ਹੋਵੇ ਹਰੇਕ ਵਿਅਕਤੀ ਦੀ ਡਾਇਰੀ ਸਾਹਿਤ ਦੀ ਥਾਂ ਨਹੀਂ ਲੈ ਸਕਦੀ

ਦੋਵਾਂ ਵਿਧਾਵਾਂ ਵਿਚ ਇਸ ਸਾਂਝੇ ਘੇਰੇ ਤੋਂ ਬਿਨਾਂ ਕੁਝ ਅੰਤਰ ਹੀ ਹਨਡਾਇਰੀ ਘਟਨਾ, ਸਥਾਨ ਤੇ ਸਮੇਂ ਤੋਂ ਅਵੱਸ਼ ਜਾਣੂ ਕਰਵਾਉਂਦੀ ਹੈ ਜਦੋਂ ਕਿ ਸਵੈ-ਜੀਵਨੀ ਇਨ੍ਹਾਂ ਨੂੰ ਲੋੜ ਪੈਣ ਤੇ ਅਲੰਘ ਵੀ ਸਕਦੀ ਹੈ, ਘੱਟੋ ਘੱਟ ਕਾਲ-ਕ੍ਰਮ ਦੀ ਸਖ਼ਤੀ ਨਾਲ ਬੰਦਿਸ਼ ਉਸ ਵਿੱਚ ਰੱਖੀ ਜਾਣੀ ਜ਼ਰੂਰੀ ਨਹੀਂ ਹੁੰਦੀਡਾਇਰੀ ਲਈ ਸਮੁੱਚੇ ਜੀਵਨ ਬਾਰੇ ਜਾਣਕਾਰੀ ਦਰਜ ਕਰਨ ਦੀ ਲੋੜ ਨਹੀਂ ਹੁੰਦੀ, ਕਿਸੇ ਵੀ ਇੱਕ ਦਿਨ ਜਾਂ ਦਿਨਾਂ ਦੇ ਸਮੂਹ ਦਾ ਵਿਵਰਣ ਮਹੱਤਵਪੂਰਨ ਹੋ ਸਕਦਾ ਹੈ, ਪ੍ਰੰਤੂ ਸਵੈ-ਜੀਵਨੀ ਲਈ ਸਮੁੱਚੇ ਜੀਵਨ ਨੂੰ ਪਕੜ ਲੈਣਾ ਆਵੱਸ਼ਕ ਹੈ

ਪੰਜਾਬੀ ਵਿੱਚ ਸ਼ੁਧ ਰੂਪ ਦੀ ਡਾਇਰੀ, ਸਾਹਿਤ ਰੂਪ ਤੋਂ ਪ੍ਰਾਪਤ ਨਹੀਂ ਹੈ ਬਲਰਾਜ ਸਾਹਨੀ ਨੇ ਜੋ ਰਚਨਾ 'ਮੇਰੀ ਜਜ਼ਬਾਤੀ ਡਾਇਰੀ' ਨਾਂ ਹੇਠ ਕੀਤੀ ਹੈ, ਉਸ ਵਿੱਚ ਨਾ ਤਾਰੀਖ਼ ਦਾ ਵਰਣਨ ਹੈ, ਨਾ ਸਮੇਂ ਤੇ ਸਥਾਨ ਦਾ, ਉਸ ਨੂੰ ਠੀਕ ਰੂਪ ਵਿੱਚ ਸੰਸਮਰਨ ਜਾਂ ਅਭੁੱਲ ਯਾਦਾਂ ਕਿਹਾ ਜਾ ਸਕਦਾ ਹੈ

### 1.5.5 ਸਿੱਟਾ

ਸਵੈ-ਜੀਵਨੀ, ਆਪਣੀ ਪ੍ਰਕਿਰਤੀ ਅਨੁਸਾਰ ਦੂਜੇ ਸਾਹਿਤ ਰੂਪਾਂ ਨਾਲੋਂ ਭਿੰਨਤਾ ਰੱਖਦੀ ਹੈ ਜੀਵਨ -ਕਥਾ ਦੀ ਪ੍ਰਕਿਰਤੀ ਉਸ ਵਿਚਲੇ ਤੱਤ ਨਿਸ਼ਚਿਤ ਕਰਦੇ ਹਨਇਸ ਗੱਲ ਵਿੱਚ ਕੋਈ ਸੰਦੇਹ ਨਹੀਂ ਕਿ ਨਾਵਲ ਤੇ ਕਹਾਣੀ ਵਿਚ ਵੀ ਕਿਸੇ ਨਾ ਕਿਸੇ ਵਿਅਕਤੀ ਦੇ ਜੀਵਨ ਸਮਾਚਾਰਾਂ ਨੂੰ ਪੇਸ਼ ਕੀਤਾ ਜਾਂਦਾ ਹੈ, ਪਰ ਇਹ ਵਿਅਕਤੀ ਆਮ ਤੌਰ ਤੇ ਇਤਿਹਾਸਕ ਸ਼ਖ਼ਸੀਅਤ ਨਹੀਂ ਹੁੰਦਾ ਜੀਵਨੀ ਵਿੱਚ ਨਿਸ਼ਚੇ ਹੀ ਕੋਈ ਨਾ ਕੋਈ ਇਤਿਹਾਸਕ ਵਿਅਕਤੀ ਨੂੰ ਮੁਖ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ ਦੂਜਾ ਗਲਪ (ਨਾਵਲ, ਕਹਾਣੀ) ਦਾ ਸਾਰਾ ਸੰਸਾਰ ਹੀ ਸਿਰਜਿਆ ਜਾਂਦਾ ਹੈ ਗਲਪ (Fiction)ਵਿੱਚ ਪ੍ਰਮੁੱਖਤਾ ਗਲਪ ਦੀ ਰਹਿੰਦੀ ਹੈਸਵੈ-ਜੀਵਨੀ ਵਿਚ ਪ੍ਰਮੁੱਖਤਾ ਇਤਿਹਾਸਕਤਾ ਦੀ ਰਹਿੰਦੀ ਹੈਸਵੈ-ਜੀਵਨੀ ਤੇ ਨਾਵਲ ਵਿੱਚ ਇਤਿਹਾਸਕ ਤੱਥਾਂ ਤੇ ਗਲਪ ਵਿਚ ਤੱਤ ਆਪੋ-ਆਪਣਾ ਥਾਂ ਬਦਲ ਲੈਂਦੇ ਹਨ

### 1.5.6 ਪ੍ਰਸ਼ਨ ਉੱਤਰ

1. ਸਵੈ-ਜੀਵਨੀ ਪ੍ਰਕਿਰਤੀ, ਤੱਤ ਤੇ ਸਿਰਜਣ ਵਿਧੀਆਂ ਬਾਰੇ ਜਾਣਕਾਰੀ ਦਿਓ।
2. ਸਵੈ-ਜੀਵਨੀ ਅਤੇ ਜੀਵਨੀ ਵਿਚ ਮੂਲ ਵਖਰੇਵਾਂ ਕੀ ਹੈ।

### ਛੋਟੇ ਪ੍ਰਸ਼ਨ

1. ਸਵੈ ਜੀਵਨੀ ਦੀ ਪਰਿਭਾਸ਼ਾ ਦਿਓ।
2. ਸਵੈ ਜੀਵਨੀ ਅਤੇ ਸੰਸਮਰਣ ਦਾ ਅੰਤਰ ਦੱਸੋ।
3. ਰੇਖਾ ਚਿੱਤਰ ਅਤੇ ਸਵੈ ਜੀਵਨੀ ਵਿਚ ਕੀ ਅੰਤਰ ਹੈ।
4. ਜੀਵਨੀ ਦੇ ਪ੍ਰਮੁੱਖ ਭੇਦਾ ਬਾਰੇ ਜਾਣਕਾਰੀ ਦਿਉ।

### 1.5.7 ਸਹਾਇਕ ਪੁਸਤਕ ਸੂਚੀ

1. ਪਰਮਿੰਦਰ ਸਿੰਘ ਅਤੇ ਕਿਰਪਾਲ ਸਿੰਘ ਕਸੇਲ - ਸਾਹਿਤ ਦੇ ਰੂਪ
2. ਮਨਮੋਹਨ ਕੇਸਰ - ਵਾਰਤਕ ਅਤੇ ਵਾਰਤਕਕਾਰ

**Converted in Self Learning Mode by Dr. Gurpreet Kaur**

**Last Update June 10, 2023**

ਪਾਠ ਨੰ: 1.6 – ਪ੍ਰੋ. ਬ੍ਰਹਮਜਗਦੀਸ਼ ਸਿੰਘ

## ਸਫ਼ਰਨਾਮਾ ਸਾਹਿਤ : ਪਰਿਭਾਸ਼ਾ, ਪ੍ਰਕਿਰਤੀ ਤੇ ਤੱਤ


1.6.1 ਉੱਦੇਸ਼

1.6.2 ਭੂਮਿਕਾ

1.6.3 ਸਫ਼ਰਨਾਮਾ ਸਾਹਿਤ

1.6.3.1 ਪਰਿਭਾਸ਼ਾ

1.6.3.2 ਪ੍ਰਕਿਰਤੀ ਅਤੇ ਸਰੂਪ

1.6.3.3 ਸਫ਼ਰਨਾਮਾ ਸਾਹਿੱਤ : ਪਰੰਪਰਾ ਤੇ ਵਿਕਾਸ

1.6.3.4 ਪੰਜਾਬੀ ਵਿਚ ਸਫ਼ਰਨਾਮਾ ਸਾਹਿੱਤ

1.6.3.5 ਸਫ਼ਰਨਾਮਾ : ਵਿਸ਼ੇਸ਼ਤਾਵਾਂ ਅਤੇ ਤੱਤ

1.6.4 ਸਿੱਟਾ

1.6.5 ਮਹੱਤਵਪੂਰਨ ਪ੍ਰਸ਼ਨ

1.6.6 ਸਹਾਇਕ ਪੁਸਤਕਾਵਲੀ


### 1.6.1 ਉੱਦੇਸ਼ :

ਇਸ ਪਾਠ ਦਾ ਉੱਦੇਸ਼ ਵਿਦਿਆਰਥੀਆਂ ਨੂੰ ਪੰਜਾਬੀ ਸਾਹਿਤ ਵਿਚ ਸਫ਼ਰਨਾਮੇ ਦੇ ਸੁਰੂਪ ਅਤੇ ਪ੍ਰਕਿਰਤੀ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ। ਇਸ ਜਾਣਕਾਰੀ ਦੇ ਫ਼ਲਸੁਰੂਪ ਜਿਥੇ ਉਹ ਸਫ਼ਰਨਾਮਾ ਸਾਹਿੱਤ ਵਿਚ ਮਿਲਦੀ ਵਸਤੂ-ਸਾਮੱਗਰੀ ਦਾ ਵਰਗੀਕਰਨ ਕਰ ਸਕਣਗੇ, ਉਥੇ ਇਸ ਵਰਗੀਕਰਨ ਦੁਆਰਾ ਇਸ ਸਾਹਿਤ ਰੂਪ ਤੋਂ ਭਰਪੂਰ ਅਗਵਾਈ ਅਤੇ ਸੁਹਜ-ਸੁਆਦ ਦੀ ਪ੍ਰਾਪਤੀ ਵੀ ਕਰ ਲੈਣਗੇ। ਵੱਖ-ਵੱਖ ਸਫ਼ਰਨਾਮਿਆਂ ਵਿਚ ਪ੍ਰਸਤੁਤ ਵਸਤੂ-ਸਾਮੱਗਰੀ ਦੇ ਤੁਲਨਾਤਮਕ ਅਧਿਐਨ ਦੁਆਰਾ ਉਨ੍ਹਾਂ ਵਿਚ ਆਲੋਚਨਾਤਮਕ ਰੁਚੀਆਂ ਵੀ ਜਾਗ੍ਰਿਤ ਹੋਣਗੀਆਂ। ਵਿਦਿਆਰਥੀਆਂ ਨੂੰ ਆਪਣੀ ਮਾਂ-ਬੋਲੀ ਵਿਚ ਰਚੇ ਗਏ ਸਾਹਿਤ ਦੀਆਂ ਸਮੁਚੀਆਂ ਵੰਨਗੀਆਂ ਅਤੇ ਪਰੰਪਰਾਵਾਂ ਤੋਂ ਜਾਣੂ ਕਰਵਾਉਣਾ ਹੀ ਸਾਡਾ ਮੁੱਖ ਉਦੇਸ਼ ਹੈ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਇਸ ਪਾਠ ਵਿਚ ਦਿੱਤੀ ਗਈ ਵਸਤੂ-ਸਾਮੱਗਰੀ ਨੂੰ ਆਧਾਰ ਬਣਾ ਕੇ ਪਾਠਕ੍ਰਮ ਵਿੱਚ ਲੱਗੇ ਅਤੇ ਅਖ਼ਬਾਰਾਂ-ਰਿਸਾਲਿਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਸਫ਼ਰਨਾਮਿਆਂ ਦਾ ਵਿਸ਼ਲੇਸ਼ਣ ਕਰਦੇ ਰਹਿਣ। ਇਸ ਵਿਧੀ ਦੁਆਰਾ ਜਿਥੇ ਉਨ੍ਹਾਂ ਦਾ ਸੁਹਜ-ਸੁਆਦ ਵਿਕਸਿਤ ਹੋਵੇਗਾ, ਉਥੇ ਮੁਲਾਂਕਣ ਕਰਨ ਸਮਰੱਥਾ ਵਿਚ ਵੀ ਵਾਧਾ ਹੋ ਜਾਵੇਗਾ।

### 1.6.2 ਭੂਮਿਕਾ

ਵੀਹਵੀਂ ਸਦੀ ਵਿਚ ਪੰਜਾਬੀ ਵਾਰਤਕ ਨੇ ਬਹੁਤ ਵਿਕਾਸ ਕੀਤਾ। ਵਾਰਤਕ ਨੂੰ ਦਲੀਲ ਜਾਂ ਵਿਸ਼ਲੇਸ਼ਣ ਦਾ ਪ੍ਰਵਚਨ ਕਿਹਾ ਜਾਂਦਾ ਹੈ। ਉਨੀਵੀਂ-ਵੀਹਵੀਂ ਸਦੀ ਦੇ ਆਰਥਿਕ-ਪਦਾਰਥਕ ਦਬਾਵਾਂ ਦੇ ਕਾਰਨ ਮਨੁੱਖ ਨੂੰ ਦਲੀਲਮਈ ਸ਼ੈਲੀ ਅਤੇ ਵਿਸ਼ਲੇਸ਼ਣਮਈ ਰੁਚੀ ਦੀ ਲੋੜ ਅਨੁਭਵ ਹੋਈ, ਜਿਸ ਕਾਰਨ ਉਸਦੀ ਸੋਚ-ਪ੍ਰਣਾਲੀ ਅਤੇ ਜੀਵਨ-ਦ੍ਰਿਸ਼ਟੀ ਕਾਫ਼ੀ ਬਦਲ ਗਈ। ਇਸੇ ਤਬਦੀਲੀ ਵਿਚੋਂ ਵਾਰਤਕ ਅਤੇ ਇਸ ਦੇ ਭੇਦਾਂ-ਉਪਭੇਦਾਂ ਨੇ ਜਨਮ ਲਿਆ। ਪ੍ਰਸਿੱਧ ਅੰਗਰੇਜ਼ੀ ਕਵੀ ਅਤੇ ਚਿੰਤਕ ਟੀ.ਐਸ.ਐਲੀਅਟ (T.S. Eliot) ਨੇ ਆਪਣੇ ਯੁਗ ਦੇ ਮਿਜ਼ਾਜ ਵੱਲ ਸੰਕੇਤ ਕਰਦਿਆਂ ਹੋਇਆਂ ਠੀਕ ਹੀ ਲਿਖਿਆ ਸੀ। ''Creative advance in our age is of prose literature.'' (The Sacred Wood) ਵੀਹਵੀਂ ਸਦੀ ਵਿਚ ਪੰਜਾਬੀ ਵਾਰਤਕ ਦੇ ਖੇਤਰ ਵਿਚ ਨਿਬੰਧ, ਜੀਵਨੀ, ਸ੍ਵੈਜੀਵਨੀ, ਸਫ਼ਰਨਾਮਾ, ਸੰਸਮਰਣ, ਰੇਖਾ ਚਿੱਤਰ, ਡਾਇਰੀ ਆਦਿਕ ਬਹੁਤ ਸਾਰੇ ਰੂਪਾਂ ਨੇ

ਜਨਮ ਲਿਆ। ਇਨ੍ਹਾਂ ਵਿਚੋਂ ਸਫ਼ਰਨਾਮਾ ਸਾਹਿਤ ਦਾ ਇਕ ਵਿਸ਼ੇਸ਼ ਮਹੱਤਵ ਹੈ। ਬੇਸ਼ੱਕ ਭਾਰਤ ਨਾਲ ਸੰਬੰਧਿਤ ਮੁਢਲੇ ਸਫ਼ਰਨਾਮੇ ਯੂਨਾਨੀ ਅਤੇ ਚੀਨੀ ਲੇਖਕਾਂ ਨੇ ਲਿਖੇ, ਜੋ ਈਸਵੀ ਸੰਨ ਦੀਆਂ ਮੁੱਢਲੀਆਂ ਸਦੀਆਂ ਵਿਚ ਭਾਰਤ ਦੀ ਯਾਤਰਾ ਲਈ ਆਏ ਸਨ ਪਰੰਤੂ ਵੀਹਵੀਂ ਸਦੀ ਵਿਚ ਪੰਜਾਬੀ ਦੇ ਕੁਝ ਲੇਖਕਾਂ ਨੇ ਵੀ ਉਚੇਰੇ ਅਧਿਐਨ ਜਾਂ ਸਭਿਆਚਾਰਕ ਉਤਸੁਕਤਾ ਦੇ ਕਾਰਨ ਵਿਦੇਸ਼ਾਂ ਦੀ ਯਾਤਰਾ ਕੀਤੀ ਅਤੇ ਬਾਅਦ ਵਿਚ ਵਾਪਸ ਆ ਕੇ ਆਪਣੀਆਂ ਯਾਤਰਾਵਾਂ ਦੇ ਸਮਾਚਾਰਾਂ ਨੂੰ ਅੰਕਿਤ ਕੀਤਾ। ਭਾਰਤਵਰਸ਼ ਇਕ ਬਹੁਤ ਵੱਡਾ, ਵਚਿੱਤਰ ਅਤੇ ਵੰਨਸੁਵੰਨਾ ਦੇਸ਼ ਹੈ। ਇਸ ਦੇਸ਼ ਵਿਚ ਵੀ ਅਨੇਕ ਦਰਸ਼ਨੀ ਸਥਾਨ ਅਤੇ ਸ਼ਹਿਰ ਹਨ ; ਇਨ੍ਹਾਂ ਸਥਾਨਾਂ ਬਾਰੇ ਵੀ ਪ੍ਰੋ. ਰਾਮ ਸਿੰਘ, ਪ੍ਰਿੰ. ਸ.ਸ. ਅਮੋਲ ਅਤੇ ਪ੍ਰੋ. ਕਿਰਪਾਲ ਸਿੰਘ ਕੋਮਲ ਵਰਗੇ ਲੇਖਕਾਂ ਨੇ ਸਫ਼ਰਨਾਮੇ ਲਿਖੇ ਹਨ। ਇਸ ਤਰ੍ਹਾਂ ਸਫ਼ਰਨਾਮਾ ਸਾਹਿਤ, ਪੰਜਾਬੀ ਵਾਰਤਕ ਦਾ ਇਕ ਪ੍ਰਮੁੱਖ ਰੂਪ ਬਣ ਗਿਆ ਹੈ।

### 1.6.3 ਸਫ਼ਰਨਾਮਾ ਸਾਹਿਤ

#### 1.6.3.1 ਪਰਿਭਾਸ਼ਾ :

'ਸਫ਼ਰਨਾਮਾ' ਦੋ ਸ਼ਬਦਾਂ 'ਸਫ਼ਰ+ਨਾਮਾ' ਦੇ ਸੁਮੇਲ ਤੋਂ ਬਣਿਆ ਇਕ ਨਵਾਂ ਸ਼ਬਦ ਹੈ। ਜਿਸ ਰਚਨਾ ਵਿਚ ਕਿਸੇ ਸਫ਼ਰ ਜਾਂ ਯਾਤਰਾ ਦੇ ਸਮਾਚਾਰ ਅੰਕਿਤ ਹੋਣ, ਉਸਨੂੰ 'ਸਫ਼ਰਨਾਮਾ' ਕਿਹਾ ਜਾਂਦਾ ਹੈ।'ਸਫ਼ਰ' ਸ਼ਬਦ ਅਰਬੀ ਦਾ ਹੈ ਅਤੇ 'ਨਾਮਾ' ਫ਼ਾਰਸੀ ਦਾ। ਪੰਜਾਬੀ ਵਿਚ 'ਨਾਮਾ' ਸ਼ਬਦ ਨਾਲ ਸਮਾਪਤ ਹੋਣ ਵਾਲੇ ਕਈ ਰੂਪਾਕਾਰ ਮਿਲਦੇ ਹਨ। ਜਿਥੇ ਜ਼ਫ਼ਰਨਾਮਾ, ਹੁਕਮਨਾਮਾ, ਜੰਗਨਾਮਾ, ਹਿਦਾਇਤਨਾਮਾ ਆਦਿਕ। ਜਦੋਂ ਕੋਈ ਲੇਖਕ ਇਹ ਅਨੁਭਵ ਕਰਦਾ ਹੈ ਕਿ ਉਹ ਦੁਆਰਾ ਕੀਤੀ ਕਿਸੇ ਯਾਤਰਾ ਦੇ ਕੁਝ ਅੰਸ਼ ਪਾਠਕਾਂ ਨਾਲ ਸਾਂਝੇ ਕਰਨ ਯੋਗ ਹਨ ਤਾਂ ਉਹ ਸਫ਼ਰਨਾਮੇ ਦੀ ਸਿਰਜਣਾ ਕਰਦਾ ਹੈ। ਹਰ ਲੇਖਕ ਕਿਸੇ ਵਿਸ਼ੇਸ਼ ਉੱਦੇਸ਼ ਦੇ ਅਧੀਨ ਆਪਣੀ ਯਾਤਰਾ ਕਰਦਾ ਹੈ। ਵੀਹਵੀਂ ਸਦੀ ਦੇ ਆਰੰਭ ਵਿਚ ਪੰਜਾਬੀ ਦੇ ਕਈ ਲੇਖਕ ਉਚੇਰੀ ਪੜ੍ਹਾਈ ਦੀ ਇੱਛਾ ਅਧੀਨ ਵਿਦੇਸ਼ਾਂ ਵਿਚ ਗਏ ਸਨ, ਜਿਵੇਂ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਅਤੇ ਡਾ. ਹਰਦਿਤ ਸਿੰਘ ਢਿੱਲੋਂ ਆਦਿਕ। ਇਨ੍ਹਾਂ ਦੇ ਸਫ਼ਰਨਾਮਿਆਂ ਵਿਚ ਹੋਰ ਵੇਰਵਿਆਂ ਦੇ ਨਾਲ-ਨਾਲ ਵਿਦੇਸ਼ਾਂ ਵਿਚ ਸਿੱਖਿਆ-ਪ੍ਰਣਾਲੀ ਦੇ ਸੁਰੂਪ ਅਤੇ ਪ੍ਰਕਿਰਤੀ ਬਾਰੇ ਵੀ ਜ਼ਰੂਰੀ ਜਾਣਕਾਰੀ ਮਿਲਦੀ ਹੈ। ਇਸੇ ਤਰ੍ਹਾਂ, ਪਿਛਲੇ ਕੁਝ ਦਹਾਕਿਆਂ ਵਿਚ ਕਈ ਲੇਖਕ ਚੰਗੇ ਰੋਜ਼ਗਰ ਦੀ ਤਲਾਸ਼ ਲਈ ਵੀ ਬਾਹਰਲੇ ਦੇਸ਼ਾਂ ਵਿਚ ਗਏ ਹਨ, ਜਿਵੇਂ ਰਵਿੰਦਰ ਰਵੀ, ਸਾਥੀ ਲੁਧਿਆਣਵੀ, ਸਵਰਨ ਚੰਦਨ, ਅਜਾਇਬ ਕਮਲ ਆਦਿਕ। ਇਨ੍ਹਾਂ ਦੇ ਸਫ਼ਰਨਾਮਿਆਂ ਵਿਚ ਰੋਜ਼ਗਾਰ ਦੀ ਪ੍ਰਾਪਤੀ ਲਈ ਕੀਤੇ ਸੰਘਰਸ਼ ਦਾ ਨਿਰੂਪਣ ਹੋਇਆ ਹੈ। ਅੱਜ ਕਲ੍ਹ ਬਹੁਤ ਸਾਰੇ ਲੇਖਕ ਕੇਵਲ ਸੈਰ-ਸਪਾਟੇ ਜਾਂ ਸਭਿਆਚਾਰਕ ਵਟਾਂਦਰੇ (cultural exchange) ਦੇ ਉਦੇਸ਼ ਨਾਲ ਵੀ ਵਿਦੇਸ਼ਾਂ ਵਿਚ ਜਾਣ ਲੱਗੇ ਹਨ। ਇਨ੍ਹਾਂ ਦੇ ਸਫ਼ਰਨਾਮਿਆਂ ਵਿਚ ਬਾਹਰਲੇ ਦੇਸ਼ਾਂ ਦੇ ਵੇਖਣਯੋਗ ਸਥਾਨਾਂ ਅਤੇ ਦਰਸ਼ਨੀ-ਕੇਂਦਰਾਂ ਬਾਰੇ ਸਮਾਚਾਰ ਪੇਸ਼ ਕੀਤੇ ਜਾਂਦੇ ਹਨ। ਇਉਂ ਕਿਸੇ ਲੇਖਕ ਦੀ ਮਨਸ਼ਾ ਜਾਂ ਉਦੇਸ਼ ਦੇ ਅਨੁਸਾਰ ਸਫ਼ਰਨਾਮੇ ਦਾ ਸਰੂਪ ਅਤੇ ਬ੍ਰਿਤਾਂਤ ਬਦਲਦਾ ਰਹਿੰਦਾ ਹੈ।

#### 1.6.3.2 ਪ੍ਰਕਿਰਤੀ ਅਤੇ ਸਰੂਪ

ਸਫ਼ਰਨਾਮੇ ਦੇ ਸੁਰੂਪ ਬਾਰੇ ਅੰਗਰੇਜ਼ੀ ਲੇਖਕ ਵਿਲੀਅਮ ਹੈਜ਼ਲਿਟ (William Hazlitt) ਦਾ ਵਿਚਾਰ ਹੈ ਕਿ ਮੁਕਤ-ਮਨ ਨਾਲ ਕੀਤੀ ਗਈ ਯਾਤਰਾ ਹੀ ਇਕ ਚੰਗੇ ਸਫ਼ਰਨਾਮੇ ਦਾ ਆਧਾਰ ਬਣਦੀ ਹੈ। ਉਹ ਲਿਖਦਾ ਹੈ;

> ਯਾਤਰਾ ਦੀ ਰੂਹ ਸੁਤੰਤਰਤਾ ਹੈ। ਅਜਿਹੀ ਪੂਰਨ ਸੁਤੰਤਰਤਾ, ਜਿਸਦੇ ਫ਼ਲਸਰੂਪ ਜਿਵੇਂ ਕੋਈ ਚਾਹੇ, ਆਪਣੀ ਮਰਜ਼ੀ ਅਨੁਸਾਰ ਸੋਚੇ, ਅਨੁਭਵ ਕਰੇ ਤੇ ਵਿਚਾਰੇ। ਅਸੀਂ ਕਿਸੇ ਯਾਤਰਾ ਉਪਰ, ਸਭ ਬੰਧਨਾਂ ਅਤੇ ਮਨਾਹੀਆਂ ਤੋਂ ਮੁਕਤ ਹੋਣ ਲਈ ਜਾਂਦੇ ਹਾਂ। ਸਫ਼ਰ ਉਤੇ ਜਾਣਾ ਇਕ ਅਤਿਅੰਤ ਆਨੰਦਦਾਇਕ ਅਤੇ ਮਨੋਰੰਜਕ ਕਾਰਜ ਹੈ। ਮੈਂ ਸਫ਼ਰ ਉਪਰ ਇਕੱਲਾ ਜਾਣਾ ਹੀ ਪਸੰਦ ਕਰਦਾ ਹਾਂ। ਮੈਂ ਹੋਰ ਲੋਕਾਂ ਦੀ ਸੰਗਤ ਅਥਵਾ ਸਮਾਜ ਨੂੰ ਆਪਣੇ ਕਮਰੇ

> ਵਿਚ ਤਾਂ ਨਿਵਾਜ ਸਕਦਾ ਹਾਂ ਪਰ ਬਾਹਰ ਸਫ਼ਰ ਵਿਚ ਕੁਦਰਤ ਦਾ ਸਾਥ ਹੀ ਮੇਰੇ ਲਈ ਕਾਫ਼ੀ ਹੈ। ਜਦੋਂ ਮੈਂ ਪਿੰਡਾਂ ਵਿਚ ਹੁੰਦਾ ਹਾਂ ਤਾਂ ਪਿੰਡ ਵਾਸੀਆਂ ਵਾਂਗ ਹੀ ਜਿਉਣਾ ਅਤੇ ਵਿਚਰਨਾ ਚਾਹੁੰਦਾ ਹਾਂ। ('On Going to Journey', The Essays of William Hazlitt, P. 29.)

ਪੰਜਾਬੀ ਦਾ ਪ੍ਰਮੁੱਖ ਸਫ਼ਰਨਾਮਾ ਲੇਖਕ ਲਾਲ ਸਿੰਘ ਕਮਲਾ ਅਕਾਲੀ, ਸਫ਼ਰਨਾਮੇ ਦੇ ਸਭਿਆਚਾਰਕ ਮਹੱਤਵ ਉਤੇ ਜ਼ੋਰ ਦਿੰਦਾ ਹੈ।ਉਸਦੇ ਅਨੁਸਾਰ ਕਿਸੇ ਸਫ਼ਰਨਾਮਾ ਲੇਖਕ ਨੂੰ ਆਪਣੀ ਯਾਤਰਾ ਦੌਰਾਨ ਅਨੁਭਵ ਹੋਏ ਸਭਿਆਚਾਰਕ ਵਖਰੇਵਿਆਂ ਨੂੰ ਆਪਣੀ ਰਚਨਾ ਦਾ ਮੂਲ ਆਧਾਰ ਬਣਾਉਣਾ ਚਾਹੀਦਾ ਹੈ। ਇਸ ਪ੍ਰਸੰਗ ਵਿਚ ਉਹ ਲਿਖਦਾ ਹੈ:

> ਸਾਹਿੱਤ ਦੇ ਦੂਸਰੇ ਰੂਪਾਂ ਦੇ ਟਾਕਰੇ ਤੇ ਸਫ਼ਰਨਾਮਿਆਂ ਦੀ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਸਾਹਿੱਤ ਦੇ ਇਸ ਰੂਪ ਵਿਚ ਵਿਅਕਤੀਆਂ ਜਾਂ ਸਮੱਸਿਆਵਾਂ ਨੂੰ ਭਾਵਨਾ ਅਤੇ ਤਰਕਸੰਗਤਾਂ ਦੇ ਸੁਮੇਲ ਦੁਆਰਾ ਦਰਸਾਉਣ ਦੀ ਥਾਂ ਇਨ੍ਹਾਂ ਵਿਚ ਦੇਸ਼-ਵਿਦੇਸ਼ ਦੇ ਕਿਸੇ ਭੂਖੰਡ ਦੇ ਸਮਾਜਿਕ ਅਤੇ ਸਭਿਆਚਾਰਕ ਜੀਵਨ ਦਾ ਬ੍ਰਿਤਾਂਤ ਹੁੰਦਾ ਹੈ। ਜਦੋਂ ਆਪਣੀ ਯਾਤਰਾ ਦੇ ਸਮੇਂ ਲੇਖਕ ਕਿਸੇ ਵਿਅਕਤੀ ਵਿਸ਼ੇਸ਼ ਜਾਂ ਇਤਿਹਾਸਕ ਸਥਾਨ ਤੇ ਫੇਰੀ ਪਾਉਂਦਾ ਹੈ ਤਾਂ ਉਸਦਾ ਸਫ਼ਰਨਾਮਾ, ਰੇਖਾ ਚਿੱਤਰ ਦੇ ਰੂਪ ਦੁਆਰਾ ਕਿਸੇ ਇਤਿਹਾਸਕ ਵਿਅਕਤੀ ਦੇ ਜੀਵਨ ਨਾਲ ਸੰਬੰਧਿਤ ਕਰਮ-ਭੂਮੀ ਨੂੰ ਦਰਸਾਉਂਦਾ ਹੈ। (ਭੂਮਿਕਾ, ਮੇਰਾ ਆਖਰੀ ਸਫ਼ਰਨਾਮਾ, ਪੰਨਾ 3)

ਕਈ ਸਫ਼ਰਨਾਮਾ ਲੇਖਕਾਂ ਦੀ ਧਾਰਨਾ ਹੈ ਕਿ ਯਾਤਰਾ ਦੁਆਰਾ ਵਿਅਕਤੀ ਦਾ ਅਨੁਭਵ, ਵਿਸ਼ਾਲ ਅਤੇ ਵਿਸਤ੍ਰਿਤ ਹੋ ਜਾਂਦਾ ਹੈ। ਕਿਸੇ ਵੀ ਯਾਤਰਾ ਦੁਆਰਾ ਵਿਅਕਤੀ ਦੇ ਬਹੁਤ ਸਾਰੇ ਪੂਰਵਾਗ੍ਰਹਿ ਅਤੇ ਦਿਮਾਗੀ ਹਠ ਖ਼ਤਮ ਹੋ ਜਾਂਦੇ ਹਨ। ਯਾਤਰਾਵਾਂ ਦੇ ਇਸ ਪਹਿਲੂ ਉਪਰ ਜ਼ੋਰ ਦਿੰਦਾ ਹੋਇਆ ਪ੍ਰੋ. ਗੁਰਦਿਆਲ ਸਿੰਘ ਫੁੱਲ ਲਿਖਦਾ ਹੈ:

> ਨਿਰਾ ਕਿਤਾਬੀ ਗਿਆਨ ਅਧੂਰਾ ਤੇ ਦਿਮਾਗ਼ੀ ਰੋਗ ਬਣ ਕੇ ਰਹਿ ਜਾਂਦਾ ਹੈ; ਅਸਲ ਗਿਆਨ ਸਾਨੂੰ ਜੀਵਨ-ਅਭਿਆਸ ਨਾਲ ਹੀ ਆਉਂਦਾ ਹੈ। ਸੋ ਸੈਰ-ਸਪਾਟੇ ਮਨੁੱਖ ਲਈ ਉਨੇ ਹੀ ਜ਼ਰੂਰੀ ਹਨ, ਜਿੰਨੇ ਕਿਸੇ ਜਗਿਆਸੂ ਲਈ ਸਿਮਰਨ ਜਾਂ ਸਰੀਰ ਲਈ ਅਸ਼ਨਾਨ। (ਕਸ਼ਮੀਰ, ਪੰਨਾ 7)

ਇਸੇ ਧਾਰਨਾ ਦੀ ਪ੍ਰੋੜਤਾ, ਕਰਦਾ ਹੋਇਆ ਪ੍ਰੋ. ਰਾਮ ਸਿੰਘ ਲਿਖਦਾ ਹੈ ਕਿ ਮਨੁੱਖੀ ਹਮਦਰਦੀ ਨੂੰ ਵਿਸ਼ਾਲ ਕਰਨ ਅਤੇ ਖ਼ੁਦਪ੍ਰਸਤੀ ਦੀਆਂ ਨੋਕਾਂ ਖੁੰਢੀਆਂ ਕਰਨ ਲਈ ਸਫ਼ਰ ਦੀ ਸਾਰਥਿਕਤਾ ਮੰਨੀ-ਪ੍ਰਮੰਨੀ ਹੈ। ਜਿਨ੍ਹਾਂ ਮਨੁੱਖਾਂ ਨੇ ਦੁਨੀਆਂ ਵਿਚ ਫਿਰ-ਤੁਰ ਕੇ ਤਰ੍ਹਾਂ-ਤਰ੍ਹਾਂ ਦੇ ਲੋਕਾਂ ਨੂੰ ਵੇਖਿਆ ਹੈ, ਉਨ੍ਹਾਂ ਨੂੰ ਅਹਿਸਾਸ ਹੋ ਜਾਂਦਾ ਹੈ ਕਿ ਕੇਵਲ ਸਾਡੀ ਕੌਮ ਹੀ ਗੁਣਾਂ ਦੀ ਮਾਲਕ ਨਹੀਂ, ਹੋਰਨਾਂ ਕੌਮਾਂ ਵਿਚ ਵੀ ਕਈ ਸਿਫ਼ਤਾਂ ਹਨ, ਜੋ ਸਾਡੇ ਵਿਚ ਨਹੀਂ ਹਨ। (ਕਸ਼ਮੀਰ ਤੇ ਕੁੱਲੂ, ਪੰਨੇ 10-11)

**1.6.3.3 ਸਫ਼ਰਨਾਮਾ ਸਾਹਿੱਤ : ਪਰੰਪਰਾ ਤੇ ਵਿਕਾਸ**

ਓਪਰੀਆਂ ਅਤੇ ਅਜਨਬੀ ਧਰਤੀਆਂ ਨੂੰ ਗਾਹੁਣਾ, ਵੱਖੋ-ਵੱਖਰੇ ਸਭਿਆਚਾਰਾਂ ਨੂੰ ਵੇਖਣਾ ਅਤੇ ਘੋਖਣਾ, ਮਨੁੱਖ ਦੀ ਆਦਿਮ ਪ੍ਰਵਿਰਤੀ ਰਹੀ ਹੈ। ਮੈਗਸਥਨੀਜ਼, ਹਿਊਨਸਾਂਗ, ਫਾਹੀਯਾਨ, ਇਬਨ ਬਤੂਤਾ, ਅਲਬੇਰੂਨੀ, ਮਾਰਕੋ ਪੋਲੋ, ਬਰਨੀਅਰ ਅਤੇ ਟੈਵਨੀਅਰ ਆਦਿਕ ਸੈਲਾਨੀ ਵਿਸ਼ਵ ਭਰ ਵਿਚ ਪ੍ਰਸਿੱਧ ਰਹੇ ਹਨ ਅਤੇ ਇਨ੍ਹਾਂ ਨੇ ਆਪਣੀਆਂ ਯਾਤਰਾਵਾਂ ਦਾ ਵਰਣਨ 'ਸਫ਼ਰਨਾਮਿਆਂ' ਦੇ ਰੂਪ ਵਿਚ ਕੀਤਾ ਹੈ। ਤਾਂ ਜੋ ਹੋਰ ਲੋਕਾਂ ਨੂੰ ਵੀ ਓਪਰੀਆਂ ਧਰਤੀਆਂ ਅਤੇ ਅਜਨਬੀ ਸਭਿਆਚਾਰਾਂ ਬਾਰੇ ਕੁਝ ਜਾਣਕਾਰੀ ਹਾਸਲ ਹੋ ਸਕੇ। ਹੁਣ ਤਾਂ ਆਵਾਜਾਈ ਦੇ ਸਾਧਨਾਂ ਵਿਚ ਕ੍ਰਾਂਤੀ ਦੇ ਆਉਣ ਨਾਲ ਅਤੇ ਸੂਚਨਾ-ਤਕਨਾਲੋਜੀ ਦੇ ਵਿਕਸਿਤ ਹੋਣ ਨਾਲ ਅਸੀਂ ਦੁਨੀਆਂ ਦੇ ਹਰ ਕੋਨੇ ਵਿਚ ਹੋ ਰਹੀਆਂ ਸਰਗਰਮੀਆਂ ਅਤੇ ਵਾਪਰ ਰਹੀਆਂ ਘਟਨਾਵਾਂ ਬਾਰੇ ਨਾਲੋ-ਨਾਲ ਅਤੇ ਸਿੱਧੀਆਂ ਸੂਚਨਾਵਾਂ ਹਾਸਲ ਕਰ ਸਕਦੇ ਹਾਂ। ਪਰੰਤੂ ਮੱਧਕਾਲ ਵਿਚ ਅਜਿਹਾ ਸੰਭਵ ਨਹੀਂ ਸੀ। ਉਸ ਸਮੇਂ ਕੋਈ ਪਰਾਕ੍ਰਮੀ,

ਸਾਹਸੀ ਅਤੇ ਦਲੇਰ ਵਿਅਕਤੀ ਹੀ ਦੇਸ਼ਾ-ਵਿਦੇਸ਼ਾਂ ਵਿਚ ਘੁੰਮ ਸਕਦਾ ਸੀ। ਇਸ ਕਾਰਨ 'ਸਫ਼ਰਨਾਮਾ' ਅਜਿਹੀਆਂ ਸੂਚਨਾਵਾਂ ਹਾਸਲ ਕਰਨ ਦਾ ਸਭ ਤੋਂ ਵਿਸ਼ਵਾਸਯੋਗ ਅਤੇ ਪ੍ਰਮਾਣਿਕ ਸਰੋਤ ਮੰਨਿਆ ਜਾਂਦਾ ਹੈ।

ਮੈਗਸਥਨੀਜ਼, ਚੰਦਰਗੁਪਤ ਮੌਰੀਆਂ ਦੇ ਸਮੇਂ (302 ਈ.ਪੂ.–295ਈ.ਪੂ) ਯੂਨਾਨ ਤੋਂ ਰਾਜਦੂਤ ਵਜੋਂ ਭਾਰਤ ਵਿਚ ਆਇਆ। ਉਹ ਕਈ ਸਾਲ ਭਾਰਤ ਵਿਚ ਰਿਹਾ ਅਤੇ ਭਾਰਤ ਦੇ ਸਮਾਜ ਅਤੇ ਸਭਿਆਚਾਰ ਬਾਰੇ ਆਪਣੇ ਪ੍ਰਭਾਵ 'ਇੰਡਿਕਾ' ਨਾਮ ਦੀ ਪੁਸਤਕ ਵਿਚ ਅੰਕਿਤ ਕੀਤੇ। ਚੀਨ ਦਾ ਪ੍ਰਸਿੱਧ ਯਾਤਰੀ ਫਾਹੀਯਾਨ, ਰਾਜਾ ਵਿਕ੍ਰਮਾਦਿੱਤਯ ਦੇ ਰਾਜ-ਕਾਲ (399–414 ਈ.) ਸਮੇਂ ਭਾਰਤ ਵਿਚ ਆਇਆ ਸੀ। ਉਸ ਨੇ ਭਾਰਤੀ ਸਮਾਜ ਅਤੇ ਸਭਿਆਚਾਰ ਬਾਰੇ ਕਾਫ਼ੀ ਜਾਣਕਾਰੀ ਦਿੱਤੀ ਹੈ। (ਰੋਮਿਲਾ ਥਾਪਰ, ਦਾ ਇਨਵਿੰਸੀਬਲ ਟਰੈਵੇਲਰਜ਼, ਪੰਨਾ 9) ਹਿਊਨਸਾਂਗ, ਹਰਸ਼ਵਰਧਨ ਦੇ ਰਾਜ-ਕਾਲ (629–645 ਈ.) ਵਿਚ ਭਾਰਤ ਆਇਆ। ਉਹ ਪੰਜਾਬ ਵਿਚੋਂ ਵੀ ਗੁਜ਼ਰਿਆ ਸੀ। (ਮੋਹਨ ਸਿੰਘ ਦੀਵਾਨਾ, ਪੰਜਾਬੀ ਸਾਹਿੱਤ ਦਾ ਇਤਿਹਾਸ, ਪੰਨਾ 16) ਅਲਬੇਰੂਨੀ 1017 ਈ. ਵਿਚ ਭਾਰਤ ਆਇਆ ਸੀ ਅਤੇ ਲਗਭਗ 13 ਵਰ੍ਹੇ ਇੱਥੇ ਰਿਹਾ। ਉਸਦੀ ਪੁਸਤਕ ਅਲਹਿੰਦ (ਭਾਸ਼ਾ ਵਿਭਾਗ, ਪੰਜਾਬ) ਮੱਧਕਾਲੀਨ ਭਾਰਤ ਬਾਰੇ ਵੱਡਮੁੱਲੀ ਜਾਣਕਾਰੀ ਪ੍ਰਦਾਨ ਕਰਦੀ ਹੈ। ਭਾਰਤ ਬਾਰੇ ਲਿਖੇ ਗਏ ਸਫ਼ਰਨਾਮਾ ਸਾਹਿਤ ਵਿਚ ਇਹ ਪੁਸਤਕਾਂ ਅਤਿਅੰਤ ਮਹੱਤਵਪੂਰਨ ਹਨ।

**1.6.3.4ਪੰਜਾਬੀ ਵਿਚ ਸਫ਼ਰਨਾਮਾ ਸਾਹਿੱਤ :**

ਭਾਵੇਂ ਪੰਜਾਬੀ ਵਿਚ ਸਫ਼ਰਨਾਮਾ-ਸਾਹਿੱਤ ਦੀ ਪਰੰਪਰਾ ਬਹੁਤੀ ਪੁਰਾਣੀ ਨਹੀਂ, ਇਹ ਵੀਹਵੀਂ ਸਦੀ ਦੇ ਆਰੰਭ ਵਿਚ ਹੀ ਸ਼ੁਰੂ ਹੋਈ ਪਰ ਬੀਜ ਰੂਪ ਵਿਚ ਸਫ਼ਰਨਾਮਾ ਸਾਹਿੱਤ ਦੇ ਕੁਝ ਅੰਸ਼ ਜਨਮ ਸਾਖੀ ਸਾਹਿੱਤ ਅਤੇ ਕੁਝ ਹੋਰ ਧਾਰਮਿਕ ਪੋਥੀਆਂ ਵਿਚ ਮਿਲ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦੇ ਬ੍ਰਿਤਾਂਤ ਵੱਖ-ਵੱਖ ਜਨਮਸਾਖੀਆਂ ਵਿਚ ਨਿਰੂਪਿਤ ਹਨ। ਭਾਈ ਗੁਰਦਾਸ ਦੀ 'ਪਹਿਲੀ ਵਾਰ' ਵਿਚ ਵੀ ਗੁਰੂ ਸਾਹਿਬ ਦੀਆਂ ਉਦਾਸੀਆਂ ਦਾ ਜ਼ਿਕਰ ਹੋਇਆ ਹੈ। ਗੁਰੂ ਨਾਨਕ ਦੇਵ ਜੀ ਤੋਂ ਪਿਛੋਂ ਗੁਰੂ ਤੇਗ਼ ਬਹਾਦਰ ਜੀ ਦੀਆਂ ਯਾਤਰਾਵਾਂ ਦੇ ਵੇਰਵੇ 'ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ' ਵਿਚ ਮਿਲਦੇ ਹਨ ਜੋ ਉਨੀਵੀਂ ਸਦੀ ਦੇ ਅੰਤ ਦੀ ਰਚਨਾ ਮੰਨੀ ਜਾਂਦੀ ਹੈ। ਗੁਰ ਪ੍ਰਤਾਪ ਸੂਰਜ ਗ੍ਰੰਥ, ਗੁਰਤੀਰਥ ਸੰਗ੍ਰਹਿ ਅਤੇ ਕੁਝ ਹੋਰ ਧਾਰਮਿਕ ਪੋਥੀਆਂ ਵਿਚ ਵੀ ਗੁਰੂ ਸਾਹਿਬਾਨ ਦੀਆਂ ਯਾਤਰਾਵਾਂ ਦੇ ਵੇਰਵੇ ਅੰਕਿਤ ਹੋਏ ਹਨ। ਪਰੰਤੂ ਵਿਧੀਵਤ ਰੂਪ ਵਿਚ ਪੰਜਾਬੀ ਸਫ਼ਰਨਾਮਾ ਪਰੰਪਰਾ ਦਾ ਆਰੰਭ ਭਾਈ ਕਾਨ੍ਹ ਸਿੰਘ ਨਾਭਾ ਦੁਆਰਾ ਲਿਖੇ ਸਫ਼ਰਨਾਮਿਆਂ ਨਾਲ ਸ਼ੁਰੂ ਹੁੰਦਾ ਹੈ। ਉਸ ਦੁਆਰਾ ਤਿੰਨ ਸਫ਼ਰਨਾਮੇ ਲਿਖੇ ਗਏ : 1. ਪਹਾੜੀ ਰਿਆਸਤਾਂ ਦਾ ਸਫ਼ਰ (1906 ਈ.), 2. ਵਲਾਇਤ ਦਾ ਸਫ਼ਰਨਾਮਾ (1907 ਈ.) ਅਤੇ ਵਲਾਇਤ ਦਾ ਸਫ਼ਰ (1908 ਈ.) ਇਸ ਤੋਂ ਬਾਅਦ ਪੰਜਾਬੀ ਵਿਚ ਹੋਰ ਵੀ ਬਹੁਤ ਸਾਰੇ ਸਫ਼ਰਨਾਮੇ ਲਿਖੇ ਗਏ। ਇਨ੍ਹਾਂ ਵਿਚੋਂ ਕੁਝ ਇਕ ਪ੍ਰਸਿੱਧ ਸਫ਼ਰਨਾਮੇ ਇਹ ਹਨ:

√ ਮੇਰਾ ਵਲਾਇਤੀ ਸਫ਼ਰਨਾਮਾ (1931) ਕ੍ਰਿਤ ਲਾਲ ਸਿੰਘ ਕਮਲਾ ਅਕਾਲੀ।
√ ਪ੍ਰਦੇਸ਼ ਯਾਤਰਾ (1939) ਕ੍ਰਿਤ ਡਾ. ਸ਼ੇਰ ਸਿੰਘ।
√ ਪੂਰਬ ਅਤੇ ਪੱਛਮ (1941) ਕ੍ਰਿਤ ਡਾ. ਹਰਦਿੱਤ ਸਿੰਘ ਢਿੱਲੋਂ।
√ ਅਫ਼ਗਾਨਿਸਤਾਨ ਵਿਚ ਇਕ ਮਹੀਨਾ (1954) ਕ੍ਰਿਤ ਡਾ. ਗੰਡਾ ਸਿੰਘ।
√ ਕਸ਼ਮੀਰ ਤੇ ਕੁੱਲੂ (1955) ਕ੍ਰਿਤ ਪ੍ਰੋ. ਰਾਮ ਸਿੰਘ।
√ ਅਮੋਲ ਯਾਤਰਾ (1955) ਕ੍ਰਿਤ ਸ.ਸ.ਅਮੋਲ।
√ ਇਕ ਝਾਤ ਪੂਰਬ ਪੱਛਮ ਤੇ (1962) ਕ੍ਰਿਤ ਗੁਰਬਖ਼ਸ਼ ਸਿੰਘ ਪ੍ਰੀਤਲੜੀ।
√ ਪਾਤਾਲ ਦੀ ਧਰਤੀ (1963) ਕ੍ਰਿਤ ਬਲਵੰਤ ਗਾਰਗੀ।
√ ਮੇਰਾ ਰੂਸੀ ਸਫ਼ਰਨਾਮਾ (1967) ਕ੍ਰਿਤ ਬਲਰਾਜ ਸਾਹਨੀ।
√ ਮੇਰਾ ਪਾਕਿਸਤਾਨੀ ਸਫ਼ਰਨਾਮਾ (1969) ਕ੍ਰਿਤ ਬਲਰਾਜ ਸਾਹਨੀ।

- √ ਸਿਮਰਤੀਆਂ ਦੇ ਦੇਸ਼ (1979) ਕ੍ਰਿਤ ਰਵਿੰਦਰ ਰਵੀ।
- √ ਚੀਨ ਵਿਚ ਕੁਝ ਦਿਨ (1986) ਕ੍ਰਿਤ ਹਰਭਜਨ ਸਿੰਘ ਹਲਵਾਰਵੀ।
- √ ਪਟਿਆਲੇ ਤੋਂ ਪਟਿਆਲੇ ਤੱਕ (1990) ਕ੍ਰਿਤ ਸੁਰਜੀਤ ਸਿੰਘ ਸੇਠੀ।
- √ ਸੱਚੇ ਸੁੱਚੇ (2004) ਕ੍ਰਿਤ ਨਰਿੰਦਰ ਸਿੰਘ ਕਪੂਰ

**1.6.3.5 ਸਫ਼ਰਨਾਮਾ : ਵਿਸ਼ੇਸ਼ਤਾਵਾਂ ਅਤੇ ਤੱਤ**

ਸਫ਼ਰਨਾਮਾ ਵਾਰਤਕ ਸਾਹਿੱਤ ਦਾ ਇਕ ਪ੍ਰਮੁੱਖ ਰੂਪਾਕਾਰ ਹੈ। ਉਂਜ ਤਾਂ ਮਹਾਂਕਾਵਿ, ਨਾਵਲ, ਕਹਾਣੀ, ਜੀਵਨੀ ਅਤੇ ਸ੍ਵੈਜੀਵਨੀ ਆਦਿਕ ਰੂਪਾਕਾਰਾਂ ਵਿਚ ਵੀ ਕਈ ਵਾਰ ਸਫ਼ਰਨਾਮਾ ਸਾਹਿੱਤ ਦੇ ਤੱਤ ਮਿਲ ਜਾਂਦੇ ਹਨ ਪਰੰਤੂ ਸਫ਼ਰਨਾਮਾ ਇਕ ਅਜਿਹਾ ਰੂਪਾਕਾਰ ਹੈ, ਜਿਸ ਵਿਚ ਕੋਈ ਵਿਅਕਤੀ ਦੇਸ਼-ਵਿਦੇਸ਼ ਦੀ ਕਿਸੇ ਯਾਤਰਾ ਦੁਆਰਾ ਪੈਦਾ ਹੋਏ ਪ੍ਰਭਾਵਾਂ ਅਤੇ ਉਦਗਾਰਾਂ ਨੂੰ ਪਾਠਕਾਂ ਨਾਲ ਸਾਂਝਾ ਕਰਦਾ ਹੈ। ਇਸ ਲਈ ਇਹ ਇਕ ਸੁਤੰਤਰ ਰੂਪਾਕਾਰ ਹੈ ਅਤੇ ਹਰ ਸਫ਼ਰਨਾਮਾ ਲੇਖਕ ਨੂੰ ਇਸ ਰੂਪਾਕਾਰ ਦੀ ਸੁਤੰਤਰਤਾ ਪ੍ਰਤਿ ਸਚੇਤ ਰਹਿਣਾ ਚਾਹੀਦਾ ਹੈ। ਕਈ ਲੋਕ ਆਪਣੇ ਮਿੱਤਰਾਂ ਜਾਂ ਰਿਸ਼ਤੇਦਾਰਾਂ ਨੂੰ ਪ੍ਰਸੰਨ ਕਰਨ ਲਈ ਉਨ੍ਹਾਂ ਦੇ ਜੀਵਨ-ਬ੍ਰਿਤਾਂਤ ਜਾਂ ਆਪਣੀਆਂ ਪ੍ਰਾਪਤੀਆਂ-ਵਡਿਆਈਆਂ ਨੂੰ ਸਫ਼ਰਨਾਮੇ ਵਿਚ ਅੰਕਿਤ ਕਰਨ ਲੱਗ ਪੈਂਦੇ ਹਨ। ਵਿਅਕਤੀਗਤ ਕਮਜ਼ੋਰੀ ਦੀ ਅਜਿਹੇ ਛਿਣਾਂ ਵਿਚ ਇਕ ਸਫ਼ਰਨਾਮਾ ਲੇਖਕ ਆਪਣੇ ਲਕਸ਼ ਤੋਂ ਭਟਕ ਜਾਂਦਾ ਹੈ, ਜਿਸ ਕਾਰਨ ਪਾਠਕਾਂ ਨੂੰ ਉਸਦੀ ਰਚਨਾ ਵਿਚ ਕੋਈ ਦਿਲਚਸਪੀ ਨਹੀਂ ਰਹਿ ਜਾਂਦੀ।

**ਬ੍ਰਿਤਾਂਤ ਅਤੇ ਵਰਣਨ :**

ਸਫ਼ਰਨਾਮਾ ਲੇਖਕ ਨੂੰ ਵਰਣਨ ਦੀ ਬਜਾਇ ਬ੍ਰਿਤਾਂਤ ਵੱਲ ਵਧੇਰੇ ਧਿਆਨ ਦੇਣਾ ਚਾਹੀਦਾ ਹੈ। ਵਰਣਨ ਕਰਨ ਸਮੇਂ ਲੇਖਕ ਵੱਖ-ਵੱਖ ਸਥਾਨਾਂ ਅਤੇ ਸੰਸਥਾਵਾਂ ਬਾਰੇ ਪ੍ਰਮੁੱਖ ਵੇਰਵਿਆਂ ਨੂੰ ਦੱਸਦਾ ਜਾਂ ਸੁਣਾਉਂਦਾ ਹੈ, ਉਨ੍ਹਾਂ ਨੂੰ ਦਿਖਾਉਂਦਾ ਨਹੀਂ। ਵਰਣਨਾਤਮਕ ਵਿਧੀ ਦੁਆਰਾ ਸਫ਼ਰਨਾਮਾ ਕਮਜ਼ੋਰ ਹੋ ਜਾਂਦਾ ਹੈ। ਇਹ ਇਤਿਹਾਸ, ਭੂਗੋਲ ਜਾਂ ਸਮਾਜ-ਸ਼ਾਸਤਰ ਦੀ ਕਿਸੇ ਪੁਸਤਕ ਵਾਂਗ ਨੀਰਸ ਅਤੇ ਅਕਾਊ ਹੋ ਨਿੱਬੜਦਾ ਹੈ ਪਰ ਜੇ ਸਫ਼ਰਨਾਮਾ ਲੇਖਕ ਬ੍ਰਿਤਾਂਤਿਕ ਵਿਧੀ ਨੂੰ ਅਪਣਾਏ ਤਾਂ ਸਾਰੇ ਦ੍ਰਿਸ਼ ਅਤੇ ਸਥਾਨ ਪਾਠਕ ਦੇ ਜ਼ਿਹਨ ਵਿਚ ਸਜੀਵ ਹੋ ਜਾਂਦੇ ਹਨ ਅਤੇ ਉਹ ਪੂਰੀ ਤਰ੍ਹਾਂ ਲੇਖਕ ਦੇ ਬ੍ਰਿਤਾਂਤ ਨਾਲ ਜੁੜ ਜਾਂਦਾ ਹੈ।

**ਆਤਮਕੇਂਦ੍ਰਿਤ ਸ਼ੈਲੀ :**

ਹਰ ਸਫ਼ਰਨਾਮਾ ਲੇਖਕ ਦੀ ਇਹ ਮਜਬੂਰੀ ਹੁੰਦੀ ਹੈ ਕਿ ਉਸ ਨੂੰ ਆਤਮਕੇਂਦ੍ਰਿਤ ਸ਼ੈਲੀ ਦਾ ਪ੍ਰਯੋਗ ਕਰਨਾ ਪੈਂਦਾ ਹੈ। ਹਰ ਬ੍ਰਿਤਾਂਤ ਦੇ ਪਰਵਕਤਾ ਹੋਂਦ ਦੀ ਸੂਰਤ ਵਿਚ ਉਸ ਨੂੰ 'ਮੈਂ' ਦੇ ਹਵਾਲੇ ਨਾਲ ਹੀ ਹਰ ਘਟਨਾ ਬਿਆਨ ਕਰਨੀ ਪੈਂਦੀ ਹੈ। ਇਸ ਸੂਰਤ ਵਿਚ ਉਸ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਆਪਣੀ ਸ਼ਖਸੀਅਤ ਜਾਂ ਨਿੱਜਤਵ ਨੂੰ ਵਧ ਚੜ੍ਹ ਕੇ ਪੇਸ਼ ਨਾ ਕਰੇ ਬਲਕਿ ਹੋਰ ਕਿਰਦਾਰਾਂ ਨੂੰ ਵੀ ਆਪਣੀ ਗੱਲਬਾਤ ਕਹਿਣ ਦਾ ਮੌਕਾ ਦੇਵੇ। ਇਸ ਵਿਧੀ ਦੁਆਰਾ ਬ੍ਰਿਤਾਂਤ ਵਿਚ ਨਾਟਕੀਅਤਾ ਦੇ ਗੁਣ-ਲੱਛਣ ਪੈਦਾ ਹੋ ਜਾਂਦੇ ਹਨ। ਦੇਖੋ:

> ਮੈਂ ਪਰੀਖਸ਼ਿਤ ਨੂੰ ਕਿਹਾ, ''ਯਾਰ ਤੇਰੇ ਰੂਸੀਆਂ ਨੇ ਭਾਪੇ ਖਰੁਸ਼ਚੋਵ ਨਾਲ ਬੁਰੀ ਕੀਤੀ। ਹੈਂ?''
> ''ਹੱਛਾ?'' ਅਤੇ ਖਰੁਸ਼ਚੋਵ ਨਾਲ ਭਾਪੇ ਦਾ ਲਫ਼ਜ਼ ਜੁੜਿਆ ਸੁਣ ਕੇ ਪਰੀਖਸ਼ਿਤ ਜ਼ੋਰ ਦੀ ਹੱਸ ਪਿਆ।
> ''ਤੂੰ ਹੱਸ ਰਿਹੈ, ਯਾਰ! ਇਹ ਕੋਈ ਹਾਸੇ ਵਾਲੀ ਗੱਲ ਹੈ? ਇਤਨਾ ਲੋਕਪ੍ਰਿਯ ਨੇਤਾ...''
> ''ਲੋਕਪ੍ਰਿਯ? ਏਥੇ ਤਾਂ ਉਹ ਬਦਨਾਮ ਸੀ।''
>
> (ਬਲਰਾਜ ਸਾਹਨੀ, ਮੇਰਾ ਰੂਸੀ ਸਫ਼ਰਨਾਮਾ, ਪੰਨੇ 62-63)

**ਲੇਖਕੀਯ ਟਿੱਪਣੀਆਂ :**

ਕਿਸੇ ਚੰਗੇ ਸਫ਼ਰਨਾਮੇ ਵਿਚ ਘਟਨਾਵਾਂ, ਵਸਤਾਂ, ਵਿਅਕਤੀਆਂ ਅਤੇ ਸਥਿਤੀਆਂ ਦਾ ਵਸਤੂਗਤ ਜਾਂ

ਸਿੱਧ ਪੱਧਰਾ ਬਿਆਨ ਹੀ ਨਹੀਂ ਹੁੰਦਾ ਬਲਕਿ ਲੇਖਕ ਆਪਣੀ ਚੇਤੰਨਤਾ ਅਤੇ ਵਿਵੇਕ ਦਾ ਪ੍ਰਗਟਾਵਾ ਕਰਦਾ ਹੋਇਆ ਨਾਲੋ-ਨਾਲ ਉਨ੍ਹਾਂ ਬਾਰੇ ਆਲੋਚਨਾਤਮਕ ਅਥਵਾ ਵਿਸ਼ਲੇਸ਼ਣਾਤਮਕ ਟਿੱਪਣੀਆਂ ਵੀ ਕਰਦਾ ਰਹਿੰਦਾ ਹੈ। ਇਸ ਤਰ੍ਹਾਂ ਪਾਠਕ ਤੱਕ ਸਾਰੇ ਵੇਰਵੇ ਸੰਤੁਲਿਤ ਵਿਧੀ ਦੁਆਰਾ ਪਹੁੰਚਦੇ ਹਨ। ਦੇਖੋ:

> ਅਸੀਂ ਤਾਂ ਅਜੇ ਬੜਾ ਹੀ ਸਾਊ ਜੀਵਨ ਜੀ ਰਹੇ ਹਾਂ, ਜੇ ਨਰਕ ਵੇਖਣਾ ਹੈ ਤਾਂ ਅਮਰੀਕਾ ਚਲੇ ਜਾਵੋ। ਪਤੀਲੇ ਦਾ ਢੱਕਣ ਚੁੱਕ ਕੇ ਵੇਖਣ ਦੀ ਲੋੜ ਹੈ ਕਿ ਕੀ ਰਿੱਝ ਰਿਹਾ ਹੈ। ਲੱਖਾਂ ਪਰਿਵਾਰ ਨਸ਼ੀਲੇ ਪਦਾਰਥਾਂ ਦੇ ਉਜਾੜੇ ਪਏ ਹਨ। ਲੱਖਾਂ ਜਵਾਨ ਮੁੰਡੇ ਕੁੜੀਆਂ ਨੇ ਆਪਣੀ ਜਵਾਨੀ ਨਸ਼ਿਆਂ ਦੇ ਹਵਾਲੇ ਕੀਤੀ ਹੋਈ ਹੈ।
>
> (ਨਰਿੰਦਰ ਸਿੰਘ ਕਪੂਰ, ਸੱਚੋ ਸੱਚ, ਪੰਨਾ-114)

**ਅਚੰਭਾ ਅਤੇ ਹੈਰਤ**

ਕਿਸੇ ਵੀ ਸਫ਼ਰਨਾਮੇ ਵਿਚ ਜਿਹੜਾ ਤੱਥ ਉਭਰ ਕੇ ਸਾਹਮਣੇ ਆਉਂਦਾ ਹੈ, ਉਹ ਹੈ ਸਫ਼ਰਨਾਮਾ ਲੇਖਕ ਦਾ ਅਚੰਭਾ ਅਤੇ ਹੈਰਤ। ਜਦੋਂ ਅਸੀਂ ਓਪਰੇ ਸਭਿਆਚਾਰਾਂ ਵਿਚ ਰਹਿਣ ਵਾਲੇ ਲੋਕਾਂ ਦੇ ਰਹਿਣ-ਸਹਿਣ ਅਤੇ ਵਰਤੋਂ-ਵਿਹਾਰ ਨੂੰ ਦੇਖਦੇ ਹਾਂ ਤਾਂ ਸਾਨੂੰ ਉਨ੍ਹਾਂ ਦੀ ਜੀਵਨ-ਸ਼ੈਲੀ ਦੇ ਕਈ ਪੱਖਾਂ ਨੂੰ ਵੇਖ ਕੇ ਬੜਾ ਅਚੰਭਾ ਹੁੰਦਾ ਹੈ। ਸਾਡੇ ਕਈ ਪੂਰਵਾਗ੍ਰਹਿ ਟੁੱਟਦੇ ਹਨ। ਸਾਨੂੰ ਪਤਾ ਚਲਦਾ ਹੈ ਕਿ ਪ੍ਰਮਾਣਿਕ ਅਤੇ ਸੁਚੱਜੇ ਜੀਵਨ ਦੇ ਹੋਰ ਵੀ ਬਹੁਤ ਸਾਰੇ ਢੰਗ ਹਨ। ਲਾਲ ਸਿੰਘ ਕਮਲਾ ਅਕਾਲੀ ਵਰਗੇ ਕਈ ਲੇਖਕ ਜਦੋਂ ਵਲਾਇਤ (ਇੰਗਲੈਂਡ) ਗਏ ਤਾਂ ਵਲਾਇਤੀਆਂ ਦੇ ਜੀਵਨ ਨਾਲ ਸੰਬੰਧਿਤ ਕਈ ਪੱਖਾਂ ਨੂੰ ਵੇਖਕੇ ਉਹ ਦੰਗ ਰਹਿ ਗਏ । ਇਸੇ ਲਈ ਉਨ੍ਹਾਂ ਦੇ ਸਫ਼ਰਨਾਮਿਆਂ ਵਿਚ ਅਚੰਭੇ ਅਤੇ ਹੈਰਤ ਦੇ ਭਾਵ ਸਭ ਤੋਂ ਉਜਾਗਰ ਰੂਪ ਵਿਚ ਪ੍ਰਗਟ ਹੋਏ ਹਨ। ਉਂਜ ਵੀ ਕੋਈ ਯਾਤਰੀ, ਆਪਣੀ ਯਾਤਰਾ ਦੇ ਦੌਰਾਨ ਕੇਵਲ ਉਨ੍ਹਾਂ ਤੱਥਾਂ ਜਾਂ ਜੀਵਨ-ਸ਼ੈਲੀਆਂ ਨੂੰ ਨੋਟ ਕਰਦਾ ਹੈ, ਜੋ ਉਸਦੇ ਆਪਣੇ ਸਮਾਜ ਅਤੇ ਸਭਿਆਚਾਰ ਨਾਲੋਂ ਵੱਖਰੀਆਂ ਹੋਣ। ਆਪਣੇ ਜੀਵਨ ਨਾਲ ਮਿਲਦੇ-ਜੁਲਦੇ ਤੱਥ, ਜੋ ਬੇਸ਼ੱਕ ਬਹੁਤ ਸਾਰੇ ਹੁੰਦੇ ਹਨ, ਉਸ ਨੂੰ ਪ੍ਰਭਾਵਿਤ ਨਹੀਂ ਕਰਦੇ। ਸਫ਼ਰਨਾਮਾ ਸਾਹਿੱਤ ਦੇ ਇਸ ਪੱਖ ਵੱਲ ਸੰਕੇਤ ਕਰਦਾ ਹੋਇਆ ਸ. ਪਰਤਾਪ ਸਿੰਘ ਲਿਖਦਾ ਹੈ:

> ਬਹੁਤਾ ਕਰਕੇ ਯਾਤਰਾ-ਪੁਸਤਕਾਂ ਅਦਭੁਤ ਰਸ ਦੀ ਝਲਕ ਦਿੰਦੀਆਂ ਹਨ। ਲੇਖਕ ਇਕ ਯਾਤਰੀ ਦੇ ਰੂਪ ਵਿਚ ਕਿਸੇ ਪਰਦੇਸ ਜਾਂ ਨਵੀਂ ਥਾਂ ਉੱਤੇ ਜਾਂਦਾ ਹੈ। ਉੱਥੋਂ ਦੀ ਰਹਿਣੀ-ਬਹਿਣੀ, ਨਾਗਰਿਕਾਂ ਦਾ ਵਰਤੋਂ-ਵਿਹਾਰ, ਪ੍ਰਬੰਧ, ਇਮਾਰਤਾਂ ਅਤੇ ਦ੍ਰਿਸ਼ ਵੇਖ ਕੇ ਤੇ ਆਪਣੇ ਦੇਸ਼ ਨਾਲੋਂ ਉਨ੍ਹਾਂ ਵਿਚ ਅੰਤਰ ਤੇ ਵਧੇਰੇ ਸੁਹੱਪਣ, ਸੋਹਜ, ਸੁਖ ਤੇ ਸੁਚੱਜ ਤੱਕ ਕੇ ਉਹ ਨਵੀਨਤਾ ਉਤੇ ਮੋਹਿਤ ਹੁੰਦਾ ਹੈ। ਆਪਣੀ ਇਸ ਭਾਵਨਾ ਨੂੰ ਅੰਦਰ ਛੁਪਾ ਰੱਖਣ ਦੀ ਥਾਂ ਪਾਠਕਾਂ ਨਾਲ ਸਾਂਝਾ ਕਰਨ ਲਈ ਉਤਾਵਲਾ ਹੋ ਜਾਂਦਾ ਹੈ।
>
> (ਮੇਰੀਆਂ ਪਰਬਤ ਫੇਰੀਆਂ, ਪੰਨਾ 4)

**ਮਨੁੱਖੀ ਜੀਵਨ ਦੀ ਵੰਨਸੁਵੰਨਤਾ**

ਸਫ਼ਰਨਾਮੇ ਵਿਚ ਲੇਖਕ ਮਨੁੱਖੀ ਜੀਵਨ ਦੀ ਵੰਨਸੁਵੰਨਤਾ ਨੂੰ ਵੇਖਦਾ ਅਤੇ ਬਿਆਨ ਕਰਦਾ ਹੈ। ਭੂਗੋਲ, ਸਭਿਆਚਾਰ, ਵਾਤਾਵਰਣ ਅਤੇ ਰਾਜਨੀਤਕ ਪ੍ਰਬੰਧਨ ਦੀ ਦ੍ਰਿਸ਼ਟੀ ਤੋਂ ਹਰ ਦੇਸ਼ ਦੀਆਂ ਪਰਿਸਥਿਤੀਆਂ ਅਤੇ ਸਭਿਆਚਾਰਕ ਵੇਰਵੇ ਵੱਖ-ਵੱਖ ਹੁੰਦੇ ਹਨ। ਸਫ਼ਰਨਾਮਾ ਲੇਖਕ ਨੂੰ ਚਾਹੀਦਾ ਹੈ ਕਿ ਉਹ ਆਪਣੀ ਰਚਨਾ ਨੂੰ ਕਿਸੇ ਇਕ-ਦੋ ਪੱਖਾਂ ਉਪਰ ਕੇਂਦ੍ਰਿਤ ਕਰਨ ਦੀ ਬਜਾਇ, ਇਸਦੀ ਵੰਨਸੁਵੰਨਤਾ ਦਾ ਨਿਰੂਪਣ ਕਰੇ। ਸਫ਼ਰਨਾਮਾ-ਲੇਖਣ ਦੀ ਇਸ ਜ਼ਰੂਰਤ ਵੱਲ ਸੰਕੇਤ ਕਰਦਾ ਹੋਇਆ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਲਿਖਦਾ ਹੈ:

> ਦੁਨੀਆਂ ਇਕ ਵਿਸ਼ਾਲ ਪੁਸਤਕ ਹੈ ਜਿਸ ਵਿਚ ਸਾਡੀ ਆਪਣੀ ਧਰਤੀ ਤੇ ਲੋਕ ਇਕ ਵਰਕਾ ਹਨ ਤੇ ਅਣਗਿਣਤ ਵਰਕੇ ਹੋਰਨਾਂ ਧਰਤੀਆਂ ਤੇ ਹੋਰਨਾਂ ਲੋਕਾਂ ਦੇ ਹਨ। ਹਰ ਵਰਕੇ

ਦੀ ਬਹੁਰੰਗੀ ਛਪਾਈ, ਉਹਦਾ ਹਾਸ਼ੀਆ-ਸ਼ਿੰਗਾਰ, ਉਹਦੀ ਸ਼ਬਦ-ਕਲਾ ਤੇ ਉਸਦੀ ਸੰਗੀਤ-ਲੈਅ ਆਪਣੇ ਆਪ ਵਿੱਚ ਇਕ ਨਿੱਕੀ ਜਿਹੀ ਦੁਨੀਆਂ ਹੁੰਦੇ ਹਨ। ਜਿਸਨੇ ਏਸ ਅਦੁੱਤੀ ਪੁਸਤਕ ਵਿਚੋਂ ਸਿਰਫ਼ ਆਪਣੀ ਧਰਤੀ ਦਾ ਵਰਕਾ ਹੀ ਵੇਖਿਆ ਅਤੇ ਪੜ੍ਹਿਆ ਹੈ, ਉਹ ਪੁਸਤਕ ਦੀ ਪੂਰੀ ਪ੍ਰਸ਼ੰਸਾ ਨਹੀਂ ਕਰ ਸਕਦਾ। ਨਾ ਉਹਦੇ ਗਿਆਨ-ਚਾਨਣ ਨਾਲ ਭੂਤ ਤੇ ਭਵਿੱਖ ਦਾ ਕੋਈ ਸਹੀ ਅਨੁਮਾਨ ਹੀ ਉਹ ਲਾ ਸਕਦਾ ਹੈ। (ਇਕ ਝਾਤ ਪੂਰਬ ਤੇ ਪੱਛਮ ਤੇ, ਪੰਨਾ 12)

**ਚੇਤੰਨਤਾ ਤੇ ਸਹਾਨੁਭੂਤੀ**

ਇਕ ਚੰਗੇ ਸਫ਼ਰਨਾਮੇ ਦੀ ਸਿਰਜਣਾ ਲਈ ਲੇਖਕ ਦਾ ਚੇਤੰਨ ਤੇ ਸੰਵੇਦਨਸ਼ੀਲ ਹੋਣਾ ਜ਼ਰੂਰੀ ਹੈ। ਚੇਤੰਨਤਾ ਤੋਂ ਬਿਨਾਂ ਕੋਈ ਲੇਖਕ ਆਪਣੇ ਅਤੇ ਬਿਗਾਨੇ ਦੇਸ਼ ਦੇ ਸਭਿਆਚਾਰ ਅਥਵਾ ਰਾਜਨੀਤਕ ਪਰਿਸਥਿਤੀਆਂ ਦਾ ਵਿਸ਼ਲੇਸ਼ਣ ਨਹੀਂ ਕਰ ਸਕਦਾ। ਸਮਾਜਿਕ ਰੂਪ ਵਿਚ ਲਾਪਰਵਾਹ ਹੋ ਕੇ ਵਿਚਰਣ ਵਾਲੇ ਮਨੁੱਖ ਉਨ੍ਹਾਂ ਤੱਥਾਂ ਜਾਂ ਵੇਰਵਿਆਂ ਦੀ ਨਿਸ਼ਾਨਦੇਹੀ ਨਹੀਂ ਕਰ ਸਕਦੇ, ਜਿਹੜੇ ਬਿਗਾਨੇ ਦੇਸ਼ ਅਤੇ ਸਭਿਆਚਾਰ ਨੂੰ ਉਸਦੇ ਆਪਣੇ ਦੇਸ਼ ਅਤੇ ਸਭਿਆਚਾਰ ਨਾਲੋਂ ਵਿਲੱਖਣ ਬਣਾਉਂਦੇ ਹਨ। ਕੋਈ ਸਫ਼ਰਨਾਮਾ ਲੇਖਕ ਆਪਣੇ ਦੇਸ਼ ਦੇ ਯਥਾਰਥ ਅਤੇ ਪਰਿਸਥਿਤੀਆਂ ਨੂੰ ਜਿੰਨੀ ਡੂੰਘੀ ਦ੍ਰਿਸ਼ਟੀ ਨਾਲ ਵੇਖ ਸਕਣ ਦੇ ਸਮਰੱਥ ਹੁੰਦਾ ਹੈ।ਉਨ੍ਹਾਂ ਹੀ ਉਹ ਓਪਰੇ ਦੇਸ਼ ਦੇ ਸਭਿਆਚਾਰ ਨੂੰ ਨਿਪੁੰਨਤਾ ਨਾਲ ਦੇਖ-ਸਮਝ ਸਕਦਾ ਹੈ। ਇਸਦੇ ਨਾਲ ਹੀ ਹਰ ਸਫ਼ਰਨਾਮਾ ਲੇਖਕ ਨੂੰ ਵਿਦੇਸ਼ਾਂ ਵਿਚ ਰਹਿਣ ਵਾਲੇ ਲੋਕਾਂ ਨਾਲ ਸਹਾਨੁਭੂਤੀ ਵੀ ਹੋਣੀ ਚਾਹੀਦੀ ਹੈ। ਜੇ ਉਸਦੇ ਮਨ ਵਿਚ ਵਿਦੇਸ਼ੀ ਕੌਮ ਜਾਂ ਦੂਸਰੇ ਧਰਮਾਂ ਪ੍ਰਤਿ ਨਫ਼ਰਤ ਦੇ ਭਾਵ ਰਚੇ-ਬਸੇ ਹੋਣਗੇ ਤਾਂ ਉਹ ਆਪਣੇ ਸਫ਼ਰਨਾਮੇ ਦੇ ਪ੍ਰਭਾਵ ਨੂੰ ਸੀਮਿਤ ਬਣਾ ਲਵੇਗਾ। ਇਸ ਤੱਥ ਵਲ ਸੰਕੇਤ ਕਰਦਾ ਹੋਇਆ ਇਕ ਸਫ਼ਰਨਾਮਾ ਲੇਖਕ ਆਤਮਾ ਸਿੰਘ ਲਿਖਦਾ ਹੈ:

> ਸੈਲਾਨੀ ਲਈ ਇਹ ਜ਼ਰੂਰੀ ਹੈ ਕਿਸੇ ਦੇਸ਼ ਦੀ ਯਾਤਰਾ ਕਰਨ ਤੋਂ ਪਹਿਲਾਂ ਉਹ ਆਪਣੇ ਵਤਨ ਦਾ ਭੀ ਚੰਗੀ ਤਰ੍ਹਾਂ ਭੇਤੀ ਹੋਵੇ ਤਾਂ ਕਿ ਉਹ ਬਾਹਰਲੇ ਹਾਲਾਤ ਨੂੰ ਆਪਣੇ ਦੇਸ਼ ਨਾਲ ਟਕਰਾ ਕੇ ਪੂਰਾ ਲਾਭ ਪ੍ਰਾਪਤ ਕਰ ਸਕੇ ਤੇ ਦੂਜੀਆਂ ਕੌਮਾਂ ਨੂੰ ਭਾਰਤ ਬਾਰੇ ਦੱਸ ਸਕੇ। (ਮੇਰਾ ਸੰਸਾਰ ਚੱਕਰ, ਪੰਨਾ 17)

**ਰੌਚਕਤਾ**

ਹਰ ਸਾਹਿਤਿਕ ਕਿਰਤ ਵਾਂਗ ਸਫ਼ਰਨਾਮੇ ਵਿਚ ਵੀ ਰੋਚਕਤਾ ਹੋਣੀ ਚਾਹੀਦੀ ਹੈ। ਰੋਚਕਤਾ, ਵੇਰਵਿਆਂ ਦੀ ਤਰਤੀਬ ਅਤੇ ਕਲਾਤਮਕ ਵਿਉਂਤਬੰਦੀ ਦੁਆਰਾ ਪੈਦਾ ਹੁੰਦੀ ਹੈ। ਇਸ ਮੰਤਵ ਲਈ ਸਫ਼ਰਨਾਮਾ ਲੇਖਕ ਨੂੰ ਬ੍ਰਿਤਾਂਤ ਦੀ ਕਲਾ ਤੋਂ ਸੁਪਰਿਚਿਤ ਹੋਣਾ ਚਾਹੀਦਾ ਹੈ। ਉਸ ਨੂੰ ਇਹ ਮਾਲੂਮ ਹੋਣਾ ਚਾਹੀਦਾ ਹੈ ਕਿ ਪਾਠ (text) ਦਾ ਕਿਹੜਾ ਵੇਰਵਾ ਉਸ ਨੇ ਆਪਣੀ ਰਚਨਾ ਦੇ ਆਰੰਭ ਵਿਚ ਹੀ ਬਿਆਨ ਕਰ ਦੇਣਾ ਹੈ ਅਤੇ ਕਿਸ ਨੂੰ ਕਾਫ਼ੀ ਦੇਰ ਤਕ ਲਟਕਾਈ (suspend) ਕਰੀ ਰੱਖਣਾ ਹੈ। ਇਸ ਵਿਧੀ ਨਾਲ ਪਾਠਕ ਦੀ ਉਤਸੁਕਤਾ ਬਣੀ ਰਹਿੰਦੀ ਹੈ। ਪ੍ਰੋ. ਰਾਮ ਸਿੰਘ ਦਾ ਕਥਨ ਹੈ ਕਿ ਮਨੁੱਖੀ ਹਮਦਰਦੀ ਨੂੰ ਵਿਸ਼ਾਲ ਕਰਨ ਵਿਚ ਅਤੇ ਖੁਦਪ੍ਰਸਤੀ ਦੀਆਂ ਨੋਕਾਂ ਖੁੰਢੀਆਂ ਕਰਨ ਲਈ ਸਫ਼ਰਨਾਮੇ ਦੇ ਕਲਾਤਮਕ ਪੱਖ ਵੱਲ ਚੇਤੰਨ ਹੋਣ ਦੀ ਜ਼ਰੂਰਤ ਪੈਂਦੀ ਹੈ।

## ਸਵੈ-ਮੁਲਾਂਕਣ ਪ੍ਰਸ਼ਨ

1. **ਭਾਈ ਕਾਨ੍ਹ ਸਿੰਘ ਨਾਭਾ ਦੁਆਰਾ ਲਿਖੇ ਸਫ਼ਰਨਾਮਿਆਂ ਬਾਰੇ ਦੱਸੋ।**

______________________________________________

______________________________________________

2. **ਸਫ਼ਰਨਾਮਿਆਂ ਵਿੱਚ ਆਤਮਕੇਂਦ੍ਰਿਤ ਸ਼ੈਲੀ ਦੀ ਕੀ ਮਹੱਤਤਾ ਹੈ?**

______________________________________________

______________________________________________

**ਸਫ਼ਰਨਾਮੇ ਦੇ ਰਚਨਾਤਮਕ ਤੱਤ :**

ਉਂਜ ਤਾਂ ਹਰ ਸਫ਼ਰਨਾਮਾ ਵੱਖਰਾ ਦੇ ਵਿਲੱਖਣ ਹੁੰਦਾ ਹੈ ਪਰ ਤਾਂ ਵੀ ਹਰ ਸਫ਼ਰਨਾਮੇ ਵਿਚ ਕੁਝ ਬੁਨਿਆਦੀ ਅੰਸ਼ ਅਤੇ ਤੱਤ ਸਾਂਝੇ ਹੁੰਦੇ ਹਨ। ਜਿਹੜੇ ਇਸ ਦੀ ਹੋਂਦ ਲਈ ਪ੍ਰਾਣ-ਤੱਤਾਂ ਦੀ ਭੂਮਿਕਾ ਨਿਭਾਉਂਦੇ ਹਨ ਅਤ ਜਿਨ੍ਹਾਂ ਦੀ ਅਣਹੋਂਦ ਵਿਚ ਕਿਸੇ ਚੰਗੇ ਸਫ਼ਰਨਾਮੇ ਦੀ ਰਚਨਾ ਨਹੀਂ ਕੀਤੀ ਜਾ ਸਕਦੀ। ਇਨ੍ਹਾਂ ਤੱਤਾਂ ਦੀ ਸੂਚੀ ਇਸ ਪ੍ਰਕਾਰ ਹੈ:

(ੳ) **ਭੂਗੋਲਿਕ ਵੇਰਵੇ** : ਸਫ਼ਰਨਾਮਾ ਲੇਖਕ ਆਪਣੀ ਯਾਤਰਾ ਨਾਲ ਸੰਬੰਧਿਤ ਸਥਾਨ ਦੇ ਪੌਣ-ਪਾਣੀ, ਧਰਤੀ, ਨਦੀਆਂ, ਪਹਾੜਾਂ ਅਤੇ ਝੀਲਾਂ ਬਾਰੇ ਵੇਰਵੇ ਦਿੰਦਾ ਹੈ।

(ਅ) **ਸੰਸਥਾਵਾਂ** : ਲੇਖਕ ਵੇਖੇ ਜਾਣ ਵਾਲੇ ਦੇਸ਼ ਜਾਂ ਪਰਦੇਸ਼ ਦੀ ਸਕੂਲਾਂ-ਕਾਲਜਾਂ, ਦਫ਼ਤਰਾਂ, ਲਾਇਬਰੇਰੀ, ਅਜਾਇਬ-ਘਰਾਂ, ਫੈਕਟਰੀਆਂ, ਮੰਦਰਾਂ, ਗੁਰਦੁਆਰਿਆਂ ਆਦਿ ਬਾਰੇ ਤਫ਼ਸ਼ੀਲ ਪੇਸ਼ ਕਰਦਾ ਹੈ।

(ੲ) **ਉਪਜ ਅਤੇ ਉਤਪਾਦਨ** : ਲੇਖਕ ਉਸ ਦੇਸ਼ ਵਿਚੋਂ ਪੈਦਾ ਹੋਣ ਵਾਲੀ ਉਪਜ ਅਤੇ ਉਤਪਾਦਨ ਨਾਲ ਸੰਬੰਧਿਤ ਵੇਰਵਿਆਂ ਨੂੰ ਬਿਆਨ ਕਰਦਾ ਹੈ।

(ਸ) **ਵਿਵਸਥਾ ਤੇ ਰਾਜਪ੍ਰਬੰਧ** : ਲੇਖਕ ਕਿਸੇ ਦੇਸ਼ ਦੀ ਰਾਜ-ਪ੍ਰਣਾਲੀ, ਨੌਕਰਸ਼ਾਹੀ ਦੇ ਵਿਹਾਰ, ਅਫਸਰਸ਼ਾਹੀ ਦੀ ਭੂਮਿਕਾ ਅਤੇ ਸੁਭਾਉ ਬਾਰੇ ਟਿੱਪਣੀਆਂ ਕਰਦਾ ਹੈ।

(ਹ) **ਤਰਜ਼ੇ-ਜ਼ਿੰਦਗੀ** : ਲੇਖਕ ਕਿਸੇ ਦੇਸ਼ ਵਿਚ ਰਹਿਣ ਵਾਲੇ ਲੋਕਾਂ ਦੇ ਪਹਿਰਾਵੇ, ਪੜ੍ਹਾਈ, ਲਿਖਾਈ, ਬੋਲ-ਬਾਣੀ, ਦਿਲ-ਪਰਚਾਵਿਆਂ ਅਤੇ ਸ਼ਿਸ਼ਟਾਚਾਰ ਸੰਬੰਧੀ ਆਪਣੇ ਵਿਚਾਰ ਪੇਸ਼ ਕਰਦਾ ਹੈ।

(ਕ) **ਰਿਸ਼ਤੇ-ਨਾਤੇ** : ਲੇਖਕ ਓਪਰੇ ਦੇਸ਼ਾਂ ਅਤੇ ਸਭਿਆਚਾਰਾਂ ਵਿਚ ਰਹਿਣ ਵਾਲੇ ਲੋਕਾਂ ਦੇ ਪਰਿਵਾਰਿਕ ਅਤੇ ਸਾਕਾਦਾਰੀ ਸਿਸਟਮ ਉਪਰ ਟਿੱਪਣੀਆਂ ਕਰਦਾ ਹੈ।

(ਖ) **ਦ੍ਰਿਸ਼ਾਵਲੀ** : ਹਰ ਸਫ਼ਰਨਾਮੇ ਵਿਚ ਬਾਹਰਲੇ ਦੇਸ਼ਾਂ-ਪਰਦੇਸ਼ਾਂ ਦੇ ਸਮਾਜਿਕ, ਸਭਿਆਚਾਰਕ ਅਤੇ ਪ੍ਰਾਕਿਰਤਕ ਦ੍ਰਿਸ਼ਾਂ ਦੀ ਪੇਸ਼ਕਾਰੀ ਹੁੰਦੀ ਹੈ, ਜੋ ਪਾਠਕ ਦੀ ਉਸ ਦੇਸ਼ ਬਾਰੇ ਉਤਸੁਕਤਾ ਨੂੰ ਟੁੰਬਦੇ ਹਨ।

(ਗ) **ਵਿਰਸਾ ਤੇ ਵਿਰਾਸਤ** : ਇਕ ਚੰਗੇ ਸਫ਼ਰਨਾਮੇ ਵਿਚ ਬਾਹਰਲੇ ਦੇਸ਼ਾਂ ਵਿਚ ਰਹਿਣ ਵਾਲੇ ਲੋਕਾਂ ਦੇ ਵਿਰਸੇ ਅਤੇ ਵਿਰਾਸਤ ਨੂੰ ਵਿਸਤਾਰ ਨਾਲ ਬਿਆਨ ਕੀਤਾ ਜਾਂਦਾ ਹੈ।

(ਘ) **ਅਜੂਬੇ ਅਤੇ ਦੇਖਣਯੋਗ ਸਥਾਨ** : ਇਕ ਚੰਗੇ ਸਫ਼ਰਨਾਮਾ ਲੇਖਕ ਲਈ ਇੱਕ ਜ਼ਰੂਰੀ ਹੈ ਕਿ ਉਹ ਕਿਸੇ ਦੇਸ਼ ਦੇ ਅਜੂਬਿਆਂ ਨੂੰ ਦਰਸ਼ਨੀ ਸਥਾਨਾਂ ਬਾਰੇ ਜ਼ਰੂਰ ਲਿਖੇ, ਜਿਵੇਂ ਮਿਸਰ ਦੇ ਪਿਰਾਮਿਡ, ਭਾਰਤ ਵਿਚ ਅਜੰਤਾ, ਇਲੋਰਾ, ਤਾਜ ਮਹਿਲ ਅਤੇ ਹਰਿਮੰਦਰ ਸਾਹਿਬ, ਅਮਰੀਕਾ ਵਿਚ ਸਟੈਚਿਊ ਆਫ ਲਿਬਰਟੀ ਅਤੇ ਡਿਜ਼ਨੀਲੈਂਡ, ਫਰਾਂਸ ਦਾ ਆਈਫਲ-ਟਾਵਰ, ਲੰਡਨ ਦਾ ਟੇਮਜ਼ ਦਰਿਆ। ਰੂਸ ਦਾ ਲੈਨਿਨਗ੍ਰਾਡ ਆਦਿਕ। ਹਰ ਪਾਠਕ ਇਨ੍ਹਾਂ ਵੇਰਵਿਆਂ ਬਾਰੇ ਪੜ੍ਹਨ ਲਈ ਉਤਸੁਕ ਹੁੰਦਾ ਹੈ।

**ਕਲਾਤਮਕ ਵਿਉਂਤਬੰਦੀ :**

ਸਾਹਿੱਤ ਦੇ ਹੋਰ ਰੂਪਾਂ ਵਾਂਗ ਸਫ਼ਰਨਾਮਾ ਲੇਖਣ ਵੀ ਇੱਕ ਉੱਚ-ਪੱਧਰੀ ਕਲਾ ਹੈ। ਸਫ਼ਰਨਾਮਾ ਲੇਖਕ ਨੇ ਬਾਹਰਲੇ ਪ੍ਰਦੇਸ਼ ਜਾਂ ਦੇਸ਼ਾਂ ਵਿਚੋਂ ਪ੍ਰਾਪਤ ਹੋਏ ਅਨੁਭਵ ਨੂੰ ਜਿਉਂ-ਦਾ-ਤਿਉਂ ਹੀ ਪੇਸ਼ ਨਹੀਂ ਕਰ ਦੇਣਾ ਹੁੰਦਾ ਬਲਕਿ ਕੱਟਣ-ਸੰਵਾਰਨ ਦੇ ਨਾਲ-ਨਾਲ ਬਹੁਤ ਕੁਝ ਆਪਣੀ ਕਲਪਣਾ ਦੁਆਰਾ ਵੀ ਜੋੜਨ ਦੀ ਜ਼ਰੂਰਤ ਪੈਂਦੀ ਹੈ। ਉਸ ਨੂੰ ਆਪਣੀ ਯਾਤਰਾ ਨਾਲ ਸੰਬੰਧਿਤ ਉਹ ਸਾਰੇ ਗ਼ੈਰ-ਜ਼ਰੂਰੀ ਵੇਰਵੇ ਹਟਾ ਲੈਣੇ ਪੈਂਦੇ ਹਨ, ਜਿਹੜੇ ਪਾਠ ਦੇ ਸੁਹਜ-ਸੁਆਦ ਦੀ ਪੂਰਤੀ ਨਹੀਂ ਕਰਦੇ ਜਾਂ ਜਿਨ੍ਹਾਂ ਵਿਚੋਂ ਕਿਸੇ ਨਵੀਂ ਪ੍ਰਕਾਰ ਦੀ ਜਾਣਕਾਰੀ ਉਪਲਬਧ ਨਹੀਂ ਹੁੰਦੀ। ਸਫ਼ਰਨਾਮਾ ਲੇਖਕ ਦੀ ਆਪਣੀ ਇਕ ਵਿਲੱਖਣ ਸ਼ਖਸੀਅਤ ਵੀ ਹੋਣੀ ਚਾਹੀਦੀ ਹੈ ਜਿਸ ਨਾਲ ਜੁੜ ਕੇ ਉਸ ਵੱਲੋਂ ਪੇਸ਼ ਵੇਰਵੇ ਅਤੇ ਤੱਥ ਪ੍ਰਮਾਣਿਕ ਸਿੱਧ ਹੋ ਸਕਣ। ਇਨ੍ਹਾਂ ਜ਼ਰੂਰਤਾਂ ਵੱਲ ਸੰਕੇਤ ਕਰਦਾ ਹੋਇਆ ਪ੍ਰੋ. ਪਰਮਿੰਦਰ ਸਿੰਘ ਲਿਖਦਾ ਹੈ:

ਸਫ਼ਰਨਾਮਾ ਲਿਖਣਾ ਵੀ ਇਕ ਹੁਨਰ ਹੈ ਤੇ ਇਸ ਹੁਨਰ ਵਿਚ ਪਰਬੀਨ ਉਹੀ ਹੋ

ਸਕਦਾ ਹੈ, ਜਿਸਦਾ ਸਮੁੱਚਾ ਗਿਆਨ ਬਹੁਤ ਵਿਸ਼ਾਲ ਹੋਵੇ, ਕਲਪਣਾ ਬਲਵਾਨ ਹੋਵੇ, ਕਲਮ ਵਿਚ ਜ਼ੋਰ ਹੋਵੇ, ਡੂੰਘੀ ਨੀਝ ਤੇ ਲੋਕਾਂ ਦੇ ਦਿਲਾਂ ਅੰਦਰ ਝਾਤੀ ਮਾਰਨ ਦੀ ਸ਼ਕਤੀ ਹੋਵੇ, ਸੰਗ-ਸੰਕੋਚ ਨੂੰ ਤਿਆਗ ਕੇ ਹਰ ਪ੍ਰਕਾਰ ਦੇ ਜੀਵਨ ਤੇ ਦ੍ਰਿਸ਼ ਨੂੰ ਮਾਣਨ ਦੀ ਪ੍ਰਬਲ ਰੀਝ ਹੋਵੇ। ਉਹ ਹਰ ਵਰਣਨ ਨੂੰ ਨਿੱਜੀ ਛੋਹਾਂ ਦੁਆਰਾ ਰੰਗੀਨ ਬਣਾ ਸਕੇ ਤੇ ਬਿਨਾਂ ਝਿਜਕ ਦੇ ਆਪਣੇ ਮਨੋਭਾਵਾਂ ਜਾਂ ਉਦਗਾਰਾਂ ਨੂੰ ਆਪਣੇ ਪਾਠਕਾਂ ਨਾਲ ਸਾਂਝਾ ਕਰ ਸਕਣ ਦੀ ਦਲੇਰੀ ਰੱਖਦਾ ਹੋਵੇ ਅਤੇ ਆਪਣੇ ਸਫ਼ਰਨਾਮੇ ਦੇ ਸਾਰੇ ਸਮਾਚਾਰਾਂ ਨੂੰ ਇਕ ਫ਼ਿਲਮ ਵਾਂਗ ਉਨ੍ਹਾਂ ਦੀਆਂ ਅੱਖਾਂ ਅੱਗੋਂ ਦੀ ਘੁਮਾ ਸਕਣ ਦੇ ਯੋਗ ਹੋਵੇ। (ਲਾਲ ਸਿੰਘ ਕਮਲਾ ਅਕਾਲੀ ਵਿਸ਼ੇਸ਼ ਅੰਕ, ਭਾਸ਼ਾ ਵਿਭਾਗ, ਪੰਜਾਬ, ਪੰਨਾ 43)

**ਗਲਪ ਰਸ**

ਇਕ ਚੰਗਾ ਸਫ਼ਰਨਾਮਾ ਗਲਪ ਰਸ ਨਾਲ ਭਰਪੂਰ ਹੁੰਦਾ ਹੈ। ਪਾਠਕ ਨੂੰ ਇਸ ਵਿਚੋਂ ਕਿਸੇ ਨਾਵਲ ਜਾਂ ਕਹਾਣੀ ਵਰਗੇ ਰੂਪਾਕਾਰ ਦੇ ਪੜ੍ਹਨ ਵਰਗੇ ਆਨੰਦ ਦੀ ਪ੍ਰਤੀਤੀ ਹੁੰਦੀ ਹੈ। ਇਕ ਸਫ਼ਰਨਾਮਾ ਲੇਖਕ ਕੇਵਲ ਦਿਸਦੇ ਜਗਤ ਦੀ ਅੱਕਾਸੀ ਕਰਨ ਤਕ ਹੀ ਸੀਮਿਤ ਨਹੀਂ ਰਹਿੰਦਾ ਬਲਕਿ ਆਪਣੀ ਕਲਪਣਾ ਦੁਆਰਾ ਅਣਦਿਸਦੇ ਜਗਤ ਨੂੰ ਵੀ ਸਾਕਾਰ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਤੋਂ ਬਿਨਾਂ ਉਹ ਜੀਵਨ ਦੇ ਛੋਟੇ-ਛੋਟੇ ਵੇਰਵਿਆਂ ਨੂੰ ਕਲਾਤਮਕ ਸੰਗਠਨ ਵਿਚ ਬੰਨ੍ਹ ਕੇ ਇਕ ਸੁਗਠਿਤ ਪਲਾਟ ਦਾ ਰੂਪ ਦੇ ਦਿੰਦਾ ਹੈ। ਇਹ ਪਲਾਟ ਪਾਠਕਾਂ ਦੀ ਉਤਸੁਕਤਾ ਨੂੰ ਨਿਰੰਤਰ ਟੁੰਬਦਾ ਰਹਿੰਦਾ ਹੈ। ਇਸ ਪ੍ਰਸੰਗ ਵਿਚ ਬਲਰਾਜ ਸਾਹਨੀ ਦੇ ਇਕ ਸਫ਼ਰਨਾਮੇ ਵਿਚੋਂ ਉਦਾਹਰਣ ਦੇਖੋ:

> ਬਾਹਰ ਦਰਵਾਜ਼ੇ ਕੋਲ ਡੱਠੀ ਇਕ ਮੇਜ਼ ਵਲ ਨਜ਼ਰ ਗਈ। ਇਥੇ ਲੋਕੀਂ ਆਪਣੀ ਆਪਣੀ ਸ਼ਰਧਾ ਜਾਂ ਹੈਸੀਅਤ ਅਨੁਸਾਰ ਨਿਆਜ਼ ਕਰ ਜਾਂਦੇ ਸਨ। ਮੇਜ਼ ਲਾਗੇ ਇਕ ਆਦਮੀ ਨੋਟਾਂ ਅਤੇ ਟਕਿਆਂ ਦੀ ਹਿਫ਼ਾਜ਼ਤ ਕਰ ਰਿਹਾ ਸੀ। ਗਿਆਨੀ ਜ਼ੈਲ ਸਿੰਘ ਨੇ ਬੜੇ ਵਿਖਾਲੇ ਨਾਲ ਇਕ ਪੰਜ ਕੋਪੇਕ, ਯਾਨੀ ਬਹੁਤ ਹੀ ਨਿਗੂਣਾ ਸਿੱਕਾ ਆਪਣੀ ਜੇਬ 'ਚੋਂ ਕੱਢਿਆ ਤੇ ਆਦਮੀ ਵੱਲ ਘੂਰਦੇ-ਘੂਰਦੇ, ਹੌਲੀ-ਹੌਲੀ ਮੇਜ਼ ਤੇ ਧਰ ਦਿੱਤਾ। (ਮੇਰਾ ਰੂਸੀ ਸਫ਼ਰਨਾਮਾ, ਪੰਨਾ 289)

**ਪਾਤਰ ਚਿਤਰਣ**

ਸਫ਼ਰਨਾਮਾ ਸਾਹਿੱਤ ਵਿਚ ਸਭ ਕੁਝ ਵਾਸਤਵਿਕ ਹੁੰਦਾ ਹੈ। ਇਸ ਵਿਚਲੇ ਇਸਤ੍ਰੀਆਂ-ਪੁਰਖ ਇਤਿਹਾਸਕ ਹੁੰਦੇ ਹਨ। ਸਫ਼ਰਨਾਮੇ ਦੇ ਬ੍ਰਿਤਾਂਤ ਨੂੰ ਅੱਗੇ ਵਧਾਉਣ ਲਈ ਇਨ੍ਹਾਂ ਵਿਅਕਤੀਆਂ ਦਾ ਜ਼ਿਕਰ ਤਾਂ ਕੀਤਾ ਜਾ ਸਕਦਾ ਹੈ ਪਰੰਤੂ ਪਾਤਰਾਂ ਦੇ ਰੂਪ ਵਿਚ ਇਨ੍ਹਾਂ ਦੀ ਸ਼ਖਸੀਅਤ ਨੂੰ ਵਧਾਉਣ-ਘਟਾਉਣ ਦਾ ਮੌਕਾ ਉਪਲਬਧ ਨਹੀਂ ਹੁੰਦਾ। ਫਿਰ ਵੀ ਸੁਚੱਜੇ ਸਫ਼ਰਨਾਮਾ ਲੇਖਕ ਵਾਸਤਵਿਕ ਵਿਅਕਤੀਆਂ ਨੂੰ ਕਲਪਣਾ ਦੀਆਂ ਛੋਹਾਂ ਲਗਾ ਕੇ ਇਸ ਖੂਬੀ ਨਾਲ ਪੇਸ਼ ਕਰਦੇ ਹਨ ਕਿ ਉਹ ਇਤਿਹਾਸਕ ਵਿਅਕਤੀ ਨਾ ਰਹਿ ਕੇ ਕਲਾਤਮਕ ਖੇਤਰ ਵਿਚ ਪ੍ਰਵੇਸ਼ ਕਰ ਜਾਂਦੇ ਹਨ। ਦੇਖੋ:

> ਅਕਸਮਾਤ ਇਕ ਐਸੀ ਵੇਟਰੈੱਸ ਨੇ ਸਾਨੂੰ 'ਸਰਵ' ਕਰਨਾ ਸ਼ੁਰੂ ਕਰ ਦਿੱਤਾ, ਜਿਸਦੀ ਸੁੰਦਰਤਾ ਨੇ ਸਾਡੇ ਹੋਸ਼-ਹਵਾਸ ਗੁੰਮ ਕਰ ਛੱਡੇ। ਸੋਹਣਾ ਉੱਚਾ ਕੱਦ ਸੀ ਉਸਦਾ। ਬਾਹਵਾਂ ਵੇਲਣੇ ਵਲੀਆਂ ਗੁੰਨ ਮੱਖਣ। ਮਰਮਰੀ, ਭਰਵਾਂ ਤੇ ਪੀਡਾ ਸੀਨਾ, ਜਿਸ ਨੂੰ ਨਰਮ ਪਰ ਕਿਤੇ-ਕਿਤੇ ਕੱਸਵੀਂ ਆਗੋਸ਼ ਵਿਚ ਲੈਂਦਾ ਭਰਵਾਂ ਅਤੇ ਪੀਡਾ ਸਰੀਰ। ਗੁਲਾਬ ਦੇ ਫੁੱਲ ਵਾਂਗ ਖਿੜਿਆ ਚਿਹਰਾ। ਸੁਨਹਿਰੀ ਵਾਲਾਂ ਦੀਆਂ ਮੱਥੇ ਉਪਰ ਖਿੱਲਰੀਆਂ ਲਟਾਂ। ਰੱਬ ਨੇ ਚੋਖਾ ਵਕਤ ਲਾ ਕੇ ਘੜਿਆ ਸੀ ਉਸ ਸੁੰਦਰੀ ਨੂੰ। (ਬਲਰਾਜ ਸਾਹਨੀ, ਮੇਰਾ ਰੂਸੀ ਸਫ਼ਰਨਾਮਾ, ਪੰਨਾ 222)

**ਪ੍ਰਕਿਰਤੀ-ਚਿਤ੍ਰਣ ਅਤੇ ਦ੍ਰਿਸ਼-ਵਰਣਨ**

ਸਫ਼ਰਨਾਮੇ ਨੂੰ ਸਜੀਵ ਅਤੇ ਦਿਲਚਸਪ ਬਣਾਉਣ ਵਿਚ ਪ੍ਰਕਿਰਤੀ-ਚਿਤ੍ਰਣ ਅਤੇ ਦ੍ਰਿਸ਼-ਵਰਣਨ ਆਦਿ ਵਿਧੀਆਂ ਦਾ ਭਰਪੂਰ ਯੋਗਦਾਨ ਰਹਿੰਦਾ ਹੈ। ਹਰ ਦੇਸ਼-ਵਿਦੇਸ਼ ਵਿਚ ਪ੍ਰਕਿਰਤੀ ਦੇ ਨਜ਼ਾਰੇ ਵਿਲੱਖਣ ਅਤੇ ਵੱਖੋ-ਵੱਖਰੇ ਹੁੰਦੇ ਹਨ। ਕਿਉਂਕਿ ਹਰ ਵਿਅਕਤੀ ਇਕ ਪ੍ਰਾਕਿਰਤਕ ਮਾਹੌਲ ਵਿਚੋਂ ਉਪਜਦਾ ਅਤੇ ਵਿਗਸਦਾ ਹੈ। ਇਸ ਕਾਰਨ ਪ੍ਰਕਿਰਤੀ ਕਿਸੇ ਦੇਸ਼ ਅਤੇ ਸਮਾਜ ਦੇ ਲੋਕਾਂ ਦੀ ਸ਼ਖਸੀਅਤ ਦੇ ਨਿਰਮਾਣ ਵਿਚ ਉੱਲੇਖਯੋਗ ਭੂਮਿਕਾ ਅਦਾ ਕਰਦੀ ਹੈ। ਇਸ ਸੂਰਤ ਵਿਚ ਪ੍ਰਕਿਰਤੀ ਦੇ ਨਜ਼ਾਰੇ ਅਤੇ ਦ੍ਰਿਸ਼ ਕਿਸੇ ਦੇਸ਼ ਦੇ ਲੋਕਾਂ ਦੀ ਮਾਨਸਿਕਤਾ ਨੂੰ ਸਮਝਣ-ਸਮਝਾਉਣ ਵਾਸਤੇ ਕਾਫ਼ੀ ਸਹਾਈ ਹੁੰਦੇ ਹਨ। ਬਲਰਾਜ ਸਾਹਨੀ ਨੇ ਆਪਣੇ ਸਫ਼ਰਨਾਮਿਆਂ ਵਿਚ ਪ੍ਰਕਿਰਤੀ-ਚਿਤ੍ਰਣ ਅਤੇ ਦ੍ਰਿਸ਼-ਵਰਣਨ ਦੀਆਂ ਵਿਧੀਆਂ ਦਾ ਬੜਾ ਸੁਚੱਜਾ ਪ੍ਰਯੋਗ ਕੀਤਾ ਹੈ। ਦੇਖੋ:

> ਬਰਫ਼ ਪੈ ਰਹੀ ਸੀ। ਬੱਦਲਾਂ ਨਾਲ ਘਿਰਿਆ ਹੋਇਆ ਆਕਾਸ਼, ਠੰਡ ਦੀ ਹਾਲਤ ਇਹ ਕਿ ਓਵਰਕੋਟ ਦੇ ਬਾਵਜੂਦ ਸਾਡੇ ਹੱਥ ਪੈਰ ਸੁੰਨ ਹੁੰਦੇ ਜਾ ਰਹੇ ਸਨ। ਪਰ ਏਸ ਤਾਲਾਬ ਦੀ ਸ਼ਾਨ ਵੇਖੋ ਕਿ ਸੈਂਕੜੇ ਮਰਦ, ਔਰਤਾਂ ਅਤੇ ਬੱਚੇ ਮਜ਼ੇ ਨਾਲ ਤਾਰੀਆਂ ਲਾਉਣ ਡਹੇ ਸਨ। ਕਰਾਮਾਤ ਅਸਲ ਇਹ ਸੀ ਕਿ ਪਾਣੀ ਗਰਮ ਸੀ ਅਤੇ ਉੱਠਦੀ ਭਾਫ਼ ਨੇ ਉਸ ਉੱਪਰ ਦੀ ਫ਼ਿਜ਼ਾ ਨੂੰ ਵੀ ਸੁਹਣਾ ਨਿੱਘਾ ਕੀਤਾ ਹੋਇਆ ਸੀ। (ਮੇਰਾ ਰੂਸੀ ਸਫ਼ਰਨਾਮਾ, ਪੰਨਾ 99)

ਬਲਰਾਜ ਸਾਹਨੀ ਆਪਣੇ ਸਫ਼ਰਨਾਮਿਆਂ ਵਿਚ ਹਰ ਮਹੱਤਵਪੂਰਨ ਦ੍ਰਿਸ਼ ਨੂੰ ਬੜੇ ਧਿਆਨ ਨਾਲ ਵੇਖਦਾ ਅਤੇ ਬਿਆਨ ਕਰਦਾ ਹੈ। ਉਹ ਜੀਵਨ ਦੇ ਪਸਾਰੇ ਅਤੇ ਪਰਪੰਚ ਦਾ ਗੰਭੀਰ ਨਿਰੀਖਿਅਕ (keen observer) ਹੈ। ਇਹ ਕਾਰਨ ਹੈ ਕਿ ਉਸਦੇ ਸਫ਼ਰਨਾਮੇ ਪੜ੍ਹਾਦਿਆਂ ਹੋਇਆਂ ਪਾਠਕ ਦੇ ਜ਼ੇਹਨ ਵਿਚ ਸਾਰੇ ਦ੍ਰਿਸ਼ ਨਾਲੋ-ਨਾਲ ਉਜਾਗਰ ਹੁੰਦੇ ਜਾਂਦੇ ਹਨ। ਦੇਖੋ:

> ਮੋਟਰ ਫੇਰ ਉਸੇ ਚੌਰਾਹੇ ਵਿਚ ਕੈਟਾਵਸਕੀ ਦੇ ਬੁੱਤ ਸਾਹਮਣੇ ਜਾ ਰੁਕੀ। ਮੈਂ ਫੇਰ ਉੱਤਰ ਕੇ ਉਸ ਨੂੰ ਵੇਖਿਆ ਅਤੇ ਪਹਿਲਾਂ ਨਾਲੋਂ ਵੀ ਕਿਤੇ ਜ਼ਿਆਦਾ ਉਹ ਮੈਨੂੰ ਚੰਗਾ ਲੱਗਿਆ। ਕੈਟਾਵਸਕੀ ਤਲਵਾਰ ਨਾਲ ਹੇਠ ਡਿੱਗੇ ਅਦ੍ਰਿਸ਼ ਦੁਸ਼ਮਣ ਦਾ ਜਿਵੇਂ ਸਿਰ ਕਲਮ ਕਰਨ ਵਾਲਾ ਸੀ। ਘੋੜਾ ਜਿਵੇਂ ਆਪਣੇ ਮਾਲਕ ਦੇ ਦਿਲ ਦੀ ਸਾਰੀ ਗੱਲ ਸਮਝ ਰਿਹਾ ਅਤੇ ਭਰਪੂਰ ਸਹਿਯੋਗ ਦੇ ਰਿਹਾ ਹੋਵੇ। (ਮੇਰਾ ਰੂਸੀ ਸਫ਼ਰਨਾਮਾ, ਪੰਨਾ 235)

**ਸ਼ੈਲੀ-ਸ਼ਬਦਾਵਲੀ**

ਕਿਸੇ ਵੀ ਸਾਹਿੱਤ ਰਚਨਾ ਵਿਚ ਸ਼ੈਲੀ ਦੀ ਮਹੱਤਤਾ ਇਸ ਕਾਰਨ ਹੁੰਦੀ ਹੈ ਕਿ ਕੋਈ ਲੇਖਕ ਆਪਣੇ ਅਨੁਭਵ ਨੂੰ ਕਿਸ; ਤਰ੍ਹਾਂ ਅਤੇ ਕਿੰਨੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਗਟਾ ਸਕਦਾ ਹੈ। ਸ਼ੈਲੀ, ਸਾਹਿੱਤ-ਸਿਰਜਣ ਦਾ ਉਹ ਗੁਣ ਹੈ, ਜਿਸ ਵੱਲੋਂ ਬੇਪਰਵਾਹੀ ਵਰਤ ਕੇ ਕੋਈ ਲੇਖਕ ਆਪਣੇ ਰਚਨਾ-ਧਰਮ ਵਿਚ ਸਫ਼ਲ ਨਹੀਂ ਹੋ ਸਕਦਾ। ਜੇ ਕੋਈ ਲੇਖਕ ਆਪਣੇ ਭਾਵ-ਜਗਤ ਨੂੰ ਪੂਰੀ ਤਰ੍ਹਾਂ ਪ੍ਰਗਟ ਨਹੀਂ ਕਰ ਸਕਦਾ ਤਾਂ ਉਹ ਸਾਹਿਤਕਾਰ ਕਹੇ ਜਾਣ ਦੇ ਯੋਗ ਹੀ ਨਹੀਂ ਹੈ। ਡਾ. ਧਰਮ ਪਾਲ ਸਿੰਗਲ ਦੇ ਕਥਨ ਅਨੁਸਾਰ, ''ਸੁੰਦਰ ਵਸਤਾਂ ਨੂੰ ਦੇਖ ਕੇ , ਸੰਸਾਰ ਦੇ ਕੰਮ-ਕਾਰ ਨੂੰ ਦੇਖ ਕੇ ਅਤੇ ਜੀਵਨ ਦੀ ਗਤੀ ਨੂੰ ਦੇਖ ਕੇ ਅਨੁਭਵ ਤਾਂ ਹਰ ਪ੍ਰਾਣੀ ਦੇ ਮਨ ਵਿਚ ਪੈਦਾ ਹੁੰਦੇ ਹਨ ਪਰ ਇਹ ਅਨੁਭਵ ਕਿਸ ਕੰਮ ਜੇ ਉਨ੍ਹਾਂ ਨੂੰ ਸਫ਼ਲਤਾ ਸਹਿਤ ਪਾਠਕ ਤੱਕ ਪੁੱਜਦਾ ਨਾ ਕੀਤਾ ਜਾ ਸਕੇ। ਅਨੁਭੂਤੀ ਦੀ ਇਹ ਅਭਿਵਿਅਕਤੀ ਹੀ ਸ਼ੈਲੀ ਹੈ।'' (ਵਾਰਤਕ ਸ਼ੈਲੀ, ਪੰਨਾ 54) ਸਫ਼ਰਨਾਮੇ ਵਿਚ ਸ਼ੈਲੀ ਦੇ ਮਹੱਤਵ ਬਾਰੇ ਉੱਲੇਖ ਕਰਦਾ ਹੋਇਆ ਸ.ਸ. ਅਮੋਲ ਲਿਖਦਾ ਹੈ:

> ਸੈਲਾਨੀ ਕੋਲ ਇਕ ਵੱਖਰੀ ਭਾਂਤ ਦੀ ਸਾਹਿਤਿਕ ਦ੍ਰਿਸ਼ਟੀ ਹੁੰਦੀ ਹੈ। ਜਿਸ ਨਾਲ ਸਫ਼ਰਨਾਮਾ-ਸਾਹਿੱਤ, ਵਾਰਤਕ ਦਾ ਸ੍ਰੇਸ਼ਠ-ਰੂਪ ਹੋ ਨਿੱਬੜਦਾ ਹੈ। ਲੇਖਕ ਦੀ ਰਸਿਕ-ਸ਼ੈਲੀ ਪਾਠਕ ਨੂੰ ਆਪਣੇ ਵਾਂਗ ਹੀ ਹਸਾਉਂਦੀ, ਖਿਡਾਉਂਦੀ, ਉਦਾਸ ਬਣਾਉਂਦੀ ਅਤੇ ਰਸ-ਵਿਭੋਰ

ਕਰਦੀ ਹੈ। ਸਫ਼ਰਨਾਮੇ ਵਿਚ ਜੇ ਰੋਚਿਕਤਾ, ਰਸਿਕਤਾ ਹਾਸ-ਰਸ, ਦ੍ਰਿਸ਼-ਵਰਣਨ ਅਤੇ ਨਿਜਤਵ ਦੀਆਂ ਛੋਹਾਂ ਨਾ ਹੋਣ, ਤਾਂ ਇਹ ਬਹੁਤ ਰੁੱਖਾ ਪਾਠ ਬਣ ਜਾਂਦਾ ਹੈ। (ਇੰਗਲੈਂਡ ਦੀ ਯਾਦ, ਪੰਨਾ11)

### 1.6.4 ਸਿੱਟਾ :

ਸਫ਼ਰਨਾਮਾ, ਕਿਸੇ ਭਾਸ਼ਾ ਦੇ ਸਾਹਿੱਤ ਦਾ ਇਕ ਮਹੱਤਵਪੂਰਨ ਅਤੇ ਲੋਕਪ੍ਰਿਯ ਰੂਪਾਕਾਰ ਹੈ। ਹਰ ਸ਼੍ਰੇਣੀ ਦਾ ਪਾਠਕ ਸਫ਼ਰਨਾਮਾ ਸਾਹਿੱਤ ਨੂੰ ਪੂਰੀ ਦਿਲਚਸਪੀ ਅਤੇ ਇਕਾਗਰਤਾ ਨਾਲ ਪੜ੍ਹਦਾ ਹੈ। ਇਹ ਕਾਰਨ ਹੈ ਕਿ ਨਾ ਕੇਵਲ ਪੁਸਤਕਾਂ ਵਿਚ, ਬਲਕਿ ਅਖ਼ਬਾਰਾਂ-ਰਿਸਾਲਿਆਂ ਵਿਚ ਵੀ ਚੰਗੇ ਸਫ਼ਰਨਾਮੇ ਨਿਰੰਤਰ ਪ੍ਰਕਾਸ਼ਿਤ ਹੋ ਰਹੇ ਹਨ। ਸਫ਼ਰਨਾਮਾ ਇਕ ਸੰਯੁਕਤ ਵੰਨਗੀ ਦਾ ਰੂਪਾਕਾਰ ਹੈ, ਜਿਸ ਵਿਚ ਜੀਵਨੀ, ਸ੍ਵੈਜੀਵਨੀ, ਰੇਖਾ ਚਿਤਰਕਾਰੀ ਅਤੇ ਗਲਪ ਆਦਿਕ ਸਾਹਿਤ-ਰੂਪਾਂ ਦੇ ਗੁਣ-ਲੱਛਣ ਸਮਾਏ ਰਹਿੰਦੇ ਹਨ। ਇਸ ਰੂਪਾਕਾਰ ਦਾ ਇਤਿਹਾਸ, ਭੂਗੋਲ, ਸਮਾਜ-ਸ਼ਾਸਤਰ ਅਤੇ ਸਭਿਆਚਾਰ-ਸ਼ਾਸਤਰ ਨਾਲ ਵੀ ਬੜਾ ਨੇੜੇ ਦਾ ਸੰਬੰਧ ਹੈ। ਇਹ ਸਾਰੇ ਅਨੁਸ਼ਾਸਨ, ਸਫ਼ਰਨਾਮਾ-ਲੇਖਣ ਨਾਲ ਆਦਾਨ-ਪ੍ਰਦਾਨ ਕਰਦੇ ਰਹਿੰਦੇ ਹਨ। ਆਪਣੀ ਵਿਲੱਖਣ ਪ੍ਰਕਿਰਤੀ ਅਤੇ ਜਟਿਲ ਪ੍ਰਬੰਧ ਦੇ ਕਾਰਨ ਸਫ਼ਰਨਾਮਾ ਪਾਠਕਾਂ ਅਤੇ ਲੇਖਕਾਂ ਦੀ ਇਕ ਮਕਬੂਲ ਵਿਧਾ ਬਣਿਆ ਹੋਇਆ ਹੈ।

————————0————————

### 1.6.5 ਉਕਤ ਪਾਠ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :

1. ਸਫ਼ਰਨਾਮਾ-ਸਾਹਿੱਤ ਦੀ ਪਰਿਭਾਸ਼ਾ ਪ੍ਰਕਿਰਤੀ ਅਤੇ ਤੱਤਾਂ ਬਾਰੇ ਜਾਣਕਾਰੀ ਦਿਉ। (ਅਪਰੈਲ 2009,2013, 2014)
2. ਪੰਜਾਬੀ ਸਫ਼ਰਨਾਮਾ ਸਾਹਿੱਤ ਦੀ ਪਰੰਪਰਾ ਉੱਤੇ ਇਕ ਨੋਟ ਲਿਖੋ।
3. ਸਫ਼ਰਨਾਮੇ ਦੀ ਪ੍ਰਕਿਰਤੀ ਅਤੇ ਤੱਤਾਂ ਦਾ ਉਲੇਖ ਕਰੋ। (ਅਪਰੈਲ 2016)

### 1.6.6 ਸਹਾਇਕ ਪੁਸਤਕਾਵਲੀ


1. ਧਰਮ ਪਾਲ ਸਿੰਗਲ, ਵਾਰਤਕ ਸ਼ੈਲੀ, ਪੰ.ਯੂ.ਪਟਿਆਲਾ।
2. ਜੀਤ ਸਿੰਘ ਸੀਤਲ, ਵਾਰਤਕ ਤੇ ਵਾਰਤਕ ਸ਼ੈਲੀ, ਪੰ.ਸ.ਯੂ.ਟੈਕਸਟ ਬੁਕ ਬੋਰਡ, ਚੰਡੀਗੜ੍ਹ।
3. ਬ੍ਰਹਮਜਗਦੀਸ਼ ਸਿੰਘ, ਪੰਜਾਬੀ ਸਾਹਿੱਤ ਦਾ ਇਤਿਹਾਸ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ।
4. ਬਲਰਾਜ ਸਾਹਨੀ, ਮੇਰਾ ਰੂਸੀ ਸਫ਼ਰਨਾਮਾ, ਨਵਯੁਗ ਪਬਲਿਸ਼ਰਜ਼, ਦਿੱਲੀ।
5. ਪੰਜਾਬੀ ਸਾਹਿੱਤ ਦਾ ਇਤਿਹਾਸ (ਭਾਗ ਦੂਜਾ), ਭਾਸ਼ਾ ਵਿਭਾਗ ਪੰਜਾਬੀ ਪਟਿਆਲਾ।
6. ਰਾਜਬੀਰ ਕੌਰ, ਪੁਰਾਤਨ ਅਤੇ ਨਵੀਨ ਪੰਜਾਬੀ ਵਾਰਤਕ, ਵਾਰਿਸ਼ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ।


**Converted in Self Learning Mode by Dr. Gurpreet Kaur**
**Last Update June 10, 2023**

ਪਾਠ ਨੰ: 1.7 – ਪ੍ਰੋ. ਬ੍ਰਹਮਜਗਦੀਸ਼ ਸਿੰਘ

# ਜੀਵਨੀ ਅਤੇ ਸ੍ਵੈਜੀਵਨੀ

## (ਪਰਿਭਾਸ਼ਾ, ਪ੍ਰਕਿਰਤੀ ਅਤੇ ਤੱਤ)

1.7.1 ਉੱਦੇਸ਼
1.7.2 ਭੂਮਿਕਾ
1.7.3 ਜੀਵਨੀ ਸਾਹਿੱਤ : ਪਰਿਭਾਸ਼ਾ ਅਤੇ ਪ੍ਰਕਿਰਤੀ
1.7.3.1 ਜੀਵਨੀ ਸਾਹਿਤ ਦੀ ਉੱਤਪਤੀ ਤੇ ਵਿਕਾਸ
1.7.3.2 ਪੰਜਾਬੀ ਵਿਚ ਜੀਵਨੀ-ਸਾਹਿੱਤ ਦੀ ਪਰੰਪਰਾ
1.7.3.3 ਜੀਵਨੀ ਸਾਹਿੱਤ ਦੇ ਤੱਤ
1.7.4 ਸ੍ਵੈਜੀਵਨੀ : ਪਰਿਭਾਸ਼ਾ ਅਤੇ ਪ੍ਰਕਿਰਤੀ
1.7.4.1 ਵਸਤੂ-ਸਮੱਗਰੀ
1.7.4.2 ਸ੍ਵੈਜੀਵਨੀ ਦਾ ਪ੍ਰਯੋਜਨ
1.7.4.3 ਸ੍ਵੈਜੀਵਨੀ ਦੇ ਤੱਤ
1.7.5 ਸਿੱਟਾ
1.7.6 ਉਪਰੋਕਤ ਪਾਠ-ਸਮੱਗਰੀ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ
1.7.7 ਸਹਾਇਕ ਪੁਸਤਕਾਵਲੀ

### 1.7.1 ਉੱਦੇਸ਼

ਇਸ ਪਾਠ ਦਾ ਮੰਤਵ ਵਿਦਿਆਰਥੀਆਂ ਨੂੰ ਜੀਵਨੀ-ਸਾਹਿੱਤ ਅਤੇ ਸ੍ਵੈਜੀਵਨੀ-ਸਾਹਿੱਤ ਦੇ ਸੁਰੂਪ ਅਤੇ ਤੱਤਾਂ ਨਾਲ ਸੁਪਰਿਚਿਤ ਕਰਵਾਉਣਾ ਹੈ। ਸਾਹਿੱਤ ਦੇ ਇਹ ਦੋਵੇਂ ਰੂਪ ਯੁਵਾ ਪੀੜ੍ਹੀ ਨੂੰ ਵਿਰਸੇ ਨਾਲ ਜੋੜ ਕੇ ਸਭਿਆਚਾਰਕ ਅਤੇ ਸਮਾਜਿਕ ਚੇਤਨਾ ਪ੍ਰਦਾਨ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ, ਜਿਸ ਕਾਰਨ ਇਨ੍ਹਾਂ ਦੀ ਬਹੁਤ ਪ੍ਰਾਸੰਗਿਕਤਾ ਹੈ। ਅਜੋਕੇ ਸੂਚਨਾ ਪ੍ਰਧਾਨ ਯੁਗ ਵਿਚ ਸਾਹਿੱਤ ਦੇ ਇਸ ਰੂਪ ਦਾ ਮੁੱਲ ਅਤੇ ਮਹੱਤਵ ਹੋਰ ਵੀ ਵਧ ਗਿਆ ਹੈ ਕਿਉਂਕਿ ਇਨ੍ਹਾਂ ਦੁਆਰਾ ਅਸੀਂ ਸਾਹਿੱਤ ਅਤੇ ਸਮਾਜ ਦੇ ਪਰਸਪਰ ਸੰਬੰਧਾਂ ਨੂੰ ਵਧੇਰੇ ਨੇੜੇ ਹੋ ਕੇ ਦੇਖ ਸਕਦੇ ਹਾਂ। ਜੀਵਨੀ ਅਤੇ ਸ੍ਵੈਜੀਵਨੀ-ਸਾਹਿੱਤ ਦੀ ਪ੍ਰਕਿਰਤੀ ਅਤੇ ਤੱਤਾਂ ਬਾਰੇ ਜਾਣਕਾਰੀ ਪ੍ਰਦਾਨ ਕਰਕੇ ਅਸੀਂ ਆਪਣੇ ਵਿਦਿਆਰਥੀਆਂ ਨੂੰ ਇਨ੍ਹਾਂ ਰੂਪਾਂ ਦੀ ਰਚਨਾ-ਸੰਰਚਨਾ ਨਾਲ ਸੰਬੰਧਿਤ ਬੁਨਿਆਦੀ ਪੱਖਾਂ ਨਾਲ ਸੁਪਰਿਚਿਤ ਕਰਵਾ ਰਹੇ ਹਾਂ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਦਿੱਤੀ ਗਈ ਪਾਠ-ਸਾਮੱਗਰੀ ਦੀ ਰੌਸ਼ਨੀ ਵਿਚ ਪੰਜਾਬੀ ਦੇ ਪ੍ਰਸਿੱਧ ਸਾਹਿੱਤਕਾਰਾਂ ਅਤੇ ਕਲਾਕਾਰਾਂ ਦੀਆਂ ਜੀਵਨੀਆਂ ਅਤੇ ਸ੍ਵੈਜੀਵਨੀਆਂ ਦਾ ਅਧਿਐਨ ਕਰਨ; ਆਮ ਤੌਰ ਤੇ ਪੰਜਾਬੀ ਦੇ ਪ੍ਰਮੁੱਖ ਰਿਸਾਲਿਆਂ ਅਤੇ ਸਮਾਚਾਰ ਪੱਤਰਾਂ ਵਿਚ ਸਾਹਿੱਤ ਦੇ ਇਹ ਰੂਪ ਪ੍ਰਕਾਸ਼ਿਤ ਹੁੰਦੇ ਰਹਿੰਦੇ ਹਨ।

### 1.7.2 ਭੂਮਿਕਾ:

ਵਾਰਤਕ ਸਾਹਿੱਤ ਦੇ ਵਿਭਿੰਨ ਰੂਪਾਂ ਵਿਚ ਜੀਵਨੀ ਅਤੇ ਸ੍ਵੈਜੀਵਨੀ ਕਾਫ਼ੀ ਮਹੱਤਵਪੂਰਨ ਰੂਪਾਕਾਰ ਹਨ।ਇਨ੍ਹਾਂ ਦੋਹਾਂ ਰੂਪਾਕਾਰਾਂ ਵਿਚ ਕਾਫ਼ੀ ਸਾਂਝ ਹੈ। ਦੋਹਾਂ ਦਾ ਵਿਸ਼ਾ ਕਿਸੇ ਵਿਅਕਤੀ ਵਿਸ਼ੇਸ਼ ਦੇ ਜੀਵਨ-ਬ੍ਰਿਤਾਂਤ ਨਾਲ ਸੰਬੰਧਿਤ ਹੁੰਦਾ ਹੈ। ਇਹ ਵਿਅਕਤੀ ਵਿਸ਼ੇਸ਼ ਕੋਈ ਰਾਜਾ, ਸੰਤ, ਗੁਰੂ, ਮਹਾਂਪੁਰਖ, ਕਲਾਕਾਰ, ਖਿਡਾਰੀ ਜਾਂ ਰਾਜਨੇਤਾ ਆਦਿਕ ਹੋ ਸਕਦਾ ਹੈ। ਮੱਧਕਾਲ ਵਿਚ ਬਹੁਤੀਆਂ ਜੀਵਨੀ ਰਾਜਿਆਂ ਅਤੇ ਸੰਤਾਂ-ਸਤਿਗੁਰੂ ਬਾਰੇ

ਲਿਖੀਆਂ ਗਈਆਂ। ਆਧੁਨਿਕ ਕਾਲ ਵਿਚ ਰਾਜਸੀ ਅਤੇ ਪਦਾਰਥਕ ਸੱਤਾਂ ਰਾਜਨੇਤਾਵਾਂ ਦੇ ਹੱਥਾਂ ਵਿਚ ਆ ਗਈ ਹੈ, ਇਸ ਕਾਰਨ ਅਜ ਕਲ੍ਹ ਬਹੁਤੀਆਂ ਜੀਵਨੀਆਂ ਰਾਜਨੇਤਾਵਾਂ ਬਾਰੇ ਲਿਖੀਆਂ ਜਾ ਰਹੀਆਂ ਹਨ। ਆਧੁਨਿਕ ਪਾਠਕਾਂ ਦੀ ਲੇਖਕਾਂ ਅਤੇ ਕਲਾਕਾਰਾਂ ਵਿਚ ਵੀ ਕਾਫ਼ੀ ਰੁਚੀ ਹੈ। ਇਸ ਲਈ ਇਹ ਲੋਕ ਵੀ ਜੀਵਨੀਆਂ ਜਾਂ ਸ੍ਵੈਜੀਵਨੀ ਦੇ ਕੇਂਦਰ ਬਣ ਰਹੇ ਹਨ। ਜੀਵਨੀ ਅਤੇ ਸ੍ਵੈਜੀਵਨੀ ਵਿਚ ਵੱਡਾ ਅੰਤਰ ਇਹ ਹੈ ਕਿ ਜੀਵਨੀ ਕਿਸੇ ਅਨਯ ਜਾਂ ਦੂਸਰੇ ਵਿਅਕਤੀ ਵਲੋਂ ਲਿਖੀ ਜਾਂਦੀ ਹੈ, ਜਦੋਂ ਕਿ ਸ੍ਵੈਜੀਵਨੀ ਆਪਣੇ ਹੀ ਜੀਵਨ ਬਾਰੇ ਖ਼ੁਦ ਕਿਸੇ ਲੇਖਕ ਦੁਆਰਾ ਲਿਖੀ ਜਾਂਦੀ ਹੈ। ਇਕ ਹੋਰ ਅੰਤਰ-ਵਸਤੂ-ਸਾਮੱਗਰੀ ਦਾ ਵੀ ਹੈ। ਸ੍ਵੈਜੀਵਨੀਕਾਰ ਦੇ ਸਨਮੁਖ ਉਸਦੀ ਆਪਣੀ ਜੀਵਨੀ ਇਕ ਖੁਲ੍ਹੀ ਪੁਸਤਕ ਵਾਂਗ ਸਾਫ਼ ਅਤੇ ਸਪਸ਼ਟ ਪਈ ਹੁੰਦੀ ਹੈ। ਉਸ ਨੇ ਕੇਵਲ ਏਨੀ ਚੋਣ ਕਰਨੀ ਹੁੰਦੀ ਹੈ ਕਿ ਉਹ ਕਿਹੜੀਆਂ ਘਟਨਾਵਾਂ ਨੂੰ ਬਿਆਨ ਕਰੇ ਅਤੇ ਕਿਹੜੀਆਂ ਬਾਰੇ ਚੁੱਪ ਰਹੇ; ਜਦੋਂ ਕਿ ਜੀਵਨੀਕਾਰ ਨੇ ਆਪਣੇ ਵਿਸ਼ੇ ਨਾਲ ਸੰਬੰਧਿਤ ਵਿਅਕਤੀ ਦੇ ਜੀਵਨ ਦੀਆਂ ਘਟਨਾਵਾਂ ਬਾਰੇ ਖੋਜ ਕਰਨੀ ਹੁੰਦੀ ਹੈ। ਇਸ ਮੰਤਵ ਲਈ ਉਹ ਸੰਬੰਧਿਤ ਵਿਅਕਤੀ ਦੇ ਮਿੱਤਰਾਂ, ਸਹਿਯੋਗੀਆਂ ਅਤੇ ਪਰਿਵਾਰਕ ਮੈਂਬਰਾਂ ਤੋਂ ਵੇਰਵੇ ਇਕੱਤਰ ਕਰਦਾ ਹੈ ਅਤੇ ਫਿਰ ਉਨ੍ਹਾਂ ਨੂੰ ਇਕ ਵਿਸ਼ੇਸ਼ ਪੈਰਾਡਾਈਮ ਵਿਚ ਬੰਨ੍ਹ ਕੇ ਪੇਸ਼ ਕਰਦਾ ਹੈ। ਜੀਵਨੀ ਜਾਂ ਸ੍ਵੈਜੀਵਨੀ ਲਿਖਣਾ-ਦੋਵੇਂ ਬਹੁਤ ਚੋਣੌਤੀ ਭਰਪੂਰ ਕਾਰਜ ਹਨ ਅਤੇ ਇਸ ਕਾਰਜ ਨਾਲ ਜੁੜੇ ਲੇਖਕ ਨੂੰ ਤੱਥਾਂ ਦੀ ਚੋਣ ਸਮੇਂ ਬਹੁਤ ਦ੍ਰਿੜ੍ਹਤਾ ਅਤੇ ਵਸਤੂਮੁਖਤਾ ਤੋਂ ਕੰਮ ਲੈਣਾ ਪੈਂਦਾ ਹੈ, ਨਹੀਂ ਤਾਂ ਉਹ ਆਪਣੇ ਉਦੇਸ਼ ਵਚ ਸਫ਼ਲ ਨਹੀਂ ਹੋ ਪਾਉਂਦਾ।

### 1.7.3 ਜੀਵਨੀ ਸਾਹਿੱਤ : ਪਰਿਭਾਸ਼ਾ ਅਤੇ ਪ੍ਰਕਿਰਤੀ

ਕਿਸੇ ਉੱਘੇ ਜਾਂ ਵਿਸ਼ੇਸ਼ ਵਿਅਕਤੀ ਦੇ ਜੀਵਨ-ਬ੍ਰਿਤਾਂਤ ਨੂੰ ਜੀਵਨੀ ਕਿਹਾ ਜਾਂਦਾ ਹੈ। ਅੰਗ੍ਰੇਜ਼ੀ ਵਿਚ ਸਾਹਿੱਤ ਦੇ ਇਸ ਰੂਪ ਦਾ ਨਾਮ 'ਬਾਇਓਗ੍ਰਾਫ਼ੀ' (biography) ਹੈ। ਇਹ ਦੋ ਯੂਨਾਨੀ ਸ਼ਬਦਾਂ 'ਬਾਇਓਸ' (bios) ਅਤੇ 'ਗ੍ਰਾਫੋਸ' (graphos) ਨੂੰ ਮਿਲਾ ਕੇ ਬਣਿਆ ਸ਼ਬਦ ਹੈ। ਡਾ. ਮਹਿੰਦਰ ਪਾਲ ਕੋਹਲੀ ਅਨੁਸਾਰ ਕਿਸੇ ਜੀਵਨੀ ਵਿਚ ਮਨੁੱਖ ਦੇ ਜੀਵਨ ਦਾ ਲੇਖਾ-ਜੋਖਾ ਹੁੰਦਾ ਹੈ। ਆਮ ਤੌਰ ਤੇ ਜੀਵਨੀ ਵਿਚ ਸਮੁੱਚੇ ਜੀਵਨ ਦਾ ਵਿਵਰਣ ਪੇਸ਼ ਕੀਤਾ ਜਾਂਦਾ ਹੈ ਅਤੇ ਇਕ ਆਦਰਸ਼-ਜੀਵਨੀ ਜਾਂ ਤਾਂ ਮਨੁੱਖ ਦੇ ਸਾਰੇ ਜਾਂ ਅਧਿਕਾਂਸ਼ ਭਾਗ ਦੀਆਂ ਸਫ਼ਲਤਾਵਾਂ-ਅਸਫ਼ਲਤਾਵਾਂ ਨੂੰ ਵਿਅਕਤ ਕਰਦੀ ਹੈ।(ਸਾਹਿੱਤ-ਕੋਸ਼, ਪੰਨੇ 535-36) ਪਰੰਤੂ ਬਹੁਤ ਸਾਰੀਆਂ ਜੀਵਨੀਆਂ ਇਹੋ ਜਿਹੀਆਂ ਵੀ ਹਨ, ਜੋ ਕਿਸੇ ਵਿਅਕਤੀ ਦੇ ਜਿਉਂਦੇ ਜੀ ਹੀ ਲਿਖ ਦਿੱਤੀਆਂ ਜਾਂਦੀਆਂ ਹਨ, ਇਸ ਕਾਰਨ ਅਜਿਹੀਆਂ ਜੀਵਨੀਆਂ ਵਿਚ ਕਿਸੇ ਵਿਅਕਤੀ ਦੇ ਜੀਵਨ ਦਾ ਸੰਪੂਰਨ ਨਕਸ਼ਾ ਨਹੀਂ ਉਲੀਕਿਆ ਹੁੰਦਾ।

#### 1.7.3.1 ਜੀਵਨੀ ਸਾਹਿਤ ਦੀ ਉੱਤਪਤੀ ਤੇ ਵਿਕਾਸ

ਭਾਵੇਂ ਪੰਜਾਬੀ ਸਾਹਿੱਤ ਵਿਚ ਜੀਵਨੀਆਂ ਦੀ ਪਰੰਪਰਾ ਬਹੁਤੀ ਲੰਬੀ ਨਹੀਂ ਹੈ ਪਰੰਤੂ ਪੱਛਮੀ ਸਾਹਿੱਤ ਵਿਚ ਇਸ ਪਰੰਪਰਾ ਦਾ ਇਤਿਹਾਸ ਬਹੁਤ ਪੁਰਾਣਾ ਹੈ। ਪੁਨਰ-ਜਾਗ੍ਰਿਤੀ ਕਾਲ ਤੋਂ ਪਹਿਲਾਂ ਵੀ ਅਧਿਆਤਮਕ ਜਾਂ ਨੈਤਿਕ ਵਿਚਾਰਾਂ ਦੇ ਪ੍ਰਚਾਰ ਵਾਸਤੇ ਸੰਤ-ਪੁਰਖਾਂ ਦੇ ਜੀਵਨ ਲਿਖੇ ਜਾਂਦੇ ਸਨ। ਪਰ ਇਨ੍ਹਾਂ ਦਾ ਮੂਲ ਮੰਤਵ ਕੇਵਲ ਉਪਦੇਸ਼ ਦੇਣਾ ਸੀ। ਵਿਸ਼ੇਸ਼ ਜੀਵਨੀ ਤਿਆਰ ਕਰਨਾ ਨਹੀਂ ਸੀ। 'ਮਤੀ' ਅਤੇ 'ਅਰਕੁਸ' ਦੁਆਰਾ ਰਚਿਤ ਈਸਾ ਦਾ ਜੀਵਨ - ਚਰਿੱਤਰ 'Four Gospels' ਨਿੱਕੀਆਂ-ਨਿੱਕੀਆਂ ਜੀਵਨੀਆਂ ਉਪਰ ਆਧਾਰਿਤ ਹੈ। ਪਲੂਟਾਰਕ (Plutarch) ਨੇ ਤੁਲਨਾਤਮਕ ਰਾਜਨੀਤੀ ਦੇ ਅਧਿਐਨ ਲਈ ਯੂਨਾਨੀ ਅਤੇ ਰੋਮਨ ਯੋਧਿਆਂ ਦੀਆਂ ਸਮਾਨਾਂਤਰ ਜੀਵਨੀਆਂ (Parallel Lives) ਲਿਖੀਆਂ। ਪੱਛਮ ਵਿਚ ਸ੍ਵੈਜੀਵਨੀ ਦਾ ਵਿਕਾਸ ਮੱਧਕਾਲੀਨ ਯੁਗ ਵਿਚ ਹੋਇਆ। ਇਸ ਕਾਲ ਵਿਚ ਦੋ ਪ੍ਰਕਾਰ ਦਾ ਜੀਵਨੀ-ਸਾਹਿੱਤ ਰਚਿਆ ਗਿਆ। ਇਕ ਦਾ ਸੰਬੰਧ ਧਾਰਮਿਕ ਪੁਰਸ਼ਾਂ ਅਥਵਾ ਸੰਤਾਂ-ਮਹਾਤਮਾਵਾਂ ਨਾਲ ਸੀ ਅਤੇ ਦੂਜੀ ਪ੍ਰਕਾਰ ਦੀਆਂ ਜੀਵਨੀਆਂ ਰਾਜਿਆਂ-ਰਜਵਾੜਿਆਂ ਬਾਰੇ ਲਿਖੀਆਂ ਗਈਆਂ। ਧਾਰਮਿਕ ਜੀਵਨੀਆਂ ਵਿਚ ਸੰਤਾਂ-ਮਹਾਂਪੁਰਖਾਂ ਦੇ ਜੀਵਨ ਨਾਲ ਸੰਬੰਧਿਤ ਅਸਾਧਾਰਣ ਘਟਨਾਵਾਂ ਨੂੰ ਪੇਸ਼ ਕੀਤਾ ਜਾਂਦਾ ਸੀ ਅਤੇ ਰਾਜਿਆਂ ਦੀਆਂ ਜੀਵਨੀਆਂ ਵਿਚ ਇਤਿਹਾਸਕ

ਘਟਨਾਵਾਂ ਦੀ ਪੇਸ਼ਕਾਰੀ ਕੀਤੀ ਜਾਂਦੀ ਸੀ। ਆਇਨਹਾਰਡ (Einhard) ਐਸਰ (Assar), ਬੋਕੈਚੀਓ (Boccaccio), ਲਿਡਗੇਟ (Lydgate) ਆਦਿਕ ਜੀਵਨੀਕਾਰ ਇਸ ਕਾਲ ਦੇ ਪ੍ਰਸਿੱਧ ਲੇਖਕ ਮੰਨੇ ਜਾਂਦੇ ਹਨ।

ਅਠਾਰ੍ਹਵੀਂ ਸਦੀ ਵਿਚ ਪੂੰਜੀਵਾਦ ਦੇ ਵਿਕਾਸ ਨਾਲ ਸਾਹਿੱਤ ਵਿਚ ਦਿਲਚਸਪੀ ਰੱਖਣ ਵਾਲੇ ਲੋਕਾਂ ਦੀ ਗਿਣਤੀ ਵਿਚ ਬਹੁਤ ਵਾਧਾ ਹੋ ਗਿਆ। ਪੂੰਜੀਵਾਦ ਤੋਂ ਪਹਿਲਾਂ ਸਮਾਜ ਵਿਚ ਮੱਧ-ਸ਼੍ਰੇਣੀ ਦਾ ਜਨਮ ਨਹੀਂ ਸੀ ਹੋਇਆ ਅਤੇ ਉਸ ਸਮੇਂ ਕੁਝ ਗਿਣਤੀ ਦੇ ਜਾਗੀਰਦਾਰ ਲੋਕ ਹੀ ਪੜ੍ਹਨ-ਪੜ੍ਹਾਉਣ ਦੇ ਕਾਰਜ ਵਿਚ ਦਿਲਚਸਪੀ ਰੱਖਦੇ ਸਨ। ਪਰੰਤੂ ਮੱਧ-ਸ਼੍ਰੇਣੀ ਦੇ ਆਗਮਨ ਨਾਲ ਸਾਹਿੱਤ ਪੜ੍ਹਨ ਵਾਲੇ ਲੋਕਾਂ ਦੀ ਗਿਣਤੀ ਬਹੁਤ ਵਧ ਗਈ। ਮੱਧ-ਸ਼੍ਰੇਣੀ ਦੇ ਪਾਠਕਾਂ ਦੀ ਲੋੜ ਪੂਰੀ ਕਰਨ ਲਈ ਅਨੇਕ ਸਾਹਿੱਤਕਾਰ ਪੈਦਾ ਹੋ ਗਏ। ਇਸ ਕਾਲ ਵਿਚ ਰਚੀਆਂ ਗਈਆਂ ਜੀਵਨੀਆਂ ਵਿਚ ਸਾਧਾਰਣ ਵਿਸ਼ਿਆਂ ਨੂੰ ਰੋਚਕ ਅਤੇ ਉਤਸੁਕਤਾ ਭਰਪੂਰ ਬਣਾ ਕੇ ਪੇਸ਼ ਕੀਤਾ ਗਿਆ। ਲੋਕਤੰਤਰੀ ਭਾਵਨਾ ਅਨੁਸਾਰ ਆਮ ਆਦਮੀ ਨੂੰ ਜੀਵਨੀਆਂ ਦੇ ਮੁਖ ਪਾਤਰ ਬਣਾਉਣ ਦੀ ਪ੍ਰੇਰਣਾ ਡਾ. ਜਾਨਸਨ (Johnson) ਅਤੇ ਰੂਸੋ (Rousseau) ਨੇ ਦਿੱਤੀ। ਇਤਿਹਾਸਕ ਚੇਤਨਾ ਦੇ ਵਿਕਾਸ ਨਾਲ ਅਤੀਤ ਵਿਚ ਹੋਏ ਮਹਾਂਪੁਰਖਾਂ ਦੀਆਂ ਨਿਆਂਇਪੂਰਨ ਜੀਵਨੀਆਂ ਲਿਖਣ ਦੀ ਰੁਚੀ ਪੈਦਾ ਹੋਈ। ਇਸ ਨਾਲ ਨਿਰਪੱਖ ਅਤੇ ਵਸਤੂਗਤ ਵੇਰਵਿਆਂ ਨਾਲ ਭਰਪੂਰ ਜੀਵਨੀ-ਸੰਗ੍ਰਹਿ ਪ੍ਰਕਾਸ਼ਿਤ ਕੀਤੇ ਗਏ। ਇਸ ਪ੍ਰਕਾਰ ਦੇ ਜੀਵਨੀ ਸਾਹਿੱਤ ਦਾ ਆਰੰਭ ਤਾਂ ਪਲੂਟਾਰਕ ਨੇ ਹੀ ਕਰ ਦਿੱਤਾ ਸੀ ਪਰੰਤੂ ਬਰੁਕਸ (Brooks), ਬਰੈਡਫੋਰਡ (Bradford) ਅਤੇ ਪੈਪੀਜ਼ (Pepys) ਆਦਿਕ ਲੇਖਕਾਂ ਨੇ ਜੀਵਨੀ-ਸਾਹਿੱਤ ਦੀ ਵਿਧਾ ਨੂੰ ਪੂਰਨ ਤੌਰ ਤੇ ਬਦਲ ਕੇ ਰੱਖ ਦਿੱਤਾ। (ਦੇਖੋ ਸਾਹਿੱਤ-ਕੋਸ਼, ਪੰਨੇ 535-36)

ਜੀਵਨੀ-ਲੇਖਣ ਦੇ ਖੇਤਰ ਵਿਚ ਹੋਏ ਇਨ੍ਹਾਂ ਨਵੇਂ ਪ੍ਰਯੋਗਾਂ ਨੇ ਸਾਹਿੱਤ ਦੇ ਇਸ ਰੂਪ ਦਾ ਮੂੰਹ-ਮੁਹਾਂਦਰਾ ਅਸਲੋਂ ਹੀ ਬਦਲ ਕੇ ਰੱਖ ਦਿੱਤਾ। ਨਵੇਂ ਜੀਵਨੀਕਾਰਾਂ ਦਾ ਮਤਿ ਸੀ ਕਿ ਬਾਹਰਲੀਆਂ ਪਰਿਸਥਿਤੀਆਂ, ਵੇਰਵਿਆਂ, ਤੱਥਾਂ ਅਤੇ ਤਿਥੀਆਂ ਨਾਲ ਕਿਸੇ ਮਨੁੱਖ ਦੀ ਸ਼ਖਸੀਅਤ ਨੂੰ ਪੂਰੀ ਤਰ੍ਹਾਂ ਨਹੀਂ ਸਮਝਿਆ ਜਾ ਸਕਦਾ ਕਿਉਂਕਿ ਹਰ ਮਨੁੱਖ ਮਨੋਵਿਗਿਆਨਕ ਆਵੇਗਾਂ, ਪ੍ਰਵੇਗਾਂ ਅਤੇ ਜਟਿਲਤਾਵਾਂ ਦਾ ਇਕ ਜੀਵੰਤ ਪੁੰਜ ਹੈ। ਇਸ ਕਾਰਨ ਉਸ ਨੂੰ ਸਮਝਣ ਵਾਸਤੇ ਉਸਦੀ ਮਨੋਵਿਗਿਆਨਕ ਵਿਆਖਿਆ ਬਹੁਤ ਜ਼ਰੂਰੀ ਹੈ। ਇਸ ਵਿਧੀ ਨਾਲ ਲਿਖੀਆਂ ਹੋਈਆਂ ਜੀਵਨੀਆਂ ਨਾਵਲਾਂ ਵਾਂਗ ਉਤਸੁਕਤਾ ਭਰਪੂਰ ਪ੍ਰਤੀਤ ਹੁੰਦੀਆਂ ਹਨ ਕਿਉਂਕਿ ਇਨ੍ਹਾਂ ਵਿਚ ਜੀਵਨੀ ਦੇ ਨਾਇਕ ਦੀਆਂ ਕੁਝ ਰੋਚਕ ਘਟਨਾਵਾਂ, ਉਸ ਨਾਲ ਸੰਬੰਧਿਤ ਕੁਝ ਵਿਲੱਖਣ ਪਾਤਰਾਂ ਅਤੇ ਕੁਝ ਦਿਲਚਸਪ ਘਟਨਾਵਾਂ ਨੂੰ ਸੰਵਾਦ, ਆਤਮ-ਬਚਨੀ ਅਤੇ ਸਾਖਿਆਤਕਾਰ (interview) ਆਦਿਕ ਵਿਧੀਆਂ ਦੁਆਰਾ ਵਿਕਸਿਤ ਕੀਤਾ ਜਾਂਦਾ ਹੈ। ਆਂਦਰੇ ਮੋਰਿਆ (Andre Maurois), ਫਿਲਿਪ ਗੁਦਾਲਾ (Phillip Guedalla) ਅਤੇ ਡੇਵਿਡ ਸੇਸਿਲ (David Cecil) ਨੇ ਅਜਿਹੀਆਂ ਜੀਵਨੀਆਂ ਲਿਖੀਆਂ ਹਨ। ਲਿਟਨ ਸਟ੍ਰੈਚੀ (Lytton Strachey) ਨੇ ਆਪਣੀਆਂ ਵਿਆਖਿਆਤਮਕ ਜੀਵਨੀਆਂ ਵਿਚ ਵਿਅੰਗ-ਵਿਧੀ ਦਾ ਪ੍ਰਯੋਗ ਕੀਤਾ ਹੈ। ਜੀਵਨੀ ਵਿਚ ਤੱਥ, ਪ੍ਰਮਾਣਿਕ ਸਰੋਤਾਂ ਵਿਚੋਂ ਲੈਣੇ ਚਾਹੀਦੇ ਹਨ ਅਤੇ ਜੀਵਨੀਕਾਰ ਨੂੰ ਉਨ੍ਹਾਂ ਪਰਿਸਥਿਤੀਆਂ ਦਾ ਵੀ ਭਰਪੂਰ ਗਿਆਨ ਹੋਣਾ ਚਾਹੀਦਾ ਹੈ, ਜਿਨ੍ਹਾਂ ਵਿਚੋਂ ਉਸਦੀ ਜੀਵਨੀ ਦਾ ਨਾਇਕ ਉੱਭਰਿਆ-ਉੱਸਰਿਆ ਹੋਵੇ। ਇਕ ਪ੍ਰਮਾਣਿਕ ਜੀਵਨੀਕਾਰ ਨੂੰ ਨਿਮਨਲਿਖਤ ਸੋਮਿਆਂ ਦਾ ਅਧਿਐਨ-ਵਿਸ਼ਲੇਸ਼ਣ ਕਰਨ ਦੀ ਲੋੜ ਪੈਂਦੀ ਹੈ।

(i) ਵਿਸ਼ੇ ਬਾਰੇ ਮਿਲਦੀਆਂ ਪਹਿਲੀਆਂ ਪੁਸਤਕਾਂ;

(ii) ਪੱਤਰ, ਡਾਇਰੀਆਂ ਅਤੇ ਪ੍ਰਮਾਣਿਕ ਦਸਤਾਵੇਜ਼;

(iii) ਸਮਕਾਲੀਨ ਯਾਦਾਂ ਅਤੇ ਘਟਨਾਵਾਂ;

(iv) ਜੀਵਨੀ ਦੇ ਮੁਖ ਪਾਤਰ ਨਾਲ ਸੰਬੰਧਿਤ ਜਿਉਂਦੇ ਵਿਅਕਤੀਆਂ ਦੇ ਵਿਚਾਰ ਅਤੇ ਪ੍ਰਭਾਵ;

(v) ਜੀਵਨੀਕਾਰ ਦੇ ਲੇਖਕ ਨਾਲ ਨਿੱਜੀ ਸੰਬੰਧ;

(vi) ਉਨ੍ਹਾਂ ਥਾਵਾਂ ਦੀ ਯਾਤਰਾ, ਜਿਨ੍ਹਾਂ ਦਾ ਜੀਵਨੀ ਦੇ ਨਾਇਕ ਨਾਲ ਵਿਸ਼ੇਸ਼ ਸੰਬੰਧ ਰਿਹਾ ਹੋਵੇ।

**1.7.3.2ਪੰਜਾਬੀ ਵਿਚ ਜੀਵਨੀ-ਸਾਹਿੱਤ ਦੀ ਪਰੰਪਰਾ :**

ਪੰਜਾਬੀ ਵਿਚ ਜੀਵਨੀ-ਸਾਹਿੱਤ ਲਿਖਣ ਦੀ ਪਰੰਪਰਾ ਦਾ ਆਰੰਭ ਪੁਰਾਤਨ ਜਨਮਸਾਖੀਆਂ ਦੀ ਰਚਨਾ ਦੁਆਰਾ ਸਤਾਰ੍ਹਵੀਂ ਸਦੀ ਵਿਚ ਹੋਇਆ। ਪੁਰਾਤਨ ਜਨਮਸਾਖੀ, ਸ਼ੰਭੂ ਨਾਥ ਵਾਲੀ ਜਨਮ ਪੱਤਰੀ ਜਾਂ ਆਦਿ ਸਾਖੀਆਂ, ਭਾਈ ਬਾਲੇ ਵਾਲੀ ਜਨਮਸਾਖੀ ਅਤੇ ਸੋਢੀ ਮਿਹਰਬਾਨ ਵਾਲੀ ਜਨਮਸਾਖੀ ਆਦਿਕ ਰਚਨਾਵਾਂ ਵਿਚ ਗੁਰੂ ਨਾਨਕ ਦੇਵ ਜੀ ਦਾ ਜੀਵਨ-ਬ੍ਰਿਤਾਂਤ, ਉਨ੍ਹਾਂ ਦੀ ਅਜ਼ਮਤ ਨਾਲ ਜੁੜੀਆਂ ਘਟਨਾਵਾਂ ਅਤੇ ਗੁਰੂ ਜੀ ਨਾਲ ਸੰਬੰਧਿਤ ਰਹੇ ਇਤਿਹਾਸਕ ਅਤੇ ਕਲਪਿਤ ਪਾਤਰਾਂ ਦੇ ਅਦਭੁਤ ਵੇਰਵੇ, ਇਨ੍ਹਾਂ ਜਨਮਸਾਖੀਆਂ ਦੀ ਵਸਤੂ-ਸਾਮੱਗਰੀ ਬਣੇ ਹਨ। ਇਨ੍ਹਾਂ ਜਨਮਸਾਖੀਆਂ ਵਿਚ ਸ਼ਰਧਾ, ਸਤਿਕਾਰ ਅਤੇ ਸਤਿਗੁਰ ਮਹਿਮਾ ਦੇ ਭਾਵ ਪ੍ਰਗਟ ਹੋਏ ਹਨ ਅਤੇ ਇਨ੍ਹਾਂ ਵਿਚ ਇਤਿਹਾਸ ਅਤੇ ਮਿਥਿਹਾਸ ਦਾ ਅਜਿਹਾ ਸੁਮਿਸ਼ਰਣ ਹੋਇਆ ਹੈ ਕਿ ਪੜ੍ਹਨ ਵਾਲਾ ਗੁਰੂ ਬਾਰੇ ਦੀ ਮਹਿਮਾ ਵਿਚ ਪੂਰੀ ਤਰ੍ਹਾਂ ਆਤਮ-ਵਿਭੋਰ ਹੋ ਜਾਂਦਾ ਹੈ। ਜਨਮਸਾਖੀ ਪਰੰਪਰਾ ਵਿਚੋਂ ਹੀ ਸਿੱਖਾਂ ਦੀ ਭਗਤਮਾਲ (ਭਾਈ ਮਨੀ ਸਿੰਘ) ਆਦਿਕ ਰਚਨਾਵਾਂ ਦਾ ਜਨਮ ਹੋਇਆ। ਵੀਹਵੀਂ ਸਦੀ ਵਿਚ ਆਧੁਨਿਕ ਵੰਨਗੀ ਦਾ ਜੀਵਨੀ-ਸਾਹਿੱਤ ਰਚਿਆ ਜਾਣ ਲੱਗਾ। ਇਸ ਪ੍ਰਸੰਗ ਵਿਚ ਭਾਈ ਵੀਰ ਸਿੰਘ ਨੇ ਮੁੱਢਲੇ ਯਤਨ ਕੀਤੇ। 'ਗੁਰੂ ਨਾਨਕ ਚਮਤਕਾਰ', 'ਅਸ਼ਟਗੁਰ ਚਮਤਕਾਰ' ਅਤੇ 'ਕਲਗੀਧਰ ਚਮਤਕਾਰ' ਆਦਿਕ ਰਚਨਾਵਾਂ ਵਿਚ ਉਸ ਨੇ ਦਸ ਗੁਰੂ ਸਾਹਿਬਾਨ ਦੇ ਜੀਵਨ ਚਰਿੱਤਰ ਲਿਖੇ। ਇਸੇ ਦੌਰਾਨ ਲੇਖਕਾਂ ਅਤੇ ਨੇਤਾਵਾਂ ਬਾਰੇ ਵੀ ਜੀਵਨੀ ਸਾਹਿੱਤ ਲਿਖਿਆ ਜਾਣਾ ਸ਼ੁਰੂ ਹੋ ਗਿਆ। ਅਜਿਹੇ ਸਾਹਿਤ ਦੀ ਸਿਰਜਣਾ ਵਿਚ ਗੁਰਦਿਆਲ ਸਿੰਘ ਫੁੱਲ (ਜੀਵਨੀ ਭਾਈ ਜੋਧ ਸਿੰਘ), ਹਰਦਿਆਲ ਸਿੰਘ (ਇਕ ਸੁਨਹਿਰੀ ਦਿਲ : ਦੀਵਾਨ ਸਿੰਘ ਕਾਲੇਪਾਣੀ), ਮੁਨਸ਼ਾ ਸਿੰਘ ਦੁਖੀ (ਭਾਈ ਮੋਹਨ ਸਿੰਘ ਵੈਦ), ਸ਼ਮਸ਼ੇਰ ਸਿੰਘ ਅਸ਼ੋਕ (ਭਾਈ ਕਾਨ੍ਹ ਸਿੰਘ ਨਾਭਾ) ਪ੍ਰੋ. ਹਰਬੰਸ ਸਿੰਘ (ਜੀਵਨੀ ਭਾਈ ਵੀਰ ਸਿੰਘ) ਦੁਰਲਭ ਸਿੰਘ (ਮਾਸਟਰ ਤਾਰਾ ਸਿੰਘ ਦੀ ਜੀਵਨੀ) ਕੁਝ ਉਲੇਖਯੋਗ ਰਚਨਾਵਾਂ ਹਨ। ਪ੍ਰੋ. ਕਿਰਪਾਲ ਸਿੰਘ ਕਸੇਲ ਰਚਿਤ ਪ੍ਰੋ. ਪੂਰਨ ਸਿੰਘ ਦੀ ਜੀਵਨੀ 'ਰਾਜ ਹੰਸ' ਵੀ ਇਕ ਪ੍ਰਮਾਣਿਕ ਰਚਨਾ ਹੈ।

**ਇਤਿਹਾਸਿਕ ਜੀਵਨੀਆਂ:**

ਪੰਜਾਬ ਦੇ ਕੁਝ ਇਤਿਹਾਸਕਾਰਾਂ ਅਤੇ ਹੋਰ ਜੀਵਨੀਕਾਰਾਂ ਨੇ ਇਤਿਹਾਸਕ ਵਿਅਕਤੀਆਂ ਦੇ ਜੀਵਨ-ਬ੍ਰਿਤਾਂਤ ਵੀ ਤਿਆਰ ਕੀਤੇ ਹਨ। ਅਜਿਹੇ ਲੇਖਕਾਂ ਵਿਚ ਡਾ. ਗੰਡਾ ਸਿੰਘ, ਬਾਵਾ ਪ੍ਰੇਮ ਸਿੰਘ ਹੋਤੀ, ਪ੍ਰੋ. ਸਤਿਬੀਰ ਸਿੰਘ, ਪ੍ਰੋ. ਕਰਤਾਰ ਸਿੰਘ, ਜਸਵੰਤ ਸਿੰਘ ਜਸ, ਕੁਲਦੀਪ ਸਿੰਘ ਹਉਰਾ, ਸੁਰਿੰਦਰ ਸਿੰਘ ਜੌਹਰ, ਧਰਮ ਪਾਲ ਸਿੰਗਲ, ਸੰਤ ਇੰਦਰ ਸਿੰਘ ਚਕਰਵਰਤੀ ਅਤੇ ਡਾ. ਕਰਮ ਸਿੰਘ ਕਪੂਰ ਆਦਿਕ ਪ੍ਰਮੁੱਖ ਹਨ।

**1.7.3.3ਜੀਵਨੀ ਸਾਹਿੱਤ ਦੇ ਤੱਤ :**

ਜੀਵਨੀ, ਸਾਹਿੱਤ ਦਾ ਇਕ ਪ੍ਰਮੁੱਖ ਅੰਗ ਹੈ। ਹਰ ਜੀਵਨੀਕਾਰ ਨੂੰ ਆਪਣੀ ਰਚਨਾ ਦੀ ਸਾਹਿਤਿਕ ਮਰਯਾਦਾ ਵਲ ਪੂਰਨ ਧਿਆਨ ਦੇਣਾ ਪੈਂਦਾ ਹੈ ਕਿਉਂਕਿ ਇਸ ਤੋਂ ਅਵੇਸਲੇ ਹੋਣ ਦੀ ਸੂਰਤ ਵਿਚ ਉਸਦੀ ਰਚਨਾ ਸਾਹਿਤਿਕ ਨਹੀਂ ਰਹੇਗੀ। ਸਾਹਿੱਤਿਕ ਜੀਵਨੀ ਦੇ ਕੁਝ ਪ੍ਰਮੁੱਖ ਤੱਤ ਇਸ ਪ੍ਰਕਾਰ ਹਨ:

**(ੳ) ਚਰਿੱਤਰ ਨਾਇਕ ਅਤੇ ਉਸਦੀ ਸ਼ਖਸੀਅਤ** : ਜੀਵਨੀਕਾਰ ਨੂੰ ਆਪਣੇ ਨਾਇਕ ਦੀ ਸ਼ਖਸੀਅਤ ਦੀ ਪੁਨਰ-ਸਿਰਜਣਾ ਕਰਨ ਵਾਸਤੇ ਇਤਿਹਾਸਕ ਵੇਰਵਿਆਂ ਦੀ ਜ਼ਰੂਰਤ ਪੈਂਦੀ ਹੈ। ਬਹੁਤੀ ਵਾਰ ਮਹਾਂਪੁਰਖਾਂ ਅਤੇ ਸੱਤਾ ਉਪਰ ਕਾਬਜ਼ ਵਿਅਕਤੀਆਂ ਦੇ ਜੀਵਨ ਨਾਲ ਸ਼ਰਧਾਲੂਆਂ (ਪਹਿਲੀ ਸ਼੍ਰੇਣੀ : ਮਹਾਂਪੁਰਖ) ਅਤੇ ਚਾਪਲੂਸਾਂ (ਦੂਜੀ ਸ਼੍ਰੇਣੀ : ਸੱਤਾਧਾਰੀ) ਵਲੋਂ ਅਜਿਹੇ ਵੇਰਵੇ ਜੋੜ ਦਿੱਤੇ ਜਾਂਦੇ ਹਨ, ਜੋ ਅਣਇਤਿਹਾਸਕ ਅਤੇ ਕਲਪਿਤ ਹੁੰਦੇ ਹਨ। ਇਕ ਸੁਚੱਜੇ ਜੀਵਨੀਕਾਰ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਇਤਿਹਾਸ ਅਤੇ ਮਿਥਿਹਾਸ ਵਿਚ ਨਖੇੜਾ ਕਰਕੇ ਪ੍ਰਮਾਣਿਕ ਵੇਰਵਿਆਂ ਦੇ ਆਧਾਰ ਉੱਤੇ ਹੀ ਆਪਣੀ ਰਚਨਾ ਨੂੰ ਤਰਤੀਬ ਦੇਵੇ। ਨਹੀਂ ਤਾਂ ਉਹ ਇਤਿਹਾਸ ਦੇ ਵਿਰੁੱਧ ਗੰਭੀਰ ਅਪਰਾਧ ਕਰ ਰਿਹਾ ਹੋਵੇਗਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਦਾ ਪਥ ਭ੍ਰਸ਼ਟ ਕਰ ਰਿਹਾ ਹੋਵੇਗਾ। ਇਸ ਮਨਮਤਿ ਤੋਂ ਬਚਣ ਦੀ ਲੋੜ ਹੈ ਪਰ ਇਹ ਕੋਈ ਸੌਖਾ ਕਾਰਜ ਨਹੀਂ ਹੈ ਕਿਉਂਕਿ ਬਹੁਤੇ ਜੀਵਨੀਕਾਰ

ਸੱਤਾਧਾਰੀਆਂ ਜਾਂ ਧਨਾਢ ਵਿਅਕਤੀਆਂ ਤੋਂ ਕੋਈ ਲਾਭ ਉਠਾਉਣ ਲਈ ਹੀ ਉਨ੍ਹਾਂ ਦੀਆਂ ਜੀਵਨੀਆਂ ਲਿਖਦੇ ਹਨ। ਇਸ ਕਾਰਨ ਉਹ ਨਿਰਪੱਖ ਜਾਂ ਵਸਤੂਮੁਖ ਨਹੀਂ ਹੋ ਸਕਦੇ।

(ਅ) **ਉਸਾਰੂ ਕਲਪਣਾ** : ਇਕ ਸੁਚੱਜੀ ਜੀਵਨੀ ਦਾ ਇਕ ਹੋਰ ਮਹੱਤਵਪੂਰਨ ਪੱਖ, ਲੇਖਕ ਦੀ ਉਸਾਰੂ ਕਲਪਣਾ ਨਾਲ ਜੁੜਿਆ ਹੋਇਆ ਹੈ। ਕਿਸੇ ਵੀ ਜੀਵਨੀਕਾਰ ਨੂੰ ਲਿਖਣ ਸਮੇਂ ਕੁਝ ਅਜਿਹੇ ਖੱਪਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਸਦੀ ਪੂਰਤੀ ਉਸ ਨੂੰ ਆਪਣੀ ਕਲਪਣਾ ਦੁਆਰਾ ਕਰਨੀ ਪੈਂਦੀ ਹੈ। ਬਹੁਤੀ ਵਾਰ ਉਸਦੇ ਨਾਇਕ ਦੇ ਜੀਵਨ ਬਾਰੇ ਸਮਕਾਲੀ ਸਰੋਤਾਂ ਜਾਂ ਉਸਦੇ ਮਿੱਤਰਾਂ-ਨਾਤੇਦਾਰਾਂ ਤੋਂ ਕੋਈ ਸਹਾਇਤਾ ਨਹੀਂ ਮਿਲਦੀ। ਇਸ ਸੂਰਤ ਵਿਚ ਲੇਖਕ ਨੂੰ ਚਾਹੀਦਾ ਹੈ ਕਿ ਉਹ ਆਪਣੇ ਨਾਇਕ ਦੇ ਸਮੁੱਚੇ ਜੀਵਨ ਨੂੰ ਧਿਆਨ ਵਿਚ ਰੱਖ ਕੇ ਉਸ ਖੱਪੇ ਦੀ ਆਪਣੀ ਕਲਪਣਾ ਦੁਆਰਾ ਪੂਰਤੀ ਕਰੇ। ਉਦਾਹਰਨ ਲਈ ਜਦੋਂ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੇ ਯੁੱਧ ਤੋਂ ਬਾਅਦ ਮਾਛੀਵਾੜੇ ਦੇ ਜੰਗਲਾਂ ਵਿਚ ਵਿਚਰ ਰਹੇ ਸਨ ਤਾਂ ਉਸ ਸਮੇਂ ਆਪਣੀ ਮਾਨਸਿਕ ਸਥਿਤੀ ਨੂੰ ਬਿਆਨ ਕਰਨ ਵਾਲਾ ਕੋਈ ਵੀ ਵਿਅਕਤੀ ਆਪ ਦੇ ਨਾਲ ਨਹੀਂ ਸੀ। ਪਰ ਇਥੇ ਵਿਚਰਦਿਆਂ ਹੋਇਆਂ ਆਪ ਨੇ 'ਮਿੱਤਰ ਪਿਆਰੇ ਨੂੰ...' ਖ਼ਿਆਲ ਦੀ ਰਚਨਾ ਕੀਤੀ। ਇਥੋਂ ਆਪ ਦੀ 'ਚੜ੍ਹਦੀ ਕਲਾ' ਦੇ ਇਹਿਸਾਸ ਦੀ ਪੁਨਰ-ਸਿਰਜਣਾ ਕੀਤੀ ਜਾ ਸਕਦੀ ਹੈ। ਇਸੇ ਤਰ੍ਹਾਂ 'ਜ਼ਫ਼ਰਨਾਮਾ' ਵੀ ਗੁਰੂ ਸਾਹਿਬ ਦੀ ਅਡੋਲ, ਸੁਦ੍ਰਿੜ੍ਹ ਅਤੇ ਵੈਰਾਟ ਸ਼ਖਸੀਅਤ ਦੀ ਸੂਚਨਾ ਦਿੰਦਾ ਹੈ।

(ੲ) **ਸੂਰਤਬੱਧਤਾ** : ਹਰ ਸਫ਼ਲ ਜੀਵਨੀ ਇਕ ਵਿਸ਼ੇਸ਼ ਸੂਤਰ (paradigm) ਵਿਚ ਬੱਝੀ ਹੁੰਦੀ ਹੈ। ਜੀਵਨੀਕਾਰ ਨੂੰ ਚਾਹੀਦਾ ਹੈ ਕਿ ਉਹ ਆਪਣੇ ਨਾਇਕ ਦਾ ਜੀਵਨ-ਬ੍ਰਿਤਾਂਤ ਤਿਆਰ ਕਰਨ ਲਈ ਜਿਨ੍ਹਾਂ ਘਟਨਾਵਾਂ ਦੀ ਚੋਣ ਕਰੇ। ਉਹ ਇਸ ਸੂਤਰ ਤੋਂ ਬਹੁਤਾ ਉਰ੍ਹੇ-ਪਰ੍ਹੇ ਨਾ ਜਾਣ। ਇਸ ਸਿੱਧਾਂਤ ਦੀ ਅਵਹੇਲਣਾ ਕਰਨ ਦੀ ਸੂਰਤ ਵਿਚ ਰਚਨਾ ਦਾ ਬੱਝਵਾਂ ਪ੍ਰਭਾਵ ਨਹੀਂ ਪਏਗਾ ਬਲਕਿ ਖੰਡਿਤ ਹੋ ਜਾਵੇਗਾ। ਜੀਵਨੀ ਦੇ ਰਚਨਾਤਮਕ ਸੰਗਠਨ ਲਈ ਇਹ ਜ਼ਰੂਰੀ ਹੈ ਕਿ ਜੀਵਨੀ ਵਿਚ ਕੋਈ ਬੇਲੋੜਾ ਵਿਸਤਾਰ ਨਾ ਆਉਣ ਦਿੱਤਾ ਜਾਵੇ ਅਤੇ ਨਾ ਹੀ ਕੋਈ ਜ਼ਰੂਰੀ ਵੇਰਵਾ ਹੱਥੋਂ ਨਿਕਲ ਜਾਵੇ। ਜੀਵਨੀ ਵਿਚ ਸੂਤਰਬੱਧਤਾ ਅਤੇ ਸੰਖੇਪਤਾ ਦਾ ਇਹੀ ਭੇ ਦ ਹੈ। ਇਕ 'ਜੀਵਨੀ' ਆਪਣੇ ਆਪ ਵਿਚ ਸੁਤੰਤਰ ਅਤੇ ਖ਼ੁਦਮੁਖ਼ਤਿਆਰ ਅਨੁਸ਼ਾਸਨ ਹੈ।

(ਸ) **ਨਾਇਕ ਦਾ ਚਰਿੱਤਰ-ਚਿਤ੍ਰਣ** : ਜੀਵਨੀ ਸਾਹਿੱਤ ਦਾ ਸਭ ਤੋਂ ਚੁਣੌਤੀਭਰਪੂਰ ਕਾਰਜ ਨਾਇਕ ਦੇ ਚਰਿੱਤਰ-ਚਿਤ੍ਰਣ ਨਾਲ ਜੁੜਿਆ ਹੋਇਆ। ਇਸ ਪ੍ਰਸੰਗ ਵਿਚ ਦੋ ਪ੍ਰਕਾਰ ਦੀਆਂ ਅਤਿਸ਼ੋਕਤੀਆਂ ਦੇਖਣ ਵਿਚ ਆਉਂਦੀਆਂ ਹਨ। ਇਕ ਤਾਂ ਉਹ, ਜਿਨ੍ਹਾਂ ਵਿਚ ਨਾਇਕ ਦੇ ਜੀਵਨ ਨਾਲ ਸੰਬੰਧਿਤ ਕੇਵਲ ਚੰਗੀਆਂ ਗੱਲਾਂ ਦਾ ਹੀ ਉਲੇਖ ਹੁੰਦਾ ਹੈ ਅਤੇ ਦੂਜੀਆਂ ਉਹ, ਜਿਨ੍ਹਾਂ ਵਿਚ ਜੀਵਨੀਕਾਰ ਆਪਣੇ ਮੁੱਖ ਪਾਤਰ ਬਾਰੇ ਲੱਭ-ਲੱਭ ਕੇ ਮੰਦੀਆਂ ਜਾਂ ਨਿੰਦਾਜਨਕ ਗੱਲਾਂ ਇਕੱਠੀਆਂ ਕਰਦਾ ਹੈ। ਇਹ ਦੋਵੇਂ ਵਿਧੀਆਂ ਇਕ ਚੰਗੀ ਜੀਵਨੀ ਦੀ ਰਚਨਾ ਵਾਸਤੇ ਖ਼ਤਰਨਾਕ ਹਨ। ਇਸ ਰੁਝਾਣ ਤੋਂ ਬਚਣ ਦੀ ਜ਼ਰੂਰਤ ਹੈ। ਪਰੰਪਰਾਗਤ ਜੀਵਨੀਕਾਰ ਪਹਿਲੀ ਵਿਧੀ ਦਾ ਪ੍ਰਯੋਗ ਕਰਦੇ ਸਨ ਅਤੇ ਕੁਝ ਆਧੁਨਿਕ ਜੀਵਨੀਕਾਰ ਦੂਜੀ ਵਿਧੀ ਦਾ ਪ੍ਰਯੋਗ ਕਰਕੇ ਇਤਿਹਾਸਕ ਜਾਂ ਸਮਕਾਲੀਨ ਵਿਅਕਤੀਆਂ ਦੇ ਚਰਿੱਤਰ ਦਾ ਹਨਨ ਕਰਦੇ ਹਨ। ਜਿਵੇਂ ਕਿ ਅਸੀਂ ਸਭ ਜਾਣਦੇ ਹਾਂ ਕਿ ਹਰ ਵਿਅਕਤੀ ਕੁਝ ਚੰਗਿਆਈਆਂ ਅਤੇ ਕਮਜ਼ੋਰੀਆਂ ਦਾ ਮੁਜੱਸਮਾ ਹੁੰਦਾ ਹੈ, ਇਸ ਲਈ ਜੀਵਨੀਕਾਰ ਨੂੰ ਆਪਣੇ ਨਾਇਕ ਦਾ ਚਰਿੱਤਰ ਇਨ੍ਹਾਂ ਦੋਵੇਂ ਪ੍ਰਕਾਰ ਦੇ ਲੱਛਣਾਂ ਦੁਆਰਾ ਚਿਤਰਣਾ ਚਾਹੀਦਾ ਹੈ।

(ਹ) **ਬੋਲੀ ਅਤੇ ਸ਼ੈਲੀ** : ਜੀਵਨੀ-ਕਲਾ ਦੇ ਹੋਰ ਲੱਛਣਾਂ ਦੇ ਨਾਲ-ਨਾਲ ਇਕ ਚੰਗੇ ਜੀਵਨੀਕਾਰ ਨੂੰ ਬੋਲੀ ਅਤੇ ਸ਼ੈਲੀ ਦੇ ਪ੍ਰਯੋਗ ਬਾਰੇ ਵੀ ਸਾਵਧਾਨੀ ਰੱਖਣ ਦੀ ਜ਼ਰੂਰਤ ਪੈਂਦੀ ਹੈ। ਪਰਿਪੱਕ ਸ਼ੈਲੀ ਸਾਧਾਰਣ ਚਰਿੱਤਰ-ਨਾਇਕ ਦੀ ਜੀਵਨੀ ਨੂੰ ਵੀ ਆਕ੍ਰਸ਼ਕ ਅਤੇ ਪ੍ਰਭਾਵਸ਼ਾਲੀ ਬਣਾ ਦਿੰਦੀ ਹੈ। ਜੀਵਨੀਕਾਰ ਵਿਸ਼ੇ ਦੇ ਜ਼ਰੂਰਤ ਅਨੁਸਾਰ ਕਈ ਤਰ੍ਹਾਂ ਦੀਆਂ ਸ਼ੈਲੀਆਂ ਦਾ ਪ੍ਰਯੋਗ ਕਰਦਾ ਹੈ। ਕਿਤੇ ਉਹ ਵਰਣਨਾਤਮਕ ਸ਼ੈਲੀ ਵਰਤਦਾ ਹੈ, ਕਿਧਰੇ ਸੰਵਾਦਮਈ ਅਤੇ ਕਿਧਰੇ-ਕਿਧਰੇ ਉਹ ਸੰਬੋਧਨਮਈ ਸ਼ੈਲੀ ਦਾ ਪ੍ਰਯੋਗ ਵੀ ਕਰ ਲੈਂਦਾ ਹੈ। ਜੀਵਨੀਕਾਰ ਲਈ ਜ਼ਰੂਰੀ ਹੈ ਕਿ ਉਹ ਪ੍ਰਸੰਗ ਦੀ ਲੋੜ ਅਨੁਸਾਰ ਅਲੰਕਾਰਾਂ, ਬਿੰਬਾਂ ਅਤੇ ਮੁਹਾਂਵਰੇ-ਅਖੌਤਾਂ ਦਾ ਪ੍ਰਯੋਗ ਕਰਦਾ

ਰਹੇ। ਇਨ੍ਹਾਂ ਕਲਾਤਮਕ ਜੁਗਤਾਂ ਨਾਲ ਰਚਨਾ ਦਾ ਸਾਹਿਤਿਕ ਪੱਖ ਮਜ਼ਬੂਤ ਹੋ ਜਾਂਦਾ ਹੈ। ਇਸ ਪ੍ਰਸੰਗ ਵਿਚ ਡਾ. ਪਿਆਰ ਸਿੰਘ ਰਚਿਤ ਪ੍ਰੋ. ਪ੍ਰੀਤਮ ਸਿੰਘ ਦੇ ਜੀਵਨ-ਬ੍ਰਿਤਾਂਤ ਵਿਚੋਂ ਕੁਝ ਅੰਸ਼ ਵੇਖੋ:

> ਪ੍ਰੋ. ਪ੍ਰੀਤਮ ਸਿੰਘ ਤੋਂ ਹੀ ਵਰੋਸਾਈ ਹੋਈ ਉਨ੍ਹਾਂ ਦੀ ਸ਼ਿਸ਼ਯਾ ਡਾ. ਦਲੀਪ ਕੌਰ ਟਿਵਾਣਾ ਨੇ ਬਹੁਤ ਪਹਿਲਾਂ ਆਪਣੇ ਇਕ ਲੇਖ ਵਿਚ ਉਨ੍ਹਾਂ ਨੂੰ 'ਮਹਾਂਭੂਤ' ਕਹਿ ਕੇ ਚਿਤਾਰਿਆ ਸੀ ਤੇ ਪੰਜਾਬੀ ਦੇ ਪ੍ਰਸਿੱਧ ਲੇਖਕ ਬਲਵੰਤ ਗਾਰਗੀ ਨੇ ਉਨ੍ਹਾਂ ਨੂੰ ਆਪਣੀ ਪੁਸਤਕ 'ਸੁਰਮੇ ਵਾਲੀ ਅੱਖ' ਵਿਚ 'ਨਾਨਕਸ਼ਾਹੀ ਇੱਟ' ਦਾ ਖ਼ਿਤਾਬ ਦਿੱਤਾ ਸੀ।ਪ੍ਰੋ. ਸਾਹਿਬ ਆਪਣੇ ਆਪ ਨੂੰ 'ਗਰੀਬ ਦਾਸ' ਕਹਿਣਾ ਪਸੰਦ ਕਰਦੇ ਨੇ, ਉਂਜ ਭਾਵੇਂ ਉਹ ਇਲਮ ਅਤੇ ਦਾਨਾਈ ਦੀ ਦੌਲਤ ਨਾਲ ਮਾਲਾਮਾਲ ਹਨ।ਮੇਰੇ ਲਈ ਉਹ 'ਪੀਰ ਪੀਰਾਂ' ਹਨ, ਜਿਸ ਦਾ ਅਰਥ, ਸਾਧਾਰਨ ਭਾਸ਼ਾ ਵਿਚ 'ਉਸਤਾਦਾਂ ਦਾ ਉਸਤਾਦ' ਹੈ। ਸਮੇਂ ਦੇ ਲੰਘਣ ਨਾਲ 'ਮਹਾਂਭੂਤ' ਦੀ 'ਪੀਰ ਪੀਰਾਂ' ਵਿਚ ਵਟ ਜਾਣਾ ਉਨ੍ਹਾਂ ਦੀ ਉੱਮਤ ਦੀ ਪ੍ਰਗਤੀ ਦਾ ਸੂਚਕ ਹੈ। (''ਪੀਰ ਪੀਰਾਂ'', ਪ੍ਰੋ. ਪ੍ਰੀਤਮ ਸਿੰਘ, ਪੰਨਾ 41)

### 1.7.4 ਸ੍ਵੈਜੀਵਨੀ : ਪਰਿਭਾਸ਼ਾ ਅਤੇ ਪ੍ਰਕਿਰਤੀ :

'ਸ੍ਵੈਜੀਵਨੀ' ਜੀਵਨੀ-ਸਾਹਿੱਤ ਦਾ ਇਕ ਅਜਿਹਾ ਰੂਪ ਹੈ, ਜਿਸ ਵਿਚ ਜੀਵਨੀਕਾਰ, ਕਿਸੇ ਦੂਜੇ ਵਿਅਕਤੀ ਦਾ ਜੀਵਨ-ਬ੍ਰਿਤਾਂਤ ਲਿਖਣ ਦੀ ਬਜਾਇ, ਆਪਣਾ ਜੀਵਨ-ਬ੍ਰਿਤਾਂਤ ਲਿਖਦਾ ਹੈ। ਇਹ ਸਾਹਿੱਤ-ਰਚਨਾ ਦਾ ਕੋਈ ਬਹੁਤਾ ਪੁਰਾਣਾ ਰੂਪ ਨਹੀਂ ਹੈ। ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਤਕ ਛਪਣ ਵਾਲੇ ਸ਼ਬਦ-ਕੋਸ਼ਾਂ ਵਿਚ 'ਸ੍ਵੈਜੀਵਨੀ' (autobiography) ਇੰਦਰਾਜ ਨਹੀਂ ਲੱਭਣਾ। ਇਸ ਸਾਹਿੱਤ-ਰੂਪ ਵੱਲ ਮੁੱਢਲੇ ਸੰਕੇਤ ਡੋਨਲਡ ਸਟਾਫਰ (Donald Stauffer), ਡਬਲਯੂ.ਐਫ਼.ਥਰਾਲ (W.F. Thrall) ਅਤੇ ਹਿਬਰਡ (Hibbard) ਆਦਿ ਵਿਦਵਾਨਾਂ ਨੇ ਕੀਤੇ ਹਨ। ਸ੍ਵੈਜੀਵਨੀ ਦੀਆਂ ਕੁਝ ਇਕ ਪ੍ਰਮੁੱਖ ਪਰਿਭਾਸ਼ਾਵਾਂ ਇਸ ਪ੍ਰਕਾਰ ਦ੍ਰਿਸ਼ਟੀਗੋਚਰ ਹੁੰਦੀਆਂ ਹਨ:

(ੳ) ਕਿਸੇ ਵਿਅਕਤੀ ਦੁਆਰਾ ਆਪਣੇ ਜੀਵਨ ਬਾਰੇ ਲਿਖੇ ਕਥਾ ਸ੍ਵੈਜੀਵਨੀ ਹੁੰਦੀ ਹੈ। (ਐਨਸਾਈਕਲੋਪੇਡੀਆਂ ਅਮੈਰੀਕੱਾਨ,ii, ਪੰਨਾ 59)

(ਅ) ਕਿਸੇ ਵਿਅਕਤੀ ਦੇ ਜੀਵਨ ਦਾ ਸ੍ਵੈਬ੍ਰਿਤਾਂਤ ਹੀ ਸ੍ਵੈਜੀਵਨੀ ਹੈ (ਕੈਂਸਲਜ਼ ਐਨਸਾਈਕਲੋਪੇਡੀਆ ਆਫ਼ ਲਿਟਰੇਚਰ, i, ਪੰਨਾ 59)

(ੲ) ਕਿਸੇ ਲੇਖਕ ਦੇ ਜੀਵਨ ਨਾਲ ਸੰਬੰਧਿਤ ਬ੍ਰਿਤਾਂਤ, ਜਿਸ ਵਿਚ ਵਿਸਤਾਰਪੂਰਵਕ ਆਤਮ-ਜੀਵਨ ਦੇ ਪ੍ਰਯੋਜਨ ਵੱਲ ਧਿਆਨ ਦਿੱਤਾ ਜਾਂਦਾ ਹੈ। (ਡਿਕਸ਼ਨਰੀ ਆਫ਼ ਵਰਲਡ ਲਿਟਰੇਰੀ ਟਰਮਜ਼, ਪੰਨਾ 23)

(ਸ) ਸ੍ਵੈਜੀਵਨੀ ਕਿਸੇ ਅਜਿਹੀ ਰਚਨਾ ਦਾ ਨਾਮ ਹੈ, ਜਿਸ ਵਿਚ ਲੇਖਕ ਦਾ ਸ੍ਵੈ-ਇਤਿਹਾਸ, ਸ੍ਵੈ-ਕਥਾ, ਸ੍ਵੈ ਦੁਆਰਾ ਲਿਖੀ ਗਈ ਹੋਵੇ। (ਆਕਸਫ਼ੋਰਡ ਇੰਗਲਿਸ਼ ਡਿਕਸ਼ਨਰੀ, I, ਪੰਨਾ 573)

(ਹ) ਸ੍ਵੈਜੀਵਨੀ (ਆਤਮ-ਕਥਾ) ਉਸ ਨੂੰ ਕਹਿੰਦੇ ਹਨ। ਜਿਸ ਵਿਚ ਲੇਖਕ ਆਪਣੇ ਸੰਪੂਰਨ ਜੀਵਨ ਦਾ ਵੇਰਵਾ ਪੇਸ਼ ਕਰਦਾ ਹੈ। (ਡਾ. ਨਗੇਂਦ੍ਰ, ਭਾਰਤੀ ਸਾਹਿਤਯ ਕੋਸ਼, ਪੰਨਾ 94)

'ਸ੍ਵੈਜੀਵਨੀ' ਵਾਰਤਕ ਸਾਹਿੱਤ ਦਾ ਇਕ ਵਿਸ਼ੇਸ਼-ਰੂਪ ਹੈ। ਜਿਸ ਵਿਚ ਲੇਖਕ ਆਪਣੇ ਨਿੱਜੀ ਜੀਵਨ ਦਾ ਬਿਉਰਾ ਪੇਸ਼ ਕਰਦਾ ਹੈ। ਲੇਖਕ ਆਪਣੀ ਜ਼ਿੰਦਗੀ ਬਾਰੇ ਜਦੋਂ ਆਪ ਲਿਖਦਾ ਹੈ ਤਾਂ ਉਸਨੂੰ ਆਪਣੇ ਆਪ ਉਤੇ ਪੂਰਨ ਵਿਸ਼ਵਾਸ ਹੁੰਦਾ ਹੈ ਕਿਉਂਕਿ ਉਹ ਆਪਣੇ ਬਾਰੇ ਹੋਰ ਲੋਕਾਂ ਤੋਂ ਵਧੀਕ ਜਾਣਕਾਰੀ ਰੱਖਦਾ ਹੈ। ਇਸੇ ਕਰਕੇ ਸ੍ਵੈਜੀਵਨੀ ਬਾਰੇ ਇਹ ਕਿਹਾ ਜਾਂਦਾ ਹੈ ਕਿ ਇਸ ਵਿਚ ਆਪ ਹੰਢਾਏ ਅਤੇ ਭੋਗੇ ਪਲਾਂ ਦੀ ਪੁਨਰ-ਉਸਾਰੀ ਹੁੰਦੀ ਹੈ। ਸੰਖੇਪ ਵਿਚ ਸ੍ਵੈਜੀਵਨੀ, ਸ੍ਵੈਪ੍ਰਕਾਸ਼ ਦਾ ਸਾਹਿੱਤ ਹੈ। ਸ੍ਵੈਜੀਵਨੀ ਲਿਖਣ ਦੇ ਦੋ ਮੁੱਖ ਉਦੇਸ਼ ਹੁੰਦੇ ਹਨ। ਪਹਿਲਾਂ ਹੈ ਆਤਮ-ਨਿਰੀਖਣ ਜਾਂ ਆਤਮ-ਪਰੀਖਣ; ਨਿੱਜੀ ਯਾਦਾਂ ਨੂੰ ਪੁਨਰ-ਸੁਰਜੀਤ ਕਰਨ ਦੀ ਰੁਚੀ ਜਾਂ ਜੀਵਨ ਦੀਆਂ ਗੁੰਝਲਾਂ ਨੂੰ ਸੁਲਝਾਉਣ ਦਾ ਪ੍ਰਯਾਸ। ਦੂਜਾ ਉੱਦੇਸ਼ ਇਹ ਹੈ ਕਿ ਲੇਖਕ ਦੇ

ਅਨੁਭਵ ਤੋਂ ਹੋਰ ਲੋਕ ਸਿੱਖਿਆ ਪ੍ਰਾਪਤ ਕਰ ਸਕਣ। ਇਸ ਸੰਦਰਭ ਵਿਚ ਸਾਹਿੱਤਕਾਰਾਂ ਦੀਆਂ ਸ੍ਵੈਜੀਵਨੀਆਂ ਵਿਚ ਸਾਹਿੱਤ-ਸਿਰਜਣਾ ਲਈ ਕੀਤੇ ਸੰਘਰਸ਼ ਅਤੇ ਕਲਾਮਈ-ਅਭਿਵਿਅੰਜਨ ਦੇ ਉਪਰਾਲੇ ਦੀਆਂ ਰੁਚੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਅਜਿਹੀਆਂ ਸ੍ਵੈਜੀਵਨੀਆਂ ਤੋਂ ਨਵੇਂ ਪੁੰਗਰ ਰਹੇ ਸਾਹਿੱਤਕਾਰਾਂ ਅਤੇ ਕਲਾਕਾਰਾਂ ਨੂੰ ਸੇਧ ਪ੍ਰਾਪਤ ਹੁੰਦੀ ਹੈ।

ਵਿਸ਼ਵ ਦੇ ਬਹੁਤ ਸਾਰੇ ਪ੍ਰਸਿੱਧ ਲੇਖਕਾਂ ਅਤੇ ਚਿੰਤਕਾਂ ਨੇ ਆਪਣੀਆਂ ਸ੍ਵੈਜੀਵਨੀਆਂ ਲਿਖੀਆਂ ਹਨ, ਜਿਨ੍ਹਾਂ ਦੀਆਂ 'ਆਦਿਕਾਵਾਂ' ਵਿਚ ਸ੍ਵੈਜੀਵਨੀ ਦੀ ਪ੍ਰਕਿਰਤੀ, ਸ੍ਵੈਜੀਵਨੀ ਲਿਖਣ ਦੇ ਕਾਰਨ ਅਤੇ ਸ੍ਵੈਜੀਵਨੀ ਦੇ ਮਹੱਤਵ ਆਦਿ ਵਿਸ਼ਿਆਂ ਬਾਰੇ ਵਿਚਾਰ ਕੀਤੀ ਗਈ ਹੈ। ਇਸ ਪ੍ਰਸੰਗ ਵਿਚ ਗੋਇਟੇ (Goethe) ਆਪਣੀ ਸ੍ਵੈਜੀਵਨੀ ਦੀ 'ਆਦਿਕ' ਵਿਚ ਲਿਖਦਾ ਹੈ:

> ਸ੍ਵੈਜੀਵਨੀ ਵਿਚ ਮਨੁੱਖ ਨੂੰ ਆਪਣੇ ਸਮੇਂ ਦੀ ਨੁਹਾਰ ਨਾਲ ਸੰਬੰਧਿਤ ਕਰਕੇ ਪੇਸ਼ ਕੀਤਾ ਜਾਂਦਾ ਹੈ। ਇਸ ਵਿਚ ਇਹ ਵੀ ਦਰਸਾਉਣਾ ਪੈਂਦਾ ਹੈ ਕਿ ਲੇਖਕ ਨੇ ਉਸ ਸਮੇਂ ਦੀ (ਪ੍ਰਗਤੀਸ਼ੀਲਤਾ ਦਾ ਪੱਖ ਪੂਰਿਆਂ ਜਾਂ ਵਿਰੋਧ ਕੀਤਾ। ਉਸਨੇ ਆਪਣੇ ਸਮੇਂ ਦੀਆਂ ਘਟਨਾਵਾਂ ਤੋਂ ਮਨੁੱਖਤਾ ਅਤੇ ਸੰਸਾਰ ਬਾਰੇ ਆਪਣਾ ਕੀ ਤੱਤ ਕੱਢਿਆ? ਜਾਂ, ਜੇਕਰ ਉਹ ਕਲਾਕਾਰ, ਲੇਖਕ ਅਥਵਾ ਕਵੀ ਹੈ ਤਾਂ ਉਸਨੇ ਆਪਣੇ ਸਮੇਂ ਦੇ ਮੁਹਾਂਦਰੇ ਨੂੰ ਕਿਸ ਹੱਦ ਤਕ ਪ੍ਰਤੀਬਿੰਬਤ ਕੀਤਾ (The Autobiography of Goethe)

**1.7.4.1 ਵਸਤੂ-ਸਮੱਗਰੀ :**

ਭਾਵੇਂ ਹਰ ਸ੍ਵੈਜੀਵਨੀ ਵਿਚ ਲੇਖਕ ਆਪਣੀ ਨਿੱਜੀ ਜ਼ਿੰਦਗੀ ਦੇ ਵੇਰਵਿਆਂ ਨੂੰ ਹੀ ਆਪਣੀ ਰਚਨਾ ਦੀ ਵਸਤੂ-ਸਾਮੱਗਰੀ ਬਣਾਉਂਦਾ ਹੈ ਪਰ ਤਾਂ ਵੀ ਕਿਸੇ ਇਕ ਖੇਤਰ ਦੇ ਵਿਅਕਤੀ ਦੀ ਸ੍ਵੈਜੀਵਨੀ ਕਿਸੇ ਦੂਜੇ ਖੇਤਰ ਦੇ ਵਿਅਕਤੀ ਦੀ ਸ੍ਵੈਜੀਵਨੀ ਨਾਲੋਂ ਭਿੰਨ ਹੁੰਦੀ ਹੈ। ਉਦਾਹਰਣ ਲਈ ਕਿਸੇ ਰਾਜਸੀ ਨੇਤਾ ਦੀ ਸ੍ਵੈਜੀਵਨੀ ਵਿਚ ਉਸਦੇ ਰਾਜਸੀ ਸੰਘਰਸ਼ ਨਾਲ ਜੁੜੇ ਵੇਰਵੇ ਵਧੇਰੇ ਹੋਣਗੇ, ਇਕ ਖਿਡਾਰੀ ਦੀ ਸ੍ਵੈਜੀਵਨੀ ਵਿਚ ਖੇਡਾਂ ਨਾਲ ਜੁੜੇ ਪੱਖ ਵਧੇਰੇ ਉੱਭਰ ਕੇ ਸਾਹਮਣੇ ਆਉਣਗੇ, ਕਲਾਕਾਰਾਂ ਦੀਆਂ ਸ੍ਵੈਜੀਵਨੀਆਂ ਵਿਚ ਕਲਾ ਨਾਲ ਸੰਬੰਧਿਤ ਸੂਖਮ ਵੇਰਵਿਆਂ ਦੀ ਪੇਸ਼ਕਾਰੀ ਹੋਵੇਗੀ ਅਤੇ ਸਾਹਿੱਤਕਾਰਾਂ ਦੀਆਂ ਸ੍ਵੈਜੀਵਨੀਆਂ, ਉਨ੍ਹਾਂ ਦੀ ਸਾਹਿੱਤ-ਸਰਿਜਣਾ ਨਾਲ ਜੁੜੇ ਸਰੋਕਾਰਾਂ ਦੀ ਤਫ਼ਤੀਸ ਪੇਸ਼ ਕਰਨਗੀਆਂ। ਇੱਕ ਸਾਹਿੱਤਕਾਰ ਦੀ ਸ੍ਵੈਜੀਵਨੀ ਕਈ ਪੱਖਾਂ ਤੋਂ ਵਿਸ਼ੇਸ਼ ਹੁੰਦੀ ਹੈ। ਕਿਸੇ ਸਾਹਿੱਤਕਾਰ ਦੀ ਸ਼ਖਸੀਅਤ ਦਾ ਪ੍ਰਮੁੱਖ ਲੱਛਣ ਉਸਦੀ ਸੰਵੇਦਨਸ਼ੀਲਤਾ ਹੁੰਦੀ ਹੈ, ਜਿਸ ਕਾਰਨ ਉਹ ਬਾਹਰੀ ਦਬਾਵਾਂ ਅਤੇ ਪਰਿਸਥਿਤੀਆਂ ਦੁਆਰਾ ਆਪਣੇ ਉੱਪਰ ਪਏ ਪ੍ਰਭਾਵਾਂ ਨੂੰ ਵਧੇਰੇ ਸ਼ਿੱਦਤ ਨਾਲ ਅਨੁਭਵ ਕਰ ਸਕਦਾ ਹੈ। ਇਸ ਤੋਂ ਬਿਨਾਂ ਉਹ ਆਪਣੇ ਸਮਾਜ ਦਾ ਇਕ ਚੇਤੰਨ ਸਦੱਸ (ਮੈਂਬਰ) ਹੁੰਦਾ ਹੈ। ਉਸ ਨੂੰ ਇਹ ਪਤਾ ਹੁੰਦਾ ਹੈ ਉਸਦੇ ਸਮਾਜ ਦੀਆਂ ਵਿਸੰਗਤੀਆਂ ਅਤੇ ਅੰਤਰ ਵਿਰੋਧਾਂ ਦੇ ਕਾਰਨ ਕੀ ਹਨ ਅਤੇ ਇਹ ਕਿੱਥੇ ਪਏ ਹਨ। ਇਸ ਕਾਰਨ ਉਹ ਵਿਅਕਤੀ ਦੀ ਸੁਤੰਤਰਤਾ ਅਤੇ ਸਮਾਨਤਾ ਨਾਲ ਜੁੜੇ ਸਰੋਕਾਰਾਂ ਦੇ ਪ੍ਰਸੰਗ ਵਿਚ ਆਪਣੇ ਮਤਿ ਦਾ ਇਜ਼ਹਾਰ ਬੜੇ ਸੁਚੱਜੇ ਅਤੇ ਸੰਤੁਲਿਤ ਢੰਗ ਨਾਲ ਕਰ ਸਕਦਾ ਹੈ। ਇਸ ਤੋਂ ਬਿਨਾਂ ਉਸ ਕੋਲ ਬ੍ਰਿਤਾਂਤ-ਜੁਗਤਾਂ ਅਤੇ ਹੋਰ ਕਲਾਤਮਕ ਵਿਧੀਆਂ ਦਾ ਇਕ ਅਖੁੱਟ ਭੰਡਾਰ ਹੁੰਦਾ ਹੈ, ਜਿਸ ਦੇ ਮਾਧਿਅਮ ਦੁਆਰਾ ਉਹ ਆਪਣੀ ਸੰਵੇਦਨਾ ਦਾ ਇਜ਼ਹਾਰ ਬੜੇ ਸ਼ਕਤੀਸ਼ਾਲੀ ਅੰਦਾਜ਼ ਵਿਚ ਕਰ ਸਕਦਾ ਹੈ। ਲੇਖਕਾਂ ਦੁਆਰਾ ਲਿਖੀਆਂ ਸ੍ਵੈਜੀਵਨੀਆਂ ਉਨ੍ਹਾਂ ਦੀ ਸਾਹਿੱਤ-ਸਿਰਜਣਾ ਨਾਲ ਜੁੜੇ ਮੁੱਦਿਆਂ ਨੂੰ ਸਮਝਣ-ਸਮਝਾਉਣ ਵਿਚ ਬੜੀ ਮੁੱਲਪਰਕ ਭੂਮਿਕਾ ਦਾ ਨਿਰਵਾਹ ਕਰਦੀਆਂ ਹਨ। ਇਨ੍ਹਾਂ ਦੁਆਰਾ ਸਾਹਿੱਤਕਾਰਾਂ ਦੇ ਸਾਹਿਤਿਕ ਅਨੁਭਵ ਦੀ ਸੋਝੀ ਪ੍ਰਾਪਤ ਹੁੰਦੀ ਹੈ ਅਤੇ ਉਸਦੀ ਸੰਵੇਦਨਸ਼ੀਲਤਾ ਦੇ ਸੋਮੇ ਉਜਾਗਰ ਹੁੰਦੇ ਹਨ।

**1.7.4.2 ਸ੍ਵੈਜੀਵਨੀ ਦਾ ਪ੍ਰਯੋਜਨ**

ਪੰਜਾਬੀ ਦੇ ਹਰ ਪ੍ਰਮੁੱਖ ਅਤੇ ਪ੍ਰਸਿੱਧ ਸਾਹਿੱਤਕਾਰ ਨੇ ਆਪਣੀ-ਆਪਣੀ ਸ੍ਵੈਜੀਵਨੀ ਲਿਖੀ ਹੈ। ਇਨ੍ਹਾਂ ਸ੍ਵੈਜੀਵਨੀਆਂ ਦੇ ਭੂਮਿਕਾ ਵਿਚ ਉਨ੍ਹਾਂ ਨੇ ਆਪਣਾ-ਆਪਣਾ ਪ੍ਰਯੋਜਨ ਸਪਸ਼ਟ ਕੀਤਾ ਹੈ। ਪ੍ਰੋ. ਪੂਰਨ ਸਿੰਘ ਅਨੁਸਾਰ

ਸ੍ਵੈਜੀਵਨੀ ਬਾਲਪਣ ਅਤੇ ਜਵਾਨੀ ਵਿੱਚ ਲਈ ਸੁਪਨਿਆਂ ਨੂੰ ਮੁੜ ਜਿਉਣ ਦੀ ਇਕ ਕੋਸ਼ਿਸ਼ ਮਾਤਰ ਹੁੰਦੀ ਹੈ। ਆਪਣੀ ਸ੍ਵੈਜੀਵਨੀ ਦੇ ਆਰੰਭ ਵਿਚ ਉਹ ਲਿਖਦਾ ਹੈ:

> ਇਹ ਕਿਤਾਬ ਇਕ ਕੋਸ਼ਿਸ਼ ਹੈ, ਬਾਲਪਣ ਵਿਚ ਜੋ ਜਵਾਨੀ ਵਿਚ ਲਏ ਸੁਪਨਿਆਂ ਵਿਚ ਮੁੜ ਜਿਉਣ ਦੀ ਤੇ ਹੰਢੀ-ਵਰਤੀ ਤੇ ਥੱਕੀ-ਟੁੱਟੀ ਬੁੱਧੀ ਦੀਆਂ ਗਿਣਤੀਆਂ ਤੇ ਵਿਉਂਤਾਂ ਭੁਲਾਣ ਦੀ। ਜ਼ਿੰਦਗੀ ਦੇ ਹਿਰਖ ਹੀ ਅਸਲੀਅਤ ਹਨ ਤੇ ਬਾਗ਼ ਵਿਚ ਇਕ ਕਲੀ ਦਾ ਖਿੜਨਾ ਤੇ ਜਵਾਨੀ ਦਾ ਜੋਬਨ ਵਿਚ ਆਉਣਾ, ਹਮੇਸ਼ਾ ਲਈ ਤੇ ਸਭਨਾਂ ਲਈ, ਮੋਇਆਂ ਤੇ ਜਿਉਂਦਿਆਂ ਦੋਹਾਂ ਲਈ, ਮਨਮੱਲਵੇਂ ਵਿਸ਼ੇ ਹਨ। ਯਾਦਾਂ ਜ਼ਿੰਦਗੀ ਹਨ ਤੇ ਮਨ ਦੀ ਟੋਕਰੀ ਵਿਚ ਫੁੱਲਾਂ ਨੂੰ, ਮਨੁੱਖਾਂ ਨੂੰ ਤੇ ਸਿਤਾਰਿਆਂ ਨੂੰ ਇਕੱਠਾ ਕਰੀ ਜਾਣਾ ਅਤਿ ਸ਼ਾਨਦਾਰ ਰੁਝੇਵਾਂ ਹੈ। (ਜ਼ਿੰਦਗੀ ਦੇ ਰਾਹਾਂ ਤੇ, ਪੰਨਾ 5)

ਪੰਜਾਬੀ ਦਾ ਇਕ ਹੋਰ ਪ੍ਰਸਿੱਧ ਸ੍ਵੈਜੀਵਨੀਕਾਰ ਗਿਆਨੀ ਹੀਰਾ ਸਿੰਘ ਦਰਦ ਆਪਣੀ ਸ੍ਵੈਜੀਵਨੀ ਵਿਚ ਸਾਹਿਤਿਕ ਵੇਰਵਿਆਂ ਨਾਲੋਂ ਸਮਾਜਿਕ ਅਤੇ ਰਾਜਸੀ ਵੇਰਵਿਆਂ ਨੂੰ ਵਧੇਰੇ ਪ੍ਰਾਥਮਿਕਤਾ ਦਿੰਦਾ ਹੈ। ਉਹ ਬਹੁਤ ਵਰ੍ਹੇ ਦੇਸ਼ ਦੀ ਸੁਤੰਤਰਤਾ ਦੇ ਸੰਘਰਸ਼ ਵਿਚ ਜੂਝਦਾ ਰਿਹਾ। ਇਹੀ ਕਾਰਨ ਹੈ ਕਿ ਉਸਨੂੰ ਆਪਣੀ ਸ੍ਵੈਜੀਵਨੀ ਵਿਚ ਰਾਜਸੀ ਵੇਰਵੇ ਵਧੇਰੇ ਭਾਉਂਦੇ ਹਨ। ਉਹ ਲਿਖਦਾ ਹੈ:

> ਮੇਰੇ ਜੀਵਨ ਦਾ ਵਧੇਰੇ ਹਿੱਸਾ ਰਾਜਸੀ ਤੇ ਸਮਾਜਿਕ ਘੋਲਾਂ ਵਿਚ ਹੀ ਲੰਘਿਆ ਹੈ ਅਤੇ ਮੈਂ ਆਪਣੇ ਜੀਵਨ ਦੇ ਉਸ ਹਿੱਸੇ ਨੂੰ ਹੀ ਸਹੀ ਅਰਥਾਂ ਵਿਚ ਸਫ਼ਲ ਸਮਝਦਾ ਹਾਂ, ਜਿਹੜਾ ਦੇਸ਼ ਅਤੇ ਕੌਮ ਦਾ ਨਵਾਂ ਇਤਿਹਾਸ ਬਣਾਨ ਵਿਚ ਕਿਸੇ ਨਾ ਕਿਸੇ ਰੂਪ ਵਿਚ ਕੰਮ ਆਇਆ ਹੈ। ਭਾਵੇਂ ਸਾਹਿਤਿਕ ਰੰਗ ਵਿਚ ਲਿਖੀਆਂ ਹਰ ਤਰ੍ਹਾਂ ਦੀਆਂ ਯਾਦਾਂ ਕੀਮਤੀ ਹੁੰਦੀਆਂ ਹਨ ਪਰ ਮੇਰੀ ਨਜ਼ਰ ਵਿਚ ਇਤਿਹਾਸਕ ਤੇ ਸਮਾਜਿਕ ਯਾਦਾਂ ਦਾ ਮੁੱਲ ਵੱਧ ਹੈ ਕਿਉਕਿ ਇਨ੍ਹਾਂ ਤੋਂ ਜਨਤਾ ਨੂੰ ਅੱਗੇ ਵਧਣ ਤੇ ਉੱਨਤੀ ਕਰਨ ਲਈ ਬਹੁਮੁੱਲੀ ਸਿਖਿਆ ਮਿਲਦੀ ਹੈ। (ਮੇਰੀਆਂ ਕੁਝ ਇਤਿਹਾਸਕ ਯਾਦਾਂ, ਪੰਨਾ 6)

**ਸਵੈ-ਮੁਲਾਂਕਣ ਪ੍ਰਸ਼ਨ**

1. **ਜੀਵਨੀ ਸਾਹਿਤ ਦੀ ਮਹੱਤਤਾ ਬਾਰੇ ਦੱਸੋ।**

______________________________________________

______________________________________________

2. **ਜੀਵਨੀ ਸਾਹਿਤ ਵਿੱਚ ਪੇਸ਼ ਸ਼ਖਸੀਅਤ ਨੂੰ ਰਚਨਕਾਰ ਦੁਆਰਾ ਕਿਵੇਂ ਉਭਾਰਿਆ ਜਾਂਦਾ ਹੈ?**

______________________________________________

______________________________________________

### 1.7.4.3 ਸ੍ਵੈਜੀਵਨੀ ਦੇ ਤੱਤ

ਇਕ ਸੁਚੱਜੇ ਸ੍ਵੈਜੀਵਨੀਕਾਰ ਨੂੰ ਆਪਣੀ ਸ਼ਖਸੀਅਤ, ਸਮਾਜ, ਆਪਣੇ ਸੰਪਰਕ ਵਿਚ ਆਉਣ ਵਾਲੇ ਵਿਅਕਤੀ-ਵਿਸ਼ੇਸ਼ਾਂ, ਸੁਦ੍ਰਿੜ੍ਹਤਾ ਅਤੇ ਸ਼ਿਲਪ ਨਾਲ ਸੰਬੰਧਿਤ ਬਹੁਤ ਸਾਰੇ ਤਕਾਜ਼ਿਆਂ ਦੀ ਪੂਰਤੀ ਕਰਨੀ ਪੈਂਦੀ ਹੈ। ਇਨ੍ਹਾਂ ਵਿਚੋਂ ਕਿਸੇ ਵੀ ਪੱਖ ਜਾਂ ਤੱਤ ਵੱਲ ਧਾਰਨ ਕੀਤੀ ਲਾਪਰਵਾਹੀ ਉਸਦੀ ਰਚਨਾ ਦੇ ਤਵਾਜ਼ਨ ਨੂੰ ਵਿਗਾੜ ਸਕਦੀ ਹੈ। ਸਾਹਿੱਤ-ਸ਼ਾਸਤਰੀਆਂ ਅਨੁਸਾਰ ਇਕ ਪ੍ਰਮਾਣਿਕ ਸ੍ਵੈਜੀਵਨੀ ਵਿਚ ਹੇਠ ਲਿਖੇ ਗੁਣਾਂ ਜਾਂ ਤੱਤਾਂ ਦਾ

**ਸੱਚ ਦਾ ਸਹਿਜ ਪ੍ਰਕਾਸ਼**

ਇਕ ਸੁਚੱਜੀ ਅਤੇ ਪ੍ਰਮਾਣਿਕ ਸ੍ਵੈਜੀਵਨੀ ਸੱਚ ਉੱਤੇ ਆਧਾਰਿਤ ਹੋਣੀ ਚਾਹੀਦੀ ਹੈ। ਕਿਸੇ ਵੀ ਸ੍ਵੈਜੀਵਨੀਕਾਰ ਲਈ ਇਹ ਉਚਿਤ ਨਹੀਂ ਕਿ ਉਹ ਆਪਣੇ ਆਪ ਨੂੰ ਮਹਿਮਾਮੰਡਿਤ ਕਰਨ ਲਈ ਝੂਠੀਆਂ ਜਾਂ ਕਲਪਿਤ ਘਟਨਾਵਾਂ ਨੂੰ ਆਪਣੀ ਸ੍ਵੈਜੀਵਨੀ ਵਿਚ ਸ਼ਾਮਲ ਕਰਦਾ ਫਿਰੇ। ਪਰੰਤੂ ਇਹ ਸੱਚ ਅਜਿਹਾ ਹੋਣਾ

ਚਾਹੀਦਾ ਹੈ, ਜਿਸ ਵਿਚੋਂ ਕਿਸੇ ਦੂਜੇ ਵਿਅਕਤੀ ਜਾਂ ਵਰਗ ਲਈ ਈਰਖ਼ਾ, ਕੁੜੱਤਣ ਜਾਂ ਘ੍ਰਿਣਾ ਦਿਖਾਈ ਨਾ ਦੇਵੇ। ਇਸ ਪ੍ਰਸੰਗ ਵਿਚ ਪ੍ਰਿੰ. ਤੇਜਾ ਸਿੰਘ ਦਾ ਇਕ ਸ੍ਵੈਕਥਨ ਉਲੇਖਯੋਗ ਹੈ। ਉਹ ਸ੍ਵੈਜੀਵਨੀ ਲਿਖਣ ਤੋਂ ਪਹਿਲਾਂ ਪ੍ਰਭੂ ਅੱਗੇ ਇਹ ਅਰਦਾਸ ਕਰਦਾ ਹੈ:

> ਹੇ ਰੱਬ ! ਮੈਥੋਂ ਆਪਣੇ ਬਾਰੇ ਬਹੁਤ ਗੱਲਾਂ ਨਾ ਅਖਵਾਉਣੀਆਂ, ਸਗੋਂ ਬਹੁਤ ਕੁਝ ਉਨ੍ਹਾਂ ਘਟਨਾਵਾਂ ਅਤੇ ਵਿਅਕਤੀਆਂ ਸੰਬੰਧੀ ਲਿਖਵਾਉਣੀਆਂ, ਜਿਨ੍ਹਾਂ ਤੋਂ ਮੈਂ ਪ੍ਰਭਾਵਿਤ ਹੋਇਆ ਹਾਂ। ਸਮਰੱਥਾ ਬਖ਼ਸ਼ੋ ਕਿ ਜੋ ਕੁਝ ਮੈਂ ਲਿਖਾਂ ਸੱਚੋ ਸੱਚ ਹੋਵੇ ਪਰ ਇਹ ਲਿਖਣ ਵਿਚ ਕੋਈ ਕੁੜੱਤਣ, ਲਾਗਤਬਾਜ਼ੀ ਜਾਂ ਦਿਲਦੁਖਾਵੀਂ ਗੱਲ ਨਾ ਹੋਵੇ। (ਮੁੱਖ ਸ਼ਬਦ, ਆਰਸੀ)

**ਸ਼ਖ਼ਸੀਅਤ ਦਾ ਪ੍ਰਗਟਾਵਾ**

ਸ੍ਵੈਜੀਵਨੀ ਦੀ ਮੂਲ-ਵਸਤੂ ਲੇਖਕ ਦਾ ਆਪਣਾ ਜੀਵਨ-ਬ੍ਰਿਤਾਂਤ ਹੁੰਦਾ ਹੈ। ਉਸਨੇ ਆਪਣੇ ਹੀ ਜੀਵਨ ਦਾ ਬਿੰਬ ਪੇਸ਼ ਕਰਨਾ ਹੁੰਦਾ ਹੈ। ਇਸ ਦ੍ਰਿਸ਼ਟੀ ਤੋਂ ਜੀਵਨੀ ਨਾਲੋਂ ਸ੍ਵੈਜੀਵਨੀ ਦਾ ਨਾਇਕ ਵਧੇਰੇ ਸਜੀਵ ਅਤੇ ਪ੍ਰਾਣਵਾਨ ਹੁੰਦਾ ਹੈ। ਡਾ. ਰਤਨ ਸਿੰਘ ਜੱਗੀ, ਸ੍ਵੈਜੀਵਨੀ ਦੇ ਇਸ ਪੱਖ ਵੱਲ ਸੰਕੇਤ ਕਰਦਾ ਹੋਇਆ ਲਿਖਦਾ ਹੈ ਕਿ ਸਾਹਿੱਤ ਦੇ ਇਸ ਰੂਪ ਵਿਚ ਲੇਖਕ ਆਪਣੇ ਆਪ ਨੂੰ ਪੁਨਰ-ਉਪਲਬਧ ਕਰਦਾ ਹੈ। ਇੱਥੇ ਅਧਿਕਤਰ ਸਿਮ੍ਰਤੀ ਜਾਂ ਯਾਦ-ਸ਼ਕਤੀ ਹੀ ਵਸਤੂ-ਸਾਮੱਗਰੀ ਉਪਲਬਧ ਕਰਵਾਉਂਦੀ ਹੈ। (ਸਾਹਿੱਤ ਦੇ ਰੂਪ, ਪੰਨਾ 145) ਇਉਂ ਸਿਮ੍ਰਤੀ ਦੀ ਸ੍ਵੈਜੀਵਨੀ ਵਿਚ ਵਿਸ਼ੇਸ਼ ਭੂਮਿਕਾ ਹੈ। ਸਿਮ੍ਰਤੀ (memory) ਆਮ ਤੌਰ ਤੇ ਚੇਤਨਾ ਪ੍ਰਵਾਹ ਧਾਰਾ ਦੀ ਤਕਨੀਕ ਦੁਆਰਾ ਕ੍ਰਿਆਸ਼ੀਲ ਹੁੰਦੀ ਹੈ। ਜੀਵਨ ਵਿਚ ਵਾਪਰਣ ਵਾਲੀਆਂ ਘਟਨਾਵਾਂ ਸਮੇਂ ਦੇ ਮਕੈਨੀਕਲ ਕ੍ਰਮ-ਭੂਤ, ਵਰਤਮਾਨ ਅਤੇ ਭਵਿੱਖ ਅਨੁਸਾਰ ਚਲਦੀਆਂ ਹਨ ਪਰੰਤੂ ਸਿਮ੍ਰਤੀ ਦੁਆਰਾ ਪੇਸ਼ ਹੋਣ ਵਾਲੀਆਂ ਘਟਨਾਵਾਂ ਵਿਚ ਇਹ ਕਾਲ-ਕ੍ਰਮ ਭੰਗ ਹੋ ਜਾਂਦਾ ਹੈ। ਘਟਨਾਵਾਂ ਦੀਆਂ ਕਈ ਕੜੀਆਂ ਲੋਪ ਹੋ ਜਾਂਦੀਆਂ ਹਨ, ਕੁਝ ਕਮਜ਼ੋਰ ਹੋ ਜਾਂਦੀਆਂ ਹਨ ਅਤੇ ਕੁਝ ਇਕ ਬੇਹੱਦ ਸ਼ਕਤੀਸ਼ਾਲੀ ਬਣ ਕੇ ਸ੍ਵੈਜੀਵਨੀ ਦੇ ਸਮੁੱਚੇ ਕੈਨਵੱਸ ਨੂੰ ਮੱਲ ਲੈਂਦੀਆਂ ਹਨ। ਕੋਈ ਵੀ ਲੇਖਕ ਆਪਣੀ ਸ੍ਵੈਜੀਵਨੀ ਵਿਚ ਬੀਤੀਆਂ ਘਟਨਾਵਾਂ ਨੂੰ ਇੰਨ-ਬਿੰਨ ਪੇਸ਼ ਨਹੀਂ ਕਰਦਾ ਬਲਕਿ ਇਨ੍ਹਾਂ ਨੂੰ ਵਧਾਉਂਦਾ-ਘਟਾਉਂਦਾ ਹੈ। ਇਸ ਤਰ੍ਹਾਂ ਕਿਸੇ ਮਨੁੱਖ ਦੇ ਗ਼ੈਰਜ਼ਰੂਰੀ ਵੇਰਵੇ ਸ੍ਵੈਜੀਵਨੀ ਵਿਚੋਂ ਖ਼ਾਰਿਜ ਹੋ ਜਾਂਦੇ ਹਨ ਅਤੇ ਜ਼ਰੂਰੀ ਵੇਰਵੇ ਸਾਂਭੇ ਜਾਂਦੇ ਹਨ। ਅਜੀਤ ਕੌਰ ਆਪਣੀ ਸ੍ਵੈਜੀਵਨੀ ਵਿਚ ਨਿੱਜੀ ਸ਼ਖਸੀਅਤ ਦਾ ਪ੍ਰਗਟਾਵਾ ਕਰਦੀ ਹੋਈ ਲਿਖਦੀ ਹੈ:

> ਮੈਨੂੰ ਇਹ ਪੱਕਾ ਯਾਦ ਹੈ ਕਿ ਇਕ ਵਾਰੀ ਮਾਮਾ ਜੀ ਨੇ ਮੈਨੂੰ ਮਿੱਟੀ ਦੀ ਬਣੀ ਲਾਲ, ਸਾਵੇ, ਨੀਲੇ ਰੰਗਾਂ ਨਾਲ ਰੰਗੀ ਇਕ ਮੱਛੀ ਲਿਆ ਕੇ ਦਿੱਤੀ ਸੀ। ਉਹ ਮੱਛੀ ਸਾਲਾਂ ਦੇ ਸਾਲ ਮੇਰੇ ਕੋਲ ਰਹੀ। ਕਮਰੇ ਦੀ ਇਕ ਕੰਧ 'ਤੇ ਕਿੱਲ ਨਾਲ ਉਹ ਮੱਛੀ ਟੰਗੀ ਹੋਈ ਸੀ। ਕਈ ਵਾਰ ਲੱਗਦਾ, ਇਹ ਮੱਛੀ ਮੈਂ ਆਪ ਹਾਂ। (ਖ਼ਾਨਾਬਦੋਸ਼)

**ਇਤਿਹਾਸਕਤਾ :**

ਕੋਈ ਵੀ ਸ੍ਵੈਜੀਵਨੀ ਇਕ ਸਾਹਿਤਿਕ ਕ੍ਰਿਤ ਹੋਣ ਦੇ ਨਾਲ-ਨਾਲ ਇਤਿਹਾਸਕ ਦਸਤਾਵੇਜ਼ ਵੀ ਹੁੰਦੀ ਹੈ। ਲੇਖਕ ਨੂੰ ਆਪਣੇ ਜੀਵਨ ਨਾਲ ਸੰਬੰਧਿਤ ਤੱਥਾਂ ਅਤੇ ਘਟਨਾਵਾਂ ਦੇ ਸਮਾਨਾਂਤਰ ਸਮਕਾਲੀ ਇਤਿਹਾਸਕ ਘਟਨਾਵਾਂ ਬਾਰੇ ਵੀ ਸੰਕੇਤ ਕਰਦੇ ਰਹਿਣਾ ਚਾਹੀਦਾ ਹੈ। ਦੋਵੇਂ ਵਿਸ਼ਵ-ਯੁੱਧ, ਸੁਤੰਤਰਤਾ ਸੰਗਰਾਮ, ਮਹਾਤਮਾ ਗਾਂਧੀ। ਬੱਬਰ ਅਕਾਲੀ ਲਹਿਰ, ਭਗਤ ਸਿੰਘ ਦੀ ਸ਼ਹੀਦੀ, ਭਾਰਤ ਦੀ ਆਜ਼ਾਦੀ ਅਤੇ ਪੰਜਾਬ ਦੇ ਵਿਭਾਜਨ ਸਮੇਂ ਹੋਇਆ ਸਾਮੂਹਿਕ ਨਰ-ਸੰਘਾਰ ਕੁਝ ਅਜਿਹੀਆਂ ਘਟਨਾਵਾਂ ਹਨ, ਜਿਨ੍ਹਾਂ ਨੂੰ ਕੋਈ ਸ੍ਵੈਜੀਵਨੀਕਾਰ ਨਜ਼ਰਅੰਦਾਜ਼ ਨਹੀਂ ਕਰ ਸਕਦਾ। ਡਾ. ਰਤਨ ਸਿੰਘ ਜੱਗੀ ਅਨੁਸਾਰ, ਇਤਿਹਾਸਕ ਸੱਚ ਸ੍ਵੈਜੀਵਨੀ ਦੀ ਆਤਮਾ ਹੈ। ਜਿਸ ਸ੍ਵੈਜੀਵਨੀ ਵਿਚ ਇਤਿਹਾਸਕ ਸੱਚ ਘਟ ਜਾਵੇਗਾ, ਉਹ ਬੇਇਤਬਾਰੀ ਹੋ ਜਾਵੇਗੀ। (ਸਾਹਿੱਤ ਦੇ ਰੂਪ, ਪੰਨਾ 146) ਸੱਚੇ ਬ੍ਰਿਤਾਂਤ ਤੋਂ ਬਿਨਾਂ ਕੋਈ ਵੀ ਸ੍ਵੈਜੀਵਨੀ ਆਤਮਾ ਤੋਂ ਰਹਿਤ ਸਰੀਰ ਵਰਗੀ ਹੈ। ਸਚਾਈ ਹੀ ਕਿਸੇ ਸ੍ਵੈਜੀਵਨੀ ਦੀ ਮਹਿਮਾ ਅਤੇ ਪ੍ਰਤਿਸ਼ਠਾ ਦਾ ਮੂਲ-ਆਧਾਰ ਹੈ। ਸੋ ਸ੍ਵੈਜੀਵਨੀਕਾਰ ਦਾ ਇਹ ਨੈਤਿਕ

ਫ਼ਰਜ਼ ਹੈ ਕਿ ਉਹ ਕਿਸੇ ਥਾਂ ਵੀ ਤੱਥਾਂ ਨੂੰ ਵਿਰੂਪਿਤ (distort) ਨਾ ਕਰੇ, ਨਹੀਂ ਤਾਂ ਉਸਦੀ ਰਚਨਾ ਸ੍ਵੈਜੀਵਨੀ ਦੀ ਬਜਾਇ ਗਲਪ ਵੱਲ ਝੁਕ ਜਾਵੇਗੀ।

**ਸਮਾਜਿਕ-ਸਭਿਆਚਾਰਕ ਵੇਰਵੇ**

ਹਰ ਸ੍ਵੈਜੀਵਨੀ ਵਿਚ ਨਿੱਜੀ ਵੇਰਵਿਆਂ ਦੇ ਨਾਲ-ਨਾਲ ਸਮਾਜਿਕ ਸਭਿਆਚਾਰਕ ਵੇਰਵਿਆਂ ਦਾ ਆਉਣਾ ਬਹੁਤ ਜ਼ਰੂਰੀ ਹੈ। ਕਿਉਂਕਿ ਕਿਸੇ ਵੀ ਵਿਅਕਤੀ ਦੀ ਸ਼ਖਸੀਅਤ ਦੇ ਨਿਰਮਾਣ ਵਿਚ ਸਭਿਆਚਾਰਕ ਅਤੇ ਸਮਾਜਿਕ ਪਰਿਵੇਸ਼ ਬਹੁਤ ਮੁੱਲਪਰਕ ਭੂਮਿਕਾ ਨਿਭਾਉਂਦਾ ਹੈ। ਇਸ ਲਈ ਹਰ ਸ੍ਵੈਜੀਵਨੀ ਵਿਚ ਇਸ ਪਰਿਵੇਸ਼ ਦੀ ਝਲਕ ਜ਼ਰੂਰ ਦਿਖਾਈ ਦੇਣੀ ਚਾਹੀਦੀ ਹੈ। ਕਰਤਾਰ ਸਿੰਘ ਦੁੱਗਲ ਨੇ ਆਪਣੀ ਸ੍ਵੈਜੀਵਨੀ ਵਿਚ ਅਜਿਹੇ ਵੇਰਵਿਆਂ ਵੱਲ ਵਿਸ਼ੇਸ਼ ਤਵਜਹੁ ਦਿੱਤੀ ਹੈ। ਇਹੀ ਕਾਰਨ ਹੈ ਕਿ ਉਸਦੀ ਸ੍ਵੈਜੀਵਨੀ ਆਪਣੇ ਯੁਗ ਦਾ ਇਕ ਇਤਿਹਾਸ ਵੀ ਬਣ ਗਈ ਹੈ। ਉਦਾਹਰਣ ਲਈ ਉਸਦੀ ਸ੍ਵੈਜੀਵਨੀ ਦੇ ਕੁਝ ਅੰਸ਼ ਦੇਖੋ:

> ਇਹ ਸ੍ਵੈਜੀਵਨੀ ਮੇਰੀ ਕਹਾਣੀ ਹੈ, ਨਾਲੇ ਮੇਰੇ ਜ਼ਮਾਨੇ ਦੀ ਕਹਾਣੀ ਹੈ, ਉਸ ਹੱਦ ਤੀਕ, ਜਿਥੋਂ ਤੀਕ ਸਮੇਂ ਦੇ ਹਾਲਾਤ ਮੇਰੇ ਜੀਵਨ ਵਿਚ ਦਖ਼ਲ ਕਰਦੇ ਹਨ। ਅੰਗਰੇਜ਼ ਦੀ ਗ਼ੁਲਾਮੀ, ਜਿਥੇ ਤੀਕ ਉਸ ਮੈਨੂੰ ਪਰੇਸ਼ਨ ਕੀਤਾ। ਆਜ਼ਾਦੀ ਲਈ ਜੱਦੋ-ਜਹਿਤ, ਜਿਥੋਂ ਤੀਕ ਸਾਡੇ ਟੱਬਰ ਨੇ ਉਸ ਵਿਚ ਹਿੱਸਾ ਪਾਇਆ। ਦੇਸ਼ ਦੀ ਵੰਡ, ਜਿਥੋਂ ਤੀਕ ਅਸੀਂ ਲੁੱਟੇ-ਪੁੱਟੇ ਗਏ, ਆਜ਼ਾਦੀ ਦਾ ਹਿਲੋਰਾ, ਜਿਥੋਂ ਤੀਕ ਮੈਂ ਉਸ ਨੂੰ ਮਾਣਿਆ। ਸਰਮਾਏਦਾਰੀ ਦੀ ਬਦਜ਼ੌਕੀ, ਸਮਾਜ ਦੀ ਕਾਣੀ-ਵੰਡ, ਫੀਤਾਸ਼ਾਹੀ, ਸਿਆਸੀ ਪੈਂਤੜਾਬਾਜ਼ੀ, ਸਰਕਾਰੀ ਢਾਂਚੇ ਦੀ ਨਿਰਮਮਤਾ, ਜਿਥੋਂ ਤੀਕ ਇਨ੍ਹਾਂ ਮੇਰੀ ਸ਼ਖਸੀਅਤ ਨੂੰ ਘੜਿਆ, ਭੰਨਿਆ, ਸੰਵਾਰਿਆ। ਮੈਨੂੰ ਉਹ ਕੁਝ ਬਣਨ ਵਿਚ ਹਿੱਸਾ ਪਾਇਆ, ਜੋ ਕੁਝ ਮੈਂ ਹਾਂ। (ਕਿਸ ਪਹਿ ਖੋਲਉ ਗੰਠੜੀ)

**ਸਥਾਨਕ-ਰੰਗਣ ਅਤੇ ਦ੍ਰਿਸ਼-ਵਰਣਨ**

ਕਿਸੇ ਵੀ ਸ੍ਵੈਜੀਵਨੀ ਵਿਚ ਸਥਾਨਕ-ਰੰਗਣ ਅਤੇ ਦ੍ਰਿਸ਼-ਵਰਣਨ ਦੀ ਸਿਰਜਣਾ ਬੜੇ ਧਿਆਨ ਨਾਲ ਕਰਨੀ ਪੈਂਦੀ ਹੈ ਕਿਉਂਕਿ ਇਹ ਕਿਸੇ ਸ੍ਵੈਜੀਵਨੀਕਾਰ ਦੀ ਸ਼ਖਸੀਅਤ ਦੇ ਵਿਕਾਸ ਵਿਚ ਬਹੁਪੱਖੀ ਯੋਗਦਾਨ ਪਾਉਂਦੇ ਹਨ। ਆਮ ਤੌਰ ਤੇ ਦੇਖਿਆ ਗਿਆ ਹੈ ਕਿ ਕਈ ਵਾਰ ਸ੍ਵੈਜੀਵਨੀਕਾਰ ਆਪਣੇ ਜੀਵਨ ਨਾਲ ਸੰਬੰਧਿਤ ਮਾਮੂਲੀ ਤੋਂ ਮਾਮੂਲੀ ਵੇਰਵੇ ਦੇਣੋਂ ਸੰਕੋਚ ਨਹੀਂ ਕਰਦੇ, ਜਿਸ ਨਾਲ ਬੇਲੋੜਾ ਵਿਸਤਾਰ ਪੈਦਾ ਹੋ ਜਾਂਦਾ ਹੈ ਅਤੇ ਸ੍ਵੈਜੀਵਨੀ ਨੀਰਸ ਹੋਣ ਲੱਗਦੀ ਹੈ। ਇਸ ਲਈ ਉਚਿਤ ਹੈ ਕਿ ਸ੍ਵੈਜੀਵਨੀ ਵਾਤਾਵਰਣ ਅਤੇ ਆਲੇ-ਦੁਆਲੇ ਦੇ ਪ੍ਰਭਾਵ ਨੂੰ ਆਪਣੀਆਂ ਅੰਦਰਲੀਆਂ ਬਿਰਤੀਆਂ ਨਾਲ ਇਕਸੁਰ ਕਰਕੇ ਬੜੇ ਸੰਜਮ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਨਿਰੂਪਿਤ ਕਰੇ। ਅਜੀਤ ਕੌਰ ਨੇ ਆਪਣੀ ਸ੍ਵੈਜੀਵਨੀ ਵਿਚ ਸਥਾਨਕ ਰੰਗਣ ਅਤੇ ਦ੍ਰਿਸ਼-ਵਰਣਨ ਵਿਧੀ ਦ ੀ

ਪੇਸ਼ਕਾਰੀ ਬੜੇ ਪ੍ਰਭਾਵਸ਼ਾਲੀ ਅੰਦਾਜ਼ ਵਿਚ ਕੀਤੀ ਹੈ। ਦੇਖੋ:

> ਮੇਰਾ ਕਮਰਾ ਪੌੜੀਆਂ ਚੜ੍ਹਦਿਆਂ ਹੀ, ਨਿੱਕੇ ਜਿਹੇ ਭੀੜੇ ਗਲਿਆਰੇ ਦੇ ਕਿਨਾਰੇ 'ਤੇ ਸੀ। ਇਕ ਉਹਦਾ ਦਰਵਾਜ਼ਾ ਪੌੜੀਆਂ ਦੀ ਡਿਉਢੀ ਵਿਚ ਖੁਲ੍ਹਦਾ ਸੀ, ਦੂਜਾ ਬਾਹਰਲੇ ਪਾਸੇ ਨਿੱਕੇ ਜਿਹੇ ਛੱਜੇ ਵੱਲ, ਜਿਹੜਾ ਸੜਕ ਤੇ ਬਿਲਕੁਲ ਉੱਤੇ ਸੀ। ਇਹ ਭਾਵੇਂ ਤੀਜੀ ਛੱਤ ਸੀ ਤਾਂ ਵੀ ਸੜਕ ਤੋਂ ਓਹਲਾ ਕਰਨ ਲਈ ਛੱਜੇ ਵਾਲੇ ਪਾਸੇ ਇਕ ਚਿਕ ਲੱਗੀ ਹੋਈ ਸੀ। ਤੇ ਚਿਕ ਉਤਾਂਹ ਚੁੱਕ ਕੇ ਬਾਹਰ ਛੱਜੇ ਤੇ ਖੜੋ ਕੇ ਹੇਠਾਂ ਵਗਦੀ ਸੜਕ ਦੇ ਦਰਿਆ ਵਿਚ ਰੁੜ੍ਹਦੇ ਜਾਂਦੇ ਲੋਕਾਂ ਨੂੰ, ਤੇ ਟਾਂਗਿਆਂ ਨੂੰ, ਤੇ ਮੋਟਰਾਂ ਨੂੰ, ਤੇ ਸਾਈਕਲਾਂ ਨੂੰ, ਤੇ ਬੱਘੀਆਂ ਫਿਟਨਾਂ ਨੂੰ, ਗੱਡਿਆਂ ਨੂੰ, ਤੱਕਣ ਦਾ ਹੁਕਮ ਨਹੀਂ ਸੀ। (ਖ਼ਾਨਾਬਦੋਸ਼)

**ਭਾਸ਼ਾ ਸ਼ੈਲੀ**

ਹੋਰ ਸਾਹਿੱਤ-ਰੂਪਾਂ ਵਾਂਗ, ਸ੍ਵੈਜੀਵਨੀ ਵਿਚ ਵੀ ਭਾਸ਼ਾ-ਸ਼ੈਲੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

ਸਾਹਿੱਤ ਵਿਚ ਸ਼ੈਲੀ ਅਤੇ ਸ਼ਬਦਾਵਲੀ, ਦੋ ਅਜਿਹੀਆਂ ਵਸਤਾਂ ਹਨ, ਜਿਨ੍ਹਾਂ ਦੀ ਉਚਿਤ ਹੋਂਦ ਜਾਂ ਅਣਹੋਂਦ ਕਿਸੇ ਲੇਖਕ ਦੀ ਰਚਨਾ ਦੇ ਮਹੱਤਵ ਨੂੰ ਵਧਾ-ਘਟਾ ਦਿੰਦੀ ਹੈ। ਸ੍ਵੈਜੀਵਨੀ ਵਿਚ ਭਾਸ਼ਾ-ਸ਼ੈਲੀ ਦੇ ਢੁੱਕਵੇਂ ਰੂਪ ਦੀ ਪ੍ਰਾਪਤੀ ਲਈ ਲੇਖਕ ਨੂੰ ਆਪਣੇ ਅੰਦਰਲੇ ਨਾਲ ਬਹੁਤ ਸੰਘਰਸ਼ ਕਰਨਾ ਪੈਂਦਾ ਹੈ। ਉਸ ਨੂੰ ਉਚਿਤ ਸ਼ਬਦਾਂ ਦੀ ਤਲਾਸ਼ ਕਰਨੀ ਪੈਂਦੀ ਹੈ, ਜਿਨ੍ਹਾਂ ਦੁਆਰਾ ਉਹ ਆਪਣੀ ਗੱਲ ਸਹੀ ਅਤੇ ਸੁਲਝੇ ਢੰਗ ਨਾਲ ਪੇਸ਼ ਕਰ ਸਕੇ। ਇਹ ਭਾਸ਼ਾ ਜਨ-ਸਾਧਾਰਣ ਦੇ ਪੱਧਰ ਦੀ ਹੁੰਦੀ ਹੋਈ ਵੀ ਭਾਵਾਂ ਨੂੰ ਸੂਖ਼ਮ ਢੰਗ ਨਾ ਪੇਸ਼ ਕਰਨ ਦੇ ਸਮਰੱਥ ਹੁੰਦੀ ਹੈ। ਇਸ ਵਿਚ ਮੂਲ ਸਥਿਤੀ ਜਾਂ ਅਵਸਥਾ ਦਾ ਸਹੀ ਬਿੰਬ ਅਤੇ ਚਿਤਰ ਪੇਸ਼ ਕਰਨ ਦੀ ਯੋਗਤਾ ਤੋਂ ਬਿਨਾਂ ਨਿਸ਼ਕਪਟ ਢੰਗ ਨਾਲ ਸੱਚੀ ਗੱਲ ਕਰਨ ਜਾਂ ਵਿਚਾਰ ਪੇਸ਼ ਕਰਨ ਦੀ ਸਮਰੱਥਾ ਹੁੰਦੀ ਹੈ। ਇਹੋ ਜਿਹੀ ਕਲਾਮਈ ਸ਼ੈਲੀ ਅਤੇ ਸ਼ਬਦਾਵਲੀ ਦੇ ਪ੍ਰਮਾਣ ਵਜੋਂ ਕਰਤਾਰ ਸਿੰਘ ਦੁੱਗਲ ਦੀ ਸ੍ਵੈਜੀਵਨੀ ਦੇ ਕੁਝ ਅੰਸ਼ ਦੇਖੋ:

> ਮੈਂ ਜੁਆਨ ਹੋ ਗਿਆ ਸਾਂ। ਜੁਆਨ-ਜਹਾਨ। ਭਰਪੂਰ ਜਵਾਨੀ ਮੇਰੇ 'ਤੇ ਲੱਥ ਆਈ ਸੀ। ਮੇਰੇ ਅੰਗ-ਅੰਗ ਵਿਚੋਂ ਜਿਵੇਂ ਲੋਅ ਉਮ੍ਹਲ ਰਹੀ ਹੋਵੇ। ਇਕ ਖ਼ੁਸ਼ਬ ਜਿਹੀ ਮੈਨੂੰ ਆਪਣੇ ਆਪ ਵਿਚੋਂ ਆਉਂਦੀ ਹੈ,ਅੱਠੇ ਪਹਿਰ ਕੋਈ ਖ਼ੁਮਾਰ ਜਿਹਾ ਜਿਵੇਂ ਚੜ੍ਹਿਆ ਹੋਵੇ। ਮੇਰੇ ਹੋਠਾਂ 'ਤੇ ਗੀਤ ਮਚਲਦੇ ਰਹਿੰਦੇ। ਮੈਨੂੰ ਲੱਗਦਾ, ਮੈਂ ਜ਼ਬਾਨ ਖੋਲ੍ਹੀ ਤੇ ਨਗ਼ਮੇ ਫੁੱਟ ਨਿਕਲਣਗੇ । ਤੁਰ ਰਿਹਾ ਮੇਰਾ ਮਨ ਕਾਹਲਾ ਪੈਣ ਲੱਗਦਾ, ਮੇਰਾ ਜੀਅ ਉੱਡ-ਪੁੱਡ ਜਾਣ ਨੂੰ ਕਰਦਾ। ਕਿਸ ਪਹਿ ਖੋਲਉ ਗੰਠੜੀ)

**ਸ਼ਿਲਪ** :

ਸ਼ਿਲਪ ਦੀ ਦ੍ਰਿਸ਼ਟੀ ਤੋਂ ਸ੍ਵੈਜੀਵਨੀ ਦੀਆਂ ਦੋ ਸ਼੍ਰੇਣੀਆਂ ਮੰਨੀਆਂ ਗਈਆਂ ਹਨ। (ਹਿੰਦੀ ਸਾਹਿਤਯ ਕੋਸ਼) ਪਹਿਲਾ ਵਰਗ ਅਲੰਕ੍ਰਿਤ ਸ੍ਵੈਜੀਵਨੀਆਂ ਦਾ ਹੈ, ਜੋ ਸਾਹਿੱਤਕਾਰਾਂ ਦੁਆਰਾ ਲਿਖੀਆਂ ਜਾਂਦੀਆਂ ਹਨ ਅਤੇ ਦੂਸਰਾ ਵਰਗ ਹੋਰ ਲੋਕਾਂ ਵਲੋਂ ਲਿਖੀਆਂ ਗਈਆਂ ਅਨਾਲੰਕ੍ਰਿਤ ਸ੍ਵੈਜੀਵਨੀਆਂ ਦਾ ਮੰਨਿਆਂ ਗਿਆ ਹੈ। ਸਾਹਿੱਤਕਾਰਾਂ ਨੂੰ ਲਿਖਣ ਦਾ ਅਭਿਆਸ ਹੁੰਦਾ ਹੈ। ਉਨ੍ਹਾਂ ਦੇ ਵਰਣਨ ਵਿਚ ਸ਼ੈਲੀ ਦੀ ਦ੍ਰਿਸ਼ਟੀ ਤੋਂ ਇਕ ਵਿਸ਼ੇਸ਼ ਸੁਹਜ ਹੁੰਦਾ ਹੈ। ਸਮੁੱਚਾ ਵਿਵਰਣ ਬੜਾ ਰੋਚਕ ਅਤੇ ਪ੍ਰਭਾਵਸ਼ਾਲੀ ਹੁੰਦਾ ਹੈ। ਅਨਾਲੰਕ੍ਰਿਤ ਸ੍ਵੈਜੀਵਨੀਆਂ ਵਿਚ ਵਿਵਰਣ ਤਾਂ ਹੁੰਦਾ ਹੈ ਪਰ ਸਾਹਿਤਿਕ ਸੁਹਜ ਦੇ ਦਰਸ਼ਨ ਨਹੀਂ ਹੁੰਦੇ। ਉਨ੍ਹਾਂ ਦੇ ਕਥਨ ਵਿਚ ਸ਼ਕਤੀ ਨਹੀਂ ਹੁੰਦੀ। ਸਾਰੀ ਸਾਮੱਗਰੀ ਸਾਧਾਰਣ ਜਿਹੇ ਢੰਗ ਨਾਲ ਪੇਸ਼ ਕੀਤੀ ਹੁੰਦੀ ਹੈ। ਕੇਵਲ ਉੱਥੇ, ਜਿੱਥੇ ਲੇਖਕ ਨੇ ਕੋਈ ਨਵੀਂ ਜਾਂ ਰੋਚਕ ਜਾਣਕਾਰੀ ਦਿੱਤੀ ਹੈ, ਸੁਹਜ-ਸਿਰਜਣਾ ਜ਼ਰੂਰ ਹੋ ਜਾਂਦੀ ਹੈ। ਇਹ ਵਰਗ-ਵੰਡ ਸ਼ਿਲਪ ਜਾਂ ਲਿਖਣ-ਕਲਾ ਉੱਤੇ ਆਧਾਰਿਤ ਹੈ ਅਤੇ ਇਹ ਜੀਵਨੀ-ਸਾਹਿੱਤ ਉਤੇ ਵੀ ਲਾਗੂ ਕੀਤੀ ਜਾ ਸਕਦੀ ਹੈ।

### 1.7.5 ਸਿੱਟਾ :

ਜੀਵਨੀ ਅਤੇ ਸ੍ਵੈਜੀਵਨੀ, ਆਧੁਨਿਕ ਸਾਹਿੱਤ ਦੇ ਅਤਿਅੰਤ ਲੋਕਪ੍ਰਿਯ ਰੂਪਾਕਾਰ ਹਨ। ਇਹ ਸਾਹਿੱਤ ਅਤੇ ਸਮਾਜ ਦੇ ਅੰਤਰ ਸੰਬੰਧਾਂ ਨੂੰ ਪੱਕਾ ਅਤੇ ਪੁਸ਼ਟ ਕਰਨ ਵਾਲੇ ਰੂਪ ਹਨ। ਜਿਥੇ ਇਨ੍ਹਾਂ ਨੂੰ ਪੜ੍ਹ ਕੇ ਸੁਹਜ-ਸੁਆਦ ਦੀ ਪ੍ਰਾਪਤੀ ਹੁੰਦੀ ਹੈ, ਉਥੇ ਇਹ ਪਾਠਕ ਦੀ ਗਿਆਨ-ਭੁੱਖ ਨੂੰ ਤ੍ਰਿਪਤ ਕਰਨ ਦਾ ਵੀ ਇਕ ਪ੍ਰਮਾਣਿਕ ਵਸੀਲਾ ਬਣਦੇ ਹਨ। ਇਨ੍ਹਾਂ ਦੁਆਰਾ ਲਿਖਤੀ ਇਤਿਹਾਸ ਵਿਚ ਰਹਿ ਗਏ ਬਹੁਤ ਸਾਰੇ ਖੱਪੇ ਵੀ ਪੂਰੇ ਜਾਂਦੇ ਹਨ ਕਿਉਂਕਿ ਹਰ ਵਿਅਕਤੀ ਇਤਿਹਾਸਕ ਰੌਅ ਦੀ ਗਤੀਸ਼ੀਲਤਾ ਵਿਚ ਕੁਝ-ਨਾ-ਕੁਝ ਯੋਗਦਾਨ ਜ਼ਰੂਰ ਪਾਉਂਦਾ ਹੈ। ਆਧੁਨਿਕ ਯੁਗ ਵਿਚ ਸਾਹਿੱਤ ਦੇ ਇਨ੍ਹਾਂ ਰੂਪਾਂ ਦਾ ਮਹੱਤਵ ਨਿਰਵਿਵਾਦ ਹੈ।

### 1.7.6 ਉਪਰੋਕਤ ਪਾਠ-ਸਮੱਗਰੀ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ:

1. ਪੰਜਾਬੀ ਵਿਚ ਜੀਵਨੀ ਅਤੇ ਸ੍ਵੈਜੀਵਨੀ ਸਾਹਿੱਤ ਦੀ ਪਰੰਪਰਾ ਉਤੇ ਵਿਸ਼ਲੇਸ਼ਣਾਤਮਕ ਨੋਟ ਲਿਖੋ।
2. ਜੀਵਨੀ ਦੇ ਸਰੂਪ ਅਤੇ ਤੱਤਾਂ ਬਾਰੇ ਵਿਚਾਰ ਕਰੋ।

3. ਸ੍ਵੈਜੀਵਨੀ ਦੀ ਪਰਿਭਾਸ਼ਾ, ਪ੍ਰਕਿਰਤੀ ਅਤੇ ਤੱਤਾਂ ਬਾਰੇ ਲਿਖੋ। (ਅਪਰੈਲ 2012,2013,2014)
4. ਜੀਵਨੀ ਅਤੇ ਸਵੈਜੀਵਨੀ ਦੀ ਪਰਿਭਾਸ਼ਾ ਕਰਦੇ ਹੋਏ ਦੋਵਾਂ ਦੇ ਅੰਤਰ ਨੂੰ ਸਪਸ਼ਟ ਕਰੋ। (ਅਪਰੈਲ 2000)
5. ਜੀਵਨੀ ਦੀ ਪਰਿਭਾਸ਼ਾ ਦੱਸਦੇ ਹੋਏ ਉਸ ਦੀ ਪ੍ਰਕਿਰਤੀ ਅਤੇ ਤੱਤਾਂ ਬਾਰੇ ਜਾਣਕਾਰੀ ਦਿਓ। (ਅਪਰੈਲ 2003)

### 1.7.7 ਸਹਾਇਕ ਪੁਸਤਕਾਵਲੀ


- ਜੀਤ ਸਿੰਘ ਸੀਤਲ, ਪੰਜਾਬੀ ਵਾਰਤਕ ਤੇ ਵਾਰਤਕ ਸ਼ੈਲੀ, ਪੰ.ਸ.ਯੂ. ਟੈਕਸਟ-ਬੁਕ ਬੋਰਡ, ਚੰਡੀਗੜ੍ਹ, 1980
- ਧਰਮ ਚੰਦ ਵਾਤਿਸ਼, ਸ੍ਵੈਜੀਵਨੀ ਸ਼ਾਸਤਰ, ਪੁਨੀਤ ਪਬਲਿਸ਼ਰਜ਼, ਮਲੇਰਕੋਟਲਾ, 1999
- ਧਰਮ ਪਾਲ ਸਿੰਗਲ, ਪੰਜਾਬੀ ਸ੍ਵੈਜੀਵਨੀ : ਸਰੂਪ, ਸਿੱਧਾਂਤ ਤੇ ਵਿਕਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987
- ਰਾਜਬੀਰ ਕੌਰ : ਪੁਰਾਤਨ ਤੇ ਨਵੀਨ ਪੰਜਾਬੀ ਵਾਰਤਕ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2009



**Converted in Self Learning Mode by Dr. Gurpreet Kaur**
**Last Update June 10, 2023**

ਪਾਠ ਨੰ: **1.8**

## ਨਾਂਵ ਵਾਕੰਸ਼ : ਬਣਤਰ ਅਤੇ ਕਾਰਜ

1.8.1 ਪਾਠ ਦਾ ਮੰਤਵ
1.8.2 ਭੂਮਿਕਾ
1.8.3 ਵਾਕੰਸ਼ਾਂ ਦੀ ਬਣਤਰ ਵਿੱਚ ਵਿਚਰਨ ਵਾਲੇ ਤੱਤ
1.8.4 ਨਾਂਵ ਵਾਕੰਸ਼ : ਪਰਿਭਾਸ਼ਾ ਅਤੇ ਸਥਾਪਤੀ ਦੇ ਆਧਾਰ
1.8.4.1.1 ਨਾਂਵ ਵਾਕੰਸ਼ : ਪਛਾਣ ਦਾ ਆਧਾਰ-ਰੂਪ
1.8.4.1.2 ਨਾਂਵ ਵਾਕੰਸ਼ : ਪਛਾਣ ਦਾ ਆਧਾਰ-ਮੁੱਖ ਸ਼ਬਦ
1.8. 4.1.3 ਨਾਂਵ ਵਾਕੰਸ਼ : ਪਛਾਣ ਦਾ ਆਧਾਰ-ਸਬੰਧਕ
1.8.4.2 ਨਾਂਵ ਵਾਕੰਸ਼ : ਵਿਚਰਨ ਸਥਾਨ ਅਤੇ ਕਾਰਜ
ਨਾਂਵ ਵਾਕੰਸ਼ : ਵਰਗੀਕਰਨ
1.8.4.3.1 : ਸੰਬੰਧਕ-ਰਹਿਤ ਨਾਂਵ ਵਾਕੰਸ਼
1.8.4.3.2 : ਸੰਬੰਧਕ-ਸਹਿਤ ਨਾਂਵ ਵਾਕੰਸ਼
1.8.4.4 ਨਾਂਵ ਵਾਕੰਸ਼ : ਵਿਚਰਨ ਤੱਤ
1.8.4.5 ਨਾਂਵ ਵਾਕੰਸ਼ : ਸ਼ਬਦਾਂ ਦੀ ਤਰਤੀਬ
1.8.4 ਸਿੱਟਾ
1.8.5 ਯੋਗਤਾ ਦੀ ਪਰਖ : ਪ੍ਰਸ਼ਨਾਂ ਦੇ ਸੰਭਾਵੀ ਉੱਤਰ
1.8.6 ਸਹਾਇਕ ਪੁਸਤਕ ਸੂਚੀ

### 1.8.1 ਪਾਠ ਦਾ ਮੰਤਵ

ਇਹ ਪਾਠ ਬੀ. ਏ. ਦੇ ਵਿਦਿਆਰਥੀਆਂ ਲਈ ਇਸ ਕਰਕੇ ਲਿਖਿਆ ਗਿਆ ਹੈ ਕਿ ਉਹ ਪੰਜਾਬੀ ਨਾਂਵ ਵਾਕੰਸ਼ ਦੀ ਜੁਗਤ ਬਾਰੇ ਭਲੀ ਭਾਂਤ ਜਾਣੂ ਹੋ ਸਕਣ ਅਤੇ ਇਸ ਨੂੰ ਪਛਾਨਣ ਦੀ ਸਮੱਰਥਾ ਹਾਸਲ ਕਰ ਸਕਣ।

### 1.8.2 ਭੂਮਿਕਾ

ਭਾਸ਼ਾਈ ਤੱਤਾਂ ਦੀ ਪਛਾਣ ਲਈ ਤੱਤਾਂ ਦੀ ਛੋਟੀ ਤੋਂ ਛੋਟੀ ਅਤੇ ਵੱਡੀ ਤੋਂ ਵੱਡੀ ਇਕਾਈ ਦੀ ਪੜਤਾਲ ਕੀਤੀ ਜਾਂਦੀ ਹੈ। ਵਿਆਕਰਨ ਦੇ ਪੱਖ ਤੋਂ ਵਾਕ ਨੂੰ ਵੱਡੀ ਤੋਂ ਵੱਡੀ ਵਿਆਕਰਨ ਇਕਾਈ ਦਾ ਨਾਂ ਦਿੱਤਾ ਜਾਂਦਾ ਹੈ ਕਿਉਂਕਿ ਵਿਆਕਰਨ ਦੇ ਪੱਧਰ ਦੀਆਂ ਸਾਰੀਆਂ ਹੀ ਇਕਾਈਆਂ ਇਸ ਘੇਰੇ ਵਿੱਚ ਆ ਜਾਂਦੀਆਂ ਹਨ। ਵਾਕ ਦਾ ਆਪਣਾ ਰੂਪ ਅਤੇ ਅਰਥ ਹੁੰਦਾ ਹੈ। ਭਾਸ਼ਾ ਦੀ ਛੋਟੀ ਤੋਂ ਛੋਟੀ ਵਿਆਕਰਨਕ ਇਕਾਈ ਨੂੰ 'ਧੁਨੀ' ਮਿਥਿਆ ਜਾਂਦਾ ਹੈ ਪਰ ਇਸ ਦਾ ਕੋਈ ਅਰਥ ਨਹੀਂ ਹੁੰਦਾ ਭਾਵੇਂ ਧੁਨੀ ਦੇ ਬਦਲਣ ਨਾਲ ਸ਼ਬਦ ਦੇ ਰੂਪ ਅਤੇ ਅਰਥ ਵਿੱਚ ਪਰਿਵਰਤਨ ਹੋ ਜਾਂਦਾ ਹੈ। ਧੁਨੀਆਂ ਦੇ ਮੇਲ ਨਾਲ ਬਣੇ ਭਾਵਾਂਸ਼ਾਂ ਅਤੇ ਵਾਕ ਦੇ ਵਿਚਕਾਰ ਤਿੰਨ ਹੋਰ ਇਕਾਈਆਂ ਮਿਥੀਆਂ ਜਾਂਦੀਆਂ ਹਨ, ਜਿਵੇਂ : ਸ਼ਬਦ, ਵਾਕੰਸ਼ ਅਤੇ ਉਪਵਾਕ। ਸ਼ਬਦ ਦੀ ਸਿਰਜਨਾ ਭਾਵਾਂਸ਼ ਦੇ ਜੋੜ ਤੋਂ ਹੁੰਦੀ ਹੈ ਜਦੋਂ ਕਿ ਵਾਕੰਸ਼ ਵਿੱਚ ਘੱਟੋ ਘੱਟ ਇਕ ਸ਼ਬਦ ਵਿਚਰਦਾ ਹੈ ਜੋ ਵਾਕ ਵਿੱਚ ਇਕ ਕਾਰਜ ਨੂੰ ਨਿਭਾਉਂਦਾ ਹੈ। ਵਾਕੰਸ਼ ਦੀ ਬਣਤਰ ਵਿੱਚ ਇਕ ਤੋਂ ਵਧੇਰੇ ਸ਼ਬਦ ਵਿਚਰ ਸਕਦੇ ਹਨ। ਉਦਾਹਰਣ ਦੇ ਤੌਰ ਤੇ 'ਸਾਡੇ ਸਕੂਲ ਦੇ ਸਾਰੇ

ਵਿਦਿਆਰਥੀ ਪਹਾੜਾਂ 'ਤੇ ਜਾ ਰਹੇ ਹਨ' ਵਿੱਚ 'ਸਾਡੇ ਸਕੂਲ ਦੇ ਸਾਰੇ ਵਿਦਿਆਰਥੀ' ਇੱਕ ਵਾਕੰਸ਼ 'ਪਹਾੜਾਂ 'ਤੇ' ਦੂਜਾ ਅਤੇ 'ਜਾ ਰਹੇ ਹਨ' ਤੀਜਾ ਵਾਕੰਸ਼ ਹੈ। ਇਸ ਵਾਕ ਦੇ ਪਹਿਲੇ ਵਾਕੰਸ਼ ਦਾ ਬਦਲ ਇਕ ਸ਼ਬਦ ਹੋ ਸਕਦਾ ਹੈ ਜਿਸ ਨਾਲ ਵਾਕ ਦੀ ਬਣਤਰ 'ਤੇ ਕੋਈ ਅਸਰ ਨਹੀਂ ਪੈਂਦਾ ਜਿਵੇਂ, 'ਸਾਡੇ ਸਕੂਲ ਦੇ ਸਾਰੇ ਵਿਦਿਆਰਥੀ' ਦੀ ਥਾਂ ਇਕੱਲਾ 'ਵਿਦਿਆਰਥੀ' ਸ਼ਬਦ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਇਸ ਪ੍ਰਕਾਰ ਬਾਕੀ ਵਾਕੰਸ਼ਾਂ ਵਿੱਚ ਵੀ ਸ਼ਬਦਾਂ ਦੀ ਗਿਣਤੀ ਦਾ ਘਾਟਾ ਵਾਧਾ ਕੀਤਾ ਜਾ ਸਕਦਾ ਹੈ। ਇਸ ਸੰਖੇਪ ਜਿਹੀ ਚਰਚਾ ਤੋਂ ਸਿੱਧ ਹੁੰਦਾ ਹੈ ਕਿ ਵਾਕੰਸ਼ ਸ਼ਬਦ ਵਰਗੀ ਇਕ ਵਿਆਕਰਨਕ ਇਕਾਈ ਹੈ ਜਿਸ ਦਾ ਆਪਣਾ ਰੂਪ, ਅਰਥ ਅਤੇ ਵਾਕ ਵਿੱਚ ਵਰਤੋਂ-ਸਥਾਨ ਹੁੰਦਾ ਹੈ।

### 1.8.3 ਵਾਕੰਸ਼ਾਂ ਦੀ ਬਣਤਰ ਵਿੱਚ ਵਿਚਰਨ ਵਾਲੇ ਤੱਤ

ਵਾਕੰਸ਼ਾਂ ਦੀ ਬਣਤਰ ਵਿੱਚ ਦੋ ਪ੍ਰਕਾਰ ਦੇ ਤੱਤ (ਸ਼ਬਦ) ਵਿਚਰਦੇ ਹਨ। ਦੋ ਪ੍ਰਕਾਰ ਦੇ ਤੱਤਾਂ ਵਿੱਚੋਂ ਕੁੱਝ ਤੱਤਾਂ ਨੂੰ 'ਲਾਜ਼ਮੀ ਤੱਤ' ਨਾਂ ਦਿੱਤਾ ਜਾਂਦਾ ਹੈ ਅਤੇ ਕੁੱਝ ਤੱਤਾਂ ਨੂੰ 'ਗੈਰ-ਲਾਜ਼ਮੀ' ਨਾਂ ਦਿੱਤਾ ਜਾਂਦਾ ਹੈ। ਵਾਕੰਸ਼ ਦੀ ਬਣਤਰ ਵਿੱਚੋਂ ਜਿਸ ਤੱਤ ਨੂੰ ਖਾਰਜ ਨਾ ਕੀਤਾ ਜਾ ਸਕਦਾ ਹੋਵੇ ਉਸ ਨੂੰ ਲਾਜ਼ਮੀ ਤੱਤ ਆਖਿਆ ਜਾਂਦਾ ਹੈ। ਜਦੋਂ ਕਿ ਜਿਸ ਤੱਤ ਨੂੰ ਖਾਰਜ ਕੀਤਾ ਜਾ ਸਕਦਾ ਹੋਵੇ ਉਸ ਨੂੰ 'ਗੈਰ-ਲਾਜ਼ਮੀ ਤੱਤ' ਆਖਿਆ ਜਾਂਦਾ ਹੈ। ਵਾਕੰਸ਼ ਦੀ ਬਣਤਰ ਵਿੱਚ ਲਾਜ਼ਮੀ ਤੱਤ ਜਿਸ ਸ਼ਬਦ ਸ਼੍ਰੇਣੀ, ਦਾ ਮੈਂਬਰ ਹੁੰਦਾ ਹੈ ਉਸ ਨੂੰ ਉਸ ਭਾਂਤ ਦੇ ਵਾਕੰਸ਼ ਵਜੋਂ ਜਾਣਿਆ ਜਾਂਦਾ ਹੈ, ਜਿਵੇਂ : ਜੇ ਲਾਜ਼ਮੀ ਤੱਤ ਨਾਂਵ ਹੈ ਤਾਂ ਨਾਂਵ-ਵਾਕੰਸ਼ ਅਤੇ ਜੇ ਕਿਰਿਆ ਹੈ ਤਾਂ ਕਿਰਿਆ ਵਾਕੰਸ਼ ਦੀ ਸਿਰਜਣਾ ਹੁੰਦੀ ਹੈ। ਉਪਰੋਕਤ ਵਾਕ 'ਸਾਡੇ ਸਕੂਲ ਦੇ ਸਾਰੇ ਵਿਦਿਆਰਥੀ' ਇਕ ਨਾਂਵ-ਵਾਕੰਸ਼ ਹੈ ਕਿਉਂਕਿ ਇਸ ਵਾਕੰਸ਼ ਦਾ ਲਾਜ਼ਮੀ ਤੱਤ 'ਵਿਦਿਆਰਥੀ' ਨਾਂਵ ਸ਼ਬਦ ਸ਼੍ਰੇਣੀ ਦਾ ਮੈਂਬਰ ਹੈ।

### **1.8.4** ਨਾਂਵ-ਵਾਕੰਸ਼ : ਪਰਿਭਾਸ਼ਾ ਅਤੇ ਸਥਾਪਤੀ ਦੇ ਆਧਾਰ

ਵਾਕ ਦੀ ਬਣਤਰ ਵਿੱਚ ਵਿਚਰਨ ਵਾਲੇ ਉਨ੍ਹਾਂ ਤੱਤਾਂ ਨੂੰ ਨਾਂਵ-ਵਾਕੰਸ਼ ਦਾ ਨਾਂ ਦਿੱਤਾ ਜਾਂਦਾ ਹੈ ਜੋ ਕਿ ਸ਼ਬਦ ਰੂਪ ਰਾਹੀਂ ਜਾਂ ਇਕ ਤੋਂ ਵਧੇਰੇ ਸ਼ਬਦ ਰੂਪਾਂ ਰਾਹੀਂ ਨਾਂਵ ਵਰਗਾ ਕਾਰਜ ਕਰਦੇ ਹਨ। ਨਾਂਵ-ਵਾਕੰਸ਼ ਦੀ ਬਣਤਰ ਵਿੱਚ ਕੇਵਲ ਇਕ ਕੇਂਦਰੀ ਤੱਤ ਹੀ ਵਿਚਰ ਸਕਦਾ ਹੈ ਜਾਂ ਕੇਂਦਰੀ ਤੱਤ ਨਾਲ ਇਕ ਤੋਂ ਵਧੇਰੇ ਸ਼ਬਦ ਰੂਪ ਵਿਚਰ ਸਕਦੇ ਹਨ ਪਰ ਕੇਂਦਰੀ ਤੱਤ ਨਾਂਵ ਸ਼ਬਦ ਸ਼੍ਰੇਣੀ ਦਾ ਮੈਂਬਰ ਹੁੰਦਾ ਹੈ। ਨਾਂਵ-ਵਾਕੰਸ਼ ਦੀ ਬਣਤਰ ਕਿਸੇ ਨਾਂਵ ਜਾਂ ਪੜਨਾਂਵ ਸ਼ਬਦ 'ਤੇ ਨਿਰਭਰ ਹੁੰਦੀ ਹੈ। ਪੰਜਾਬੀ ਵਾਕ ਬਣਤਰ ਵਿੱਚ ਜਦੋਂ ਇਕ ਨਾਂਵ ਨੂੰ ਵਾਰ ਵਾਰ ਵਰਤਣਾ ਹੋਵੇ ਤਾਂ ਪਹਿਲੇ ਸਥਾਨ ਨੂੰ ਛੱਡ ਕੇ ਬਾਕੀ ਸਾਰੇ ਸਥਾਨਾਂ 'ਤੇ ਪੜਨਾਂਵ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ : 'ਮੁੰਡਾ ਖੇਡਦਾ ਹੈ' ਵਾਕ ਵਿੱਚ 'ਮੁੰਡਾ' ਨਾਂਵ ਸ਼ਬਦ ਸ਼੍ਰੇਣੀ ਦਾ ਮੈਂਬਰ ਹੈ ਅਤੇ ਵਾਕ ਵਿੱਚ ਨਾਂਵ-ਵਾਕੰਸ਼ ਵਜੋਂ ਵਿਚਰਦਾ ਹੈ ਪਰ ਇਸ ਨਾਂਵ ਨੂੰ ਪੜਨਾਂਵ ਵਿੱਚ ਤਬਦੀਲ ਕੀਤਿਆਂ ਵਾਕਾਂ ਦੇ ਅਰਥ ਅਤੇ ਬਣਤਰ ਵਿੱਚ ਕੋਈ ਪਰਿਵਰਤਨ ਨਹੀਂ ਆਉਂਦਾ। ਜਿਵੇਂ 'ਉਹ ਖੇਡਦਾ ਹੈ।' ਨਾਂਵ ਦੇ ਸਥਾਨ 'ਤੇ ਪੜਨਾਂਵ ਦੀ ਵਰਤੋਂ ਆਮ ਤੌਰ 'ਤੇ ਪਹਿਲੀ ਵਾਰ ਨਹੀਂ ਕੀਤੀ ਜਾਂਦੀ।

### **1.8.4.1** ਨਾਂਵ ਵਾਕੰਸ਼ : ਪਛਾਣ ਵਿਧੀਆਂ

ਨਾਂਵ-ਵਾਕੰਸ਼ ਦੀ ਪਛਾਣ, ਰੂਪ ਅਤੇ ਕਾਰਜ ਦੇ ਆਧਾਰ 'ਤੇ ਕੀਤੀ ਜਾਂਦੀ ਹੈ। ਇਨ੍ਹਾਂ ਦੀ ਪਛਾਣ ਦੇ ਆਧਾਰਾਂ ਦੇ ਵੇਰਵਾ ਹੇਠਾਂ ਦਿੱਤਾ ਗਿਆ ਹੈ :

### **1.8.4.1.1** ਨਾਂਵ ਵਾਕੰਸ਼ : ਪਛਾਣ ਦਾ ਆਧਾਰ-ਰੂਪ

ਰੂਪ ਦੇ ਆਧਾਰ 'ਤੇ ਨਾਂਵ-ਵਾਕੰਸ਼ ਦੀ ਪਛਾਣ ਸਥਾਪਤ ਕਰਨ ਲਈ ਤਿੰਨ ਮੁੱਖ ਢੰਗ ਹਨ : ਮੁੱਖ ਸ਼ਬਦ ਜਾਂ ਕੇਂਦਰੀ ਤੱਤ ਦੀ ਪਛਾਣ ਰਾਹੀਂ, ਸਬੰਧਕਾਂ ਰਾਹੀਂ ਅਤੇ ਨਾਂਵ ਵਾਕੰਸ਼ਾਂ ਦੇ ਵਿਚਰਨ ਸਥਾਨ ਰਾਹੀਂ।

### **1.8.4.1.2** ਨਾਂਵ ਵਾਕੰਸ਼ : ਪਛਾਣ ਦਾ ਆਧਾਰ-ਮੁੱਖ ਸ਼ਬਦ

ਸਾਧਾਰਨ ਬਿਆਨੀਆਂ ਵਾਕਾਂ ਦੀ ਬਣਤਰ ਵਿੱਚ ਵਿਚਰਣ ਵਾਲੇ ਉਸ ਸਮੂਹ ਨੂੰ ਨਾਂਵ ਵਾਕੰਸ਼ ਦਾ ਨਾਂ ਦਿੱਤਾ ਜਾਂਦਾ ਹੈ ਜਿਸ ਸ਼ਬਦ ਸਮੂਹ ਦਾ ਮੁੱਖ ਸ਼ਬਦ ਨਾਂਵ ਜਾਂ ਪੜਨਾਂਵ ਸ਼ਬਦ ਸ਼੍ਰੇਣੀ ਦਾ ਮੈਂਬਰ ਹੋਵੇ। ਸਾਧਾਰਨ ਸਥਿਤੀ ਵਿੱਚ ਮੁੱਖ ਸ਼ਬਦ ਨਾਂਵ

ਵਾਕੰਸ਼ ਦੇ ਅੰਤ 'ਤੇ ਵਿਚਰਦਾ ਹੈ ਜਾਂ ਫਿਰ ਉਸ ਤੋਂ ਪਿਛੇ 'ਨੇ' 'ਨੂੰ' ਸੰਬੋਧਕ ਵਿਚਰ ਸਕਦੇ ਹਨ। ਪੰਜਾਬੀ ਵਿੱਚ ਕਈ ਵਾਰ ਇਕ ਤੋਂ ਵਧੇਰੇ ਨਾਂਵ ਮੁੱਖ ਸ਼ਬਦਾਂ ਵਜੋਂ ਵਿਚਰਦੇ ਹਨ।

### 1.8.4.1.2.1.1 ਨਾਂਵ ਵਾਕੰਸ਼ : ਇਕ ਸ਼ਬਦੀ ਮੁੱਖ ਨਾਂਵ

ਇਸ ਪ੍ਰਕਾਰ ਦੀ ਵਾਕੰਸ਼ ਬਣਤਰ ਵਿੱਚ ਕੇਵਲ ਇਕ ਨਾਂਵ ਹੀ ਮੁੱਖ ਸ਼ਬਦ ਵਜੋਂ ਵਿਚਰਦਾ ਹੈ :

(ੳ) ਮੋਹਨ ਸਕੂਲ ਗਿਆ।

(ਅ) ਰਾਮ ਰੋਟੀ ਖਾਂਦਾ ਹੈ।

ਉਪਰੋਕਤ ਵਾਕਾਂ ਵਿੱਚ 'ਮੋਹਨ' 'ਰਾਮ' ਅਤੇ 'ਰੋਟੀ' ਤਿੰਨ ਇਕ ਸ਼ਬਦੀ ਮੁੱਖ ਨਾਂਵ ਹਨ।

### 1.8.4.1.2.1.2 ਨਾਂਵ-ਵਾਕੰਸ਼ : ਬਹੁ-ਸ਼ਬਦੀ ਮੁੱਖ ਨਾਂਵ

ਇਸ ਪ੍ਰਕਾਰ ਦੀ ਵਾਕੰਸ਼ ਜੁਗਤ ਵਿੱਚ ਦੋ ਜਾਂ ਵਧੇਰੇ ਨਾਂਵ ਸ਼ਬਦ, ਨਾਂਵ-ਵਾਕੰਸ਼ ਦੇ ਮੁੱਖ ਸ਼ਬਦਾਂ ਵਜੋਂ ਵਿਚਰ ਸਕਦੇ ਹਨ, ਜਿਵੇਂ :-

(ੳ) ਮੋਹਨ ਤੇ ਸੋਹਨ ਸਕੂਲ ਗਏ।

(ਅ) ਮੋਹਨ, ਸੋਹਨ ਤੇ ਸ਼ਾਮ ਸਕੂਲ ਗਏ।

ਵਾਕ (ੳ) ਅਤੇ (ਅ) ਵਿੱਚ ਕਰਮਵਾਰ ਦੋ ਅਤੇ ਤਿੰਨ ਨਾਂਵ, ਇਕ ਨਾਂਵ ਵਾਕੰਸ਼ ਦੇ ਹਿੱਸੇ ਵਜੋਂ ਵਿਚਰਦੇ ਹਨ ਅਤੇ ਇਹ ਸਾਰੇ ਨਾਂਵ-ਵਾਕੰਸ਼ਾਂ ਦੇ ਕੇਂਦਰੀ ਤੱਤ ਜਾਂ ਸ਼ਬਦਾਂ ਦੇ ਸੂਚਕ ਹਨ।

ਨਾਂਵ-ਵਾਕੰਸ਼ ਸੰਬੰਧੀ ਇਥੇ ਇਕ ਹੋਰ ਗੱਲ ਨੋਟ ਕਰਨ ਵਾਲੀ ਹੈ ਕਿ ਨਾਂਵ ਵਾਕੰਸ਼ਾਂ ਦੀ ਬਣਤਰ ਵਿੱਚੋਂ ਵਿਸ਼ੇਸ਼ਕ ਜਾਂ ਮੁੱਖ ਸ਼ਬਦਾਂ ਨੂੰ ਖਾਰਜ ਕੀਤਾ ਜਾ ਸਕਦਾ ਹੈ ਪਰ ਨਾਂਵ ਵਾਕੰਸ਼ ਦੀ ਬਣਤਰ ਲਈ ਘੱਟੋ ਘੱਟ ਇੱਕ ਮੁੱਖ ਸ਼ਬਦ ਦੀ ਲੋੜ ਰਹਿੰਦੀ ਹੈ। ਜਿਵੇਂ :

(ੳ) ਕਾਲਾ ਮੋਹਨ ਤੇ ਗੋਰਾ ਸੋਹਨ ਸਕੂਲ ਗਏ।

(ਅ) ਮੋਹਨ ਤੇ ਸੋਹਨ ਸਕੂਲ ਗਏ।

(ੲ) ਮੋਹਨ ਸਕੂਲ ਗਿਆ।

(ਸ) ਸੋਹਨ ਸਕੂਲ ਗਿਆ।

ਵਿਸ਼ੇਸ਼ਕਾਂ ਜਾਂ ਮੁੱਖ ਸ਼ਬਦਾਂ ਨੂੰ ਨਾਂਵ-ਵਾਕੰਸ਼ ਦੀ ਬਣਤਰ ਵਿਚੋਂ ਖਾਰਜ ਕਰਨ, ਨਾਲ ਵਾਕ ਦੀ ਵਿਆਕਰਨਕ ਸਥਿਤੀ 'ਤੇ ਕੋਈ ਅਸਰ ਨਹੀਂ ਪੈਂਦਾ ਪਰ ਵਾਕ ਦੇ ਅਰਥਾਂ 'ਤੇ ਲਾਜ਼ਮੀ ਅਸਰ ਪੈਂਦਾ ਹੈ। ਵਿਸ਼ੇਸ਼ਕ ਜਾਂ ਹੋਰ ਤੱਤਾਂ ਦੇ ਵਾਧੇ ਨਾਲ ਨਾਂਵ-ਵਾਕੰਸ਼ ਦੇ ਅਰਥਾਂ ਦੀ ਸੀਮਾ ਵਿੱਚ ਘਾਟਾ ਹੁੰਦਾ ਰਹਿੰਦਾ ਹੈ, ਜਿਵੇਂ :

(ੳ) ਘੋੜਾ ਹਿਣਕਦਾ ਹੈ।

(ਅ) ਰਾਮਗੜ੍ਹੀਏ ਸਰਦਾਰਾਂ ਦਾ ਡੱਬ ਖੜੱਬਾ ਘੋੜਾ ਹਿਣਕਦਾ ਹੈ।

ਵਾਕ (ੳ) ਅਤੇ (ਅ) ਦੀ ਬਣਤਰ ਵਿੱਚ ਭਾਵੇਂ ਕੋਈ ਅੰਤਰ ਨਹੀਂ ਪਰ ਵਾਕ (ਅ) ਵਿੱਚ 'ਘੋੜੇ' ਬਾਰੇ ਵਿਸਥਾਰ ਦਿੱਤਾ ਗਿਆ ਹੈ ਪਰ ਵਾਕ (ੳ) ਵਿੱਚੋਂ ਘੋੜੇ ਦੀ ਮਲਕੀਅਤ ਅਤੇ ਘੋੜੇ ਦੇ ਰੰਗ ਸੰਬੰਧੀ ਪਤਾ ਨਹੀਂ ਚਲਦਾ।

### 1.8.4.1.3 ਨਾਂਵ ਵਾਕੰਸ਼ : ਪਛਾਣ ਦਾ ਆਧਾਰ-ਸਬੰਧਕ

ਪੰਜਾਬੀ ਵਾਕ ਜੁਗਤ ਵਿੱਚ ਸੰਬੰਧਕ ਜਿਥੇ ਇਕ ਨਾਂਵ ਵਾਕੰਸ਼ ਦਾ ਨਾਂਵ ਵਾਕੰਸ਼ ਅਤੇ ਕਿਰਿਆ ਵਾਕੰਸ਼ ਨਾਲ ਸੰਬੰਧ ਦਰਸਾਉਂਦੇ ਹਨ ਉਥੇ ਇਨ੍ਹਾਂ ਦੁਆਰਾ ਨਾਂਵ ਵਾਕੰਸ਼ਾਂ ਦੀ ਪਛਾਣ ਸਥਾਪਤ ਹੁੰਦੀ ਹੈ। ਪੰਜਾਬੀ ਨਾਂਵ-ਵਾਕੰਸ਼ ਦੇ ਅੰਤ ਤੇ 'ਨੇ' 'ਨੂੰ' ਅਤੇ 'ਦਾ' ਸਬੰਧਕ ਜਦੋਂ ਮੁੱਖ ਸ਼ਬਦਾਂ ਦੇ ਅੰਤ 'ਤੇ ਆਉਂਦੇ ਹਨ ਤਾਂ ਉਹ ਮੁੱਖ ਸ਼ਬਦ/ਸ਼ਬਦ ਸਮੂਹ-ਵਾਕੰਸ਼ ਵਜੋਂ ਕਾਰਜ ਕਰਦੇ ਹਨ। 'ਨੇ' ਸੰਬੰਧਕ ਕਰਤਾ ਅਤੇ 'ਨੂੰ' ਸੰਬੰਧਕ ਕਰਮ ਦਾ ਸੂਚਕ ਹੈ। 'ਦਾ'

ਵਰਗਾਂ ਦੇ ਸੰਬੰਧਕ ਆਮ ਤੌਰ 'ਤੇ ਨਾਂਵ ਵਾਕੰਸ਼ ਬਣਤਰ ਦੀ ਅੰਦਰੂਨੀ ਜੁਗਤ ਦੇ ਮੈਂਬਰ ਹੁੰਦੇ ਹਨ ਅਤੇ ਦੋ-ਨਾਂਵ ਤੇ ਨਾਂਵ, ਵਿਸ਼ੇਸ਼ਕਾਂ ਤੇ ਨਾਵਾਂ ਨੂੰ ਮੇਲਦੇ ਹਨ ਪਰੰਤੂ ਪੰਜਾਬੀ ਵਾਕੰਸ਼ ਜੁਗਤ ਵਿੱਚ 'ਦਾ' ਵਰਗ ਦੇ ਸੰਬੰਧਕ ਕਈ ਵਾਰ ਨਾਂਵ-ਵਾਕੰਸ਼ ਦੇ ਸੂਚਕ ਵਜੋਂ ਵੀ ਹੁੰਦੇ ਹਨ ਜਿਵੇਂ : 'ਰਾਮ ਦਾ ਮੁੰਡਾ, ਇਹ ਮੁੰਡਾ ਰਾਮ ਦਾ ਹੈ' ਪਹਿਲੇ ਵਾਕੰਸ਼ ਵਿੱਚ 'ਦਾ' ਦੋ ਨਾਵਾਂ ਨੂੰ ਜੋੜਦਾ ਹੈ ਪਰ ਦੂਜੇ ਵਾਕ ਵਿੱਚ 'ਦਾ' ਇਕ ਨਾਂਵ ਵਾਕੰਸ਼ ਦਾ ਸੂਚਕ ਚਿੰਨ੍ਹ ਹੈ। ਸੰਬੰਧਕਾਂ ਦੀ ਵਰਤੋਂ ਉਸ ਵਕਤ ਹੀ ਹੁੰਦੀ ਹੈ ਜਦੋਂ ਨਾਂਵ ਸੰਬੰਧਕੀ ਰੂਪ ਵਿੱਚ ਵਿਚਰਦੇ ਹੋਣ। ਸਾਧਾਰਨ ਕਾਰਕੀ ਰੂਪਾਂ ਵਿੱਚ ਸੰਬੰਧਕਾਂ ਦੀ ਵਰਤੋਂ ਨਹੀਂ ਹੁੰਦੀ। ਸਾਧਾਰਨ ਅਤੇ ਸੰਬੰਧਕੀ ਵਾਕੰਸ਼ਾਂ ਦੀਆਂ ਉਦਾਹਰਣਾਂ ਹੇਠ ਦਿੱਤੀਆਂ ਗਈਆਂ ਹਨ :-

(ੳ) ਮੁੰਡਾ ਦੌੜਦਾ ਹੈ।

(ਅ) ਮੁੰਡੇ ਨੇ ਕੁੜੀ ਨੂੰ ਮਾਰਿਆ।

(ੲ) ਇਹ ਪਰਸ ਕਾਲੀ ਕੁੜੀ ਦਾ ਹੈ।

(ਸ) ਕਾਲੀ ਕੁੜੀ ਦਾ ਪਰਸ ਟੁੱਟ ਗਿਆ।

ਵਾਕ (ੳ) ਵਿੱਚ ਵਿਚਰਦਾ ਇਕੋ ਨਾਂਵ ਵਾਕੰਸ਼ ਸੰਬੰਧਕ ਰਹਿਤ ਹੈ। ਵਾਕ (ਅ) ਤੇ (ੲ) ਵਿੱਚ 'ਨੇ', 'ਨੂੰ', 'ਦਾ' ਸੰਬੰਧਕ ਨਾਂਵ ਵਾਕੰਸ਼ਾਂ ਦੇ ਸੂਚਕ ਹਨ। ਵਾਕ (ਸ) ਵਿੱਚ 'ਦਾ' ਸੰਬੰਧਕ ਦੀ ਵਰਤੋਂ ਹੋਈ ਹੈ ਪਰ ਇਹ ਸੰਬੰਧਕ ਵਾਕੰਸ਼ ਦੀ ਸਿਰਜਨਾ ਨਹੀਂ ਕਰਦਾ ਸਗੋਂ ਇਥੇ ਇਹ ਵਾਕੰਸ਼ ਦੇ ਅੰਦਰੂਨੀ ਮੈਂਬਰ ਦੇ ਤੌਰ 'ਤੇ ਵਿਚਰਦਾ ਹੈ।

### 1.8.4.2 ਨਾਂਵ ਵਾਕੰਸ਼ : ਵਿਚਰਨ ਸਥਾਨ ਅਤੇ ਕਾਰਜ

ਵਿਚਰਨ ਸਥਾਨ ਦੇ ਪੱਖ ਤੋਂ ਸਾਧਾਰਨ ਬਿਆਨੀਆਂ ਵਾਕਾਂ ਦੀ ਬਣਤਰ ਵਿੱਚ ਇੱਕ ਤੋਂ ਲੈ ਕੇ ਚਾਰ ਤੱਕ ਨਾਂਵ ਵਾਕੰਸ਼ ਵਿਚਰ ਸਕਦੇ ਹਨ। ਇਨ੍ਹਾਂ ਵਾਕੰਸ਼ਾਂ ਦੀ ਵਿਚਰਨ ਤਰਤੀਬ ਵੀ ਨਿਸ਼ਚਿਤ ਹੈ ਪਰ ਵਿਸ਼ੇਸ਼ ਪ੍ਰਕਾਰ ਦੀ ਸ਼ੈਲੀਗਤ ਭਾਸ਼ਾ ਵਿੱਚ ਤਰਤੀਬ ਨੂੰ ਤੋੜਿਆ ਜਾਂ ਬਦਲਿਆ ਜਾ ਸਕਦਾ ਹੈ। ਵਾਕਾਂ ਦੀ ਬਣਤਰ ਵਿੱਚ ਵਾਕੰਸ਼ਾਂ ਦੀ ਤਰਤੀਬ ਆਮ ਤੌਰ 'ਤੇ 'ਕਰਤਾ ਨਾਂਵ ਵਾਕੰਸ਼ + ਅਪਰਧਾਨ ਕਰਮ ਨਾਂਵ ਵਾਕੰਸ਼ + ਪਰਧਾਨ ਕਰਮ ਨਾਂਵ ਵਾਕੰਸ਼ + ਕਿਰਿਆ ਵਾਕੰਸ਼' ਵਾਲੀ ਹੁੰਦੀ ਹੈ। ਕਰਤਾ ਨਾਂਵ ਵਾਕੰਸ਼ ਪਹਿਲੇ ਸਥਾਨ 'ਤੇ ਵਿਚਰਦਾ ਹੈ। ਜਦੋਂ ਕਿਸੇ ਵਾਕ ਵਿੱਚ ਦੋ ਕਰਮ ਆਉਣ ਤਾਂ ਪਰਧਾਨ ਕਰਮ ਅਪਰਧਾਨ ਕਰਮ ਤੋਂ ਪਿਛੋਂ ਆਉਂਦਾ ਹੈ ਅਤੇ ਕਿਰਿਆ ਵਾਕੰਸ਼ ਦਾ ਸਥਾਨ ਵਾਕ ਦੇ ਅੰਤ 'ਤੇ ਹੁੰਦਾ ਹੈ। ਇਨ੍ਹਾਂ ਦੀਆਂ ਉਦਾਹਰਣਾਂ ਹੇਠ ਦਿੱਤੀਆਂ ਗਈਆਂ ਹਨ, ਜਿਵੇਂ :

| | | | | | |
|---|---|---|---|---|---|
| (ੳ) | ਸਾਡੀ ਜਮਾਤ ਦੇ ਮੁੰਡੇ ਦੌੜਦੇ ਹਨ। | | | | |
| | ਕਰਤਾ ਨਾਂਵ ਵਾਕੰਸ਼ | ਕਿਰਿਆ ਵਾਕੰਸ਼ | | | |
| (ਅ) | ਮਾਂ ਨੇ | ਮੁੰਡੇ ਨੂੰ | ਮਾਰਿਆ। | | |
| | ਕਰਤਾ ਨਾਂਵ | ਕਰਮ-ਨਾਂਵ | ਕਿਰਿਆ ਵਾਕੰਸ਼ | | |
| (ੲ) | ਮਾਂ ਨੇ | ਮੁੰਡੇ ਨੂੰ | ਦਵਾਈ | ਪਿਆਈ। | |
| | ਕਰਤਾ ਨ. ਵ. | ਅਪਰਧਾਨ ਕਰਮ | ਪਰਧਾਨ ਕਰਮ | ਕਿਰਿਆ-ਵਾਕੰਸ਼ | |
| (ਸ) | ਮਾਂ ਨੇ | ਮੁੰਡੇ ਨੂੰ | ਪਿਤਾ ਤੋਂ | ਪੈਸੇ | ਦੁਆਏ। |
| | ਕਰਤਾ ਨ. ਵ. | ਅ. ਕਰਮ | ਅ. ਕਰਮ | ਪ. ਕਰਮ | ਕਿਰਿਆ-ਵ |

ਵਾਕ (ੳ) ਵਿੱਚ ਕੇਵਲ ਕਰਤਾ ਨਾਂਵ ਵਾਕੰਸ਼ ਹੀ ਵਿਚਰਦਾ ਹੈ। ਵਾਕ (ਅ) ਵਿੱਚ ਕਰਤਾ ਦੇ ਨਾਲ ਨਾਲ ਕਰਮ 'ਮੁੰਡੇ ਨੂੰ' ਵੀ ਆਇਆ ਹੈ। ਵਾਕ (ੲ) ਵਿੱਚ ਇਕ ਕਰਤਾ 'ਮਾਂ ਨੇ' ਅਤੇ ਦੋ ਕਰਮ - 'ਮੁੰਡੇ ਨੂੰ' ਤੇ 'ਦਵਾਈ' ਵਿਚਰਦੇ ਹਨ। ਵਾਕ (ਸ) ਵਿੱਚ ਚਾਰ ਨਾਂਵ-ਵਾਕੰਸ਼ 'ਕਰਤਾ + ਅਪਰਧਾਨ ਕਰਮ + ਅਪਰਧਾਨ + ਪਰਧਾਨ ਕਰਮ' ਚਾਰ ਨਾਂਵ ਵਾਕੰਸ਼ ਵਿਚਰਦੇ ਹਨ।

ਪੰਜਾਬੀ ਭਾਸ਼ਾਂ ਦੇ ਵਾਕਾਂ ਵਿੱਚ ਵਿਚਰਨ ਵਾਲੇ ਭਿੰਨ ਭਿੰਨ ਨਾਂਵ-ਵਾਕੰਸ਼ ਭਿੰਨ ਭਿੰਨ ਕਾਰਜ ਕਰਦੇ ਹਨ। ਕਾਰਜ ਦੇ ਪੱਧਰ ਦੀ ਪਛਾਣ ਸਥਾਪਤੀ ਰਾਹੀਂ ਨਾਂਵ ਵਾਕੰਸ਼ ਦੀ ਪਛਾਣ ਸਥਾਪਤੀ ਹੁੰਦੀ ਹੈ। ਨਾਂਵ-ਵਾਕੰਸ਼ ਦੇ ਦੋ ਪਹਿਲੂ ਹਨ : ਰੂਪ ਅਤੇ ਕਾਰਜ। ਰੂਪ ਦੇ ਪੱਧਰ 'ਤੇ ਨਾਂਵ ਅਤੇ ਨਾਂਵ ਵਾਕੰਸ਼ਾਂ ਵਿੱਚ ਵਿਚਰਨ ਵਾਲੇ ਮੁੱਖ ਤੱਤਾਂ ਦਾ ਰੂਪ ਅਤੇ ਉਨ੍ਹਾਂ ਨਾਲ ਜੁੜਿਆ ਕਾਰਜ ਨਾਂਵ ਵਾਕੰਸ਼ ਦੀ ਸਥਾਪਤੀ ਦਾ ਅਧਾਰ ਬਣਦੇ ਹਨ, ਜਿਵੇਂ : ਕਰਤਾ ਨਾਂਵ-ਵਾਕੰਸ਼, ਟਕਸਾਲੀ ਵਾਰਤਕ ਵਿੱਚ ਵਾਕ ਦੇ ਪਹਿਲੇ ਸਥਾਨ 'ਤੇ ਵਿਚਰਦਾ ਹੈ ਅਤੇ ਕਰਤਾ ਦੀ ਪਛਾਣ ਲਈ ਕਿਰਿਆ ਵਿੱਚ 'ਕੌਣ' ਪ੍ਰਸ਼ਨ ਸੂਚਕ ਸ਼ਬਦ ਲਗਾ ਕੇ ਪ੍ਰਸ਼ਨ ਬੋਧਕ ਬਣਾ ਲਿਆ ਜਾਂਦਾ ਹੈ ਅਤੇ ਜੋ ਉੱਤਰ ਆਵੇ ਉਹ ਤੱਤ ਵਾਕ ਦਾ ਕਰਤਾ ਹੁੰਦਾ ਹੈ। ਇਸੇ ਪ੍ਰਕਾਰ 'ਕੀ' ਪ੍ਰਸ਼ਨ ਸੂਚਕ ਵਰਤੋਂ ਨਾਲ ਕਰਮ ਦਾ ਪਤਾ ਚਲਦਾ ਹੈ, ਜਿਵੇਂ : 'ਮੁੰਡੇ ਨੇ ਰੋਟੀ ਖਾਧੀ' ਵਿੱਚ 'ਕੀ' ਦੀ ਵਰਤੋਂ ਨਾਲ 'ਰੋਟੀ' ਕਰਮ ਦਾ ਪਤਾ ਚਲਦਾ ਹੈ। ਇਸ ਪ੍ਰਕਾਰ ਵਾਕ ਵਿੱਚ ਜਿਸ 'ਤੇ ਕਾਰਜ ਹੋਇਆ ਹੋਵੇ ਉਸ ਨੂੰ 'ਕਿਸ ਨੂੰ' ਰਾਹੀਂ ਪਛਾਣਿਆ ਜਾ ਸਕਦਾ ਹੈ, ਜਿਵੇਂ : 'ਮੁੰਡੇ ਨੇ ਕੁੜੀ ਨੂੰ ਚਾਹ ਦਿੱਤੀ' ਵਿੱਚ 'ਕੁੜੀ ਨੂੰ' ਹੈ, ਜੋ ਇਸ ਵਾਕ ਵਿੱਚ ਅਪਰਧਾਨ ਕਰਮ ਦੇ ਤੌਰ 'ਤੇ ਵਿਚਰਦਾ ਹੈ।

## 1.8.4.3 ਨਾਂਵ ਵਾਕੰਸ਼ : ਵਰਗੀਕਰਨ

ਰੂਪ ਦੇ ਪੱਖ ਤੋਂ ਪੰਜਾਬੀ ਨਾਂਵ-ਵਾਕੰਸ਼ਾਂ ਨੂੰ ਸੰਬੰਧਕਾਂ ਦੀ ਆਮਦ ਅਤੇ ਸੰਬੰਧਕਾਂ ਤੋਂ ਰਹਿਤ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ ਜਿਨ੍ਹਾਂ ਨਾਂਵ ਵਾਕੰਸ਼ਾਂ ਦੇ ਕੇਂਦਰੀ ਤੱਤ/ਕੇਂਦਰੀ ਨਾਂਵ-ਸਬੰਧਕੀ ਹੁੰਦੇ ਹਨ ਉਨ੍ਹਾਂ ਨਾਲ ਸੰਬੰਧਕਾਂ ਦੀ ਵਰਤੋਂ ਹੁੰਦੀ ਹੈ। ਪਰ ਦੂਜੇ ਪਾਸੇ ਜਿਹੜੇ ਨਾਂਵ ਸਬੰਧਕੀ ਨਹੀਂ ਹੁੰਦੇ ਉਨ੍ਹਾਂ ਨਾਲ ਸੰਬੰਧਕਾਂ ਦੀ ਵਰਤੋਂ ਨਹੀਂ ਹੁੰਦੀ। ਇਸ ਆਧਾਰ 'ਤੇ ਪੰਜਾਬੀ ਨਾਂਵ-ਵਾਕੰਸ਼ ਨੂੰ 'ਸੰਬੰਧਕ ਸਹਿਤ ਅਤੇ ਸੰਬੰਧਕ-ਰਹਿਤ' - ਦੋ ਭਾਗਾਂ ਵਿੱਚ ਵੰਡਿਆ ਗਿਆ ਹੈ।

### 1.8.4.3.1 ਸੰਬੰਧਕ-ਰਹਿਤ ਨਾਂਵ-ਵਾਕੰਸ਼

ਇਸ ਭਾਂਤ ਦੇ ਨਾਂਵ-ਵਾਕੰਸ਼ਾਂ ਦੀ ਬਣਤਰ ਸੰਬੰਧਕਾਂ 'ਤੇ ਨਿਰਭਰ ਨਹੀਂ ਕਰਦੀ। ਮਾਤ-ਭਾਸ਼ਾਈ ਬੁਲਾਰਿਆਂ ਨੂੰ ਵਾਕੰਸ਼ਾਂ ਵਿੱਚ ਵੰਡ ਕਰਨੀ ਕੋਈ ਔਖੀ ਨਹੀਂ ਲਗਦੀ ਪਰੰਤੂ ਦੂਜੀ/ਬਦੇਸ਼ੀ ਭਾਸ਼ਾ ਦੇ ਤੌਰ 'ਤੇ ਵਰਤਣ ਵਾਲਿਆਂ ਲਈ ਵੰਡ ਕਰਨ ਵਿੱਚ ਕਠਿਨਾਈ ਆਉਂਦੀ ਹੈ। ਹੇਠਾਂ ਸੰਬੰਧਕ ਰਹਿਤ ਨਾਂਵ-ਵਾਕੰਸ਼ਾਂ ਦੀਆਂ ਉਦਾਹਰਣਾਂ ਦਿੱਤੀਆਂ ਗਈਆਂ ਹਨ, ਜਿਵੇਂ :

(ੳ) ਮੁੰਡਾ ਰੋਂਦਾ ਹੈ।

(ਅ) ਮੁੰਡਾ ਤੇ ਕੁੜੀ ਰੋਂਦੇ ਹਨ।

(ੲ) ਮੁੰਡਾ ਅੰਬ ਚੂਪਦਾ ਹੈ।

ਉਪਰੋਕਤ ਵਾਕਾਂ ਵਿੱਚ ਮੋਟੇ ਸ਼ਬਦ ਸੰਬੰਧਕ ਰਹਿਤ ਨਾਂਵ ਵਾਕੰਸ਼ ਹਨ।

### 1.8.4.3.2 ਸੰਬੰਧਕ ਸਹਿਤ ਨਾਂਵ-ਵਾਕੰਸ਼

ਇਸ ਭਾਂਤ ਦੇ ਨਾਂਵ-ਵਾਕੰਸ਼ ਦੀ ਬਣਤਰ ਸੰਬੰਧਕਾਂ 'ਤੇ ਨਿਰਭਰ ਕਰਦੀ ਹੈ। ਜਿਵੇਂ : ਪਹਿਲਾਂ ਵੀ ਦੱਸਿਆ ਜਾ ਚੁੱਕਾ ਹੈ ਕਿ ਪੰਜਾਬੀ ਵਿੱਚ 'ਨੇ, ਨੂੰ' ਅਤੇ ਕਈ ਵਾਰ 'ਦਾ' ਵਾਕੰਸ਼ ਸੂਚਕ ਸੰਬੰਧਕ ਹਨ। ਇਹ ਸੰਬੰਧਕ ਵਾਕੰਸ਼ਾਂ ਦੇ ਅੰਤ 'ਤੇ ਵਿਚਰਦੇ ਹਨ, ਜਿਵੇਂ :

(ੳ) ਮੁੰਡੇ ਨੇ ਦੁੱਧ ਪੀਤਾ।

(ਅ) ਮੁੰਡੇ ਨੇ ਸੱਪ ਨੂੰ ਮਾਰਿਆ।

(ੲ) ਉਹ ਕੁੜੀ ਸ਼ਾਮ ਦੀ ਹੈ।

## 1.8.4.4 ਨਾਂਵ-ਵਾਕੰਸ਼ : ਵਿਚਰਨ ਤੱਤ

ਨਾਂਵ ਵਾਕੰਸ਼ ਦੀ ਬਣਤਰ ਵਿੱਚ ਵਿਚਰਨ ਵਾਲੇ/ਕਾਰਜ ਕਰਨ ਵਾਲੇ ਤੱਤਾਂ ਦੇ ਆਧਾਰ 'ਤੇ ਇਨ੍ਹਾਂ ਨੂੰ ਸ਼ਬਦੀ ਅਤੇ

ਬਹੁ-ਸ਼ਬਦੀ ਦੀ ਵੰਡ ਵਿੱਚ ਰੱਖਿਆ ਜਾਂਦਾ ਹੈ। ਇਕ ਸ਼ਬਦੀ ਨਾਂਵ-ਵਾਕੰਸ਼ ਦੀ ਬਣਤਰ ਵਿੱਚ ਕੋਈ ਨਾਂਵ ਜਾਂ ਪੜਨਾਂਵ ਸ਼ਬਦ ਸ਼੍ਰੇਣੀ ਦਾ ਮੈਂਬਰ ਵਿਚਰਦਾ ਹੈ ਅਤੇ ਬਹੁ-ਸ਼ਬਦੀ ਨਾਂਵ-ਵਾਕੰਸ਼ ਦੀ ਬਣਤਰ ਵਿੱਚ ਘੱਟੋ ਘੱਟ ਇਕ ਨਾਂਵ ਮੁੱਖ ਸ਼ਬਦ ਵਜੋਂ ਅਤੇ ਇਕ ਤੋਂ ਵਧੀਕ ਸ਼ਬਦ ਕਿਸੇ ਵੀ ਸ਼ਬਦ ਸ਼੍ਰੇਣੀ ਦੇ ਮੈਂਬਰ ਵਿਚਰ ਸਕਦੇ ਹਨ। ਇਹ ਸ਼ਬਦ-ਸ਼੍ਰੇਣੀਆਂ ਇਸ ਪ੍ਰਕਾਰ ਹਨ : ਵਿਸ਼ੇਸ਼ਕ, ਦਬਾ ਬੋਧਕ ਸ਼ਬਦ, ਨਾਂਹ-ਬੋਧਕ ਸ਼ਬਦ, ਆਦਰ ਬੋਧਕ ਸ਼ਬਦ ਆਦਿ, ਜਿਵੇਂ :-

(ੳ) ਕੁੱਤਾ ਦੌੜਦਾ ਹੈ।

(ਅ) ਇਕ ਕਾਲਾ ਕੁੱਤਾ ਦੌੜਦਾ ਹੈ।

(ੲ) ਮੇਰੇ ਭਰਾ ਦਾ ਇਕ ਬਹੁਤ ਕਾਲਾ ਕੁੱਤਾ ਦੌੜਦਾ ਹੈ।

(ਸ) ਮੁੰਡੇ ਦੀ ਮਾਂ ਦੇ ਚਾਚੇ ਦੇ ਸਹੁਰਿਆਂ ਦਾ .......... ਹੈ।

ਵਾਕ (ੳ) ਵਿੱਚ ਕੇਵਲ ਮੁੱਖ ਨਾਂਵ, ਨਾਂਵ-ਵਾਕੰਸ਼ ਵਜੋਂ ਵਿਚਰਦਾ ਹੈ (ਅ) ਅਤੇ (ੲ) ਵਾਕਾਂ ਵਿੱਚ ਮੁੱਖ ਨਾਂਵ ਨਾਲ ਹੋਰ ਸ਼ਬਦ ਵੀ ਜੋੜੇ ਗਏ ਹਨ (ਸ) ਵਾਕ ਵਿਚਲੇ ਨਾਂਵ ਵਾਕੰਸ਼ ਦੀ ਬਣਤਰ ਅਸੀਮਤ ਸ਼ਬਦੀ ਹੈ। ਪੰਜਾਬੀ ਦੇ 'ਦਾ' ਵਰਗ ਦੇ ਸੰਬੰਧਕਾਂ ਦੀ ਬਣਤਰ ਵਿੱਚ ਵਿਚਰਨ ਵਾਲੇ ਤੱਤਾਂ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ :

### 1.8.4.4.1 ਨਾਂਵ

ਨਾਂਵ-ਵਾਕੰਸ਼ ਦੀ ਬਣਤਰ ਵਿੱਚੋਂ ਘੱਟੋ-ਘੱਟ ਇਕ ਨਾਂਵ ਮੁੱਖ ਸ਼ਬਦ ਵਜੋਂ ਵਿਚਰਦਾ ਹੈ। ਇਕ ਤੋਂ ਇਲਾਵਾ ਹੋਰ ਨਾਂਵ ਸ਼ਬਦ ਸ਼੍ਰੇਣੀ ਦੇ ਮੈਂਬਰ ਵੀ ਵਿਚਰ ਸਕਦੇ ਹਨ। ਉਹ ਸ਼ਬਦ ਜਾਂ ਤਾਂ ਮੁੱਖ ਸ਼ਬਦ ਸ਼੍ਰੇਣੀ ਦੇ ਮੈਂਬਰ ਹੁੰਦੇ ਹਨ ਜਾਂ ਫਿਰ ਮੁੱਖ ਦੇ ਵਿਸ਼ੇਸ਼ਕਾਂ ਵਜੋਂ ਵਿਚਰਦੇ ਹਨ, ਜਿਵੇਂ 'ਰਾਮ, ਮੋਹਨ ਤੇ ਸ਼ਾਮ' ਵਿੱਚ ਤਿੰਨ ਨਾਂਵ ਮੁੱਖ ਸ਼ਬਦ ਵਜੋਂ ਵਿਚਰਦੇ ਹਨ ਅਤੇ ਇਹ ਤਿੰਨੋਂ ਮਿਲ ਕੇ ਨਾਂਵ ਵਾਕੰਸ਼ ਦੀ ਸਿਰਜਨਾ ਕਰਦੇ ਹਨ ਪਰ 'ਮੇਰੀ ਭੈਣ ਗੀਤਾ ਦਾ ਮੁੰਡਾ ਪਿੰਡ ਗਿਆ' ਵਿੱਚ 'ਮੁੰਡਾ' ਮੁੱਖ ਨਾਂਵ ਹੈ ਅਤੇ ਇਸ ਤੋਂ ਇਲਾਵਾ 'ਭੈਣ ਤੇ ਗੀਤਾ' ਹੋਰ ਦੋ ਨਾਂਵ ਹਨ ਤੇ ਮੁੱਖ ਨਾਂਵ ਦੇ ਵਿਸ਼ੇਸ਼ਕਾਂ ਵਜੋਂ ਹੀ ਕਾਰਜ ਕਰਦੇ ਹਨ। ਮੁੱਖ ਨਾਂਵ ਦੇ ਸਹਿ-ਮੈਂਬਰਾਂ ਵਜੋਂ ਨਹੀਂ। ਰੂਪ ਦੇ ਪੱਖ ਤੋਂ ਨਾਂਵ ਸ਼ਬਦਾਵਲੀ ਰੂਪਾਂਤਰ ਰਹਿਤ ਅਤੇ ਰੂਪਾਂਤਰ ਸਹਿਤ ਹੁੰਦੀ ਹੈ। ਰੂਪਾਂਤਰ ਰਹਿਤ ਸ਼੍ਰੇਣੀ ਵਿੱਚ ਉਸ ਭਾਂਤ ਦੇ ਨਾਵਾਂ ਨੂੰ ਰੱਖਿਆ ਜਾਂਦਾ ਹੈ ਜੋ ਵਚਨ ਜਾਂ ਕਾਰਕ ਅਨੁਸਾਰ ਰੂਪ ਨਹੀਂ ਵਟਾਂਦੇ। ਰੂਪਾਂਤਰ ਸਹਿਤ ਸ਼੍ਰੇਣੀ ਵਿੱਚ ਉਨ੍ਹਾਂ ਸਾਰੇ ਸ਼ਬਦਾਂ ਨੂੰ ਰੱਖਿਆ ਜਾਂਦਾ ਹੈ ਜੋ ਵਚਨ ਜਾਂ ਕਾਰਕ ਅਨੁਸਾਰ ਵਾਕ ਵਿੱਚ ਆਪਣਾ ਰੂਪ ਬਦਲ ਲੈਂਦੇ ਹਨ। ਰੂਪਾਂਤਰ ਰਹਿਤ ਨਾਂਵ ਵਿੱਚ ਆਮ ਤੌਰ 'ਤੇ ਖਾਸ ਨਾਵਾਂ : ਰਾਮ, ਸ਼ਾਮ, ਦਲੀਪ ਸਿੰਘ ਆਦਿ ਨੂੰ ਰੱਖਿਆ ਜਾਂਦਾ ਹੈ ਅਤੇ ਬਾਕੀ ਸਾਰੇ ਨਾਵਾਂ ਨੂੰ ਰੂਪਾਂਤਰ ਸਹਿਤ ਸ਼੍ਰੇਣੀ ਵਿੱਚ ਰੱਖਿਆ ਜਾਂਦਾ ਹੈ।

### 1.8.4.4.2 ਪੜਨਾਂਵ

ਜੋ ਸ਼ਬਦ ਕਿਸੇ ਨਾਂਵ ਦੇ ਸਥਾਨ 'ਤੇ ਵਰਤਿਆ ਜਾਵੇ ਉਸ ਨੂੰ ਪੜਨਾਂਵ ਕਿਹਾ ਜਾਂਦਾ ਹੈ। ਇਸ ਪ੍ਰਕਾਰ ਪੜਨਾਂਵ/ਨਾਂਵ ਵਿਸ਼ੇਸ਼ ਹਾਲਤਾਂ ਵਿੱਚ ਵਿਕਲਪੀ ਸ਼ਬਦ ਹਨ, ਜਿਵੇਂ 'ਮੇਰਾ ਭਰਾ ਪਿੰਡੋਂ ਆਇਆ ਤੇ ਫਿਰ ਉਹ ਸ਼ਹਿਰ ਚਲਾ ਗਿਆ।' ਇਸ ਵਾਕ ਵਿੱਚ 'ਉਹ' ਨਾਂਵ ਦੀ ਥਾਂ ਦੂਜੇ ਉਪ ਵਾਕ ਵਿੱਚ ਵਰਤਿਆ ਗਿਆ ਹੈ। ਪੜਨਾਂਵ ਸ਼ਬਦ ਸੀਮਤ ਸ਼ਬਦ ਸ਼੍ਰੇਣੀ ਦੇ ਮੈਂਬਰ ਹਨ ਇਨ੍ਹਾਂ ਦੀ ਸ਼ਬਦਾਵਲੀ ਦੇ ਕੁਝ ਸ਼ਬਦ ਹੀ ਹਨ, ਜਿਵੇਂ ਮੈਂ, ਉਹ, ਤੂੰ ਆਦਿ।

### 1.8.4.4.3 ਵਿਸ਼ੇਸ਼ਕ

ਨਾਂਵ-ਵਾਕੰਸ਼ ਦੀ ਬਣਤਰ ਵਿੱਚ ਵਿਚਰਨ ਵਾਲੇ ਮੁੱਖ (ਨਾਂਵ) ਸ਼ਬਦਾਂ ਤੋਂ ਇਲਾਵਾ ਬਾਕੀ ਸਾਰੇ ਸ਼ਬਦ ਮੁੱਖ ਨਾਂਵ ਦੇ ਵਿਸ਼ੇਸ਼ਕ ਵਜੋਂ ਕਾਰਜ ਕਰਨ ਵਾਲੇ ਸ਼ਬਦ, ਸ਼ਬਦ ਸ਼੍ਰੇਣੀ ਦੇ ਪੱਧਰ 'ਤੇ ਵਿਸ਼ੇਸ਼ਣ, ਨਾਂਵ, ਸੰਬੰਧਕ ਬੋਧਕ ਦਬਾ/ਨਾਂਹ ਬੋਧਕ, ਆਦਰ ਬੋਧਕ, ਕਿਰਿਆ ਆਦਿ ਨਾਲ ਸੰਬੰਧਤ ਹੁੰਦੇ ਹਨ। ਨਾਂਵ ਵਾਕੰਸ਼ ਬਣਤਰ ਵਿੱਚ ਵਿਸ਼ੇਸ਼ਕਾਂ ਦੀ ਆਮਦ ਨਾਲ ਵਾਧਾ ਤਾਂ ਹੁੰਦਾ ਹੀ ਹੈ ਪਰ ਇਸ ਨਾਲ ਵਿਸ਼ੇਸ਼ਕ ਮੁੱਖ ਨਾਂਵ ਦੇ ਅਰਥਾਂ ਵਿੱਚ ਵਿਸਥਾਰ ਜਾਂ ਸੰਕੁਚਨ ਪੈਦਾ ਕਰਦੇ ਹਨ। ਪੰਜਾਬੀ ਨਾਂਵ ਵਾਕੰਸ਼ ਜੁਗਤ ਵਿੱਚ 'ਨੇ, ਨੂੰ' ਜਾਂ ਕੁਝ ਹਾਲਤਾਂ ਵਿੱਚ 'ਦਾ' ਵਰਗ ਦੇ ਸੰਬੰਧਕ ਨਾਂਵ ਤੋਂ ਬਾਅਦ ਆਉਂਦੇ ਹਨ ਪਰ ਵਿਸ਼ੇਸ਼ਕਾਂ ਦਾ ਸਥਾਨ ਮੁੱਖ ਨਾਂਵ ਤੋਂ ਪਹਿਲਾਂ ਹੁੰਦਾ ਹੈ। ਪੰਜਾਬੀ ਵਾਕ ਬਣਤਰ ਦੀ ਇਕ ਬਣਤਰ ਅਜਿਹੀ ਵੀ ਹੈ ਜਿਸ ਵਿੱਚ 'ਨਾਂਵ-ਵਿਸ਼ੇਸ਼ਕ' ਮੁੱਖ ਨਾਂਵ ਦੀ ਵਿਸ਼ੇਸ਼ਤਾ ਦਾ ਕਾਰਜ ਕਰ ਰਹੇ ਹੁੰਦੇ ਹਨ, ਜਿਵੇਂ :(ੳ) ਕਾਲਾ ਮੁੰਡਾ

ਆਇਆ ਹੈ।

(ਅ) ਉਹ ਮੁੰਡਾ ਕਾਲਾ ਹੈ।

ਵਾਕ (ੳ) ਅਤੇ (ਅ) ਵਿੱਚ 'ਕਾਲਾ' ਵਿਸ਼ੇਸ਼ਣ ਸ਼ਬਦ ਸ਼੍ਰੇਣੀ ਦਾ ਮੈਂਬਰ ਹੈ ਪਰ ਪਹਿਲੇ ਵਾਕ ਵਿੱਚ ਨਾਂ ਵਾਕੰਸ਼ 'ਕਾਲਾ ਮੁੰਡਾ' ਦਾ ਹਿੱਸਾ ਹੈ ਅਤੇ (ਅ) ਵਾਕ ਵਿੱਚ 'ਕਾਲਾ' ਵਿਸ਼ੇਸ਼ਣੀ ਵਾਕੰਸ਼ ਵਜੋਂ ਅਲੱਗ ਹਸਤੀ ਰੱਖਦਾ ਹੈ। ਇਸ ਤੋਂ ਇਲਾਵਾ ਨਾਂਵ ਸ਼੍ਰੇਣੀ ਦੇ ਸ਼ਬਦ ਵੀ ਆ ਜਾਂਦੇ ਹਨ :-

(ੲ) ਮੇਰਾ ਭਰਾ ਗੋਪਾਲ ਆਇਆ ਹੈ।

(ਸ) ਗੋਪਾਲ ਦੀ ਭੈਣ ਸੀਤਾ ਦੌੜ ਰਹੀ ਹੈ।

ਵਾਕ (ੲ) ਤੇ (ਸ) ਵਿੱਚ ਗੋਪਾਲ ਤੇ ਸੀਤਾ ਦਾ ਪਹਿਲੇ ਨਾਵਾਂ ਨਾਲ ਅਪੋਸਟਿਵ ਸੰਬੰਧ ਹੈ।

### 1.8.4.4 ਸੰਬੰਧਕ

ਸੰਬੰਧਕ ਸੀਮਤ ਸ਼ਬਦ ਸ਼੍ਰੇਣੀ ਦੇ ਮੈਂਬਰ ਹਨ। ਇਸ ਸ਼ਬਦ, ਵਾਕੰਸ਼/ਉਪਵਾਕ ਦਾ ਦੂਜੇ ਸ਼ਬਦਾਂ/ਵਾਕੰਸ਼ਾਂ ਉਪ-ਵਾਕਾਂ ਨਾਲ ਸੰਬੰਧ ਸਥਾਪਿਤ ਕਰਦੇ ਹਨ। ਪੰਜਾਬੀ ਦੇ ਸੰਬੰਧਕਾਂ ਵਿੱਚ 'ਨੇ', ਨੂੰ, ਦਾ, ਤੋਂ ਲਈ ਆਦਿ ਸ਼ਬਦਾਂ ਨੂੰ ਰੱਖਿਆ ਜਾਂਦਾ ਹੈ। ਸੰਬੰਧਕ ਤੋਂ ਪਹਿਲਾਂ ਆਉਣ ਵਾਲੇ ਸ਼ਬਦ ਸੰਬੰਧਕੀ ਹੁੰਦੇ ਹਨ। ਇਨ੍ਹਾਂ ਸ਼ਬਦਾਂ ਦੇ ਆਪਣੇ ਅਰਥ ਨਹੀਂ ਹੁੰਦੇ ਪਰ ਇਨ੍ਹਾਂ ਦੀ ਵਰਤੋਂ ਨਾਲ ਵਾਕੰਸ਼ਾਂ/ਵਾਕਾਂ ਦੀ ਤਬਦੀਲੀ ਵਾਪਰਦੀ ਹੈ।

### 1.8.4.4.4.5 ਯੋਜਕ ਤੇ ਸੰਯੋਜਕ

ਸੰਬੰਧਕਾਂ ਵਾਂਗ ਯੋਜਕ ਵੀ ਸੀਮਤ ਸ਼੍ਰੇਣੀ ਦੇ ਮੈਂਬਰ ਹਨ। ਇਹ ਇਕ ਸ਼ਬਦੀ ਵਾਕੰਸ਼/ਉਪ-ਵਾਕ ਨੂੰ ਜੋੜਨ ਦਾ ਕਾਰਜ ਕਰਦੇ ਹਨ। ਪੰਜਾਬੀ ਵਿੱਚ 'ਤੇ ਅਤੇ ਜਾ, ਜੇ, ਤਾਂ, ਕਿ' ਆਦਿ ਯੋਜਕ ਸ਼ਬਦ ਹਨ। ਇਨ੍ਹਾਂ ਦੀ ਵਰਤੋਂ ਹੇਠ ਲਿਖੇ ਅਨੁਸਾਰ ਹੁੰਦੀ ਹੈ :

(ੳ) ਮੁੰਡਾ ਅਤੇ ਪਿਓ ਸੌਂ ਗਏ।

(ਅ) ਕੁੜੀ ਕਿ ਮੁੰਡਾ ਸ਼ਹਿਰ ਗਿਆ।

(ੲ) ਮੁੰਡਾ ਜਾਂ ਕੁੜੀ ਸ਼ਹਿਰ ਗਈ।

(ਸ) ਉਹ ਮੇਰਾ ਭਰਾ ਹੈ ਜਿਹੜਾ ਸ਼ਹਿਰ ਰਹਿੰਦਾ ਹੈ।

ਉਪਰੋਕਤ ਵਾਕਾਂ ਵਿੱਚ ਲਕੀਰੇ ਸ਼ਬਦ, ਯੋਜਕ ਹਨ, 'ਤੇ ਅਤੇ, ਜਾਂ ਕਿ' ਆਦਿ ਦੀ ਵਰਤੋਂ ਨਾਂਵ-ਵਾਕੰਸ਼ ਵਿੱਚ ਹੋ ਸਕਦੀ ਹੈ ਪਰ, ਜੇ ਤਾਂ, ਜੋ ਜਿਹੜਾ, ਜਿਸ' ਆਦਿ ਦੀ ਵਰਤੋਂ ਨਾਂਵ-ਵਾਕੰਸ਼ ਵਿੱਚ ਨਹੀਂ ਹੁੰਦੀ।

### 1.8.4.4.4.6 ਦਬਾ ਤੇ ਨਾਂਹ ਬੋਧਕ

ਦਬਾ ਬੋਧਕ ਤੇ ਨਾਂਹ ਬੋਧਕ ਸ਼ਬਦਾਂ ਦਾ ਸਥਾਨ ਭਾਵੇਂ ਸਮੁੱਚੇ ਵਾਕ ਵਿੱਚ ਕੋਈ ਵੀ ਹੋ ਸਕਦਾ ਹੈ ਪਰ ਇਨ੍ਹਾਂ ਦੀ ਵਰਤੋਂ ਨਾਂਵ-ਵਾਕੰਸ਼ ਵਿੱਚ ਵੀ ਹੋ ਸਕਦੀ ਹੈ। ਦਬਾ ਬੋਧਕ ਅਤੇ ਨਾਂਹ ਬੋਧਕ ਸ਼ਬਦਾਂ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਹਨਾਂ ਦੀ ਵਰਤੋਂ ਉਨ੍ਹਾਂ ਸ਼ਬਦਾਂ ਤੋਂ ਪਿੱਛੋਂ ਹੁੰਦੀ ਹੈ ਜਿਨ੍ਹਾਂ ਨੂੰ ਦਬਾ ਬੋਧਕ ਜਾਂ ਨਾਂਹ ਬੋਧਕ ਬਣਾਉਣਾ ਹੋਵੇ। 'ਈ, ਹੀ, ਜੁ, ਤੇ, ਤਾਂ, ਹੈ' ਆਦਿ ਸ਼ਬਦਾਂ ਨੂੰ ਦਬਾ ਬੋਧਕਾਂ ਅਤੇ 'ਨਾ, ਨਹੀਂ, ਮਤ' ਆਦਿ ਸ਼ਬਦਾਂ ਨੂੰ ਨਾਂਹ ਬੋਧਕਾਂ ਦੀ ਸੂਚੀ ਵਿੱਚ ਰੱਖਿਆ ਜਾਂਦਾ ਹੈ, ਜਿਵੇਂ :

(ੳ) ਉਹ ਤਾਂ ਪਿੰਡ ਜਾਂਦਾ ਨਹੀਂ।

(ਅ) ਮੁੰਡਾ ਈ ਸ਼ਹਿਰ ਗਿਆ ਸੀ।

(ੲ) ਮੁੰਡਾ ਤਾਂ ਸ਼ਹਿਰ ਗਿਆ ਸੀ।

(ਸ) ਮੁੰਡਾ ਵੀ ਸ਼ਹਿਰ ਗਿਆ ਨਹੀਂ।

ਉਪਰੋਕਤ ਵਾਕਾਂ ਵਿੱਚ ਦਬਾ ਬੋਧਕ ਸ਼ਬਦ ਨਾਂਵ-ਵਾਕੰਸ਼ ਦੇ ਘੇਰੇ ਵਿੱਚ ਵਿਚਰਦੇ ਹਨ। ਇਕ ਵਾਕੰਸ਼ ਵਿੱਚ ਇਕ ਤੇ ਇਕ ਤੋਂ ਵੱਧ ਦਬਾ ਬੋਧਕ ਸ਼ਬਦ ਵਿਚਰ ਸਕਦੇ ਹਨ। ਨਾਂਹ-ਬੋਧਕਾਂ ਦੀ ਵਰਤੋਂ ਆਮ ਤੌਰ 'ਤੇ ਵਾਕ ਤੇ ਵਾਕ ਦੇ ਪੱਧਰ 'ਤੇ ਕੀਤੀ ਜਾਂਦੀ ਹੈ। ਪਰ ਨਾਂਹ-ਬੋਧਕ ਵਾਕੰਸ਼ ਦੀ ਪੱਧਰ 'ਤੇ ਵੀ ਵਿਚਰਦੇ ਹਨ ਜਿਵੇਂ : (ੳ) ਤੇ (ਸ) ਵਾਕਾਂ ਵਿੱਚ 'ਨਹੀਂ' ਦੀ ਵਰਤੋਂ ਨਾਲ ਨਾਂਹ ਪੱਖੀ ਬਣਾਇਆ ਹੈ। ਪਰ ਹੇਠਾਂ ਦਿੱਤੇ (ਹ) ਅਤੇ (ਕ) ਵਾਕਾਂ ਵਿੱਚ ਇਨ੍ਹਾਂ ਦਾ ਘੇਰਾ ਵਾਕੰਸ਼ ਤੱਕ ਸੀਮਿਤ ਹੈ। ਜਿਵੇਂ :

(ਹ) ਮੈਂ ਅਮਰੀਕਾ ਨਹੀਂ ਇੰਗਲੈਂਡ ਜਾ ਰਿਹਾ ਹਾਂ।

(ਕ) ਤੂੰ ਨਾ ਪਿੰਡ ਜਾਵੀਂ।

### 1.8.4.4.4.7 ਆਦਰ ਬੋਧਕ

ਪੰਜਾਬੀ ਵਾਕ ਜੁਗਤ ਵਿੱਚ ਵਾਕਾਂ ਨੂੰ ਆਦਰ ਬੋਧਕ ਤੇ ਗ਼ੈਰ-ਆਦਰ ਬੋਧਕ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ ਆਦਰ ਬੋਧਕ ਅੰਸ਼ਾਂ ਦੀ ਮਦਦ ਨਾਲ ਆਦਰ ਦਾ ਬੋਧ ਕਰਵਾਇਆ ਜਾਂਦਾ ਹੈ। ਆਦਰ ਬੋਧਕਾਂ ਦਾ ਘੇਰਾ ਵਾਕੰਸ਼ ਤੋਂ ਲੈ ਕੇ ਵਾਕ ਤੱਕ ਫੈਲਿਆ ਹੋਇਆ ਹੈ :-

(ੳ) ਮੇਰਾ ਪਿਤਾ **ਜੀ** ਪਿੰਡ ਰਹਿੰਦੇ ਹਨ।

(ਅ) ਸੰਤ **ਹੁਰਾਂ** ਨੂੰ ਦਾਨ ਦਿਓ।

ਉਪਰੋਕਤ ਵਾਕਾਂ ਵਿੱਚ ਜੀ, ਤੇ, ਹੁਰਾਂ ਆਦਰ ਬੋਧਕ ਹਨ ਅਤੇ ਇਹ ਵਾਕੰਸ਼ ਦੇ ਘੇਰੇ ਵਿੱਚ ਵਿਚਰਦੇ ਹਨ।

**ਸਵੈ-ਮੁਲਾਂਕਣ ਪ੍ਰਸ਼ਨ**

1. ਨਾਂਵ-ਵਾਕੰਸ਼ ਦੀ ਬਣਤਰ ਵਿੱਚ ਵਿਚਰਨ ਵਾਲੇ ਵਿਸ਼ੇਸ਼ਕਾਂ ਦੀ ਤਰਤੀਬ 'ਤੇ ਨੋਟ ਲਿਖੋ।

___________________________________________________________________

___________________________________________________________________

2. ਪੰਜਾਬੀ ਨਾਂਵ-ਵਾਕੰਸ਼ ਬਣਤਰ ਵਿੱਚ ਕਿੰਨੇ ਸ਼ਬਦ ਵਿਚਰ ਸਕਦੇ ਹਨ ਅਤੇ ਉਹ ਸ਼ਬਦ ਕਿਸ ਤਰਤੀਬ ਵਿੱਚ ਵਿਚਰਦੇ ਹਨ, ਚਰਚਾ ਕਰੋ।

___________________________________________________________________

___________________________________________________________________

## 1.8.4.5 ਨਾਂਵ-ਵਾਕੰਸ਼ : ਸ਼ਬਦਾਂ ਦੀ ਵਿਚਰਨ ਤਰਤੀਬ

ਨਾਂਵ-ਵਾਕੰਸ਼ ਦੀ ਬਣਤਰ ਵਿੱਚ ਵਿਚਰਦੇ ਮੁੱਖ ਸ਼ਬਦ ਦੀ ਪ੍ਰਕਿਰਤੀ ਹੀ ਨਾਂਵ-ਵਾਕੰਸ਼ ਦੀ ਬਣਤਰ ਨਿਰਧਾਰਤ ਕਰਦੀ ਹੈ। ਨਾਂਵ-ਵਾਕੰਸ਼ ਦੀ ਸਿਰਜਨਾ ਵੇਲੇ ਲੇਖਕ ਜਾਂ ਬੁਲਾਰੇ ਦੇ ਮਨ ਵਿੱਚ ਮੁੱਖ ਸ਼ਬਦ ਆਉਂਦਾ ਹੈ ਅਤੇ ਫਿਰ ਮੁੱਖ ਸ਼ਬਦ ਨਾਲ ਵਿਚਰਨ ਵਾਲੇ ਯੋਗ ਵਿਸ਼ੇਸ਼ਕਾਂ ਦੀ ਸੂਚੀ ਵਿੱਚੋਂ ਵਿਸ਼ੇਸ਼ਕ ਚੁਣੇ ਜਾਂਦੇ ਹਨ। ਮੁੱਖ ਨਾਂਵਾਂ ਤੇ ਵਿਸ਼ੇਸ਼ਕਾਂ ਦੀ ਤਰਤੀਬ ਹੇਠ ਲਿਖੇ ਅਨੁਸਾਰ ਹੋ ਸਕਦੀ ਹੈ।

(ੳ) ਵਿਸ਼ੇਸ਼ + ਨਾਂਵ + (ਸੰਬੋਧਨ) + (ਦਬਾ ਬੋਧਕ) + (ਆਦਰ ਬੋਧਕ) + (ਨਾਂਹ ਬੋਧਕ)

(ਅ) ਪੜਨਾਂਵ + (ਸੰਬੋਧਕ) + (ਦਬਾ ਬੋਧਕ) + (ਆਦਰ ਬੋਧਕ) + (ਨਾਂਹ ਬੋਧਕ)

ਬ੍ਰੈਕਟਾਂ ਵਿੱਚ ਲਿਖੇ ਸ਼ਬਦ ਗੈਰ-ਲਾਜ਼ਮੀ ਤੱਤਾਂ ਵਜੋਂ ਵਿਚਰਦੇ ਹਨ। ਵਾਕੰਸ਼ ਦੇ (ੳ) ਪੈਟਰਨ ਵਿੱਚ ਮੁੱਖ ਸ਼ਬਦ ਵਿਚਰਦਾ ਹੈ ਅਤੇ ਇਸ ਤੋਂ ਪਹਿਲਾਂ ਵਿਚਰ ਸਕਦੇ ਹਨ ਪਰ (ਅ) ਪੈਟਰਨ ਵਿੱਚ ਮੁੱਖ ਸ਼ਬਦ ਪੜਨਾਂਵ ਸ਼ਬਦ ਸ਼੍ਰੇਣੀ ਮੈਂਬਰ ਵਿਚਰਦਾ ਹੈ। ਇਸ ਭਾਂਤ ਦੀ ਬਣਤਰ ਵਿੱਚ ਵਿਸ਼ੇਸ਼ਣ ਨਹੀਂ ਵਿਚਰਦੇ। (ੳ) ਪੈਟਰਨ ਵਿੱਚ ਇਕ ਤੋਂ ਵੱਧ ਵਿਸ਼ੇਸ਼ਕਾਂ ਦੀ ਵਿਚਰਨ ਤਰਤੀਬ ਹੇਠਾਂ ਲਿਖੇ ਅਨੁਸਾਰ ਹੈ।

### 1.8.4.5.1. ਵਿਸ਼ੇਸ਼ਕਾਂ ਦੀ ਤਰਤੀਬ

ਮੁੱਖ ਸ਼ਬਦ ਨਾਲ ਨੇੜਤਾ ਦੇ ਲਿਹਾਜ ਨਾਲ ਵਿਸ਼ੇਸ਼ਕਾਂ ਦੀ ਤਰਤੀਬ ਹੁੰਦੀ ਹੈ। ਵਿਸ਼ੇਸ਼ਕਾਂ ਦਾ ਸਥਾਨ ਵਿਸ਼ੇਸ਼$_1$, ਵਿਸ਼ੇਸ਼$_2$, ਵਿਸ਼ੇਸ਼$_3$, ਵਿਸ਼ੇਸ਼$_4$, ਵਿਸ਼ੇਸ਼$_5$ ਅਨੁਸਾਰ ਹੁੰਦਾ ਹੈ। ਜੇ ਇਕ ਵਿਸ਼ੇਸ਼ਣ, ਨਾਂਵ ਦੀ ਵਿਸ਼ੇਸ਼ਤਾ ਪ੍ਰਗਟ ਕਰਦਾ ਹੋਵੇ ਤਾਂ ਉਹ ਵਿਸ਼ੇਸ਼ ਦੇ ਸਥਾਨ 'ਤੇ ਵਰਤਿਆ ਜਾਂਦਾ ਹੈ। ਇਸੇ ਤਰ੍ਹਾਂ ਪ੍ਰਮੁੱਖਤਾ ਦੇ ਆਧਾਰ 'ਤੇ ਬਾਕੀ ਵਿਸ਼ੇਸ਼ਕਾਂ ਦੀ ਆਮਦ ਹੁੰਦੀ ਹੈ, ਜਿਵੇਂ :-

(ੳ) ਮੁੰਡੇ ਦੌੜ ਰਹੇ ਹਨ।

(ਅ) ਕੁਝ ਮੁੰਡੇ ਦੌੜ ਰਹੇ ਹਨ।

(ੲ) ਦੋ ਮੁੰਡੇ ਦੌੜ ਰਹੇ ਹਨ।

(ਸ) ਮੇਰੇ ਮੁੰਡੇ ਦੌੜ ਰਹੇ ਹਨ।

(ਹ) ਕਾਲੇ ਮੁੰਡੇ ਦੌੜ ਰਹੇ ਹਨ।

(ਕ) ਬਹੁਤ ਕਾਲੇ ਮੁੰਡੇ ਦੌੜ ਰਹੇ ਹਨ।

(ਖ) ਦੋ ਬਹੁਤ ਕਾਲੇ ਮੁੰਡੇ ਦੌੜ ਰਹੇ ਹਨ।

(ਗ) ਮੇਰੇ ਦੋ ਬਹੁਤ ਕਾਲੇ ਮੁੰਡੇ ਦੌੜ ਰਹੇ ਹਨ।

(ਘ) ਭੱਜੇ ਜਾਂਦੇ ਦੋ ਬਹੁਤ ਕਾਲੇ ਮੁੰਡੇ ਫੜੇ ਗਏ।

### 1.8.4.5.2 ਨਾਂਵ-ਵਾਕੰਸ਼ : ਦੂਜੇ ਅੰਸ਼ਾਂ ਦੀ ਤਰਤੀਬ

ਨਾਂਵ-ਵਾਕੰਸ਼ ਦੀ ਬਣਤਰ ਵਿੱਚ ਮੁੱਖ ਤੱਤ ਨਾਂਵ/ਪੜਨਾਂਵ ਤੋਂ ਇਲਾਵਾ ਵਿਸ਼ੇਸ਼ਕ, ਸੰਬੰਧਕ, ਦਬਾ ਬੋਧਕ, ਨਾਂਹ ਬੋਧਕ, ਆਦਰ ਸੂਚਕ ਆਦਿ ਸ਼ਬਦ ਵਿਚਰਦੇ ਹਨ। 'ਨੇ', 'ਨੂੰ' ਮੁੱਖ ਸ਼ਬਦ ਤੋਂ ਪਿੱਛੋਂ ਅਤੇ 'ਦਾ ਤੇ ਤੋਂ' ਸੰਬੰਧਕ ਵੀ ਕਈ ਵਾਰ ਮੁੱਖ ਸ਼ਬਦ ਤੋਂ ਪਿੱਛੋਂ ਆਉਂਦੇ ਹਨ, ਜਿਵੇਂ 'ਉਸਨੇ ਰਾਮ ਤੋਂ ਪੈਸੇ ਲਏ', ਇਹ ਘਰ ਰਾਮ ਦਾ ਹੈ।' ਦਬਾ ਬੋਧਕ ਤੇ ਨਾਂਹ ਬੋਧਕ ਦਾ ਕੋਈ ਨਿਸ਼ਚਿਤ ਸਥਾਨ ਨਹੀਂ, ਭਾਵ ਦਬਾ ਵਾਲੇ ਅੰਸ਼ ਤੇ ਨਾਂਹ ਬੋਧਕ ਅੰਸ਼ ਉਸ ਸ਼ਬਦ ਦੇ ਪਿੱਛੇ ਆਉਂਦੇ ਹਨ ਜਿਸ ਨੂੰ ਦਬਾ ਵਜੋਂ ਜਾਂ ਨਕਾਰਨ ਵਜੋਂ ਵਰਤਣਾ ਹੋਵੇ। ਵਿਸ਼ੇਸ਼ਕ ਦਾ ਸਥਾਨ ਆਮ ਤੌਰ 'ਤੇ ਵਿਸ਼ੇਸ਼ਕ ਤੋਂ ਪਹਿਲਾਂ ਹੁੰਦਾ ਹੈ ਪਰ ਇਹ ਸਥਾਨ ਵੀ ਕਈ ਹਾਲਤਾਂ ਵਿੱਚ ਬਦਲ ਜਾਂਦਾ ਹੈ।1.8.4

### 1.8.4 ਸਿੱਟਾ

ਇਸ ਤਰ੍ਹਾਂ ਨਾਂਵ ਵਾਕੰਸ਼ ਦਾ ਵਿਸਥਾਰ ਵਿੱਚ ਵਰਣਨ ਕਰਨ ਉਪਰੰਤ ਕਿਹਾ ਜਾ ਸਕਦਾ ਕਿ ਇੱਕ ਵਾਕ ਵਿੱਚ ਇੱਕ ਨਾਂਵ ਵਾਕੰਸ਼ ਦੇ ਵੱਖ-ਵੱਖ ਕਾਰਜ ਹੋ ਸਕਦੇ ਹਨ। ਪਰੰਤੂ ਮੁੱਢਲੇ ਰੂਪ ਵਿੱਚ ਨਾਂਵ ਵਾਕੰਸ਼ ਦੀ ਬਣਤਰ ਦੀ ਕਿਸੇ ਨਾਂਵ ਜਾਂ ਪੜਨਾਂਓ ਸ਼ਬਦ ਤੇ ਹੀ ਨਿਰਭਰ ਕਰਦੀ ਹੈ।

### 1.8.5 ਯੋਗਤਾ ਦੀ ਪਰਖ ਅਤੇ ਪ੍ਰਸ਼ਨਾਂ ਦੇ ਸੰਭਾਵੀ ਉੱਤਰ

1. ਨਾਂਵ-ਵਾਕੰਸ਼ ਦੀ ਬਣਤਰ ਵਿੱਚ ਵਿਚਰਦੇ ਮੁੱਖ ਨਾਵਾਂ ਨੂੰ ਅਲੱਗ ਕਰਕੇ ਲਿਖੋ :

   (ੳ) ਬਹੁਤ ਚਿੱਟੀ ਕੁੜੀ

   (ਅ) ਪੰਜਾਬ ਦੇ ਵਜ਼ੀਰਾਂ ਨੂੰ

2. ਹੇਠ ਲਿਖੇ ਵਾਕੰਸ਼ਾਂ ਵਿਚਲੀ ਸ਼ਬਦ ਤਰਤੀਬ ਵਿੱਚ ਇਸ ਪ੍ਰਕਾਰ ਦੀ ਤਬਦੀਲੀ ਕਰੋ ਜਿਸ ਨਾਲ ਇਹ ਵਾਕੰਸ਼ ਸਵੀਕਾਰਤ ਹੋ ਜਾਣ :

   (ੳ) ਤਾਜ਼ਾ ਬੱਕਰੇ ਦਾ ਮੀਟ।

..................................

(ਅ) ਬਹੁਤ ਹੀ ਦੋ ਕਾਲੇ ਮੁੰਡੇ।

..................................

3. ਹੇਠ ਲਿਖੇ ਸ਼ਬਦਾਂ ਦੀ ਵਰਤੋਂ ਕਰਤਾ, ਕਰਮ ਤੇ ਪਰਧਾਨ ਕਰਮ ਵਜੋਂ ਕਰੋ :

ਘਰ

ਕਰਤਾ ਨਾਂਵ ਵਾਕੰਸ਼ ਵਜੋਂ..............................

ਪਰਧਾਨ ਕਰਮ ਵਜੋਂ ..................................

ਅਪਰਧਾਨ ਕਰਮ ਵਜੋਂ .................................

ਖੋਤਾ............................

ਕਰਤਾ ਨਾਂਵ-ਵਾਕੰਸ਼ ਵਜੋਂ ..............................

ਪਰਧਾਨ ਕਰਮ ਵਜੋਂ ..................................

ਅਪਰਧਾਨ ਕਰਮ ਵਜੋਂ.................................

4. ਹੇਠ ਲਿਖੇ ਨਾਂਵ-ਵਾਕੰਸ਼ ਦੀ ਬਣਤਰ ਵਿੱਚ ਸੰਬੰਧ ਬੋਧਕ ਸੰਬੰਧਕ ਦੀ ਵਰਤੋਂ ਕਰੋ :

(ੳ) ਕੁੜੀ..................ਵਿਆਹ..............ਸਮਾਨ

(ਅ) ਚਾਚੇ..............ਕਾਲੀ ਕੁੱਤੀ

5. ਹੇਠ ਲਿਖੇ ਵਾਕਾਂ ਵਿਚਲੇ ਨਾਂਵ ਵਾਕੰਸ਼ਾਂ ਵਿੱਚ ਦਬਾ ਸੂਚਕਾਂ ਦੀ ਘੱਟੋ ਘੱਟ ਦੋ ਦੋ ਵਾਰ ਵਰਤੋਂ ਕਰੋ :

(ੳ) ਅਫ਼ਸਰ ਅੱਜ ਕੱਲ੍ਹ ਸਾਧਾਂ ਦੀ ਗੱਲ ਮੰਨਦੇ ਹਨ।

(ਅ) ਵਕੀਲਾਂ ਨੂੰ ਹਰ ਰੋਜ਼ ਕੰਮ ਕਰਨਾ ਪੈਂਦਾ ਹੈ।

ਨੋਟ : ਹੋਰ ਅਭਿਆਸ ਲਈ ਛੋਟੇ ਪ੍ਰਸ਼ਨ ਵੇਖੋ 'ਪੰਜਾਬੀ ਭਾਸ਼ਾ ਦਾ ਵਿਆਕਰਨ'– III ਮੁੱਖ ਸੰਪਾਦਕ ਡਾ. ਜੋਗਿੰਦਰ ਸਿੰਘ ਪੁਆਰ।

6. ਹੇਠ ਲਿਖੇ ਕਥਨਾਂ ਦਾ ਹਾਂ/ਨਾਂਹ ਵਿੱਚ ਉੱਤਰ ਦਿਓ :-

(ੳ) ਨਾਂਵ ਵਾਕੰਸ਼ ਤੋਂ ਬਿਨਾਂ ਵਾਕਾਂ ਦੀ ਸਿਰਜਨਾ ਹੋ ਸਕਦੀ ਹੈ।

(ਅ) ਕਰਤਾ ਨਾਂਵ ਵਾਕੰਸ਼ ਵਾਕ ਵਿੱਚ ਪਹਿਲਾਂ ਵਿਚਰਦਾ ਹੈ।

7. ਨਾਂਵ ਵਾਕੰਸ਼ ਤੋਂ ਕੀ ਭਾਵ ਹੈ ? ਪੰਜਾਬੀ ਨਾਂਵ-ਵਾਕੰਸ਼ ਦੀ ਸਥਾਪਤੀ ਦੇ ਆਧਾਰਾਂ ਸੰਬੰਧੀ ਜਾਣਕਾਰੀ ਦਿਓ ?

8. ਨਾਂਵ-ਵਾਕੰਸ਼ ਦੀ ਪਰਿਭਾਸ਼ਾ ਕਰਦਿਆਂ ਹੋਇਆ ਪੰਜਾਬੀ ਨਾਂਵ-ਵਾਕੰਸ਼ ਦੀ ਬਣਤਰ ਸੰਬੰਧੀ ਇਕ ਵਿਸਥਾਰ ਪੂਰਵਕ ਲੇਖ ਲਿਖੋ।

9. ਨਾਂਵ-ਵਾਕੰਸ਼ ਦੇ ਕਾਰਜ ਬਾਰੇ ਨੋਟ ਲਿਖੋ।

10. ਨਾਂਵ-ਵਾਕੰਸ਼ ਦੀ ਬਣਤਰ ਵਿੱਚ ਵਿਚਰਦੇ ਲਾਜ਼ਮੀ ਅਤੇ ਗੈਰ-ਲਾਜ਼ਮੀ ਤੱਤਾਂ ਦੀ ਜਾਣਕਾਰੀ ਦਿਓ।

**ਮਹੱਤਵਪੂਰਨ ਪ੍ਰਸ਼ਨ**

1. ਨਾਂਵ-ਵਾਕੰਸ਼ ਦੀ ਪਰਿਭਾਸ਼ਾ ਦਿੰਦਿਆਂ ਨਾਂਵ-ਵਾਕੰਸ਼ ਦੀ ਬਣਤਰ ਅਤੇ ਉਸ ਦੇ ਵਿਭਿੰਨ ਰੂਪਾਂ ਉੱਤੇ ਚਾਨਣਾ ਪਾਓ। (ਦਸੰਬਰ 2017)

**1.8.6 ਸਹਾਇਕ ਪੁਸਤਕ ਸੂਚੀ**

**ਡਾ. ਪ੍ਰੇਮ ਪ੍ਰਕਾਸ਼ ਸਿੰਘ – ਸਿਧਾਂਤਕ ਭਾਸ਼ਾ ਵਿਗਿਆਨ**

**ਜਗਜੀਤ ਸਿੰਘ – ਪੰਜਾਬੀ ਵਿਆਕਰਨ ਸ਼੍ਰੇਣੀਆਂ ਤੇ ਇਕਾਈਆਂ**

**Converted in Self Learning Mode by Dr. Gurpreet Kaur**
**Last Update June 10, 2023**

ਪਾਠ ਨੰ: **1.9**

## ਕਿਰਿਆ ਵਾਕੰਸ਼ : ਬਣਤਰ ਅਤੇ ਕਾਰਜ

1.9.1 ਪਾਠ ਦਾ ਮੰਤਵ
1.9.2 ਭੂਮਿਕਾ
1.9.3 ਕਿਰਿਆ ਵਾਕੰਸ਼ : ਪਛਾਣ
1.9.4 ਕਿਰਿਆ ਵਾਕੰਸ਼ ਦੀ ਵੰਡ
1.9.4.1 ਕਾਲਕੀ ਕਿਰਿਆ ਵਾਕੰਸ਼ ਦੀ ਬਣਤਰ
1.9.4.1.1 ਕਾਲਕੀ ਕਿਰਿਆ ਵਾਕੰਸ਼ ਦੀ ਬਣਤਰ ਵਿਚਲੇ ਤੱਤ
1.9.4.1.2 ਮੁੱਖ ਕਿਰਿਆ
1.9.4.1.3 ਸੰਚਾਲਕ ਕਿਰਿਆ
1.9.4.1.4 ਮੁੱਢਲੀ ਸੰਚਾਲਕ ਕਿਰਿਆ
1.9.4.1.5 ਗਤੀਵਾਚਕ ਸੰਚਾਲਕ ਕਿਰਿਆ
1.9.4.1.6 ਕਰਮਵਾਚੀ ਸੰਚਾਲਕ ਕਿਰਿਆ
1.9.4.1.7 ਸੰਭਾਵਕ ਸੰਚਾਲਕ ਕਿਰਿਆ
1.9.4.1.8 ਸਹਾਇਕ ਕਿਰਿਆ
1.9.5 ਕਿਰਿਆ ਵਾਕੰਸ਼ ਦੀ ਬਣਤਰ
1.9.5.1 ਹਾਂ-ਪੱਖੀ ਕਰਤਰੀ ਕਿਰਿਆ ਵਾਕੰਸ਼
1.9.5.2 ਹਾਂ-ਪੱਖੀ ਕਿਰਿਆ-ਵਾਕੰਸ਼ ਪੈਟਰਨ
1.9.5.3 ਨਾਂਹ-ਪੱਖੀ ਤੇ ਦਬਾ-ਯੁਕਤ ਕਿਰਿਆ ਵਾਕੰਸ਼ ਪੈਟਰਨ
1.9.6 ਅਕਾਲਕੀ ਕਿਰਿਆ ਵਾਕੰਸ਼
1.9.7 ਸਿੱਟਾ
1.9.8 ਯੋਗਤਾ ਦੀ ਪਰਖ : ਪ੍ਰਸ਼ਨਾਂ ਦੇ ਸੰਭਾਵੀ ਉੱਤਰ
1.9.9 ਸਹਾਇਕ ਪੁਸਤਕ ਸੂਚੀ

### 1.9.1 ਪਾਠ ਦਾ ਮੰਤਵ

ਇਹ ਪਾਠ ਵਿਦਿਆਰਥੀਆਂ ਦੀ ਭਾਸ਼ਾ ਯੋਗਤਾ ਵਿੱਚ ਵਾਧਾ ਕਰਨ ਦੇ ਮੰਤਵ ਨਾਲ ਲਿਖਿਆ ਗਿਆ ਹੈ। ਇਸ ਪਾਠ ਨੂੰ ਪੜ੍ਹ ਕੇ ਵਿਦਿਆਰਥੀ ਕਿਰਿਆ ਵਾਕੰਸ਼ ਦੀ ਜੁਗਤ ਤੋਂ ਜਾਣੂ ਹੋ ਸਕਣਗੇ ਅਤੇ ਇਸ ਨੂੰ ਪਛਾਨਣ ਦੀ ਸਮਰਥਾ ਹਾਸਲ ਕਰ ਸਕਣਗੇ।

### 1.9.2 ਭੂਮਿਕਾ

ਇਕ ਸਾਧਾਰਨ ਵਾਕ ਦੀ ਬਣਤਰ ਵਿੱਚ ਕਿਰਿਆ ਵਾਕੰਸ਼ ਇਕ ਲਾਜ਼ਮੀ ਤੱਤ ਹੁੰਦਾ ਹੈ ਭਾਵੇਂ ਕੁਝ ਗਿਣਤੀ ਦੇ ਵਾਕ ਕਿਰਿਆ ਵਾਕੰਸ਼ ਰਹਿਤ ਹੁੰਦੇ ਹਨ। ਵਾਕਾਂ ਵਿੱਚ ਵਿਚਰਨ ਵਾਲੇ ਕਿਰਿਆ ਵਾਕੰਸ਼ ਕਾਲਕੀ ਹੁੰਦੇ ਹਨ ਜਦੋਂ ਕਿ ਅਕਾਲਕੀ ਕਿਰਿਆ ਵਾਕੰਸ਼ ਮਿਸ਼ਰਤ ਵਾਕਾਂ ਵਿੱਚ ਵਿਚਰ ਸਕਦੇ ਹਨ। ਇਕ ਕਿਰਿਆ ਵਾਕੰਸ਼ ਵਿੱਚ ਸਾਰੇ ਤੱਤ ਕਿਰਿਆ ਸ਼ਰੇਣੀ ਦੇ ਮੈਂਬਰ ਹੁੰਦੇ ਹਨ। ਉਹ ਕਾਲਕੀ ਜਾਂ ਅਕਾਲਕੀ ਹੋ ਸਕਦੇ ਹਨ। ਕਿਰਿਆ ਵਾਕੰਸ਼ ਦੀ ਸਮੁੱਚੀ ਬਣਤਰ ਦਾ ਸੰਖੇਪ ਵੇਰਵਾ ਹੇਠਾਂ ਦਿੱਤਾ ਗਿਆ ਹੈ।

### 1.9.3 ਕਿਰਿਆ–ਵਾਕੰਸ਼ : ਪਛਾਣ

ਕਿਰਿਆ–ਵਾਕੰਸ਼ ਦੀ ਬਣਤਰ ਵਿੱਚ ਦੋ ਪ੍ਰਕਾਰ ਦੇ ਸ਼ਬਦ ਰੂਪ ਵਿਚਰ ਸਕਦੇ ਹਨ ਜਿਨ੍ਹਾਂ ਨੂੰ ਕਿਰਿਆ ਸ਼ਬਦ ਅਤੇ ਗੈਰ–ਕਿਰਿਆ ਸ਼ਬਦ ਦਾ ਨਾਂ ਦਿੱਤਾ ਜਾਂਦਾ ਹੈ। ਉਨ੍ਹਾਂ ਸਾਰੇ ਸ਼ਬਦਾਂ ਨੂੰ ਕਿਰਿਆ ਸ਼ਬਦ ਆਖਿਆ ਜਾਂਦਾ ਹੈ ਜੋ ਰੂਪ ਅਤੇ ਕਾਰਜ ਅਨੁਸਾਰ ਕਿਰਿਆ ਸ਼ਬਦ ਸ਼੍ਰੇਣੀ ਦੇ ਮੈਂਬਰ ਹੁੰਦੇ ਹਨ। ਦੂਜੇ ਪਾਸੇ ਗੈਰ–ਕਿਰਿਆ ਸ਼ਬਦਾਂ ਦੇ ਘੇਰੇ ਵਿੱਚ ਉਨ੍ਹਾਂ ਸ਼ਬਦਾਂ ਨੂੰ ਰੱਖਿਆ ਜਾਂਦਾ ਹੈ ਜੋ ਸ਼ਬਦ ਸ਼੍ਰੇਣੀ ਦੇ ਪੱਧਰ 'ਤੇ ਤਾਂ ਦਬਾ ਸੂਚਕ ਅਤੇ ਨਾਂਹ–ਵਾਚੀ ਦੇ ਮੈਂਬਰ ਹੁੰਦੇ ਹਨ ਪਰ ਕਿਰਿਆ ਵਾਕੰਸ਼ ਦੀ ਬਣਤਰ ਵਿੱਚ ਵਾਧਾ ਕਰਦੇ ਹਨ। ਕਿਰਿਆ ਵਾਕੰਸ਼ ਵਿੱਚ ਦੋ ਪ੍ਰਕਾਰ ਦੇ ਸ਼ਬਦ ਹੁੰਦੇ ਹਨ। ਲਾਜ਼ਮੀ ਅਤੇ ਗੈਰ–ਲਾਜ਼ਮੀ, (ਨਾਂਹ ਅਤੇ ਦਬਾ ਸੂਚਕਾਂ ਨੂੰ ਛੱਡ ਕੇ), ਲਾਜ਼ਮੀ ਅਤੇ ਗੈਰ–ਲਾਜ਼ਮੀ ਦੋਵੇਂ ਹੀ ਕਿਰਿਆ ਸ਼ਬਦ ਸ਼੍ਰੇਣੀ ਦੇ ਹੀ ਮੈਂਬਰ ਹੁੰਦੇ ਹਨ, ਇਨ੍ਹਾਂ ਦਾ ਵਿਚਰਨ ਸਥਾਨ ਮੁੱਖ ਸ਼ਬਦ ਨੂੰ ਨਿਰਧਾਰਿਤ ਕਰਦਾ ਹੈ। ਕਿਰਿਆ ਵਾਕੰਸ਼ ਦੀ ਬਣਤਰ ਵਿੱਚ ਸਭ ਤੋਂ ਪਹਿਲਾਂ ਵਿਚਰਨ ਵਾਲਾ ਕਿਰਿਆ ਸ਼ਬਦ ਮੁੱਖ ਸ਼ਬਦ ਵਜੋਂ ਵਿਚਰਦਾ ਹੈ। ਮੁੱਖ ਸ਼ਬਦ ਅਤੇ ਦੂਜੇ ਸ਼ਬਦਾਂ ਵਿੱਚ ਕਈ ਵਾਰ ਰੂਪ ਦੇ ਪੱਧਰ ਦੀ ਸਮਾਨਤਾ ਹੁੰਦੀ ਹੈ ਪਰ ਵਿਚਰਨ ਸਥਾਨ ਦੀ ਭਿੰਨਤਾ ਕਾਰਨ ਮੁੱਖ ਸ਼ਬਦ ਦਾ ਨਿਖੇੜਾ ਹੋ ਜਾਂਦਾ ਹੈ।

### 1.9.4 ਕਿਰਿਆ–ਵਾਕੰਸ਼ ਦੀ ਵੰਡ

ਕਿਰਿਆ–ਵਾਕੰਸ਼ ਦੀ ਬਣਤਰ ਵਿੱਚ ਵਿਚਰਨ ਵਾਲੇ ਕਿਰਿਆ ਸ਼ਬਦਾਂ ਨੂੰ ਰੂਪ ਤੇ ਕਾਰਜ ਦੇ ਪੱਖ ਤੋਂ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ, (1) ਕਾਲਕੀ ਕਿਰਿਆ ਵਾਕੰਸ਼ ਅਤੇ (2) ਅਕਾਲਕੀ ਕਿਰਿਆ ਵਾਕੰਸ਼। ਕਾਲਕੀ ਕਿਰਿਆ ਵਾਕੰਸ਼ ਦੀ ਬਣਤਰ ਵਿੱਚ ਕਾਲਕੀ ਅਤੇ ਅਕਾਲਕੀ ਦੋਵੇਂ ਸ਼ਬਦ ਰੂਪ ਵਿਚਰ ਸਕਦੇ ਹਨ ਪਰ ਇਸ ਭਾਂਤ ਦੀ ਇਕਾਈ ਵਿੱਚ ਵਾਕੰਸ਼ ਦੇ ਅੰਤ 'ਤੇ ਘੱਟੋ ਘੱਟ ਇਕ ਕਾਲਕੀ ਕਿਰਿਆ ਰੂਪ ਦਾ ਵਿਚਰਨ ਲਾਜ਼ਮੀ ਹੈ। ਇਸ ਤੋਂ ਪਹਿਲਾਂ ਕਾਲਕੀ ਤੇ ਅਕਾਲਕੀ ਦੋਵੇਂ ਭਾਂਤ ਦੇ ਸ਼ਬਦ ਵਿਚਰ ਸਕਦੇ ਹਨ। ਦੂਜੇ ਪਾਸੇ ਅਕਾਲਕੀ ਕਿਰਿਆ ਵਾਕੰਸ਼ਾਂ ਦੀ ਬਣਤਰ ਵਿੱਚ ਅਕਾਲਕੀ ਕਿਰਿਆ ਰੂਪ ਹੀ ਵਿਚਰ ਸਕਦੇ ਹਨ।

**ਸਵੈ-ਮੁਲਾਂਕਣ ਪ੍ਰਸ਼ਨ**

1. ਕਾਲਕੀ ਅਤੇ ਅਕਾਲਕੀ ਕਿਰਿਆ ਵਿਚਲਾ ਅੰਤਰ ਦੱਸੋ। ਇਕ ਅਕਾਲਕੀ ਕਿਰਿਆ ਵਾਕੰਸ਼ ਦੀ ਬਣਤਰ 'ਤੇ ਨੋਟ ਲਿਖੋ।

________________________________________________

________________________________________________

2. ਪੰਜਾਬੀ ਕਿਰਿਆ ਵਾਕੰਸ਼ ਦੀਆਂ ਕਿਰਿਆਵਾਂ ਦੇ ਰੂਪ ਅਤੇ ਤਰਤੀਬ ਸੰਬੰਧੀ ਜਾਣਕਾਰੀ ਦਿਉ।

________________________________________________

________________________________________________

#### 1.9.4.1 ਕਾਲਕੀ ਕਿਰਿਆ–ਵਾਕੰਸ਼ ਦੀ ਬਣਤਰ

ਉਸ ਕਿਰਿਆ–ਵਾਕੰਸ਼ ਨੂੰ ਕਾਲਕੀ ਕਿਰਿਆ–ਵਾਕੰਸ਼ ਦਾ ਨਾਂ ਦਿੱਤਾ ਜਾਂਦਾ ਹੈ, ਜਿਸ ਦੀ ਬਣਤਰ ਵਿੱਚ ਘੱਟੋ-ਘੱਟ ਇਕ ਕਾਲਕੀ ਕਿਰਿਆ ਰੂਪ ਵਿਚਰਦਾ ਹੋਵੇ। ਇਸ ਪ੍ਰਕਾਰ ਦਾ ਕਿਰਿਆ ਰੂਪ ਉਪਵਾਕ ਦੇ ਅੰਤ ਵਿੱਚ ਆਉਂਦਾ

ਹੈ। ਕਾਲਕੀ ਕਿਰਿਆ ਵਾਕੰਸ਼ ਵਿੱਚ ਸਵਾਧੀਨ ਉਪਵਾਕ ਜਾਂ ਸਾਧਾਰਨ ਵਾਕ ਉਸਾਰਨ ਦੀ ਸਮਰੱਥਾ ਹੁੰਦੀ ਹੈ। ਕਿਰਿਆ ਵਾਕੰਸ਼ ਦੀ ਬਣਤਰ ਵਿੱਚ ਮੁੱਖ ਕਿਰਿਆ, ਸੰਚਾਲਕ ਕਿਰਿਆ ਅਤੇ ਸਹਾਇਕ ਕਿਰਿਆ ਰੂਪ ਵਿਚਰ ਸਕਦੇ ਹਨ।

## 1.9.4.1.1 ਕਾਲਕੀ ਕਿਰਿਆ-ਵਾਕੰਸ਼ ਦੀ ਬਣਤਰ ਵਿਚਲੇ ਤੱਤ

ਕਾਲਕੀ ਕਿਰਿਆ ਵਾਕੰਸ਼ ਦੀ ਬਣਤਰ ਵਿੱਚ ਤਿੰਨ ਕਿਰਿਆ ਰੂਪ ਵੱਖ-ਵੱਖ ਤੱਤਾਂ ਵਜੋਂ ਵਿਚਰ ਸਕਦੇ ਹਨ। ਇਨ੍ਹਾਂ ਤੱਤਾਂ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ :

## 1.9.4.1 ਮੁੱਖ ਕਿਰਿਆ

ਮੁੱਖ ਕਿਰਿਆ, ਕਿਰਿਆ-ਵਾਕੰਸ਼ ਦੀ ਬਣਤਰ ਦਾ ਲਾਜ਼ਮੀ ਹਿੱਸਾ ਹੈ ਅਤੇ ਇਕ ਹਾਂ-ਪੱਖੀ ਕਿਰਿਆ ਵਾਕੰਸ਼ ਦੀ ਬਣਤਰ ਵਿੱਚ ਸਭ ਤੋਂ ਪਹਿਲਾਂ ਵਿਚਰਦਾ ਹੈ। ਨਾਂਹ-ਪੱਖੀ ਕਿਰਿਆ-ਵਾਕੰਸ਼ ਦੀ ਬਣਤਰ ਵਿੱਚ ਮੁੱਖ ਕਿਰਿਆ ਤੋਂ ਇਲਾਵਾ ਨਾਂਹ-ਪੱਖੀ ਸ਼ਬਦ ਵੀ ਵਿਚਰਦੇ ਹਨ ਅਤੇ ਇਨ੍ਹਾਂ ਦਾ ਸਥਾਨ ਮੁੱਖ ਕਿਰਿਆ ਤੋਂ ਪਹਿਲਾਂ ਹੋ ਸਕਦਾ ਹੈ। ਸਾਰੇ ਕਿਰਿਆ ਰੂਪ ਮੁੱਖ ਕਿਰਿਆ ਵਜੋਂ ਵਿਚਰ ਸਕਦੇ ਹਨ। ਕਈ ਵਾਰ ਮੁੱਖ ਕਿਰਿਆ ਦੀ ਬਣਤਰ 'ਨਾਂਵ + ਕਿਰਿਆ' ਹੁੰਦੀ ਹੈ ਜਿਵੇਂ 'ਉਸ ਦੇ ਦਾਨ ਦਿੱਤਾ'। ਇਸ ਵਾਕ ਵਿੱਚ 'ਦਾਨ' ਅਤੇ 'ਦਿੱਤਾ' ਇਕ ਇਕਾਈ ਵਜੋਂ ਕਾਰਜ ਕਰਦੇ ਹਨ ਭਾਵੇਂ 'ਦਾਨ' ਨਾਂਵ ਸ਼ਬਦ ਹੈ ਅਤੇ 'ਦਿੱਤਾ' ਕਿਰਿਆ ਸ਼ਬਦ ਹੈ। ਇਸ ਤੋਂ ਇਲਾਵਾ ਕਈ ਵਾਰ ਪੰਜਾਬੀ ਦੀਆਂ ਸਹਾਇਕ ਕਿਰਿਆਵਾਂ ਵੀ ਮੁੱਖ ਕਿਰਿਆ ਵਜੋਂ ਵਿਚਰਦੀਆਂ ਹਨ, ਜਿਵੇਂ, 'ਉਹ ਅਮੀਰ ਹੈ' ਵਿੱਚ 'ਹੈ' ਮੁੱਖ ਕਿਰਿਆ ਵਜੋਂ ਵਿਚਰਦੀ ਹੈ, ਭਾਵੇਂ ਇਹ ਰੂਪ ਕਿਸੇ ਦੂਜੇ ਵਾਕ ਵਿੱਚ ਸਹਾਇਕ ਕਿਰਿਆ ਰੂਪ ਵਜੋਂ ਵਿਚਰ ਸਕਦਾ ਹੈ। ਇਸ ਪ੍ਰਕਾਰ ਦੀ ਕਿਰਿਆ ਨੂੰ ਪੂਰਕ ਕਿਰਿਆ ਵੀ ਆਖਿਆ ਜਾਂਦਾ ਹੈ। ਕਿਰਿਆ-ਵਾਕੰਸ਼ ਵਿੱਚ ਮੁੱਖ ਕਿਰਿਆ ਦਾ ਸਥਾਨ ਇਸ ਪ੍ਰਕਾਰ ਹੁੰਦਾ ਹੈ :

(ੳ) ਮੁੱਖ ਕਿਰਿਆ + ਸੰਚਾਲਕ ਕਿਰਿਆ + ਸਹਾਇਕ ਕਿਰਿਆ

ਉਸ ਨੇ ਜਿੱਤ ਦਾ ਰੌਲਾ ਪਾ ਦਿੱਤਾ ਸੀ।

(ਅ) ਮੁੱਖ ਕਿਰਿਆ + ਗਤੀਵਾਚਕ ਸੰਚਾਲਕ ਕਿਰਿਆ + ਸੰਭਾਵਕ ਸੰਚਾਲਕ ਕਿਰਿਆ + ਸਹਾਇਕ ਕਿਰਿਆ

ਉਹ ਕੰਮ ਕਰ ਰਿਹਾ ਹੁੰਦਾ ਸੀ।

## 1.9.4.1.3 ਸੰਚਾਲਕ ਕਿਰਿਆ

ਕਿਰਿਆ-ਵਾਕੰਸ਼ ਦੀ ਬਣਤਰ ਵਿੱਚ ਵਿਚਰਨ ਵਾਲੇ ਕਿਰਿਆ ਰੂਪਾਂ ਨੂੰ ਕਾਰਜ ਤੇ ਵਿਚਰਨ ਸਥਾਨ ਦੇ ਆਧਾਰ 'ਤੇ ਵੰਡਿਆ ਜਾਂਦਾ ਹੈ। ਮੁੱਖ ਕਿਰਿਆ ਦਾ ਸਥਾਨ ਪਹਿਲਾਂ ਹੈ ਅਤੇ ਇਸ ਤੋਂ ਪਿੱਛੋਂ ਸੰਚਾਲਕ ਕਿਰਿਆ ਦਾ ਸਥਾਨ ਹੈ। ਡਾ. ਜੋਗਿੰਦਰ ਸਿੰਘ ਪੁਆਰ ਨੇ ਸੰਚਾਲਕ ਕਿਰਿਆ ਸ਼੍ਰੇਣੀ ਨੂੰ ਚਾਰ ਉਪ-ਸ਼੍ਰੇਣੀਆਂ ਵਿੱਚ ਵੰਡਿਆ ਹੈ। ਇਹ ਚਾਰ ਉਪ-ਸ਼੍ਰੇਣੀਆਂ ਇਸ ਪ੍ਰਕਾਰ ਹਨ : ਮੁੱਢਲੀ ਸੰਚਾਰ ਕਿਰਿਆ, ਕਰਮਵਾਚੀ ਸੰਚਾਲਕ ਕਿਰਿਆ, ਗਤੀਵਾਚਕ ਸੰਚਾਲਕ ਕਿਰਿਆ ਅਤੇ ਸੰਭਾਵਕ ਸੰਚਾਲਕ ਕਿਰਿਆ। ਇਹ ਚਾਰੇ ਉਪ-ਸ਼੍ਰੇਣੀਆਂ ਆਪਸ ਵਿੱਚ ਪਰਿਵਰਤਨ ਤਾਂ ਕਰ ਸਕਦੀਆਂ ਹਨ ਪਰ ਇਹ ਕਦੇ ਵੀ ਇਕ ਤੋਂ ਵੱਧ ਨਹੀਂ ਆ ਸਕਦੀਆਂ।

## 1.9.4.1.4 ਮੁੱਢਲੀ ਸੰਚਾਲਕ ਕਿਰਿਆ

ਕਿਰਿਆ ਵਾਕੰਸ਼ ਦੀ ਬਣਤਰ ਵਿੱਚੋਂ ਜਦੋਂ ਮੁੱਖ ਕਿਰਿਆ ਅਤੇ ਸਹਾਇਕ ਕਿਰਿਆ ਤੋਂ ਇਲਾਵਾ ਕੋਈ ਸੰਚਾਲਕ ਕਿਰਿਆ ਮੁੱਖ ਕਿਰਿਆ ਤੋਂ ਤੁਰੰਤ ਪਿੱਛੋਂ ਆਵੇ ਤਾਂ ਉਸ ਕਿਰਿਆ ਨੂੰ ਮੁੱਢਲੀ ਸੰਚਾਲਕ ਕਿਰਿਆ ਦਾ ਨਾਂ ਦਿੱਤਾ ਜਾਂਦਾ ਹੈ। ਨਾਂਹ-ਪੱਖੀ ਅਤੇ ਦਬਾ-ਬੋਧਕ ਅੰਸ਼ ਇਨ੍ਹਾਂ ਦੋਹਾਂ ਦੇ ਵਿਚਕਾਰ ਵਿਚਰ ਸਕਦੇ ਹਨ। ਡਾ. ਪੁਆਰ ਨੇ ਇਸ ਉਪ-ਸ਼੍ਰੇਣੀ ਦੇ ਚੌਂਤੀ ਮੈਂਬਰ ਮਿਥੇ ਹਨ। ਇਹ ਧਾਤੂ ਰੂਪ ਜਾਂ/-ਦਾ, ਵਾਇਆ, -ਏ, -ਉ, -ਊ/ਅਤੇ/-ਏਗਾ/ਅੰਤ

ਕਿਰਿਆ/-ਦ, -ਇਆ, ਤੇ -ਈਦਾ/ਕਿਰਿਆ ਰੂਪ ਵਿੱਚ ਵਰਤੀ ਜਾਂਦੀ ਹੈ। ਚੌਤੀ ਕਿਰਿਆ ਦੀ ਸੂਚੀ ਇਸ ਪ੍ਰਕਾਰ ਹੈ : ਆ, ਸਕ, ਹੋ, ਕਰ, ਖੜ੍ਹੋ, ਨਿਕਲ, ਚਲ, ਛਡ, ਜਾ, ਦੇ, ਦਸ, ਦਿਸ, ਧੜਕ, ਪੈ, ਪਾ, ਪੁਜ, ਭਰ, ਫਿਰ, ਬੈਠ, ਬਹਿ, ਬਹੁਤ, ਬਣ, ਮਾਰ, ਰਖ, ਲੈ, ਲਗ, ਵੇਖ, ਉਠ, ਚੁਕ, ਸੁਟ, ਮਿਲ, ਤੁਰ, ਬੋਲ ਅਤੇ ਸੁਣ।

ਇਹ ਕਿਰਿਆ ਰੂਪ ਵਾਕੰਸ਼ ਦੀ ਤਰਤੀਬ ਵਿੱਚ ਮੁੱਢਲੀ ਕਿਰਿਆ ਵਜੋਂ ਹੇਠ ਲਿਖੇ ਅਨੁਸਾਰ ਵਿਚਰਦੇ ਹਨ :

(ੳ) ਮੁੱਖ ਕਿਰਿਆ + ਮੁੱਢਲੀ ਸੰਚਾਲਕ ਕਿਰਿਆ + ਸਹਾਇਕ ਕਿਰਿਆ

ਦੇਸ਼ ਭਗਤ ਬੁੱਢੇ ਹੋ ਚੁੱਕੇ ਹਨ।

(ਅ) ਨਾਂਹ-ਪੱਖੀ ਸ਼ਬਦ + ਮੁੱਖ ਕਿਰਿਆ + ਮੁੱਢਲੀ ਸੰਚਾਲਕ ਕਿਰਿਆ

ਉਹ ਬੱਚਾ ਇਕੱਲਾ ਸਕੂਲ ਨਹੀਂ ਜਾ ਸਕਦਾ।

### 1.9.4.1.5 ਗਤੀਵਾਚਕ ਸੰਚਾਲਕ ਕਿਰਿਆ

ਕਿਰਿਆ ਵਾਕੰਸ਼ ਦੀ ਬਣਤਰ ਵਿੱਚ ਜੋ ਗਤੀਵਾਚਕ ਸੰਚਾਲਕ ਕਿਰਿਆ ਵਰਤੀ ਗਈ ਹੋਵੇ ਤਾਂ ਇਹ ਸੰਚਾਲਕ ਕਿਰਿਆ ਤੋਂ ਪਹਿਲੋਂ ਅਤੇ ਮੁੱਢਲੀ ਸੰਚਾਲਕ ਕਿਰਿਆ ਅਤੇ ਕਰਮਵਾਚੀ ਸੰਚਾਲਕ ਕਿਰਿਆ ਤੋਂ ਫੌਰਨ ਪਿੱਛੋਂ ਆਉਂਦੀ ਹੈ ਪਰ ਜੇ ਮੁੱਢਲੀ ਕਿਰਿਆ ਉਪ-ਸ਼੍ਰੇਣੀ ਦੇ ਉਪਰੋਕਤ ਮੈਂਬਰ ਜਾਂ ਕਰਮਵਾਚੀ ਸੰਚਾਲਕ ਕਿਰਿਆ ਉਪ-ਸ਼੍ਰੇਣੀ, ਵਾਕੰਸ਼ ਦੀ ਬਣਤਰ ਵਿੱਚ ਨਾ ਵਿਚਰ ਰਹੇ ਹੋਣ ਜਾਂ ਕਰਮਵਾਚੀ ਸੰਚਾਲਕ ਕਿਰਿਆ ਗਤੀਵਾਚਕ ਸੰਭਾਵਕ ਰੂਪ/-ਇਆ, -ਉ, -ਊ, -ਏ ਅਤੇ ਏਗਾ/ਅੰਤ ਰੂਪੀ ਕਿਰਿਆ ਵਿੱਚ ਵਿਚਰਦਾ ਹੈ। ਇਸ ਤੋਂ ਪਹਿਲਾਂ ਵਿਚਰਨ ਵਾਲੀ ਮੁੱਖ ਕਿਰਿਆ ਜਾਂ ਤਾਂ ਧਾਤੂ ਰੂਪ ਵਿੱਚ ਜਾਂ ਫਿਰ ਧਾਤੂ ਨਾਲ -ਦਾ/ਅੰਤਕ ਲਗਦਾ ਹੈ। ਇਸ ਉਪ-ਵਰਗ ਦੀਆਂ ਉਦਾਹਰਣਾਂ ਹੇਠ ਦਿੱਤੀਆਂ ਗਈਆਂ ਹਨ।

(ੳ) ਮੁੱਖ ਕਿਰਿਆ + ਗਤੀਵਾਚਕ ਸੰਚਾਲਕ ਕਿਰਿਆ + ਸਹਾਇਕ ਕਿਰਿਆ :

ਮੁੰਡੇ ਪਿੰਡ ਨੂੰ ਜਾ ਰਹੇ ਹਨ।

(ਅ) ਮੁੱਖ ਕਿਰਿਆ + ਕਰਮਵਾਚੀ ਸੰਚਾਲਕ ਕਿਰਿਆ + ਸਹਾਇਕ ਕਿਰਿਆ :

ਸਰਕਾਰੀ ਮੁਲਾਜ਼ਮਾਂ ਨੂੰ ਖ਼ਤ ਲਿਖੇ ਜਾ ਰਹੇ ਹਨ।

### 1.9.4.1.6 ਕਰਮਵਾਚੀ ਸੰਚਾਲਕ ਕਿਰਿਆ

ਕਰਮਵਾਚੀ ਸੰਚਾਲਕ ਕਿਰਿਆ ਦੀ ਵਰਤੋਂ ਕਰਮਵਾਚੀ ਕਿਰਿਆ ਵਾਕੰਸ਼ਾਂ ਦੀ ਸਿਰਜਨਾ ਕਰਦੀ ਹੈ। ਇਹ ਕਿਰਿਆ ਜਾਂ ਤਾਂ ਮੁੱਖ ਕਿਰਿਆ ਤੋਂ ਬਾਅਦ ਆਉਂਦੀ ਹੈ ਅਤੇ ਜੇ ਮੁੱਢਲੀ ਸੰਚਾਲਕ ਕਿਰਿਆ ਉਪ-ਸ਼੍ਰੇਣੀ ਦੀ ਵਰਤੋਂ ਵਾਕੰਸ਼ ਦੀ ਬਣਤਰ ਵਿੱਚ ਕੀਤੀ ਗਈ ਹੋਵੇ ਤਾਂ ਉਸ ਤੋਂ ਪਿੱਛੋਂ ਆਉਂਦੀ ਹੈ। ਇਸ ਕਿਰਿਆ ਤੋਂ ਪਹਿਲੀ ਕਿਰਿਆ ਸਦਾ/-ਇਆ/ਅੰਤਕ ਹੁੰਦੀ ਹੈ। ਇਸ ਉਪ-ਸ਼੍ਰੇਣੀ ਦੇ ਕੇਵਲ ਦੋ ਮੈਂਬਰ 'ਜਾ' ਤੇ 'ਹੋ' ਹਨ ਅਤੇ ਇਹ/-ਦਾ, -ਇਆ, -ੳ, -ਊ, -ਏਗਾ/ਅੰਤਕ ਹੁੰਦੀ ਹੈ ਜਾਂ ਫਿਰ ਧਾਤੂ ਰੂਪ ਵਿੱਚ ਵਿਚਰਦੀ ਹੈ। ਇਸ ਦੀਆਂ ਉਦਾਹਰਣਾਂ ਹੇਠ ਦਿੱਤੀਆਂ ਗਈਆਂ ਹਨ :

(ੳ) ਮੁੱਖ ਕਿਰਿਆ + ਕਰਮਵਾਚੀ + ਸਹਾਇਕ ਕਿਰਿਆ।

ਸ਼ਮਸ਼ਾਨ ਘਾਟ ਵਿੱਚ ਮੁਰਦੇ ਇਕੱਠੇ ਹੀ ਸਾੜੇ ਗਏ ਸਨ।

(ਅ) ਮੁੱਖ ਕਿਰਿਆ + ਮੁੱਢਲੀ ਸੰਚਾਲਕ ਕਿਰਿਆ + ਕਰਮਵਾਚੀ ਸੰਚਾਲਕ ਕਿਰਿਆ + ਸਹਾਇਕ ਕਿਰਿਆ

ਵੋਟਾਂ ਦੀ ਸੂਚੀ ਵਿੱਚ ਨਾਂ ਲਿਖ ਦਿੱਤਾ ਜਾਂਦਾ ਹੈ।

### 1.9.4.1.7 ਸੰਭਾਵਕ ਸੰਚਾਲਕ ਕਿਰਿਆ

ਕਿਰਿਆ ਵਾਕੰਸ਼ ਦੀ ਬਣਤਰ ਵਿੱਚ ਸੰਭਾਵਕ, ਉਪ-ਸ਼੍ਰੇਣੀ ਦੀ ਕਿਰਿਆ, ਸਹਾਇਕ ਕਿਰਿਆ ਤੋਂ ਪਹਿਲਾਂ ਆਉਂਦੀ

ਹੈ। ਜੇ ਸਹਾਇਕ ਕਿਰਿਆ ਦੀ ਵਰਤੋਂ ਕੀਤੀ ਗਈ ਹੋਵੇ ਤਾਂ ਇਹ ਉਪ-ਸ਼੍ਰੇਣੀ ਵਾਕੰਸ਼ ਜੁਗਤ ਵਿੱਚ ਬਾਕੀ ਸਾਰੀਆਂ ਸੰਚਾਲਕ ਉਪ-ਸ਼੍ਰੇਣੀਆਂ ਦੀਆਂ ਕਿਰਿਆਵਾਂ ਤੋਂ ਪਿਛੋਂ ਆਉਂਦੀ ਹੈ। ਇਸ ਉਪ-ਸ਼੍ਰੇਣੀ ਦੀ ਵਰਤੋਂ ਤਾਂ ਹੀ ਹੁੰਦੀ ਹੈ ਜੇ ਇਸ ਤੋਂ ਪਹਿਲਾਂ ਘੱਟੋ-ਘੱਟ ਇਕ ਸੰਚਾਲਕ ਕਿਰਿਆ ਉਪ-ਸ਼੍ਰੇਣੀ ਕਿਰਿਆ ਵਾਕੰਸ਼ ਦੀ ਬਣਤਰ ਵਿੱਚ ਵਿਚਰਦੀ ਹੋਵੇ। ਇਸ ਉਪ-ਸ਼੍ਰੇਣੀ ਦੇ ਮੈਂਬਰਾਂ ਦੀ ਗਿਣਤੀ ਛੇ, 'ਸਕ, ਚੁਕ, ਦਸ, ਹੋ, ਕਰ ਅਤੇ ਦਿਸ' ਹੈ ਅਤੇ ਜਾਂ ਤਾਂ ਧਾਤੂ ਰੂਪ ਵਿੱਚ ਜਾਂ ਫਿਰ ਇਨ੍ਹਾਂ ਨਾਲ/-ਦਾ, -ਇਆ, -ਉ, -ਊ ਏ ਅਤੇ ਏਗਾ/ਅੰਤਕ ਲਗਦੇ ਹਨ। ਇਸ ਦੀ ਵਰਤੋਂ ਦੀਆਂ ਉਦਾਹਰਨਾਂ ਹੇਠਾਂ ਦਿੱਤੀਆਂ ਗਈਆਂ ਹਨ :

(ੳ) ਮੁੱਖ ਕਿਰਿਆ + ਕਰਮਵਾਚੀ ਸੰਚਾਲਕ ਕਿਰਿਆ + ਸੰਭਾਵਕ ਕਿਰਿਆ + ਸਹਾਇਕ ਕਿਰਿਆ : ਤੁਹਾਨੂੰ ਖ਼ਤ ਵੀ ਲਿਖੇ ਜਾ ਸਕਦੇ ਹਨ।

(ਅ) ਨਾਂਹ ਪੱਖੀ ਸ਼ਬਦ + ਮੁੱਖ ਕਿਰਿਆ + ਕਰਮਵਾਚੀ ਕਿਰਿਆ + ਸੰਭਾਵਕ ਸੰਚਾਲਕ ਕਿਰਿਆ : ਤੁਹਾਨੂੰ ਖ਼ਤ ਨਹੀਂ ਲਿਖੇ ਜਾ ਸਕਦੇ।

ਇਸ ਉਪ-ਸ਼੍ਰੇਣੀ ਦੇ ਕਿਰਿਆ ਰੂਪ ਮੁੱਢਲੀ ਸੰਚਾਲਕ ਕਿਰਿਆ ਵਜੋਂ ਵੀ ਵਿਚਰ ਸਕਦੇ ਹਨ ਪਰੰਤੂ ਇਨ੍ਹਾਂ ਦੋਹਾਂ ਦੀ ਭਿੰਨਤਾ ਦਾ ਕਾਰਨ ਕਾਰਜ ਵਿੱਚ ਭਿੰਨਤਾ ਹੈ।

### 1.9.4.1.8 ਸਹਾਇਕ ਕਿਰਿਆ

ਪੰਜਾਬੀ ਵਿੱਚ 'ਹੈ' ਤੇ 'ਸੀ' ਦੋ ਸਹਾਇਕ ਕਿਰਿਆ ਦੇ ਮੈਂਬਰ ਹਨ। ਇਨ੍ਹਾਂ ਦਾ ਰੂਪ ਪਰਿਵਰਤਨ ਵਚਨ ਅਤੇ ਪੁਰਖ ਦੇ ਪੱਧਰਾਂ 'ਤੇ ਹੁੰਦਾ ਹੈ। ਇਕ ਹਾਂ-ਪੱਖੀ ਕਿਰਿਆ ਵਾਕੰਸ਼ ਦੀ ਬਣਤਰ ਵਿੱਚ ਜੇ ਸਹਾਇਕ ਕਿਰਿਆ ਦੀ ਵਰਤੋਂ ਕੀਤੀ ਗਈ ਹੋਵੇ ਤਾਂ ਵਾਕੰਸ਼ ਵਿੱਚ ਇਸ ਦਾ ਸਥਾਨ ਅੰਤਲਾ ਹੈ। ਪਰ ਨਾਂਹ ਪੱਖੀ ਕਿਰਿਆ ਵਾਕੰਸ਼ਾਂ ਦੀ ਬਣਤਰ ਵਿੱਚ ਇਹ ਦੋ ਥਾਵਾਂ 'ਤੇ ਵਿਚਰ ਸਕਦੀ ਹੈ। ਸਹਾਇਕ ਕਿਰਿਆ ਜਾਂ ਤਾਂ ਕਿਰਿਆ ਵਾਕੰਸ਼ ਦੀ ਬਣਤਰ ਵਿੱਚ ਸਭ ਤੋਂ ਪਹਿਲਾਂ ਆਉਂਦੀ ਹੈ ਜਾਂ ਮੁੱਖ ਕਿਰਿਆ ਤੋਂ ਪਹਿਲੋਂ ਤੇ ਨਾਂਹ ਬੋਧਕ ਸ਼ਬਦ ਤੋਂ ਤੁਰੰਤ ਬਾਅਦ।

### 1.9.5 ਕਿਰਿਆ ਵਾਕੰਸ਼ ਦੀ ਬਣਤਰ

ਕਾਲਕੀ ਕਿਰਿਆ ਵਾਕੰਸ਼ਾਂ ਦੀ ਬਣਤਰ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿੱਚ ਹਾਂ-ਪੱਖੀ ਕਰਤਰੀ ਵਾਚੀ ਕਿਰਿਆ ਵਾਕੰਸ਼ਾਂ ਨੂੰ ਰੱਖਿਆ ਗਿਆ ਹੈ ਜਦੋਂ ਕਿ ਦੂਜੇ ਭਾਗ ਵਿੱਚ ਹਾਂ-ਪੱਖੀ, ਕਰਮਵਾਚੀ ਕਿਰਿਆ ਵਾਕੰਸ਼ਾਂ ਨੂੰ ਰੱਖਿਆ ਗਿਆ ਹੈ। ਨਾਂਹ-ਪੱਖੀ ਤੇ ਦਬਾ ਬੋਧਕ ਸ਼ਬਦਾਂ ਦੀ ਵਰਤੋਂ ਕਿਸੇ ਵੀ ਬਣਤਰ ਵਿੱਚ ਕੀਤੀ ਜਾ ਸਕਦੀ ਹੈ। ਇਸ ਲਈ ਇਨ੍ਹਾਂ ਦੀ ਚਰਚਾ ਇਥੇ ਨਹੀਂ ਕੀਤੀ ਜਾ ਰਹੀ।

### 1.9.5.1 ਹਾਂ-ਪੱਖੀ ਕਰਤਰੀ ਕਿਰਿਆ-ਵਾਕੰਸ਼

ਇਸ ਹਾਂ-ਪੱਖੀ ਕਰਤਰੀ ਕਿਰਿਆ-ਵਾਕੰਸ਼ ਦੀ ਬਣਤਰ ਵਿੱਚ ਜੇਕਰ ਸਾਰੇ ਦੇ ਸਾਰੇ ਸੰਭਾਵਤ ਤੱਤ ਆਉਣ ਤਾਂ ਇਨ੍ਹਾਂ ਤੱਤਾਂ ਦੀ ਤਰਤੀਬ ਇਸ ਪ੍ਰਕਾਰ ਹੁੰਦੀ ਹੈ : ਮੁੱਖ ਕਿਰਿਆ + ਸੰਚਾਲਕ ਕਿਰਿਆ + ਸਹਾਇਕ ਕਿਰਿਆ। ਸੰਚਾਲਕ ਕਿਰਿਆ ਨੂੰ ਅੱਗੋਂ ਤਿੰਨ ਭਾਗਾਂ ਵਿੱਚ ਵੰਡ ਸਕਦੇ ਹਾਂ, ਭਾਵ, ਮੁੱਢਲੀ ਸੰਚਾਲਕ ਕਿਰਿਆ, ਗਤੀਵਾਚਕ ਸੰਚਾਲਕ ਕਿਰਿਆ। ਕਿਰਿਆ ਵਾਕੰਸ਼ ਦੇ ਇਹ ਤੱਤ ਇਸ ਤਰਤੀਬ ਵਿੱਚ ਵਿਚਰਦੇ ਹਨ : ਮੁੱਖ ਕਿਰਿਆ + ਮੁੱਢਲੀ ਸੰਚਾਲਕ ਕਿਰਿਆ + ਗਤੀਵਾਚਕ ਸੰਚਾਲਕ ਕਿਰਿਆ + ਸੰਭਾਵਕ ਸੰਚਾਲਕ ਕਿਰਿਆ + ਸਹਾਇਕ ਕਿਰਿਆ।

ਕਾਲਕੀ ਕਿਰਿਆ ਵਾਕੰਸ਼ ਦੀ ਬਣਤਰ ਵਿੱਚ ਵਿਚਰਨ ਵਾਲੇ ਕਿਰਿਆ ਰੂਪਾਂ ਦੇ ਆਧਾਰ 'ਤੇ ਵਾਕੰਸ਼ਾਂ ਨੂੰ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ, ਹਾਂ-ਪੱਖੀ ਕਿਰਿਆ ਵਾਕੰਸ਼ ਪੈਟਰਨ ਅਤੇ ਨਾਂਹ-ਪੱਖੀ ਕਿਰਿਆ ਵਾਕੰਸ਼ ਪੈਟਰਨ।

### 1.9.5.2 ਹਾਂ-ਪੱਖੀ ਕਿਰਿਆ ਵਾਕੰਸ਼ ਪੈਟਰਨ

ਇਕ ਹਾਂ-ਪੱਖੀ ਕਿਰਿਆ ਵਾਕੰਸ਼ ਦੀ ਬਣਤਰ ਬਾਰੇ ਪਹਿਲਾਂ ਵੀ ਦੱਸਿਆ ਜਾ ਚੁੱਕਾ ਹੈ ਕਿ ਇਸ ਦੀ ਬਣਤਰ ਵਿੱਚ ਮੁੱਖ ਕਿਰਿਆ ਤੋਂ ਇਲਾਵਾ ਸਹਾਇਕ ਤੇ ਸੰਚਾਲਕ ਕਿਰਿਆਵਾਂ ਵਿਚਰ ਸਕਦੀਆਂ ਹਨ। ਡਾ. ਜੋਗਿੰਦਰ ਸਿੰਘ

ਪੁਆਰ ਨੇ ਹਾਂ-ਪੱਖੀ ਕਿਰਿਆ ਵਾਕੰਸ਼ ਵਿੱਚ ਚੌਵੀ (24) ਪੈਟਰਨ ਨਿਸ਼ਚਿਤ ਕੀਤੇ ਹਨ। ਇਨ੍ਹਾਂ ਚੌਵੀ ਪੈਟਰਨਾਂ ਵਿੱਚ ਉਪਰੋਕਤ ਕਿਰਿਆ ਰੂਪ ਬਦਲ ਕੇ ਵਿਚਰਦੇ ਹਨ ਅਤੇ ਇਨ੍ਹਾਂ ਦੇ ਵਿਚਰਨ ਦੀਆਂ ਕੁੱਝ ਸੀਮਤ ਸੰਭਾਵਨਾਵਾਂ ਹਨ। ਇਨ੍ਹਾਂ ਪੈਟਰਨਾਂ ਦੀ ਵਧੇਰੇ ਜਾਣਕਾਰੀ ਲਈ ਵੇਖੋ, 'ਪੰਜਾਬੀ ਭਾਸ਼ਾ ਦਾ ਵਿਆਕਰਨ : ਭਾਗ ਤੀਜਾ।'

### 1.9.5.3 ਨਾਂਹ-ਪੱਖੀ ਤੇ ਦਬਾ-ਯੁਕਤ ਕਿਰਿਆ ਵਾਕੰਸ਼ ਪੈਟਰਨ

ਨਕਾਰ ਤੇ ਸਕਾਰ ਦੋ ਪੱਖ ਹਨ ਜਿਨ੍ਹਾਂ ਦਾ ਪ੍ਰਗਟਾਵਾ ਸ਼ਬਦ ਤੋਂ ਲੈ ਕੇ ਵਾਕ ਤੱਕ ਹੋ ਸਕਦਾ ਹੈ। ਹਰ ਇਕਾਈ ਨੂੰ ਨਕਾਰਿਆ ਜਾਂ ਸਕਾਰਿਆ ਜਾ ਸਕਦਾ ਹੈ ਭਾਵ ਹਰ ਹਾਂ-ਪੱਖ ਦਾ ਦੂਜਾ ਪੱਖ ਨਾਂਹ-ਪੱਖ ਹੈ। ਵਾਕੰਸ਼ ਦੇ ਪੱਧਰ 'ਤੇ ਹਾਂ-ਪੱਖੀ ਕਿਰਿਆ ਵਾਕੰਸ਼ ਦਾ ਇਕ ਨਾਂਹ-ਪੱਖੀ ਬਦਲ ਹੁੰਦਾ ਹੈ। ਨਾਂਹ-ਪੱਖੀ ਕਿਰਿਆ ਵਾਕੰਸ਼ਾਂ ਦੀ ਬਣਤਰ ਵਿੱਚ 'ਨਾਂ', 'ਨਹੀਂ' ਜਾਂ 'ਮਤ' ਦੀ ਵਰਤੋਂ ਕੀਤੀ ਜਾਂਦੀ ਹੈ। ਪੰਜਾਬੀ ਵਾਕ ਬਣਤਰ ਵਿੱਚ ਆਮ ਕਰਕੇ ਨਾਂਹ-ਪੱਖੀ ਸ਼ਬਦ, ਵਾਕੰਸ਼ ਦੇ ਅੰਤ ਵਿੱਚ ਵਿਚਰਨ ਵਾਲੀ ਸਹਾਇਕ ਕਿਰਿਆ ਤੋਂ ਪਹਿਲੋਂ ਆਉਂਦੇ ਹਨ ਜਾਂ ਫਿਰ ਵਾਕੰਸ਼ ਦੇ ਮੁੱਢ ਵਿੱਚ ਵੀ ਵਿਚਰਦੇ ਹਨ। ਦਬਾ-ਬੋਧਕ ਸ਼ਬਦਾਂ ਰਾਹੀਂ ਵਾਕੰਸ਼ ਦੇ ਕਿਸੇ ਸ਼ਬਦ 'ਤੇ ਜ਼ੋਰ ਦਿੱਤਾ ਜਾਂਦਾ ਹੈ, ਲੇਖਕ ਜਾਂ ਬੁਲਾਰੇ ਵੱਲੋਂ ਕਿਸੇ ਸ਼ਬਦ ਤੋਂ ਵਿਸ਼ੇਸ਼ ਭਾਂਤ ਦਾ ਕਾਰਜ ਕਰਵਾਉਣਾ ਹੋਵੇ ਤਾਂ ਉਸ ਸ਼ਬਦ ਦੇ ਪਿੱਛੇ ਦਬਾ-ਬੋਧਕ ਦੀ ਵਰਤੋਂ ਕੀਤੀ ਜਾਂਦੀ ਹੈ।

ਕਿਰਿਆ ਵਾਕੰਸ਼ ਦੀ ਬਣਤਰ ਵਿੱਚ ਜਦੋਂ ਨਾਂਹ-ਪੱਖੀ ਅਤੇ ਦਬਾ-ਬੋਧਕ ਦੋਵੇਂ ਭਾਂਤ ਦੇ ਸ਼ਬਦ ਵਿਚਰਦੇ ਹੋਣ ਤਾਂ ਆਮ ਤੌਰ 'ਤੇ ਦਬਾ-ਬੋਧਕਾਂ ਦੀ ਵਰਤੋਂ ਨਾਂਹ-ਪੱਖੀ ਸ਼ਬਦਾਂ ਤੋਂ ਪਹਿਲੇ ਹੁੰਦੀ ਹੈ। ਇਕ ਕਰਤਰੀ ਵਾਚੀ ਨਾਂਹ-ਪੱਖੀ ਤੇ ਦਬਾ-ਬੋਧਕ ਵਾਕੰਸ਼ ਦੀ ਬਣਤਰ ਵਿੱਚ ਛੇ ਸ਼ਬਦ ਅਤੇ ਕਰਮਵਾਚੀ ਨਾਂਹ-ਪੱਖੀ ਦਬਾ-ਬੋਧਕ ਕਿਰਿਆ, ਵਾਕੰਸ਼ ਦੀ ਬਣਤਰ ਵਿੱਚ ਸੱਤ ਸ਼ਬਦ ਆਉਂਦੇ ਹਨ : ਡਾ. ਪੁਆਰ ਨੇ ਨਾਂਹ-ਪੱਖੀ ਤੇ ਦਬਾ-ਬੋਧਕ ਕਿਰਿਆ ਵਾਕੰਸ਼ਾਂ ਦੇ ਛੇ ਪੈਟਰਨ ਦਿੱਤੇ ਹਨ।

### 1.9.6 ਅਕਾਲਕੀ ਕਿਰਿਆ ਵਾਕੰਸ਼

ਕਾਲਕੀ ਕਿਰਿਆ ਵਾਕੰਸ਼ ਦੇ ਮੁਕਾਬਲੇ ਅਕਾਲਕੀ-ਕਿਰਿਆ ਵਾਕੰਸ਼ ਦੀ ਬਣਤਰ ਵਿੱਚ ਵਿਚਰਨ ਵਾਲੇ ਕਿਰਿਆ ਰੂਪਾਂ ਦਾ ਰੂਪ ਅਕਾਲਕੀ ਕਿਰਿਆ 'ਤੇ ਨਿਰਭਰ ਕਰਦਾ ਹੈ। ਇਕ ਕਾਲਕੀ ਕਿਰਿਆ-ਵਾਕੰਸ਼ ਦੀ ਬਣਤਰ ਦਾ ਅੰਤਲਾ ਸ਼ਬਦ ਕਾਲਕੀ ਹੁੰਦਾ ਹੈ ਪਰ ਅਕਾਲਕੀ ਕਿਰਿਆ-ਵਾਕੰਸ਼ ਦੀ ਬਣਤਰ ਦਾ ਅੰਤਲਾ ਅਕਾਲਕੀ ਹੁੰਦਾ ਹੈ। ਅਕਾਲਕੀ ਕਿਰਿਆ ਨਾਲ ਲੱਗਣ ਵਾਲੇ ਪਿਛੇਤਰਾਂ ਤੋਂ ਇਸ ਦੀ ਪਛਾਣ ਕੀਤੀ ਜਾਂਦੀ ਹੈ, ਅਕਾਲਕੀ ਕਿਰਿਆ ਜਾਂ ਤਾਂ ਧਾਤੂ ਰੂਪ ਵਿੱਚ ਵਿਚਰਦੀ ਹੈ ਜਾਂ ਇਸ ਕਿਰਿਆ ਨਾਲ ਛੇ ਤਰ੍ਹਾਂ ਦੇ ਪਿਛੇਤਰ, 'ਦੋ-ਦਿਆਂ, ਇਆਂ, -ਕੇ, -ਨੋਂ/-ਦੋ, -ਨ/-ਣ, ਲਗਦੇ ਹਨ, ਜਿਵੇਂ 'ਉਹ ਪਿੰਡ ਪਹੁੰਚਦਿਆਂ ਹੀ ਵਾਪਸ ਪਰਤ ਆਇਆ', 'ਉਹ ਪਿੰਡ ਜਾ ਕੇ ਆਇਆ ਹੈ।' ਪਹਿਲੇ ਵਾਕ ਵਿੱਚ 'ਪਹੁੰਚਦਿਆ' ਅਕਾਲਕੀ ਕਿਰਿਆ ਹੈ ਅਤੇ ਇਸ ਵਾਕ ਵਿੱਚ ਅਕਾਲਕੀ ਕਿਰਿਆ ਵਾਕੰਸ਼ ਵਜੋਂ ਵਿਚਰਦੀ ਹੈ। ਦੂਜੇ ਵਾਕ ਵਿੱਚ ਜਾ ਕੇ ਅਕਾਲਕੀ ਕਿਰਿਆ ਵਾਕੰਸ਼ ਹੈ।

ਅਕਾਲਕੀ ਕਿਰਿਆ ਵਾਕੰਸ਼ ਦੀ ਬਣਤਰ ਵਿੱਚ ਆਮ ਤੌਰ 'ਤੇ ਦੋ ਅਕਾਲਕੀ ਕਿਰਿਆ ਰੂਪ ਵਿਚਰਦੇ ਹਨ ਪਰ ਜੇ ਕਿਰਿਆ ਵਾਕੰਸ਼ ਦੀ ਬਣਤਰ ਵਿੱਚ ਦੋ ਤੋਂ ਵੱਧ ਰੂਪ ਵਿਚਰਨ ਤਾਂ ਉਹ ਰੂਪ ਅਕਾਲਕੀ ਹੁੰਦੇ ਹਨ, ਜਿਵੇਂ : 'ਉਸ ਨੇ ਮੈਨੂੰ ਜਾਣੋ ਰੋਕ ਲਿਆ, ਉਹ ਮੈਨੂੰ ਲਿਖ ਲਿਖ ਕੇ ਥੱਕ ਗਿਆ।'

ਅਕਾਲਕੀ ਕਿਰਿਆ-ਵਾਕੰਸ਼ਾਂ ਦੁਆਰਾ ਪਰਾਧੀਨ ਉਪਵਾਕਾਂ ਦੀ ਸਿਰਜਣਾ ਹੁੰਦੀ ਹੈ। ਪਰਾਧੀਨ ਉਪਵਾਕ ਕਦੀ ਵੀ ਇਕੱਲੇ ਤੌਰ 'ਤੇ ਨਹੀਂ ਵਿਚਰ ਸਕਦੇ। ਇਨ੍ਹਾਂ ਦੇ ਨਾਲ ਕੋਈ ਸਵਾਧੀਨ ਉਪਵਾਕ ਲਾਜ਼ਮੀ ਵਿਚਰਦਾ ਹੈ। ਅਕਾਲਕੀ ਕਿਰਿਆ ਵਾਕੰਸ਼ ਉਪਵਾਕ ਦੇ ਅੰਤ 'ਤੇ ਵਿਚਰਦੇ ਹਨ ਅਤੇ ਇਨ੍ਹਾਂ ਦੁਆਰਾ ਹੋਂਦ ਵਿੱਚ ਆਉਣ ਵਾਲੇ ਉਪਵਾਕ ਦੇ ਪਹਿਲੇ, ਦੂਜੇ ਜਾਂ ਅੰਤਲੇ ਸਥਾਨਾਂ 'ਤੇ ਵਿਚਰ ਸਕਣ ਦੀ ਸਮਰੱਥਾ ਰਖਦੇ ਹਨ।

### 1.9.7 ਸਿੱਟਾ

ਉਪਰੋਕਤ ਵਿਸ਼ਲੇਸ਼ਣ ਉਪਰੰਤ ਕਿਹਾ ਜਾ ਸਕਦਾ ਹੈ ਕਿ ਕਿਰਿਆ-ਵਾਕੰਸ਼ ਇਕ ਅਜਿਹੀ ਵਿਆਕਰਨਕ ਇਕਾਈ ਹੈ ਜੋ ਉਪ-ਵਾਕ ਇਕਾਈ ਦੀ ਸਿਰਜਕ ਹੁੰਦੀ ਹੈ। ਇਕ ਉਪ-ਵਾਕ ਦੀ ਬਣਤਰ ਵਿੱਚ ਕੇਵਲ ਇਕੋ ਕਿਰਿਆ-ਵਾਕੰਸ਼ ਵਿਚਰਦਾ ਹੈ ਅਤੇ ਹਾਂ-ਪੱਖੀ ਕਿਰਿਆ ਵਾਕੰਸ਼ ਦੀ ਬਣਤਰ ਵਿੱਚ ਇਹ ਗਿਣਤੀ ਸੱਤ ਸ਼ਬਦਾਂ ਤੱਕ ਪੁੱਜ ਸਕਦੀ ਹੈ। ਕਾਰਜ ਅਤੇ ਬਣਤਰ ਪੱਖੋਂ ਹਰ ਪ੍ਰਕਾਰ ਦੇ ਵਾਕਾਂ ਵਿੱਚ ਆਉਣ ਵਾਲੇ ਕਿਰਿਆ-ਵਾਕੰਸ਼ ਦੀਆਂ ਵਿਆਕਰਨਕ ਬਣਤਰਾਂ ਇਕੋ ਜਿਹੀਆਂ ਹੁੰਦੀਆਂ ਹਨ।

### 1.9.8 ਯੋਗਤਾ ਦੀ ਪਰਖ : ਪ੍ਰਸ਼ਨਾਂ ਦੇ ਸੰਭਾਵੀ ਉੱਤਰ

1. ਠੀਕ ਕਥਨ ਦੀ ਪੁਸ਼ਟੀ ਲਈ (✓) ਨਿਸ਼ਾਨ ਅਤੇ ਗਲਤ ਵਿੱਚ (×) ਨਿਸ਼ਾਨ ਲਾਉ :-
   - (ੳ) ਸਹਾਇਕ ਕਿਰਿਆ ਕੇਵਲ ਕਾਲ ਦੀ ਵਾਹਕ ਹੁੰਦੀ ਹੈ .............
   - (ਅ) ਸਹਾਇਕ ਕਿਰਿਆ ਕਾਲ ਦੀ ਵਾਹਕ ਹੁੰਦੀ ਹੈ...........
2. ਨਾਂਹ-ਪੱਖੀ ਸ਼ਬਦਾਂ ਦੀ ਵਰਤੋਂ ਨਾਲ ਇਨ੍ਹਾਂ ਵਾਕਾਂ ਨੂੰ ਨਾਂਹ-ਪੱਖੀ ਵਾਕਾਂ ਵਿੱਚ ਬਦਲੋ :
   - (ੳ) ਉਹ ਘਰ ਜਾਂਦੀ ਹੀ ਹੈ।
   - (ਅ) ਕੁੜੀ ਨੂੰ ਕਾਲਜ ਤੋਂ ਇਨਾਮ ਮਿਲਿਆ।
3. ਕਿਰਿਆ-ਵਾਕੰਸ਼ਾਂ ਦੀ ਬਣਤਰ ਵਿੱਚ ਨਾਂਹ-ਮੁੱਖੀ ਤੇ ਦਬਾ ਵਾਚੀ ਸ਼ਬਦਾਂ ਦਾ ਪ੍ਰਯੋਗ ਕਰੋ।
   - (ੳ) ਕੱਚੀਆਂ ਸੜਕਾਂ 'ਤੇ ਮੋਟਰਾਂ ਚੱਲ ਸਕਦੀਆਂ ਹਨ।

     .......................................................
   - (ਅ) ਬਜ਼ੁਰਗ ਆਦਮੀ ਦੌੜ ਸਕਦੇ ਹਨ।

     ..........................................
4. ਕਾਲਕੀ ਤੇ ਅਕਾਲਕੀ ਕਿਰਿਆ ਰੂਪਾਂ ਨੂੰ ਅਲੱਗ ਕਰਕੇ ਲਿਖੋ।
   - (ੳ) ਲਿਖਦੇ..........................
   - (ਅ) ਲਿਖਣੋ..........................
   - (ੲ) ਜਾਵੇ.............................
   - (ਸ) ਜਾਣੋਂ.............................
5. ਕਿਰਿਆ-ਵਾਕੰਸ਼ ਤੋਂ ਕੀ ਭਾਵ ਹੈ ? ਪੰਜਾਬੀ ਵਾਕੰਸ਼ ਦੀ ਬਣਤਰ ਸੰਬੰਧੀ ਜਾਣਕਾਰੀ ਦਿਉ।
6. ਕਾਲਕੀ ਕਿਰਿਆ ਵਾਕੰਸ਼ ਦੇ ਤੱਤਾਂ ਦਾ ਵਰਣਨ ਕਰੋ।
7. ਪੰਜਾਬੀ ਦੇ ਕਾਲਕੀ ਕਿਰਿਆ ਵਾਕੰਸ਼ ਵਿੱਚ ਕਿੰਨੇ ਕਿਰਿਆ ਰੂਪ ਵਿਚਰਦੇ ਹਨ ਅਤੇ ਉਹਨਾਂ ਦੀ ਤਰਤੀਬ ਸੰਬੰਧੀ ਚਰਚਾ ਕਰੋ।
8. ਇਕ ਕਿਰਿਆ-ਵਾਕੰਸ਼ ਦੀ ਬਣਤਰ ਵਿੱਚ ਵਿਚਰਨ ਵਾਲੀਆਂ ਕਿਰਿਆਵਾਂ ਦੇ ਰੂਪ ਅਤੇ ਕਾਰਜ ਸੰਬੰਧੀ ਜਾਣਕਾਰੀ ਦਿਉ।
9. ਕਾਲਕੀ ਕਿਰਿਆ ਵਾਕੰਸ਼ ਤੋਂ ਕੀ ਭਾਵ ਹੈ, ਪੰਜਾਬੀ ਦੇ ਇਕ ਹਾਂ-ਪੱਖੀ ਕਾਲਕੀ ਕਿਰਿਆ-ਵਾਕੰਸ਼ ਦੀ ਬਣਤਰ ਕਿਸ ਪ੍ਰਕਾਰ ਦੀ ਹੁੰਦੀ ਹੈ ?

## ਮਹੱਤਵਪੂਰਨ ਪ੍ਰਸ਼ਨ

1. ਕਿਰਿਆ–ਵਾਕੰਸ਼ ਦੀ ਪਰਿਭਾਸ਼ਾ ਲਿਖੋ ਤੇ ਦੱਸੋ ਕਿ ਕਿਰਿਆ–ਵਾਕੰਸ਼ ਨੂੰ ਕਿੰਨੇ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ? (ਦਸੰਬਰ 2017)

## 1.9.9 ਸਹਾਇਕ ਪੁਸਤਕ ਸੂਚੀ

ਵੇਦ ਅਗਨੀਹੋਤਰੀ – ਪਰਚਾਇਕ ਭਾਸ਼ਾ ਵਿਗਿਆਨ
ਸੁਖਵਿੰਦਰ ਸਿੰਘ ਸੰਘਾ – ਭਾਸ਼ਾ ਵਿਗਿਆਨ

**Converted in Self Learning Mode by Dr. Gurpreet Kaur**
**Last Update June 10, 2023**

**ਪਾਠ ਨੰਬਰ : 1.10** **ਲੇਖਕ : ਡਾ. ਬਲਦੇਵ ਸਿੰਘ ਚੀਮਾ**

## ਕਾਰਕ ਅਤੇ ਕਾਰਕੀ ਸੰਬੰਧ

1.10.1 ਉਦੇਸ਼

1.10.2 ਭੂਮਿਕਾ

1.10.3 ਕਾਰਕ ਦਾ ਘੇਰਾ

1.10.4 ਕਾਰਕ : ਸਥਾਪਤੀ ਦੇ ਅਧਾਰ

1.10.5 ਪੰਜਾਬੀ ਕਾਰਕ ਪ੍ਰਬੰਧ

- 1.10.5.1 ਸਧਾਰਨ ਕਾਰਕ
- 1.10.5.2 ਸੰਬੰਧਕੀ ਕਾਰਕ
- 1.10.5.3 ਅਪਾਦਾਨ ਕਾਰਕ
- 1.10.5.4 ਕਰਨ ਕਾਰਕ
- 1.10.5.5 ਅਧਿਕਰਣ ਕਾਰਕ
- 1.10.5.6 ਸੰਬੋਧਨ ਕਾਰਕ

1.10.6 ਸਿੱਟਾ

1.10.7 ਪ੍ਰਸ਼ਨ ਉੱਤਰ

1.10.8 ਸਹਾਇਕ ਪੁਸਤਕ ਸੂਚੀ

### 1.10.1 ਉਦੇਸ਼

ਭਾਸ਼ਾ ਦੀ ਵਾਕ-ਜੁਗਤ ਵਿਚਲੇ ਵਾਕਾਤਮਕ ਸਬੰਧਾਂ ਨੂੰ ਕਾਰਕ ਹੀ ਨਿਰਧਾਰਤ ਕਰਦੇ ਹਨ। ਕਾਰਕਾਂ ਦਾ ਪ੍ਰਗਟਾਵਾ ਭਾਵ-ਜੁਗਤ ਜਾਵਾਂ ਦੀ ਪੱਧਰ ਤੇ ਹੁੰਦਾ ਹੈ। ਭਾਵ ਦੇ ਪੱਧਰ ਤੇ ਕਾਰਕ ਚਿੰਨਾਂ ਦੀ ਵਰਤੋਂ ਨਹੀਂ ਹੁੰਦੀ ਪਰੰਤੂ ਪਰਤੱਖ-ਜੁਗਤ ਪੱਧਰ ਤੇ ਇਨ੍ਹਾਂ ਦੀ ਵਰਤੋਂ ਹੁੰਦੀ ਹੈ ਪਰਤੱਖ-ਜੁਗਤ ਦੇ ਪੱਧਰ ਕਾਰਕਾਂ ਦਾ ਪ੍ਰਗਟਾਵਾ ਦੋ ਤਰ੍ਹਾਂ ਨਾਲ ਹੈ, ਭਾਵ ਨਾਵਾਂ ਦੇ ਅੰਤਿਕਾ ਵਜੋਂ ਵਿਚਰ ਰਹੇ ਕਾਰਕਾਂ, ਸੰਬੰਧ ਸੂਚਕ ਵਿਭਕਤੀਆਂ ਰਾਹੀਂ ਅਤੇ ਨਾਵਾਂ ਤੋਂ ਪਿੱਛੋਂ ਆਜ਼ਾਦ ਤੌਰ ਤੇ ਵਿਚਰ ਰਹੇ ਕਾਰਕੀ ਸੰਬੰਧ ਸੂਚਕ ਸਬੰਧਕਾਂ ਰਾਹੀਂ। ਕਾਰਕ ਦੀ ਪਰਿਭਾਸ਼ਾ ਹਿਤ ਆਖਿਆ ਜਾ ਸਕਦਾ ਹੈ ਕਿ ਵਾਕ-ਬਣਤਰ ਵਿਚ ਵਿਚਰਦੀਆਂ ਨਾਂਵ/ਨਾਂਵ ਵਾਕੰਸ਼ ਅਤੇ ਅਤੇ ਕਿਰਿਆ/ਵਾਕੰਸ਼ ਦੇ ਅੰਤਰ-ਸਬੰਧਾਂ ਨੂੰ ਕਾਰਕ ਦਾ ਨਾਂ ਦਿੱਤਾ ਜਾਂਦਾ ਹੈ ਅਤੇ ਕਾਰਕਾਂ ਦੇ ਪ੍ਰਗਟਾਅ ਲਈ ਵਿਸ਼ੇਸ਼ ਸ਼ਬਦ ਰੂਪਾਂ ਦੀ ਲੋੜ ਪੈਂਦੀ ਹੈ।

**1.10.2 ਭੂਮਿਕਾ**

ਵਾਕ ਬਣਤਰ ਵਿਚ ਵਿਚਰ ਰਹੇ ਸ਼ਬਦਾਂ ਦੀ ਆਪਣੀ ਇੱਕ ਤਰਤੀਬ ਹੁੰਦੀ ਹੈ ਅਤੇ ਉਸ ਬਣਤਰ ਦਾ ਕਾਰਜ ਹੁੰਦਾ ਹੈ। ਇਕ ਭਾਸ਼ਾ ਦੀ ਦੂਜੀ ਭਾਸ਼ਾ ਵਿਚ ਵਿਆਕਰਨ ਦੇ ਪੱਧਰ ਤੇ ਕਈ ਭਾਂਤ ਦਾ ਵਖਰੇਵਾਂ ਹੁੰਦਾ ਹੈ। ਇੱਕ ਤਰਤੀਬ ਵਿਚ ਵਿਚਰ ਰਹੇ ਸ਼ਬਦ ਆਪ ਮੁਹਾਰੇ ਢੰਗ ਨਾਲ ਨਹੀਂ ਆਉਂਦੀ ਸਗੋਂ ਉਨ੍ਹਾਂ ਦੇ ਪਿੱਛੇ ਇਕ ਪੂਰਾ ਵਿਗਿਆਨ ਕੰਮ ਕਰ ਰਿਹਾ ਹੁੰਦਾ ਹੈ। ਭਾਸ਼ਾ ਦੀ ਜੁਗਤ ਨੂੰ ਜੇਕਰ ਗਹੁ ਨਾਲ ਵੇਖਿਆ ਜਾਵੇ ਤਾਂ ਇਸ ਪ੍ਰਕਾਰ ਦਾ ਅਦਿੱਖ ਵਿਗਿਆਨ ਕੰਮ ਕਰਦਾ ਪ੍ਰਤੀਤ ਹੁੰਦਾ ਹੈ। ਵਾਕ ਵਿਚਲੇ ਸ਼ਬਦ ਵੱਡੀ ਇਕਾਈ ਦੇ ਮੈਂਬਰਾਂ ਵਜੋਂ ਵਿਚਰਦੇ ਹਨ ਅਤੇ ਵਡੇਰੀਆਂ ਇਕਾਈਆਂ ਵਾਕ ਦੀ ਬਣਤਰ ਤੇ ਕਾਰਜ ਨਿਰਧਾਰਤ ਕਰਦੀਆਂ ਹਨ। ਇਹ ਇਕਾਈਆਂ ਦੇ ਵਿਚਰਨ ਪਿੱਛੇ ਭਾਸ਼ਾ ਦਾ ਕਾਰਕ-ਵਿਧਾਨ ਕਾਰਜਸ਼ੀਲ ਰਹਿੰਦਾ ਹੈ।

**1.10.3 ਕਾਰਕ ਦਾ ਘੇਰਾ**

ਹਰ ਇੱਕ ਕਾਰਕ ਦਾ ਆਪਣਾ ਇਕ ਘੇਰਾ ਹੁੰਦਾ ਹੈ ਜੋ ਦੂਜੇ ਕਾਰਕ ਦੇ ਕਾਰਜ ਤੋਂ ਭਿੰਨ ਹੁੰਦਾ ਹੈ। ਲੜੀਵਾਰ ਤਰਤੀਬ ਰਾਹੀਂ ਕਾਰਕਾਂ ਦੀ ਪਛਾਣ ਰੂਪ ਭਾਵ ਵਿਭਕਤੀਆਂ ਦੇ ਸੰਬੰਧਕਾਂ ਰਾਹੀਂ ਕੀਤੀ ਜਾਂਦੀ ਹੈ। ਜਦੋਂ ਕਿ ਕੜੀਦਾਰ ਤਰਤੀਬ ਵਿਚ ਕਾਰਕਾਂ ਦੀ ਪਛਾਣ ਨਾਂਵ ਤੇ ਕਿਰਿਆ ਤੇ ਵਾਕਾਤਮਕ ਸੰਬੰਧਕ ਰਾਹੀਂ ਕੀਤੀ ਜਾਂਦੀ ਹੈ। ਇਸ ਪ੍ਰਕਾਰ ਕਾਰਕ ਦੀ ਪਛਾਣ ਦੇ ਨਾਵਾਂ ਤੋਂ ਹੁੰਦੀ ਹੈ ਉਥੇ ਨਾਵਾਂ ਦੇ ਕਿਰਿਆ ਨਾਲ ਸਬੰਧ ਦੇ ਕਾਰਜ ਤੋਂ ਵੀ ਹੁੰਦੀ ਹੈ। ਨਾਵਾਂ ਨਾਲ ਲੱਗੀਆਂ ਹੋਈਆਂ ਵਿਭਤਕੀਆਂ ਅਤੇ ਆਜ਼ਾਦ ਤੌਰ ਕੇ ਵਿਚਰਨ ਵਾਲੇ ਸਬੰਧਕ ਨਾਵਾਂ ਦੇ ਕਾਰਜ ਨੂੰ ਨਿਰਧਾਰਤ ਕਰਦੇ ਹਨ। ਇਨ੍ਹਾਂ ਦਾ ਸਬੰਧ ਦੁਵੱਲਾ ਹੈ। ਵਾਕ ਦੀ ਤਰਤੀਬ ਵਿਚ ਨਾਮ ਦੀ ਕਿਰਿਆ ਵਿਚਲੇ ਸਬੰਧਾਂ ਅਤੇ ਨਾਮ ਸ਼ਬਦਾਵਲੀ ਦੀ ਵਰਤੋ ਦੀ ਰੂਪਾਂਤਰਕ ਲੜੀ ਤੋਂ ਇਨ੍ਹਾਂ ਦਾ ਪਤਾ ਚਲਦਾ ਹੈ।

**1.10.4 ਕਾਰਕ : ਸਥਾਪਤੀ ਦੇ ਅਧਾਰ**

ਪਾਣਿਨੀ ਦੀ ਵਿਕਾਰੀ ਸ਼ਬਦ ਪ੍ਰਣਾਲੀ ਕਾਰਕ ਦੇ ਸੰਕਲਪ ਤੇ ਆਧਾਰਿਤ ਹੈ। ਕਾਰਕ ਨੂੰ ਵਾਸਤਵ ਵਿਚ ਵਸਤੂ ਅਤੇ ਉਹਦੇ ਕੀਜ ਦੇ ਪ੍ਰਸੰਗ ਵਿਚ ਰੱਖ ਕੇ ਅਨੁਭਵ ਕੀਤਾ ਗਿਆ, ਜੋ ਕਾਰਜ ਦੀ ਪੂਰਤੀ ਲਈ ਕਿਰਿਆ ਕਰਦੀ ਹੈ। ਇਸ ਤਰ੍ਹਾਂ ਪਾਣਿਨੀ ਨੇ ਕਾਰਕ ਦੇ ਸੰਕਲਪ ਦੀ ਕਲਪਨਾ ਨਾਂਵ ਅਤੇ ਕਿਰਿਆ ਅਰਥਾਤ ਉਸ ਦੇ ਪਿਛੋਕੜ ਵਿਚ ਵਿਚਰਦੀ ਵਸਤੂ ਅਤੇ ਉਹਦੇ ਕਾਰਜ ਦੇ ਤਾਰਕਿਕ ਸੰਬੰਧਾਂ ਦੇ ਅਧਾਰ ਤੇ ਕੀਤੀ ਹੈ। ਕਾਰਕ ਸਿਧਾਂਤ ਵਾਸਤਵ ਵਿਚ ਅਜਿਹੇ ਵਾਕਾਤਮਕ ਸਬੰਧਾਂ ਦਾ ਸਮੂਹ ਹੈ ਜਿਨ੍ਹਾਂ ਦੀ ਕਲਪਨਾ ਗੁਪਤ ਜੁਗਤ ਵਿਚ ਭਾਵ ਜੁਗਤ ਵਿਚ ਧੁਨੀਆਤਮਕ ਪੱਧਰ ਤੇ ਕਾਰਕ ਸੂਚਕ ਚਿੰਨ੍ਹਾਂ ਰਾਹੀਂ ਪ੍ਰਗਟ ਹੁੰਦੀ ਹੈ। ਇਸ ਤਰ੍ਹਾਂ ਕਾਰਕ ਸਿਧਾਂਤ ਦੇ ਦੋ ਭਾਗ ਹਨ।

(1.) ਗੁਪਤ ਵਿਚ ਵਿਚਰਦੇ ਵਾਕਾਤਮਕ ਸਬੰਧ।

(2.) ਪ੍ਰਤੱਖ ਜੁਗਤ ਵਿਚ ਕਾਰਕ ਸੂਚਕ ਚਿੰਨ੍ਹਾਂ ਰਾਹੀਂ ਉਨ੍ਹਾਂ ਦਾ ਪ੍ਰਗਟਾਅ

ਪਾਣਿਨੀ ਦੇ ਇਸ ਸਿਧਾਂਤ ਤੋਂ ਬਹੁਤ ਸਾਰੇ ਪੱਛਮੀ ਵਿਦਵਾਨਾਂ ਨੇ ਇਸ ਨੂੰ ਪੂਰੀ ਤਰ੍ਹਾਂ ਨਹੀਂ ਸਮਝਿਆ ਅਤੇ ਇਸ ਕਰਕੇ ਕਈ ਭੁਲੇਖਿਆਂ ਦਾ ਸ਼ਿਕਾਰ ਹੋ ਗਏ ਅਤੇ ਉਨ੍ਹਾਂ ਮੁਤਾਬਿਕ ਪਾਣਿਨੀ ਰੂਪ ਤੋਂ ਪ੍ਰਭਾਵਿਤ ਸੀ ਪਰੰਤੂ ਪਾਣਿਨੀ ਦਾ ਕਾਰਕ ਸਿਧਾਂਤ ਭਾਵਾਤਮਕ ਸੰਬੰਧਾਂ ਨੂੰ ਪੇਸ਼ ਕਰਦਾ ਹੈ।

**1.10.5 ਪੰਜਾਬੀ ਕਾਰਕ ਪ੍ਰਬੰਧ**

ਪੰਜਾਬੀ ਭਾਸ਼ਾ ਦੀ ਵਾਕ ਬਣਤਰ ਵਿਚ ਇਕ ਕਾਰਕ ਦਾ ਪ੍ਰਗਟਾਵਾ ਨਾਵਾਂ ਨਾਲ ਲੱਗੇ ਕਾਰਕ ਸੂਚਕ ਚਿੰਨ੍ਹ ਰਾਹੀਂ ਹੁੰਦਾ ਹੈ ਅਤੇ ਇਨ੍ਹਾਂ ਕਾਰਕਾਂ ਨੂੰ ਸਬੰਧਕਾ ਅਤੇ ਵਿਭਕਤੀਆਂ ਰਾਹੀਂ ਪ੍ਰਗਟਾਇਆ ਜਾ ਸਕਦਾ ਹੈ। ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਪੰਜਾਬੀ ਵਿਚ ਕਾਰਕ ਦੇ ਪ੍ਰਗਟਾਅ ਲਈ ਇਕ ਤੋਂ ਵਧੇਰੇ ਵਿਭਕਤੀਆਂ ਦੀ ਵਰਤੋਂ ਹੋ ਸਕਦੀ ਹੈ। ਪੰਜਾਬੀ ਵਿਚ ਕਾਰਕਾਂ ਦੀ ਸੰਖਿਆ ਦਾ ਨਿਰਣਾ ਨਾਵਾਂ ਨਾਲ ਵਿਚਰ ਰਹੀਆਂ ਵਿਭਕਤੀਆਂ ਦੇ ਆਧਾਰ ਤੇ

ਕੀਤਾ ਜਾ ਸਕਦਾ ਹੈ। ਡਾ. ਚੰਚਲ ਅਨੁਸਾਰ ਅਨੁਸਾਰ ਪੰਜਾਬੀ ਵਿਚ ਕੁੱਲ ਛੇ ਵਿਭਕਤੀਆਂ ਹਨ ਤੇ ਛੇ ਕਾਰਕ ਹਨ। ਪਿਛਲੱਗਾ (ਸੰਬੰਧਕਾਂ) ਦੀ ਸੰਖਿਆ ਦੀ ਸੂਚੀ ਕਾਫ਼ੀ ਵੱਡੀ ਹੈ, ਜੋ ਨਾਂਵ ਦੇ ਪਿੱਛਲੱਗ ਵਜੋਂ ਵਿਚਰਕੇ ਸੰਯੁਕਤ ਵਿਭਕਤੀ ਦਾ ਕਾਰਜ ਕਰਦੇ ਸਨ। ਪੰਜਾਬੀ ਦੀ ਸੰਯੁਕਤ ਵਿਭਕਤੀ ਇਕ ਪਾਸੇ ਸੰਪੇਖ ਕਾਰਕ ਵਿਚ ਨਾਂਵਾ ਦੇ ਕਿਰਿਆ ਸੰਬੰਧਾਂ ਨੂੰ ਦਰਸਾਉਂਦੀਆਂ ਹਨ ਅਤੇ ਦੂਜੇ ਪਾਸੇ 'ਦਾ' ਵਰਗ ਦਾ ਸੰਬੰਧਕ ਦੋ ਨਾਂਵਾ ਦੇ ਵਿਚਕਾਰ ਵਿਚਰਦੇ ਵਾਕੰਸ਼ ਦੀ ਬਣਤਰ ਵਿਚਲੇ ਇਨ੍ਹਾਂ ਨਾਵਾਂ ਦੇ ਸੰਬੰਧਾਂ ਨੂੰ ਦਰਸਾਉਂਦੀਆਂ ਹਨ। ਇਸ ਤਰ੍ਹਾਂ ਸੰਬੋਧਨ ਵਿਭਕਤੀ ਸੂਚਕ ਸ਼ਬਦਾਂ ਵਿੱਚ ਪ੍ਰਗਟ ਹੁੰਦਾ ਹੈ ਅਤੇ ਸ਼ਬਦ ਕਿਰਿਆ ਨਾਲ ਕੋਈ ਸਬੰਧ ਨਹੀਂ ਹੁੰਦਾ ਭਾਵ ਸੰਬੋਧਨ ਵਿਧੇ ਤੋਂ ਬਿਨਾਂ ਹੀ ਹੁੰਦਾ ਹੈ। ਇਨ੍ਹਾਂ ਕਾਰਨਾ ਕਰਕੇ ਪੰਜਾਬੀ ਕਾਰਕ ਪ੍ਰਣਾਲੀ ਨੂੰ ਪੰਜਾਬੀ ਵਾਕਾਤਮਕ ਜੁਗਤ ਦੇ ਅੰਤਰਗਤ ਵਿਭਕਤੀ ਵਜੋਂ ਹੀ ਵੇਖਿਆ ਜਾ ਸਕਦਾ ਹੈ।

ਪੰਜਾਬੀ ਵਿੱਚ ਕਾਰਕ ਦੋ ਪ੍ਰਕਾਰ ਦੇ ਵਾਕਾਤਮਕ ਸੰਬੰਧਾਂ, ਵਿਆਕਰਨ ਅਸਥਾਨਗਤ ਨੂੰ ਪ੍ਰਗਟ ਕਰਦਾ ਹੈ। ਪੰਜਾਬੀ ਵਿੱਚ ਕਾਰਕ ਸਬੰਧਾਂ ਦੇ ਵਾਕਾਤਮਕ ਕਾਰਜ ਨੂੰ ਉਪਲੱਬਧ ਵਿਅਕਤੀਆਂ ਦੇ ਅਧਾਰ ਤੇ ਛੇ ਕਾਰਕਾਂ ਵਿਚ ਵਰਗੀਕਰਨ ਕੀਤਾ ਜਾ ਸਕਦਾ ਹੈ ਅਤੇ ਹਰ ਕਾਰਕ ਵਿਸ਼ੇਸ਼ ਵਾਕਾਤਮਕ ਬੰਦਾ ਨੂੰ ਪ੍ਰਗਟ ਕਰਦਾ ਹੈ। ਛੇ ਕਾਰਕ ਇਸ ਪ੍ਰਕਾਰ ਹਨ-

**1.10.5.1 ਸਧਾਰਨ ਕਾਰਕ**

ਸਧਾਰਨ ਕਾਰਕ ਰਾਹੀਂ ਕਰਤਾ ਜਾਂ ਕਰਮ ਦਾ ਕਿਰਿਆ ਨਾਲ ਵਿਸ਼ੇਸ਼ ਵਿਆਕਰਨਕ ਸਬੰਧਾਂ ਦਾ ਪਤਾ ਚੱਲਦਾ ਹੈ। ਕਰਤਾ ਜਾਂ ਕਰਮ ਸ਼ਬਦ ਸ਼੍ਰੇਣੀ ਦੇ ਪੱਖ ਤੋਂ ਨਾਂਵ ਜਾਂ ਪੜਨਾਂਵ ਦੇ ਮੈਂਬਰ ਹੁੰਦੇ ਹਨ। ਇਸ ਕਾਰਕ ਦੀ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਇਨ੍ਹਾਂ ਨਾਲ ਕੋਈ ਸਬੰਧਕ ਨਹੀਂ ਵਿਚਰ ਰਿਹਾ ਹੁੰਦਾ। ਵਾਕ ਵਿਚ ਅਕਰਮਕ ਕਿਰਿਆਵਾਂ ਦਾ ਮੇਲ ਕਰਤਾ ਨਾਂਵ ਵਾਕੰਸ਼ ਨਾਲ ਹੁੰਦਾ ਹੈ ਅਤੇ ਜਦੋਂ ਕਿ ਪੂਰਨ ਸਕਰਮਕ ਕਿਰਿਆ ਦੇ ਮੇਲ ਨਾਲ ਹੁੰਦਾ ਹੈ। ਜਿਵੇਂ-

(ੳ) ਕੁੜੀ ਖੇਡਦੀ ਹੈ

(ਅ) ਬੱਚੇ ਖੇਡਦੇ ਹਨ।

(ੲ) ਮੁੰਡਾ ਦੁੱਧ ਪੀਂਦਾ ਹੈ।

(ਸ) ਕੁੜੀਆਂ ਗੀਤ ਗਾਉਂਦੀਆਂ ਹਨ।

(ਹ) ਆਦਮੀ ਨੇ ਰੋਟੀ ਖਾਧੀ।

(ਕ) ਆਦਮੀ ਨੇ ਰੋਟੀਆਂ ਖਾਧੀਆਂ।

(ਖ) ਆਦਮੀ ਨੇ ਦੋ ਰੋਟੀਆਂ ਖਾਧੀਆਂ।

**1.10.5.2 ਸੰਬੰਧਕੀ ਕਾਰਕ**

ਨਾਂਵ ਜਾਂ ਪੜਨਾਂਵ ਸ਼ਬਦਾਂ ਦੇ ਸੰਬੰਧਕੀ ਰੂਪ ਤੋਂ ਪਿੱਛੋਂ ਵਿਚਰਣ ਵਾਲੇ ਵਿਸ਼ੇਸ਼ ਸਬੰਧਕਾਂ ਤੋਂ ਕਰਤਾ ਜਾਂ ਕਰਮ ਦੀ ਕਿਰਿਆ ਨਾਲ ਵਿਆਕਰਨਕ ਸਬੰਧਾਂ ਦਾ ਪਤਾ ਚਲਦਾ ਹੈ ਅਤੇ ਇਨ੍ਹਾਂ ਵਿਚਲੇ ਕਾਰਕੀ ਸੰਬੰਧ ਨੂੰ ਸੰਬੰਧਕੀ ਕਾਰਕ ਦਾ ਨਾਂ ਦਿੱਤਾ ਜਾਂਦਾ ਹੈ। ਪੰਜਾਬੀ ਦਾ ਸੰਬੰਧਕੀ ਕਾਰਕ ਸੰਸਕ੍ਰਿਤ ਦੇ ਪ੍ਰੰਪਰਾਗਤ ਕਾਰਕ, ਕਰਤਾ, ਕਾਰਮ, ਅਪਾਦਾਨ, ਸੰਪਰਦਾਨ, ਅਧਿਕਰਨ ਅਤੇ ਸੰਬੰਧ ਵਿਭਕਤੀ ਰਾਹੀਂ ਪ੍ਰਗਟਾਏ ਜਾਂਦੇ ਵਿਆਕਰਨਕ ਸੰਬੰਧਾਂ ਨੂੰ ਪ੍ਰਗਟ ਕਰਨ ਦਾ ਕਾਰਜ ਕਰਦਾ ਹੈ। ਇਸ ਪ੍ਰਕਾਰ ਇਸ ਕਾਰਜ ਖੇਤਰ ਵਿਚ ਵਿਚਰਦੇ ਵਿਸ਼ੇਸ਼ ਵਿਆਕਰਨਕ ਸੰਬੰਧਾਂ ਨੂੰ ਸੰਯੁਕਤ ਵਿਭਕਤੀ ਭਾਵ 'ਨਾਂਵ ਦੇ ਪਿਛੇਤਰੀ ਰੂਪ+ਸੰਬੰਧਕ' ਰਾਹੀਂ ਪ੍ਰਗਟ ਕੀਤਾ ਜਾਂਦਾ ਹੈ। ਪੰਜਾਬੀ ਵਿਚ ਨਾਂਵ ਜਾਂ ਪੜਨਾਂਵ ਦੇ ਪਿਛੇਤਰੀ ਰੂਪ ਵਿਚ ਸਬੰਧਤ ਇਕ ਦੂਜੇ ਦੇ ਪੂਰਕ ਹੁੰਦੇ ਹਨ। ਡਾ. ਚੰਚਲ ਸਿੰਘ ਨੇ ਇਨ੍ਹਾਂ ਦੀ ਵਿਸਥਾਰ ਪੂਰਵਕ ਚਰਚਾ ਕੀਤੀ ਹੈ। ਜਿਵੇਂ-

- /-ਏ + ਸੰਬੰਧਕ ਦੀ ਵਰਤੋਂ 'ਅ' ਵਿਚ ਇਕ ਨਾਂਵ ਦੇ ਪ੍ਰਸੰਗ ਵਿਚ ਕੀਤੀ ਜਾਂਦੀ ਹੈ-

  (ੳ) ਬੱਚੇ ਨੇ ਰੋਟੀ ਖਾਧੀ।

  (ਅ) ਬੱਚੇ ਤੋਂ ਰੋਟੀ ਨਹੀਂ ਖਾਧੀ ਗਈ।

  (ੲ) ਕੁੜੀ ਬੱਚੇ ਨੂੰ ਮਾਰਦੀ ਹੈ।

- /-ਇਆ + ਸਬੰਧਕ ਦੀ ਵਰਤੋਂ 'ਅ' ਅੰਤਕ ਪੁਲਿੰਗ ਬਹੁਵਚਨ ਦੇ ਪ੍ਰਸੰਗ ਵਿੱਚ ਕੀਤੀ ਜਾਂਦੀ ਹੈ-

(ੳ) ਬੱਚਿਆਂ ਨੇ ਕੁੱਤਿਆਂ ਨੂੰ ਮਾਰਿਆ।

(ਅ) ਗਰੀਬਾਂ ਦਾ ਨਿਰਾਦਰ ਨਾ ਕਰੋ।

- /0 + ਸੰਬੰਧਕ ਦੀ ਵਰਤੋ '-ਆ' ਅੰਤਕ ਨਾਵਾਂ ਤੋਂ ਬਿਨਾਂ ਬਾਕੀ ਸਾਰੇ ਸਵਰ ਅੰਤਕ, ਅਤੇ ਵਿਅੰਜਨ ਅੰਤਕ ਪੁਲਿੰਗ/ ਇ: ਲਿੰਗ, ਇਥੇ ਵਚਨ ਨਾਵਾਂ ਦੇ ਪ੍ਰਸੰਗ ਵਿਚ ਕੀਤੀ ਜਾਂਦੀ ਹੈ-

(ੳ) ਪਿਓ ਨੇ ਮੁੰਡੇ ਨੂੰ ਰੋਣ ਤੋਂ ਰੋਕਿਆ

(ਅ) ਸੱਜੇ ਹੱਥ ਨਾਲ ਲਿਖੋ

- /-ਆ + ਸੰਬੰਧਕ ਦੀ ਵਰਤੋ '-ਅ' ਅੰਤਕ ਨਾਵਾਂ ਤੋਂ ਬਿਨ੍ਹਾਂ ਬਾਕੀ ਸਾਰੇ 'ਵਾ' ਸਵਰ ਅੰਤਕ ਪੁਲਿੰਗ/ ਇਸਤਰੀ ਲਿੰਗ ਬਹੁਵਚਨ ਨਾਵਾਂ ਦੇ ਪ੍ਰਸੰਗ ਵਿੱਚ ਕੀਤੀ ਜਾਂਦੀ ਹੈ-

(ੳ) ਘਰਾਂ ਵਿੱਚ ਸਫ਼ਾਈ ਰੱਖੋ

(ਅ) ਦੋਸਤਾਂ ਨਾਲ ਮਖੌਲ ਕੀਤਾ ਜਾ ਸਕਦਾ ਹੈ।

### 1.10.5.3 ਅਪਾਦਾਨ ਕਾਰਕ

ਅਪਾਦਾਨ ਕਾਰਕ ਰਾਹੀਂ ਵਾਕ ਦੇ ਵਾਕਾਤਮਕ ਸੰਬੰਧਾਂ ਦਾ ਕਾਰਜ ਕਿਸੇ ਸਥਾਨ, ਵਿਚਾਰ ਜਾਂ ਕਾਰਜ ਤੋਂ ਅੱਡ ਹੋਣ ਦੇ ਸੰਕਲਪ ਨੂੰ ਪ੍ਰਸਤੁਤ ਕਰਕੇ ਕੀਤਾ ਜਾਂਦਾ ਹੈ। ਇਸ ਕਾਰਨ ਦਾ ਪ੍ਰਗਟਾਵਾ ਹੇਠ ਲਿਖੇ ਅਨੁਸਾਰ ਹੁੰਦਾ ਹੈ। ਜਿਵੇਂ- ਪਿਛੇਤਰਾਂ ਵਜੋਂ ਵਿਚਰ ਰਹੀਆਂ ਵਿਭਕਤੀਆਂ -

| | |
|---|---|
| 'ਓ' | ਘਰੋਂ |
| 'ਇਓ' | ਕੋਠਿਓਂ |
| 'ਥੋਂ' | ਤੈਥੋਂ |

ਨਾਵਾਂ, ਪੜਨਾਵਾਂ, ਕਿਰਿਆਵਾਂ, ਨਾਵਾਂ ਸੰਬੰਧੀ ਸੰਬੰਧਕਾਂ ਦੇ ਪਿਛੇਤਰੀ ਰੂਪਾਂ ਵਿੱਚੋਂ 'ਤੋਂ' ਅਪਾਦਾਨ ਸੰਬੰਧਕ ਦੀ ਵਰਤੋ ਹੁੰਦੀ ਹੈ, ਜਿਸ ਦੀਆਂ ਉਦਾਹਾਰਨਾਂ ਹੇਠ ਦਿੱਤੀਆ ਗਈਆਂ ਹਨ-

ਨਾਂਵ

| | | |
|---|---|---|
| ਘਰ | ਘਰੋਂ | ਘਰ ਤੋਂ |
| ਪਿੰਡ | ਪਿੰਡੋਂ | ਪਿੰਡ ਤੋਂ |
| ਬੱਸ | ਬੱਸੋਂ | ਬੱਸ ਤੋਂ |
| ਅਸਮਾਨ | ਅਸਮਾਨੋਂ | ਅਸਮਾਨ ਤੋਂ |

ਪੜਨਾਂਵ

| | | |
|---|---|---|
| ਮੈਂ | ਮੈਥੋਂ | ਮੇਰੇ ਤੋਂ |
| ਤੂੰ | ਤੈਥੋਂ | ਤੇਰੇ ਤੋਂ |
| ਸਾਡਾ | ਸਾਥੋਂ | ਸਾਡੇ ਤੋਂ |

ਵਿਸ਼ੇਸ਼ਣ

| | | |
|---|---|---|
| ਗੋਰਾ | ਗੋਰਿਓਂ | ਗੋਰੇ ਤੋਂ |
| ਚਿੱਟਾ | ਚਿਟਿਓਂ | ਚਿੱਟੇ ਤੋਂ |
| ਨਿੱਕਾ | ਨਿੱਕਿਓਂ | ਨਿੱਕੇ ਤੋਂ |
| ਚੌੜਾ | ਚੌੜਿਓ | ਚੌੜੇ ਤੋਂ |

ਕਿਰਿਆਵਾਂ ਨਾਂਵ

| | | |
|---|---|---|
| ਵੇਖਣ | ਵੇਖਣੋਂ | ਵੇਖਣ ਤੋਂ |
| ਪੜ੍ਹ | ਪੜ੍ਹਨੋਂ | ਪੜ੍ਹਨ ਤੋਂ |
| ਕਰ | ਕਰਨੋਂ | ਕਰਨ ਤੋਂ |
| ਲਿਖ | ਲਿਖਣੋਂ | ਲਿਖਣ ਤੋਂ |

### 1.10.5.4 ਕਰਨ ਕਾਰਕ

ਕਰਨ ਕਾਰਕ ਰਾਹੀਂ ਵਾਕ ਦੇ ਹੋਣ ਦੇ ਸਾਧਨ ਜਾਂ ਢੰਗ ਨੂੰ ਪ੍ਰਸਤੁਤ ਕੀਤਾ ਗਿਆ ਹੁੰਦਾ ਹੈ। ਪੰਜਾਬੀ ਵਿਚ ਕੁਝ ਨਾਵਾਂ ਨਾਲ 'ਈ' ਪਿਛੇਤਰ ਜਾਂ 'ਰਾਹੀਂ', 'ਨਾਲ', 'ਦੁਆਰਾ' ਆਦਿ ਸੰਬੰਧਕਾਂ ਦੀ ਵਰਤੋਂ ਕੀਤੀ ਜਾਂਦੀ ਹੈ। ਜਿਵੇਂ-

| | | |
|---|---|---|
| ਹੱਥ | ਹੱਥੀਂ | ਹੱਥਾਂ ਨਾਲ |
| ਬੁੱਕ | ਬੁੱਕੀਂ | ਬੁੱਕ ਨਾਲ |
| ਕੰਨ | ਕੰਨੀਂ | ਕੰਨਾਂ ਨਾਲ |
| ਗੱਲ | ਗੱਲੀਂ | ਗੱਲਾਂ ਨਾਲ |

### 1.10.5.5 ਅਧਿਕਰਨ ਕਾਰਕ

ਅਧਿਕਰਨ ਕਾਰਕ ਦੁਆਰਾ ਵਾਕ ਵਿਚ ਵਿਚਰਦੇ ਨਾਵਾਂ ਦੇ ਕਾਰਜ ਦ੍ਰਿਸ਼ ਜਾਂ ਸਥਾਨ ਨੂੰ ਅੰਕਤ ਕੀਤਾ ਜਾਂਦਾ ਹੈ। ਅਧਿਕਰਨ ਕਾਰਕ ਨੂੰ ਪ੍ਰਸਤੁਤ ਕਰਨ ਲਈ ਨਾਵਾਂ ਨਾਲ ਦੋ ਪ੍ਰਕਾਰ ਦੇ ਅੰਤਕ ਲੱਗਦੇ ਹਨ- 'ਏ' (ਪੁਲਿੰਗ ਇਕ ਵਚਨ) ਅਤੇ 'ਈ' (ਪੁਲਿੰਗ ਬਹੁਵਚਨ)। ਜਿਵੇਂ-

| | | |
|---|---|---|
| ਘਰ | ਘਰੇ | ਘਰ ਵਿਚ |
| ਚੁਬਾਰਾ | ਚੁਬਾਰੇ | ਚੁਬਾਰੇ ਵਿਚ |
| ਘਰ | ਘਰੀਂ | ਘਰਾਂ ਵਿਚ |
| ਚੁਬਾਰਾ | ਚੁਬਾਰੀਂ | ਚੁਬਾਰਿਆਂ ਵਿਚ |

### 1.10.5.6 ਸੰਬੋਧਨ ਕਾਰਕ

ਭਾਰਤੀ ਵਿਆਕਰਨਕ ਪ੍ਰੰਪਰਾ ਦੇ ਅਨੁਸਾਰ 'ਕਾਰਕ' ਸੰਕਲਪ ਦੀ ਵਿਆਖਿਆ ਨਾਂਵ ਅਤੇ ਕਿਰਿਆਵਾਂ ਦੇ ਆਪਸੀ ਸੰਬੰਧਾਂ ਤਹਿਤ ਕੀਤੀ ਜਾਂਦੀ ਹੈ। ਪਰ ਪੰਜਾਬੀ ਦਾ ਸੰਬੋਧਨ ਕਾਰਕ ਇਸ ਪਰਿਭਾਸ਼ਾ 'ਤੇ ਪੂਰਾ ਨਹੀਂ ਉਤਰਦਾ ਕਿਉਂਕਿ ਇਸ ਕਾਰਕ ਰਾਹੀਂ ਕੇਵਲ ਨਾਂਵ ਹੀ ਪ੍ਰਭਾਵਤ ਹੁੰਦਾ ਹੈ ਕਿਰਿਆ ਨਹੀਂ। ਸੰਬੋਧਨ ਆਪਣੇ ਆਪ ਵਿਚ ਇਕ ਵਾਕ ਦਾ ਕਾਰਜ ਕਰਦਾ ਹੈ ਅਤੇ ਵਿਧੀ ਵਿਹੁਣਾ ਹੁੰਦਾ ਹੈ ਭਾਵੇਂ ਇਹ ਭਾਂਤ ਦੇ ਸੰਬੋਧਨੀ ਨਾਂਵਾਂ ਦੀ ਵਰਤੋਂ ਵਾਕਾਂ ਤੋਂ ਪਹਿਲਾਂ ਹੁੰਦੀ ਹੈ। ਪੰਜਾਬੀ ਦੇ ਸੰਬੋਧਨੀ ਕਾਰਕ ਨੂੰ ਉਜਾਗਰ ਕਰਨ ਵਾਲੀਆਂ ਸੰਬੋਧਨੀ ਵਿਭਕਤੀਆਂ ਦਾ ਜ਼ਿਕਰ ਕੀਤਾ ਜਾਂਦਾ ਹੈ। ਜਿਵੇਂ-

(ੳ) 'ਇਆਂ' ਦੀ ਵਰਤੋਂ 'ਆ' ਅੰਤਕ ਪੁਲਿੰਗ, ਇਕ ਵਚਨ ਨਾਵਾਂ ਲਈ-

ਕਾਲਿਆਂ

ਮੁੰਡਿਆਂ

(ਅ) 'ਇਓ' ਦੀ ਵਰਤੋਂ 'ਓ' ਅੰਤਕ ਪੁਲਿੰਗ, ਬਹੁਵਚਨ ਨਾਂਵਾਂ ਲਈ-

ਘੋੜਿਓ

ਖੋਤਿਓ

ਇਸੇ ਪ੍ਰਕਾਰ 'ਆ' ਅਤੇ 'ਓ' ਵਿਭਕਤੀ ਦੀ ਵਰਤੋਂ 'ਆ' ਅੰਕਤ ਨਾਵਾਂ ਨੂੰ ਛੱਡ ਕੇ ਬਾਕੀ ਸਾਰੇ ਨਾਵਾਂ ਲਈ ਕੀਤੀ ਜਾਂਦੀ ਹੈ, ਜਿਵੇਂ-

ਮਿੱਤਰਾ

ਬੇਲੀਆ

ਦੋਸਤੋ

ਮੁੰਡਿਓ

ਇਸ ਪਾਠ ਵਿਚ ਕਾਰਕ ਅਤੇ ਕਾਰਕੀ ਸੰਬੰਧਾਂ ਬਾਰੇ ਸੰਖੇਪ ਜਿਹੀ ਚਰਚਾ ਕੀਤੀ ਗਈ ਹੈ। ਇਸ ਸਬੰਧੀ ਹੋਰ ਜਾਣਕਾਰੀ 'ਪੰਜਾਬੀ ਭਾਸ਼ਾ ਦਾ ਵਿਆਕਰਨ' ਭਾਗ ਤੀਜਾ ਮੁੱਖ ਸੰਪਾਦਕ ਡਾ. ਜੋਗਿੰਦਰ ਸਿੰਘ ਪੁਆਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

**ਸਵੈ-ਮੁਲਾਂਕਣ ਪ੍ਰਸ਼ਨ**

1. ਅਪਾਦਾਨ ਕਾਰਕ ਤੋਂ ਤੁਹਾਡਾ ਕੀ ਭਾਵ ਹੈ?

--------------------------------------------------------------------------------

--------------------------------------------------------------------------------

2. ਕਾਰਕ ਦੀ ਸਥਾਪਤੀ ਦੇ ਕੀ ਅਧਾਰ ਹਨ?

--------------------------------------------------------------------------------

--------------------------------------------------------------------------------

### 1.10.6 ਸਿੱਟਾ

ਕਾਰਕ ਸਬੰਧਾਂ ਦੇ ਪ੍ਰਗਟਾਅ ਲਈ ਸੰਸਾਰ ਦੀਆਂ ਭਾਸ਼ਾਵਾਂ ਉੱਤੇ ਉਨ੍ਹਾਂ ਦੀ ਰੂਪਗਤ ਜੁਗਤਾ ਅਨੁਸਾਰ ਵੱਖ-ਵੱਖ ਕਾਰਕ ਚਿੰਨਾਂ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਦੀ ਸੰਖਿਆ ਘੱਟ ਵੱਧ ਹੈ। ਸੰਸਕ੍ਰਿਤ ਵਿਆਕਰਨਕਾਰ ਪਾਣਿਨੀ ਨੇ ਸੰਸਕ੍ਰਿਤ ਵਿੱਚ ਛੇ ਇਹ ਕਾਰਕ ਅਤੇ ਅੱਠ ਵਿਭਕਤੀਆਂ ਮੰਨੀਆਂ ਹਨ। ਭਾਸ਼ਾ ਪਰਿਵਰਤਨਸ਼ੀਲ ਹੈ, ਇਸ ਕਰਕੇ ਸਮੇਂ ਦੀ ਤਬਦੀਲੀ ਨਾਲ ਭਾਸ਼ਾ ਵਿਚ ਪਰਿਵਰਤਨ ਆ ਜਾਂਦੇ ਹਨ ਅਤੇ ਇਸ ਤਬਦੀਲੀ ਨਾਲ ਭਾਸ਼ਾ ਦੀ ਬਣਤਰ ਵਿਚ ਤਬਦੀਲੀ ਵਾਪਰਦੀ ਹੈ ਜਿਸ ਕਰਕੇ ਪੁਰਾਤਨ ਭਾਸ਼ਾ ਤੇ ਬਦਲੀ ਹੋਈ ਭਾਸ਼ਾ ਵਿਚ ਕਾਰਕ ਅਤੇ ਵਿਭਕਤੀ ਆਉਣਾ ਲਾਜ਼ਮੀ ਹੋ ਜਾਂਦਾ ਹੈ। ਆਧੁਨਿਕ ਭਾਰਤੀ ਭਾਸ਼ਾਵਾਂ ਵਿਚਲੇ ਵਾਕਾਤਮਕ ਸਬੰਧਾਂ ਨੂੰ ਪੇਸ਼ ਕਰਨ ਵਾਲੇ ਕਾਰਕ ਅਤੇ ਵਿਭਕਤੀਆਂ ਵਿਚ ਪੁਰਾਤਨ ਦੇ ਮੁਕਾਬਲੇ ਵਿਚ ਬਹੁਤ ਪਰਿਵਰਤਨ ਹੈ। ਖਾਸ ਕਰਕੇ ਪੰਜਾਬੀਆਂ ਵਰਗੀਆਂ ਭਾਸ਼ਾਵਾ ਵਿਚ ਸੰਬੰਧਕਾਂ ਦੇ ਵਿਕਾਸ ਨਾਲ ਕਾਰਕਾ ਅਤੇ ਵਿਭਕਤੀਆਂ ਦੇ ਆਪਸੀ ਸਬੰਧਾਂ ਵਿਚ ਹੋਰ ਉਲਝਣ ਪੈਦਾ ਹੋਈ ਹੈ। ਇਸ ਕਰਕੇ ਪੰਜਾਬੀ ਭਾਸ਼ਾ ਦੇ ਕਾਰਕਾਂ ਅਤੇ ਵਿਭਕਤੀਆਂ ਨੂੰ ਵਧੇਰੇ ਧਿਆਨ ਨਾਲ ਵਿਚਾਰਣ ਅਤੇ ਪਰਖਣ ਦੀ ਲੋੜ ਹੈ।

### 1.10.7 ਅਭਿਆਸ ਲਈ ਪ੍ਰਸ਼ਨ

1. ਪੰਜਾਬੀ ਵਿਅਕਾਰਨ ਅਨੁਸਾਰ ਕਾਰਕ ਕਿੰਨੀ ਪ੍ਰਕਾਰ ਦੇ ਹਨ? ਸੰਖੇਪ ਵਿੱਚ ਲਿਖੋ।
2. ਕਾਰਕ ਅਤੇ ਕਾਰਕੀ ਸਬੰਧਾਂ ਬਾਰੇ ਵਿਸਤ੍ਰਿਤ ਜਾਣਕਾਰੀ ਦਿਓ।

### 1.10.8 ਸਹਾਇਕ ਪੁਸਤਕ ਸੂਚੀ

ਜੁਗਿੰਦਰ ਸਿੰਘ ਪੁਆਰ - ਭਾਸ਼ਾ ਵਿਗਿਆਨ ਸੰਕਲਪ ਤੇ ਦਿਸ਼ਾਵਾ
ਪਰਮਜੀਤ ਸਿੰਘ ਸਿੱਧੂ - ਮਾਨਵ ਵਿਗਿਆਨਕ ਭਾਸ਼ਾ ਵਿਗਿਆਨ

**Converted in Self Learning Mode by Dr. Gurpreet Kaur**
**Last Update June 10, 2023**

ਪਾਠ ਨੰਬਰ : 1.11 ਲੇਖਕ : ਡਾ. ਬਲਦੇਵ ਸਿੰਘ ਚੀਮਾ

## ਸ਼ਬਦ ਬਣਤਰ ਅਤੇ ਸ਼ਬਦ ਰਚਨਾ

1.11.1 ਉਦੇਸ਼

1.11.2 ਭੂਮਿਕਾ

1.11.3 ਅੰਦਰ ਕੇਂਦਰਤ ਬਣਤਰਾਂ

1.11.4 ਸਾਂਵੀਆਂ ਬਣਤਰਾਂ : ਵਧਾਣੀਆਂ ਬਣਤਰਾਂ

1.11.4.1 ਸਾਂਵੀਆਂ ਬਣਤਰਾਂ : ਵਿਕਲਪੀ ਬਣਤਰਾਂ

1.11.4.2 ਸਾਂਵੀਆਂ ਬਣਤਰਾਂ : ਸਮਾਨਾਧਿਕਾਰਕ

1.11.5 ਨਿਕਟ ਅੰਗ ਵਿਸ਼ਲੇਸ਼ਣ

1.11.6 ਸਿੱਟਾ

1.11.7 ਪ੍ਰਸ਼ਨ ਉੱਤਰ

1.11.8 ਸਹਾਇਕ ਪੁਸਤਕ ਸੂਚੀ

### 1.11.1 ਉਦੇਸ਼

ਦੋ ਜਾਂ ਦੋ ਤੋਂ ਵੱਧ ਸ਼ਬਦਾਂ ਨੂੰ ਸ਼ਬਦ ਬਣਤਰਾਂ ਦੇ ਨਾਂ ਦਿੱਤਾ ਜਾਂਦਾ ਹੈ। ਸ਼ਬਦ ਬਣਤਰਾਂ ਨੂੰ ਉਨ੍ਹਾਂ ਦੀ ਬਣਤਰ ਤੇ ਕਾਰਜ ਦੇ ਆਧਾਰ ਤੇ ਅੰਦਰ ਕੇਂਦਰਤ ਅਤੇ ਬਾਹਰ ਕੇਂਦਰਤ ਵਿਚ ਰੱਖਿਆ ਜਾਂਦਾ ਹੈ। ਉਨ੍ਹਾਂ ਸ਼ਬਦ ਬਣਤਰਾਂ ਨੂੰ ਜਿਨ੍ਹਾਂ ਬਣਤਰਾਂ ਦਾ ਵਾਕ ਦੇ ਪੱਧਰ ਤੇ ਕਾਰਜ ਉਨ੍ਹਾਂ ਦੇ ਸ਼ਬਦ ਜਾਂ ਕੇਂਦਰੀ ਤੱਤ ਬਰਾਬਰ ਹੁੰਦਾ ਹੋਵੇ, ਅੰਦਰ ਕੇਂਦਰਤ ਬਣਤਰਾਂ ਕਿਹਾ ਜਾਂਦਾ ਹੈ। ਉਦਾਹਰਣ ਵਜੋਂ 'ਦੋ ਬਹੁਤ ਹੀ ਕਾਲੇ ਮੁੰਡੇ' ਅੰਦਰ ਕੇਂਦਰਿਤ ਬਣਤਰ ਹੈ। ਇਸ ਬਣਤਰ ਵਿਚ ਕੋਈ ਇਕ ਤੱਤ ਹਰ ਸਥਾਨ ਤੇ ਹਰ ਸੰਦਰਭ ਵਿਚ ਆ ਸਕਦਾ ਹੈ। ਇਸ ਦੇ ਉਲਟ ਬਾਹਰ ਕੇਂਦਰਤ ਉਨ੍ਹਾਂ ਸ਼ਬਦ ਬਣਤਰਾਂ ਕਿਹਾ ਜਾਂਦਾ ਹੈ। ਜਿਨ੍ਹਾਂ ਦੀ ਬਣਤਰ ਵਿਚਲਾ ਕੋਈ ਇਕ ਤੱਤ ਸਮੁੱਚੀ ਵਾਕੰਸ਼ ਜਾਂ ਵਾਕ ਸਥਾਨ ਨਹੀਂ ਪੂਰ ਸਕਦਾ ਜਿਵੇਂ 'ਤੁਹਾਡੇ ਕੁੱਤੇ ਨੇ' ਇਕ ਬਾਹਰ ਕੇਂਦਰਤ ਬਣਤਰ ਹੈ। ਇਸ ਬਣਤਰ ਦਾ ਕੋਈ ਸਮੁੱਚੀ ਬਣਤਰ ਦਾ ਥਾਂ ਪੂਰ ਨਹੀਂ ਕਰਦਾ।


### 1.11.2 ਭੂਮਿਕਾ

ਹਰ ਇਕ ਭਾਸ਼ਾ ਦੀ ਵਾਕਾਤਮਕ ਬਣਤਰ ਵਿਚ ਇਕ ਸ਼ਬਦ ਤੋਂ ਲੈ ਕੇ ਕਈ ਸ਼ਬਦਾਂ ਤੱਕ ਦੀਆਂ ਇਕਾਈਆਂ ਨਿਸਚਿਤ ਤਰਤੀਬ ਵਿਚ ਵਿਚਰਦੀਆਂ ਹਨ। ਇਨ੍ਹਾਂ ਵਿਚ ਅਦਲ ਬਦਲ ਦੀ ਨਿਸ਼ਚਿਤ ਭਾਂਤ ਦਾ ਹੀ ਹੁੰਦਾ ਹੈ। ਇਕ ਇਕਾਈ ਦਾ ਇਕ ਸ਼ਬਦ ਤੋਂ ਵਾਕੰਸ਼ ਅਤੇ ਉਪਵਾਕ ਤੱਕ ਦਾ ਸਫ਼ਰ ਚਲਦਾ ਰਹਿੰਦਾ ਹੈ। ਭਾਵ ਜੋ ਸੁਨੇਹਾਂ ਕੋਈ ਇਕ ਸ਼ਬਦ ਪੇਸ਼ ਕਰਦਾ ਹੈ ਵਾਕੰਸ ਉਸ ਸੁਨੇਹੇ ਨੂੰ ਹੋਰ ਉਘਾੜ ਕੇ ਪੇਸ਼ ਕਰਨ ਦੀ ਸਮਰੱਥਾ ਰੱਖਦਾ ਹੁੰਦੀ ਹੈ। ਇਸ ਤਰ੍ਹਾਂ

ਉਪਵਾਕ ਰਾਹੀ ਇਕ ਸੀਮਤ ਸੁਨੇਹਾ ਦਿੱਤਾ ਜਾ ਸਕਦਾ ਹੈ ਜਦੋਂ ਕਿ ਉਪਵਾਕ ਸਮੁੱਚੇ ਵਾਕ ਵਿਚ ਵਿਚਰਦਾ ਹੈ ਤਾਂ ਉਪਵਾਕ ਦਾ ਸੁਨੇਹਾਂ ਹੋਰ ਉੱਘੜ ਜਾਂਦਾ ਹੈ। ਪਰ ਜਿਵੇਂ 'ਮੁੰਡਾ ਖੇਡਦਾ ਹੈ' ਵਿਚ 'ਮੁੰਡਾ' ਸ਼ਬਦ ਨਾਂਵ ਵਾਕੰਸ ਦਾ ਕੰਮ ਕਰਦਾ ਹੈ। ਪਰ 'ਇਕ ਬਹੁਤ ਕਾਲ ਮੁੰਡਾ ਖੇਡਦਾ ਹੈ' ਵਾਕ ਵਿਚ ਨਾਂਵ ਵਾਕੰਸ਼ 'ਇਕ ਬਹੁਤ ਕਾਲਾ ਮੁੰਡਾ" ਵਿਸਤਰਿਤ ਵਾਕੰਸ਼ ਹੈ। ਇਹ ਦੋਵੇਂ ਵਾਕੰਸ਼ ਭਾਵੇਂ ਕਾਰਜ ਤਾਂ ਇਕੋ ਜਿਹਾ ਕਰਦੇ ਹਨ ਪਰ ਇਨ੍ਹਾਂ ਦੇ ਸੁਨੇਹੇ ਵਿਚ ਅੰਤਰ ਹੈ। ਇਸੇ ਤਰ੍ਹਾਂ ਜੇ ਮੀਹ ਪੈ ਗਿਆ ਕ ਉਪਵਾਕ ਹਿਸ ਦਾ ਸੁਨੇਹਾ ਸਾਫ਼ ਨਹੀਂ ਹੈ ਪਰ ਜੇ ਇਸ ਉਪਵਾਕ ਦਾ ਨੂੰ ਸਮੁੱਚੇ ਵਾਕ ਵਿਚ ਰੱਖਕੇ ਵੇਖਿਆ ਜਾਵੇ ਤਾਂ ਇਸ ਦਾ ਸੁਨੇਹਾਂ ਹੋਰ ਉੱਘੜ ਕੇ ਸਾਹਮਣੇ ਆਉਂਦਾ ਹੈ।

**1.11.3 ਅੰਦਰ ਕੇਂਦਰਤ ਬਣਤਰਾਂ**

ਅੰਦਰ ਕੇਂਦਰਤ ਬਣਤਰਾਂ ਦੀ ਵੰਡ ਦੋ ਭਾਗਾਂ ਵਿਚ ਕੀਤੀ ਜਾ ਸਕਦੀ ਹੈ। ਇਸ ਭਾਂਤ ਦੀਆਂ ਬਣਤਰਾਂ ਸਾਂਵੀਆਂ ਅਤੇ ਦੂਜੀ ਭਾਂਤ ਦੀਆਂ ਬਣਤਰਾਂ ਨੂੰ ਅਸਾਵੀਆਂ ਜਾਂ ਅਧੀਨ ਬਣਤਰਾਂ ਦਾ ਨਾਂ ਦਿੱਤਾ ਜਾਂਦਾ ਹੈ। ਉਨ੍ਹਾਂ ਬਣਤਰਾਂ ਨੂੰ ਸਾਵੀਆਂ ਬਣਤਰਾਂ ਆਖਿਆ ਜਾਂਦਾ ਹੈ। ਜਿਨ੍ਹਾਂ ਦਾ ਹਰ ਇਕ ਤੱਤ ਸਮੁੱਚੀ ਬਣਤਰ ਦੀ ਥਾਂ ਲੈ ਸਕਦਾ ਹੈ। 'ਕਾਰ ਜਾਂ ਜੀਪ, ਮਰਦ ਜਾਂ ਔਰਤ' ਸਾਂਵੀਆਂ ਬਣਤਰਾਂ ਹਨ ਇਨ੍ਹਾਂ ਦਾ ਕੋਈ ਵੀ ਸ਼ਬਦ ਮੁੱਖ ਸ਼ਬਦ ਵਜੋਂ ਸਮੁੱਚਾ ਬਣਤਰ ਦਾ ਥਾਂ ਲੈ ਸਕਦਾ ਹੈ ਭਾਵ 'ਕਾਰ ਅਤੇ ਜੀਪ' ਵਿਚਲੇ ਦੋਵੇਂ ਨਾਂਵ ਇਕੱਲੇ ਇਕੱਲੇ ਮੁੱਖ ਨਾਂਵ ਵਜੋਂ ਵਿਚਰ ਸਕਦੇ ਹਨ। ਸਾਵੀਆਂ ਬਣਤਰਾਂ ਨੂੰ ਅੱਗੋਂ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ।




**1.11.4 ਸਾਂਵੀਆਂ ਬਣਤਰਾਂ : ਵਧਾਈਆਂ ਬਣਤਰਾਂ**

ਇਸ ਭਾਂਤ ਦੀਆਂ ਬਣਤਰਾਂ ਵਿਚ ਇਕ ਤੋਂ ਵਧੇਰੇ ਮੁੱਖ ਸ਼ਬਦ ਸਮਾਨ ਯੋਜਕਾਂ 'ਤੇ ਜਾਂ ਨਾਲ ਜੁੜੇ ਹੋਏ ਹੁੰਦੇ ਹਨ ਅਤੇ ਇਹ ਸ਼ਬਦ ਇਕ ਬਣਤਰ ਵਿਚ ਸਹਿਯੋਗੀ ਜਾਂ ਬਰਾਬਰੀ ਵਾਲਾ ਰਿਸ਼ਤਾ ਰੱਖਦੇ ਹਨ- ਜਿਵੇਂ

1. ਮਾਂ, ਭੈਣ ਅਤੇ ਬੱਚੇ
2. ਰੇਲਾਂ, ਕਾਰਾਂ ਅਤੇ ਜਹਾਜ਼।

ਉਪਰੋਕਤ ਬਣਤਰਾਂ ਵਿਚ ਤਿੰਨ ਮੁੱਖ ਸ਼ਬਦ ਵਿਚਰਦੇ ਹਨ ਅਤੇ ਇਹ ਤਿੰਨੇ ਬਣਤਰਾਂ ਵਿਚ ਵਾਧਾ ਕਰਦੇ ਹਨ, ਇਸ ਕਰਕੇ ਇਸ ਭਾਂਤ ਦੇ ਤੱਤਾਂ ਨੂੰ ਵਧਾਵੇ ਤੱਤ ਕਿਹਾ ਜਾਂਦਾ ਹੈ।

**1.11.4.1 ਸਾਂਵੀਆਂ ਬਣਤਰਾਂ : ਵਿਕਲਪੀ ਬਣਤਰਾਂ-**

ਇਸ ਪ੍ਰਕਾਰ ਦੀਆਂ ਬਣਤਰਾਂ ਵਿਚ ਇਕ ਤੋਂ ਵਧੇਰੇ ਸ਼ਬਦ ਤਾਂ ਵਿਚਰ ਰਹੇ ਹੁੰਦੇ ਹਨ ਪਰ ਇਹ ਸ਼ਬਦ ਇਕ ਦੂਜੇ ਦੇ ਵਿਕਲਪ ਵਜੋਂ ਵਿਚਰ ਸਕਦੇ ਹਨ। ਕਿਸੇ ਬਣਤਰ ਵਿਚ ਇਨ੍ਹਾਂ ਵਿਚੋਂ ਕੋਈ ਵੀ ਮੁੱਖ ਤੱਤ ਵਜੋਂ ਵਿਚਰ ਸਕਦਾ ਹੈ ਪਰ

ਕਿਸੇ ਇਕ ਬਣਤਰ ਵਿਚ ਇਕੱਠਿਆਂ ਵਿਚਰਦੀਆਂ ਹੋਇਆਂ ਇਹ ਸ਼ਬਦ ਵਿਕਲਪੀ ਸਥਿਤੀਆਂ ਨੂੰ ਪੇਸ਼ ਕਰਦੇ ਹਨ, ਜਿਵੇਂ-

1. ਮੁੰਡਾ ਜਾਂ ਕੁੜੀ
2. ਮੁੰਡਾ, ਕੁੜੀ ਜਾਂ ਮਾਪੇ
3. ਮੁੰਡਾ ਕਿ ਕੁੜੀ

ਉਪਰੋਕਤ ਤਿੰਨਾਂ ਬਣਤਰਾਂ ਵਿਚ 'ਜਾਂ' ਅਤੇ 'ਕਿ' ਵਿਕਲਪ ਦੇ ਸੂਚਕ ਹਨ। ਇਸ ਲਈ ਇਥੇ ਇਹ ਵਿਕਲਪੀ ਤੱਤਾਂ ਨੂੰ ਜੋੜਦੇ ਹਨ।

**1.11.4.2 ਸਾਂਵੀਆਂ ਬਣਤਰਾਂ: ਸਮਾਨਾਧਿਕਾਰਕ**

ਸਮਾਨਾਧਿਕਾਰਕ ਬਣਤਰਾਂ ਵਿਚ ਇਕ ਤੱਤ ਦੂਜੇ ਤੱਤ ਦੇ ਪੂਰਕ ਵਜੋਂ ਵਰਤਿਆ ਜਾਂਦਾ ਹੈ, ਜਿਵੇਂ-

1. ਡਾਕਟਰ ਜੁਨੇਜਾ
2. ਉਸ ਦੀ ਭੈਣ ਸੀਤਾ

'ਡਾਕਟਰ' ਅਤੇ 'ਭੈਣ' ਅਤੇ 'ਸੀਤਾ' ਇਕੋ ਨਾਂਵ ਦੇ ਸੂਚਕ ਹਨ।

ਅਸਾਵੀਆਂ ਜਾ ਅਧੀਨ ਬਣਤਰਾਂ ਨੂੰ ਅਧੀਨ ਬਣਤਰਾਂ ਵਿਚ ਵਿਚਰਨ ਵਾਲੇ ਤੱਤਾਂ ਦਾ ਭਾਵੇਂ ਵਾਕ ਦੇ ਪੱਧਰ ਤੇ ਇਕੋ ਜਿਹਾ ਕਾਰਜ ਹੁੰਦਾ ਹੈ ਪਰੰਤੂ ਇਸ ਪ੍ਰਕਾਰ ਦੀ ਬਣਤਰ ਵਿਚਲੇ ਤੱਤਾਂ ਨੂੰ ਇਕ ਦੂਜੇ ਤੱਤਾਂ ਵਜੋਂ ਨਹੀਂ ਵਰਤਿਆ ਜਾ ਸਕਦਾ ਜਿਵੇਂ 'ਕਾਲਾ ਮੁੰਡਾ', 'ਗੋਰਾ ਬਲਦ' ਤੇ 'ਠੰਡਾ ਪਾਣੀ' ਵਾਕਾਤਮਕ ਬਣਤਰ ਵਿਚ ਨਾਂਵ-ਵਾਕੰਸ਼ ਵਿਚ ਨਾਂਵ ਵਜੋਂ ਕਾਰਜ ਕਰ ਸਕਦੇ ਹਨ ਪਰ ਵਿਚਰਨ ਵਾਲੇ ਵਿਸ਼ੇਸ਼ਕ ਉਹ ਸਮਰੱਥਾ ਨਹੀਂ ਰੱਖਦੇ ਜਿਹੜੀ ਇਕ ਸਮੁੱਚੇ ਵਾਕੰਸ਼ ਵਿਚ ਹੈ ਭਾਵ 'ਕਾਲਾ ਮੁੰਡਾ', 'ਗੋਰਾ ਬਲਦ' ਅਤੇ 'ਠੰਡਾ ਪਾਣੀ' ਇਸ ਤਰਤੀਬ ਵਿਚ ਵਿਚਰ ਸਕਦੇ ਹਨ ਪਰ 'ਕਾਲਾ' ਤੇ 'ਗੋਰਾ' ਤੇ 'ਠੰਡਾ' ਸਮੁੱਚੇ ਵਾਕੰਸ਼ ਥਾਂ ਨਹੀਂ ਵਿਚਰ ਸਕਦੇ। ਦੂਜੇ ਸ਼ਬਦਾਂ ਵਿਚ ਅਧੀਨ ਭਮਤਰ ਦੀ ਥਾਂ ਉਸ ਵਿਚਲਾ ਅਜਿਹਾ ਸ਼ਬਦ ਸਾਰੀ ਦੀ ਸਾਰੀ ਬਣਤਰ ਦੀ ਥਾਂ ਲੈ ਸਕਦਾ ਹੈ ਜਾਂ ਉਸ ਦੀ ਥਾਂ ਵਰਤਿਆ ਜਾ ਸਕਦਾ ਹੈ, ਉਸ ਪ੍ਰਕਾਰ ਦੇ ਤੱਤ ਨੂੰ ਮੁੱਖ ਸ਼ਬਦ ਦਾ ਨਾਂ ਦਿੱਤਾ ਜਾਂਦਾ ਹੈ ਅਤੇ ਇਸ ਦੇ ਉਲਟ ਜੋ ਸ਼ਬਦ ਸਮੁੱਚੀ ਬਣਤਰ ਦੀ ਥਾਂ ਨਹੀਂ ਲੈ ਸਕਦੇ, ਉਨ੍ਹਾਂ ਨੂੰ ਵਿਸ਼ੇਸ਼ਕ ਆਖਿਆ ਜਾਂਦਾ ਹੈ। ਵਿਸ਼ੇਸ਼ਕਾਂ ਦਾ ਘੇਰਾ ਵਾਕੰਸ਼ ਤੋਂ ਲੈ ਕੇ ਵਾਕ ਤੱਕ ਫ਼ੈਲਿਆ ਹੋਇਆ ਹੁੰਦਾ ਹੈ, ਜਿਵੇਂ-

1. ਕਾਲਾ ਘੋੜਦਾ ਦੌੜਦਾ ਹੈ।
2. ਉਹ ਕੁੜੀ ਜਿਹੜੀ ਕੱਲ੍ਹ ਆਈ ਸੀ ਨਰਸ ਹੈ।

ਪਹਿਲੀ ਬਣਤਰ ਵਿਚ ਵਿਚ 'ਘੋੜਾ' ਮੁੱਖ ਸ਼ਬਦ ਹੈ ਅਤੇ 'ਕਾਲਾ' ਵਿਸ਼ੇਸ਼ਕ ਹੈ। ਇਥੇ ਵਿਸ਼ੇਸ਼ਕ ਤੇ ਮੁੱਖ ਸ਼ਬਦ ਦਾ ਘੇਰਾ ਵਾਕੰਸ਼ ਪੱਧਰ ਦਾ ਹੈ ਜਦੋਂ ਕਿ ਦੂਜੀ ਬਣਤਰ ਵਿਚ 'ਜਿਹੜੀ ਕੱਲ੍ਹ ਆਈ ਸੀ' ਇਕ ਉਪਵਾਕ ਹੈ ਅਤੇ 'ਉਹ ਕੁੜੀ' ਦੇ ਵਿਸ਼ੇਸ਼ਕ ਵਜੋਂ ਵਰਤਿਆ ਗਿਆ ਹੈ।

ਬਾਹਰ ਕੇਂਦਰਤ ਬਣਤਰਾਂ ਦੇ ਘੇਰੇ ਵਿਚਲੇ ਤੱਤਾਂ ਵਿਚਂ ਕੋਈ ਸਮੁੱਚੀ ਬਣਤਰ ਦਾ ਸਥਾਨ ਨਹੀਂ ਲੈ ਸਕਦਾ। ਇਸ ਪ੍ਰਕਾਰ ਦੀਆਂ ਬਣਤਰਾਂ ਆਮ ਤੌਰ ਤੇ ਸੰਬੰਧਕੀ ਜਾਂ ਸੰਯੋਜਕੀ/ਯੋਜਕੀ ਅਤੇ ਵਿਧੇਈ ਭਾਂਤ ਦੀਆਂ ਹੁੰਦੀਆਂ ਹਨ। ਸੰਬੰਧਕੀ ਬਣਤਰਾਂ ਵਿਚ ਸੰਬੰਧਕ ਸ਼ਬਦ ਦੀ ਵਰਤੋਂ ਹੁੰਦੀ ਹੈ। ਜਿਵੇਂ 'ਘਰ ਵਿਚ, ਮੁੰਡੇ ਨੇ, ਕੁੜੀ ਤੋਂ, 'ਵਿਚ', ਨੇ, ਤੋਂ ਸੰਬੰਧਕੀ ਵਰਤੋਂ ਹੀ ਹੈ। ਇਸ ਪ੍ਰਕਾਰ ਯੋਜਕੀ ਬਣਤਰਾਂ ਵਿਚ ਯੋਜਕ ਸਬਦਾਂ ਦੀ ਵਰਤੋਂ ਹੁੰਦੀ ਹੈ। ਜੇ ਉਹ ਮਿਹਨਤ ਕਰਦਾ, ਜਦੋਂ ਇਸ ਪਿੰਡ ਗਿਆ, ਜਿਵੇਂ ਉਹ ਅੱਜ ਆਇਆ 'ਬਣਤਰਾਂ' ਵਿਚ 'ਜੇ, ਜਦੋਂ, ਜਿਵੇਂ' ਯੋਜਕਾਂ ਦੀ ਵਰਤੋਂ ਹੋਈ ਹੈ। ਵਿਧੇਈ ਭਾਂਤ ਦੀਆਂ ਬਾਹਰ ਕੇਂਦਰ ਬਣਤਰਾਂ ਵਿਚ ਸ਼ਬਦਾਂ ਦਾ ਵਿਚਰਨ ਸ਼ਥਾਨ ਤਿੰਨ ਹੁੰਦਾ ਹੈ ਜਿਵੇਂ


'ਕਾਲਾ ਮੁੰਡਾ' ਵਿਚ 'ਕਾਲਾ' ਦਾ ਕਾਰਜ ਦੋਹਾਂ ਬਣਤਰਾਂ ਵਿਚ ਇਕੋ ਜਿਹਾ ਹੈ ਪਰ ਪਹਿਲੀ ਬਣਤਰ ਵਿਚ 'ਕਾਲਾ ਮੁੰਡਾ' ਹੈ ਵਿਚ 'ਕਾਲਾ' ਦਾ ਕਾਰਜ ਦੋਹਾਂ ਬਣਤਰਾਂ ਵਿਚ ਇਕੋ ਜਿਹਾ ਹੈ ਪਰ ਪਹਿਲੀ ਬਣਤਰ ਵਿਚ ਕਾਲਾ ਅੰਦਰ ਕੇਂਦਰ ਬਣਤਰ ਦਾ ਹਿੱਸਾ ਹੈ। ਜਦੋਂ ਕਿ ਦੂਜੀ ਬਣਤਰ ਵਿਚ ਕਾਲਾ ਬਾਹਰ ਕੇਂਦਰਤ ਬਣਤਰ ਦਾ ਹਿੱਸਾ ਹੈ।

### 1.11.5 ਨਿਕਟ ਅੰਗ ਵਿਸ਼ਲੇਸ਼ਣ

ਵਾਕਾਤਮਕ ਬਣਤਰਾਂ ਦਾ ਅਧਿਐਨ ਕਰਨ ਲਈ 'ਨਿਕਟ ਅੰਗ ਵਿਸ਼ਲੇਸ਼ਣ' ਵਿਧੀ ਦਾ ਸਹਾਰਾ ਲਿਆ ਜਾਂਦਾ ਹੈ। ਇਸ ਵਿਧੀ ਦੇ ਪ੍ਰਯੋਗ ਰਾਹੀਂ ਵਾਕਾਂ ਵਿਚ ਵਿਚਰ ਰਹੀਆਂ ਇਕਾਈਆਂ (ਸ਼ਬਦ, ਵਾਕੰਸ਼, ਉਪਵਾਕ) ਦੇ ਆਪਸ ਵਿਚਲੇ ਵਿਆਕਰਨਕ ਸੰਬੰਧਾਂ ਦਾ ਜਾਇਜਾ ਲਿਆ ਜਾਂਦਾ ਹੈ। ਵਾਕਾਂ ਵਿਚ ਵਿਚਰ ਰਹੀਆਂ ਵਿਆਕਰਨਿਕ ਇਕਾਈਆਂ ਇਕ ਖਾਸ ਤਰਤੀਬ ਅਤੇ ਸਥਾਨ ਤੇ ਵਿਚਰਦੀਆਂ ਹਨ। ਵਿਚਰਨ ਤਰਤੀਬ ਅਤੇ ਨੇੜਤਾ ਦੇ ਆਧਾਰ ਦੇ ਇਨ੍ਹਾਂ ਇਕਾਈਆਂ ਦਾ ਆਪਸ ਵਿਚਲਾ ਵਿਆਕਰਨਕ ਰਿਸ਼ਤਾ ਨਿਰਧਾਰਿਤ ਹੁੰਦਾ ਹੈ।

ਵਿਆਕਰਨ ਦੇ ਸੁਚੇਤ ਗਿਆਨ ਰਾਹੀਂ ਜਾਂ ਮਾਤ ਭਾਸ਼ਾਈ ਬੁਲਾਰੇ ਦਾ ਭਾਸ਼ਾ ਸਮਰੱਥਾ ਰਾਹੀਂ ਇਕ ਗੱਲ ਉਭਰ ਕੇ ਆਉਂਦੀ ਹੈ। ਕਿ ਵਿਆਕਰਨ ਦੀ ਵੱਡੀ ਤੋਂ ਵੱਡੀ ਇਕਾਈ ਵਾਕ ਹੈ ਅਤੇ ਇਸ ਨੂੰ ਅੱਗੋਂ ਭਾਵਸ਼ਾਂ ਤੱਕ ਟੋਟਿਆਂ ਵਿਚ ਰੱਖ ਕੇ ਅਧਿਐਨ ਕੀਤਾ ਜਾਂਦਾ ਹੈ। ਭਾਸ਼ਾ ਵਿਚ ਕਿਸੇ ਇਕ ਸ਼ਬਦ ਦਾ ਬਦਲ ਇਕ ਸਮੁੱਚਾ ਵਾਕ ਹੋ ਸਕਦਾ ਹੈ ਅਤੇ ਇਸ ਅਮਲ ਨੂੰ ਉਲਟਾਇਆ ਵੀ ਜਾ ਸਕਦਾ ਹੈ। ਮਿਸਾਲ ਦੇ ਤੌਰ ਤੇ 'ਕੁੜੀ ਚਾਹ ਪੀਦੀਂ ਹੈ' ,ਵਾਕ ਨੂੰ ਵਧਾ ਕੇ 'ਸਾਡੀ ਗੁਆਢੀਆਂ ਦੀ ਵੱਡੀ ਕੁੜੀ ਗੁੜ ਵਾਲੀ ਗਰਮ ਚਾਹ ਪੀਦੀਂ ਹੈ' ਵਿਚ ਬਦਲਿਆ ਜਾ ਸਕਦਾ ਹੈ ਜਾਂ ਇਸ ਨੂੰ ਤਬਦੀਲ ਕਰਨ ਦੀਆਂ ਹੋਰ ਸੰਭਾਵਾਨਾਵਾਂ ਵੀ ਹੋ ਸਕਦੀਆਂ ਹਨ। ਇਸ ਪ੍ਰਕਾਰ ਦੇ ਵਾਕਾਤਮਕ ਵਾਧੇ ਅਤੇ ਘਾਟੇ ਦਾ ਮੂਲ ਆਧਾਰ-ਵਾਕੰਸ਼ਾ ਦੀ ਬਣਤਰ ਵਿਚਲੇ ਗੈਰ-ਲਾਜ਼ਮੀ ਤੱਤਾਂ ਦਾ ਵਾਧਾ ਜਾਂ ਘਾਟਾ ਕਰਨਾ ਹੁੰਦਾ ਹੈ। ਕਈ ਵਾਰ ਵਾਕ ਸਿਰਫ ਵਾਕੰਸ਼ ਦੇ ਮੁੱਖ ਤੱਤਾਂ ਤੇ ਹੀ ਆਧਾਰਿਤ ਹੁੰਦਾ ਹੈ ਜਿਵੇਂ 'ਮੁੰਡਾ ਚਾਹ ਪੀਵੇਗਾ' ਵਿਕ ਵਿਚ ਤਿੰਨ ਸ਼ਬਦ ਵਾਕੰਸ਼ਾ ਦੇ ਸੂਚਕ ਹਨ 'ਮੁੰਡਾ' ਤੇ 'ਚਾਹ' ਅਤੇ 'ਪੀਵੇਗਾ' ਕਿਰਿਆ ਵਾਕੰਸ਼ਾਂ ਦੇ ਸੂਚਕ ਹਨ। ਇਸ ਗੱਲ ਰਾਹੀਂ ਸਿੱਧ ਹੋ ਜਾਂਦਾ ਹੈ ਕਿ ਲੰਮੇ ਜਾਂ ਛੋਟੇ ਵਾਕਾਂ ਵਿਚ ਕਾਰਜ ਦੇ ਪੱਧਰ ਦੀ ਕੋਈ ਭਿੰਨਤਾ ਨਹੀਂ ਹੁੰਦੀ ਕਿਉਂਕਿ ਵਾਕ ਦੀ ਰਚਨਾ ਕਰਨ ਵਾਲੀਆਂ ਮੂਲ ਇਕਾਈਆਂ ਵਾਕੰਸ ਹੀ ਹੁੰਦੀਆਂ ਹਨ। ਵਾਕ ਦਾ ਵਿਸਲੇਸ਼ਣ ਕਰਨ ਲਈ 'ਨਿਕਟ ਅੰਗ ਵਿਸ਼ਲੇਸ਼ਣ' ਇਕ ਉਹ ਵਿਧੀ ਹੈ ਜਿਸ ਵਿਧੀ ਦਾ ਅਚੇਤ ਵਰਤੋਂ ਰਾਹੀਂ ਕਿਸੇ ਭਾਸ਼ਾ ਦਾ ਬੁਲਾਰਾ ਲੰਮੇ ਵਾਕਾ ਦੀ ਰਚਨਾ ਕਰਦਾ ਜਾਂ ਸਮਝਦਾ ਹੈ। ਵਾਕ ਦੀ ਬਣਤਰ ਵਿਚ ਸ਼ਬਦ ਜਾਂ ਸ਼ਬਦ ਸਮੂਹ ਇਕ ਵੱਡੀ ਇਕਾਈ ਵਿਚ ਜੁੜਕੇ ਆਉਂਦੇ ਹਨ। ਇਨ੍ਹਾਂ ਨੂੰ 'ਵਾਕ ਦੇ ਅੰਗ' ਕਹਿ ਦਿੱਤਾ ਜਾਂਦਾ ਹੈ। ਵਾਕ ਵਿਚ ਵਿਚਰਨ ਵਾਲੇ ਸਾਰੇ ਅੰਗਾਂ ਦਾ ਆਪਣਾ ਇਕ ਨਿਕਟ ਵਿਚਰਨ ਘੇਰਾ ਹੁੰਦਾ ਹੈ, ਜਿਵੇਂ 'ਉਹ ਗਰੀਬ ਕੁੜੀ ਪਿੰਡ ਗਈ ਹੈ' ਵਾਕ ਵਿਚ ਸੱਤ ਸ਼ਬਦ ਹਨ। ਪਰ ਨਿਕਟ ਅੰਗਾਂ ਅਨੁਸਾਰ ਇਨ੍ਹਾਂ ਨੂੰ ਘੱਟੋ ਘੱਟ ਦੋ ਭਾਗਾਂ ਵਿਚ ਭਾਵ 'ਉਹ ਗਰੀਬ ਕੁੜੀ' ਅਤੇ 'ਸ਼ਹਿਰ ਨੂੰ ਗਈ ਹੈ' ਵੰਡਿਆ ਜਾ ਸਕਦਾ ਹੈ। ਇਸ ਤਰ੍ਹਾਂ ਅਜਿਹੇ ਦੋ ਜਾਂ ਦੋ ਤੋਂ ਵੱਧ ਨਿਕਟ ਅੰਗ ਮਿਲ ਕੇ ਇਕ ਲੰਮੇ ਵਾਕ ਦੀ ਸਿਰਜਨਾ ਕਰਦੇ ਹਨ।

ਪੰਜਾਬੀ ਭਾਸ਼ਾ ਦੇ ਉਪਰੋਕਤ ਵਾਕ ਉਹ ਗਰੀਬ ਕੁੜੀ ਪਿੰਡ ਗਈ ਹੈ ਵਿਚ ਨਾਲ ਜੁੜਵੇਂ ਅੰਗਾਂ ਨੂੰ ਸਥਾਪਤ ਕਰਨ ਲਈ ਇਕ ਵਿਧੀ ਅਪਣਾਈ ਜਾਂਦੀ ਹੈ, ਜੋ ਇਸ ਪ੍ਰਕਾਰ ਹੈ: ਜਿਵੇਂ ਇਕੱਲਾ ਨਾਂਵ 'ਕੁੜੀ' ਵਿਸ਼ੇਸ਼ਣ ਨਾਂਵ 'ਗਰੀਬ ਕੁੜੀ' ਦੀ ਥਾਂ ਆ ਸਕਦਾ ਹੈ। ਇਸੇ ਪ੍ਰਕਾਰ 'ਉਹ' 'ਗਰੀਬ ਕੁੜੀ' (ਸੰਕੇਤਕ ਸੂਚਕ ਵਿਸ਼ੇਸ਼ਣ ਨਾਂਵ) ਦੀ ਥਾਂ ਕੇਵਲ ਕੁੜੀ ਸ਼ਬਦ ਦੀ ਵਰਤੋਂ ਕੀਤੀ ਜਾ ਸਕਦੀ ਹੈ। ਦੂਜੇ ਭਾਗ ਵਿਚ 'ਗਈ ਹੈ' (ਮੁੱਖ ਕਿਰਿਆ+ਸਹਾਇਕ ਕਿਰਿਆ) ਦੀ ਥਾਂ ਇਕੱਲੀ 'ਗਈ' ਕਿਰਿਆ ਦੀ ਵਰਤੋਂ ਕੀਤੀ ਜੈ ਸਕਦੀ ਹੈ। ਇਸ ਵਿਧੀ ਅਨੁਸਾਰ ਇਸ ਵਾਕ ਵਿਚ ਵਾਕ ਦਾ ਨਿਕਟ ਅੰਗ ਵਿਸ਼ਲੇਸ਼ਣ ਹੇਠਲੇ ਰੂਪ ਵਿਚ ਪੇਸ਼ ਕੀਤਾ ਜਾ ਸਕਦਾ ਹੈ -




ਨਿਕਟ ਅੰਗ ਵਿਸ਼ਲੇਸ਼ਣ ਵਿਧੀ ਬਲੂਮਫੀਲਡ ਅਤੇ ਹੋਰ ਸੰਰਚਨਾਵਾਦੀ ਭਾਸ਼ਾ ਵਿਗਿਆਨੀਆਂ ਦੀ ਦੇਣ ਹੈ। ਸੰਰਚਨਾਵਾਦੀ ਭਾਸ਼ਾ ਵਿਗਿਆਨੀਆਂ ਨੇ ਇਸ ਵਿਧੀ ਦਾ ਮਨੋਰਥ ਕੇਵਲ ਵਾਕਾਂ ਦਾ ਅਧਿਐਨ ਕਰਨਾ ਹੀ ਨਹੀਂ ਸਗੋਂ ਵਾਕ ਦੇ ਰਚਨਾਤਮਕ ਅੰਗ ਜਾਂ ਇਕਾਈਆਂ ਦਾ ਵਿਸ਼ਲੇਸ਼ਣ ਕਰਨਾ ਹੈ। ਸੰਰਚਨਾਵਾਦੀ ਭਾਸ਼ਾ ਵਿਗਿਆਨੀਆਂ ਦੀ ਮੁੱਖ ਉਦੇਸ਼ ਵਾਕ ਦੀ ਬਣਤਰ ਵਿਚਲੀਆਂ ਇਕਾਈਆਂ ਦੀ ਜੜਤ ਦਾ ਅਧਿਐਨ ਕਰਨਾ ਸੀ। ਇਸ ਵਿਧੀ ਅਨੁਸਾਰ ਇਹ ਮੰਨਿਆ ਜਾਂਦਾ ਹੈ ਕਿ ਹਰ ਵਾਕ ਵਿਚ ਕੁਝ ਅੰਗਾਂ ਦੇ ਮੁਕਾਬਲੇ ਵਧੇਰੇ ਨੇੜਤਾ ਦਾ ਰਿਸ਼ਤਾ ਰੱਖਦੇ ਹਨ ਅਤੇ ਕੁਝ ਅੰਗ ਬਾਕੀ ਅੰਗਾਂ ਦੇ ਮੁਕਾਬਲੇ ਘੱਟ ਨੇੜਤਾ ਦਾ ਰਿਸ਼ਤਾ ਰੱਖਦੇ ਹਨ।

ਨਿਕਟ ਅੰਗ ਵਿਸ਼ਲੇਸ਼ਣ ਨੂੰ ਪੇਸ਼ ਕਰਨ ਲਈ ਰੂਪ ਵਿਚ ਤਿੰਨ ਪ੍ਰਕਾਰ ਦੀਆਂ ਤਕਨੀਕਾਂ ਦੀ ਵਰਤੋਂ ਕੀਤੀ ਜਾਂਦੀ ਹੈ-

(ੳ) ਬਰੈਕਟਾਂ ਦੀ ਵਰਤੋਂ ਰਾਹੀਂ।

(ਅ) ਖ਼ਾਨਿਆ ਦੀ ਵਰਤੋਂ ਰਾਹੀਂ।

(ੲ) ਦ੍ਰਿਸ਼ ਚਿਤਰਾਂ ਦੀ ਵਰਤੋਂ ਰਾਹੀਂ।

ਬਰੈਕਟਾਂ ਦੀ ਵਰਤੋਂ ਵਾਕ ਵਿਚਲੇ ਕਾਰਜਸ਼ੀਲ ਅੰਗਾਂ ਨੂੰ ਨੇੜਤਾ ਦੇ ਆਧਾਰ ਤੇ ਵੱਖ-ਵੱਖ ਬਰੈਕਟਾਂ ਵਿਚ ਰੱਖਿਆ ਜਾਂਦਾ ਹੈ, ਜਿਵੇਂ ਹੇਠਾਂ ਲਿਖੇ ਵਾਕੰਸ਼ਾਂ ਤੋਂ ਸਪੱਸ਼ਟ ਹੈ।

(((ਮਾਂ) (ਪਿਉ) (ਅਤੇ) (ਬੱਚੇ)))


ਪਹਿਲੇ ਵਾਕੰਸ਼ ਵਿਚ 'ਮਾਂ' ਤੇ 'ਪਿਓ' ਨੂੰ ਇਕ ਅੰਗ ਵਜੋਂ ਅਤੇ ਦੂਜੇ ਵਾਕੰਸ਼ ਵਿਚ 'ਪਿਓ' ਤੇ 'ਬੱਚੇ' ਨੂੰ ਇਕ ਅੰਗ ਵਜੋਂ ਦਰਸਾਇਆ ਗਿਆ ਹੈ, ਇਸ ਲਈ ਪਹਿਲੇ ਵਾਕੰਸ਼ ਵਿਚ ਪਿਓ ਵਿਚ ਨੇੜਤਾ ਵਾਲਾ ਰਿਸ਼ਤਾ ਹੈ। ਖਾਨਿਆਂ ਦੀ ਵਰਤੋਂ ਰਾਹੀਂ ਵਾਕੰਸ਼ 'ਬੁੱਢੇ ਘੋੜੇ ਅਤੇ ਮਰਦ' ਦਾ ਨਿਕਟ ਅੰਗ ਵਿਸ਼ਲੇਸ਼ਣ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ।

ਬੁੱਢੇ ਘੋੜੇ ਅਤੇ ਮਰਦ

ਜਾਂ

ਬੁੱਢੇ ਘੋੜੇ ਅਤੇ ਮਰਦ

ਅੱਗੇ ਦਿੱਤੇ ਦ੍ਰਿਸ਼ ਦੀ ਵਰਤੋਂ ਰਾਹੀਂ ਇਸ ਵਾਕੰਸ਼ ਦਾ ਨਿਕਟ ਅੰਗ ਵਿਸ਼ਲੇਸ਼ਣ ਦਰਸਾਇਆ ਗਿਆ ਹੈ-




**ਸਵੈ-ਮੁਲਾਂਕਣ ਪ੍ਰਸ਼ਨ**

1. ਸਾਵੀਆਂ ਬਣਤਰਾਂ ਤੋਂ ਤੁਹਾਡਾ ਕੀ ਭਾਵ ਹੈ?

--------------------------------------------------------------------------------

--------------------------------------------------------------------------------

2. ਸਮਾਨਾਧਿਕਾਰ ਕਾਰਕ ਦੀ ਸਥਾਪਤੀ ਦੇ ਕੀ ਅਧਾਰ ਹਨ?

--------------------------------------------------------------------------------

--------------------------------------------------------------------------------

### 1.11.6 ਸਿੱਟਾ

ਅੰਤ ਵਿਚ ਨਿਕਟ ਅੰਗ ਵਿਸ਼ਲੇਸ਼ਣ ਵਿਧੀ ਸੰਬੰਧੀ ਇਹ ਕਿਹਾ ਜਾ ਸਕਦਾ ਹੈ ਕਿ ਵਾਕ-ਬਣਤਰ ਦਾ ਵਿਸ਼ਲੇਸ਼ਣ ਕਰਨ ਲਈ ਸਰਲ ਵਿਧੀ ਹੈ। ਜਿਸ ਪ੍ਰਕਾਰ ਹਰ ਵਿਧੀ, ਸਿਧਾਂਤ ਜਾਂ ਤਕਨੀਕ ਦੀਆਂ ਆਪਣੀਆਂ ਖ਼ਾਮੀਆਂ ਹੁੰਦੀਆਂ ਹਨ ਅਤੇ ਉਸੇ ਤਰ੍ਹਾਂ ਵਿਆਕਰਨਕ ਅਧਿਐਨ ਲਈ ਇਹ ਵਿਧੀ ਅਤਿ ਆਧੁਨਿਕ ਨਹੀਂ ਹੈ।

**1.11.7** ਅਭਿਆਸ ਲਈ ਪ੍ਰਸ਼ਨ

1. ਬਾਹਰ ਕੇਂਦਰਤ ਬਣਤਰਾਂ ਦਾ ਰੂਪ ਅਤੇ ਪ੍ਰਕਾਰਜ ਦੱਸੋ।
2. ਨਿਕਟ ਅੰਗ ਵਿਸ਼ਲੇਸ਼ਣ ਦੇ ਸੰਕਲਪ ਬਾਰੇ ਜਾਣਕਾਰੀ ਦਿਓ।

**1.11.8** ਸਹਾਇਕ ਪੁਸਤਕ ਸੂਚੀ

ਬੂਟਾ ਸਿੰਘ ਬਰਾੜ - ਪੰਜਾਬੀ ਵਿਆਕਰਨ

ਪ੍ਰੇਮ ਪ੍ਰਕਾਸ਼ ਸਿੰਘ - ਸਿਧਾਂਤਕ ਭਾਸ਼ਾ ਵਿਗਿਆਨ

**Converted in Self Learning Mode by Dr. Gurpreet Kaur**
**Last Update June 10, 2023**

# Mandatory Student Feedback Form

https://forms.gle/KS5CLhvpwrpgjwN98

Note: Students, kindly click this google form link, and fill this feedback form once.